Start CDL TRAINING
Become Professional Truck Driver
www.cdlstart.com
startcdl@gmail.com
(844) 227-2162
We speak Hindi and English
START CDL TRAINING

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com

University Motors
3312 Klondike Rd, West Lafayette, IN 47906
Ph: 765-497-1100
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

Regal Jewels
2025 W. Devon Ave. Chicago
22kt Gold, & Diamonds
Best Jewelry Selection in the Midwest
SEE HOW YOU CAN SECURE YOUR FUTURE.
24KT GOLD
TALK TO OUR GOLD SPECIALIST
Rajveer Singh Gill
847-907-1525
www.RegalJewels.com

ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ



Twenty-Third Year of Publication ਨਿਊ ਯਾਰਕ ਐਡੀਸ਼ਨ Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 23, Issue 53, December 31, 2022 20451 N. Plum Grove Rd., Palatine, IL 60074 Ph:847-359-0746, Fax:847-705-9388


# ਸਰਕਾਰ ਦੀ ਅੜੀ ਨੇ ਸਾਂਝੇ ਸੰਘਰਸ਼ ਦਾ ਮੁੱਢ ਮੁੜ ਤੋਂ ਬੰਨ੍ਹਿਆ

**ਚੰਡੀਗੜ੍ਹ:** ਜ਼ੀਰਾ ਦੇ ਪਿੰਡ ਮਨਸੂਰਵਾਲ ਕਲਾਂ ਸਥਿਤ ਮਾਲਬਰੋਜ਼ ਸ਼ਰਾਬ ਫੈਕਟਰੀ ਬਾਹਰ ਲੱਗੇ ਮੋਰਚੇ ਅਤੇ ਸਰਕਾਰ ਦੀ ਅੜੀ ਨੇ ਇਕ ਵਾਰ ਫਿਰ ਸਾਂਝੇ ਸੰਘਰਸ਼ ਦਾ ਮੁੱਢ ਬੰਨ੍ਹ ਦਿੱਤਾ ਹੈ। ਹਾਲਾਤ ਸਾਫ ਇਸ਼ਾਰਾ ਕਰ ਰਹੇ ਹਨ ਕਿ ਗੱਲ ਸ਼ਰਾਬ ਫੈਕਟਰੀ ਤੱਕ ਸੀਮਤ ਨਹੀਂ ਰਹੀ, ਸਾਰੀਆਂ ਧਿਰਾਂ ਨੂੰ ਹੁਣ ਇਹ ਪੰਜਾਬ ਦਾ ਮਸਲਾ ਜਾਪਣ ਲੱਗਾ ਹੈ। ਮਾਹੌਲ ਠੀਕ ਉਸੇ ਤਰ੍ਹਾਂ ਦਾ ਬਣ ਗਿਆ ਹੈ, ਜਿਵੇਂ ਦਿੱਲੀ ਦੀਆਂ ਬਰੂਹਾਂ ਉਤੇ ਸੀ।

ਸ਼ਰਾਬ ਸਨਅਤ ਦੇ ਪ੍ਰਦੂਸ਼ਣ ਖ਼ਿਲਾਫ਼ ਬਣੇ ਸਾਂਝੇ ਮੋਰਚੇ ਨੇ ਖੇਤੀ ਕਾਨੂੰਨ ਖ਼ਿਲਾਫ਼ ਜੰਗ ਜਿੱਤਣ ਤੋਂ ਬਾਅਦ ਖਿੰਡੀਆਂ ਸਾਰੀਆਂ ਕਿਸਾਨ ਤੇ ਮਜ਼ਦੂਰ ਜਥੇਬੰਦੀਆਂ ਨੂੰ ਇਕ ਮੰਚ ਉਤੇ ਲਿਆ ਖੜ੍ਹਾ ਕੀਤਾ ਹੈ। ਜਿਵੇਂ ਸਿੰਘੂ ਤੇ ਟਿਕਰੀ ਦਾ ਮਾਹੌਲ ਸੀ, ਉਸੇ ਤਰ੍ਹਾਂ ਦੇ ਦ੍ਰਿਸ਼ 'ਜ਼ੀਰਾ ਮੋਰਚਾ' ਵਿਚ ਬਣਨ ਲੱਗੇ ਹਨ। ਇਥੋਂ ਤੱਕ ਕਿ ਬੁੱਧੀਜੀਵੀ ਵਰਗ ਤੇ ਮੁਲਾਜ਼ਮ ਧਿਰਾਂ ਨੇ ਵੀ ਹੱਥ ਨਾਲ ਹੱਥ ਜੋੜ ਲਏ ਹਨ।

ਪ੍ਰਦੂਸ਼ਣ ਖ਼ਿਲਾਫ਼ ਪਿੰਡ ਦੇ ਥੋੜ੍ਹੇ ਜਿਹੇ ਲੋਕਾਂ ਦੇ ਏਕੇ ਨਾਲ ਇਥੇ ਧਰਨਾ ਸ਼ੁਰੂ ਹੋਇਆ ਸੀ। ਹੌਲੀ-ਹੌਲੀ ਪੂਰੇ ਪੰਜਾਬ ਤੇ ਇਸ ਤੋਂ ਬਾਅਦ ਹੋਰਾਂ ਸੂਬਿਆਂ ਤੋਂ ਕਿਸਾਨ ਤੇ ਮਜ਼ਦੂਰ ਜਥੇਬੰਦੀਆਂ ਸੰਘਰਸ਼ ਦੀ ਹਮਾਇਤ ਵਿਚ ਨਿੱਤਰਦੀਆਂ ਗਈਆਂ। ਦਿੱਲੀ ਸੰਘਰਸ਼ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਉਤਰ ਪ੍ਰਦੇਸ਼ ਦੇ ਕਿਸਾਨ ਆਗੂ ਰਾਕੇਸ਼ ਟਿਕੈਤ ਵੀ ਮੋਰਚੇ ਵਿਚ ਆਣ ਪੁੱਜੇ ਹਨ। ਉਧਰ, ਕਿਸਾਨਾਂ ਦੇ ਇਸ ਏਕੇ ਨੂੰ ਕੇਂਦਰ ਤੇ ਸੂਬਾ ਸਰਕਾਰ ਵੀ ਵੱਡੀ ਚੁਣੌਤੀ ਵਜੋਂ ਦੇਖ ਰਹੀਆਂ ਹਨ। ਦਿੱਲੀ ਵਿਚ ਚੱਲੇ ਸੰਘਰਸ਼ ਤੋਂ ਬਾਅਦ ਇਹ ਪਹਿਲਾ ਮੌਕਾ ਹੈ ਜਦੋਂ ਸਾਰੀਆਂ ਕਿਸਾਨ ਤੇ ਮਜ਼ਦੂਰ ਜਥੇਬੰਦੀਆਂ ਸਿਰਜੋੜ ਦੇ ਸਾਂਝੇ ਸੰਘਰਸ਼ ਲਈ ਆਣ ਖੜ੍ਹੀਆਂ ਹਨ।



## ਟੌਲ ਪਲਾਜ਼ਿਆਂ ਉਤੇ ਮੋਰਚੇਬੰਦੀ

**ਚੰਡੀਗੜ੍ਹ:** ਪੰਜਾਬ ਵਿਚ 18 ਟੌਲ ਪਲਾਜ਼ਿਆਂ 'ਤੇ ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਚੱਲ ਰਹੇ ਪੱਕੇ ਮੋਰਚਿਆਂ ਵਿਚ ਭਾਰੀ ਇਕੱਠ ਦੇਖਣ ਨੂੰ ਮਿਲ ਰਿਹਾ ਹੈ। ਸੂਬੇ ਵਿਚ ਪੈ ਰਹੀ ਕੜਾਕੇ ਦੀ ਠੰਢ ਦੇ ਬਾਵਜੂਦ ਕਿਸਾਨ ਬਜ਼ੁਰਗ, ਬੀਬੀਆਂ ਅਤੇ ਨੌਜਵਾਨ ਟੌਲ ਦੇ ਨਾਂ 'ਤੇ ਆਮ ਲੋਕਾਂ ਦੀ ਹੋ ਰਹੀ ਲੁੱਟ ਖ਼ਿਲਾਫ਼ ਡਟੇ ਹੋਏ ਹਨ। ਵੱਖ-ਵੱਖ ਥਾਈਂ ਪੱਕੇ ਮੋਰਚਿਆਂ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂਆਂ ਨੇ ਆਖਿਆ ਕਿ ਦੇਸ਼ ਵਿਚ ਨਵ-ਆਧਾਰਵਾਦੀ ਨੀਤੀਆਂ ਕਰ ਕੇ ਮਹਿੰਗਾਈ, ਬੇਰੁਜ਼ਗਾਰੀ ਛੜੱਪੇ ਮਾਰ ਕੇ ਵਧ ਰਹੀ ਹੈ, ਬੈਂਕ ਦੀਵਾਲੀਆ ਹੋਣ ਕੰਢੇ ਪੁੱਜ ਗਏ ਹਨ ਤੇ ਬੈਂਕਾਂ ਦੀ ਡਿਫਾਲਟਰ ਸੂਚੀ 18 ਲੱਖ ਕਰੋੜ ਰੁਪਏ ਨੇੜੇ ਪੁੱਜ ਗਈ ਹੈ। ਕਿਸਾਨ ਆਗੂਆਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਨਿੱਜੀਕਰਨ ਦੀਆਂ ਨੀਤੀਆਂ ਦਾ ਵਿਰੋਧ ਕਰਨ ਲਈ ਚੱਲ ਰਹੇ ਸੰਘਰਸ਼ਾਂ ਨੂੰ ਹੋਰ ਤੇਜ਼ ਕੀਤਾ ਜਾਵੇ।

ਯਾਦ ਰਹੇ ਕਿ ਦਿੱਲੀ ਮੋਰਚਾ ਫਤਿਹ ਕਰਨ ਤੋਂ ਬਾਅਦ ਸੰਯੁਕਤ ਮੋਰਚੇ ਨੇ ਆਖਿਆ ਸੀ ਕਿ ਇਹ ਸੰਘਰਸ਼ ਖਤਮ ਨਹੀਂ ਹੋਇਆ ਸਗੋਂ ਕਿਸਾਨ ਕੁਝ ਦਿਨਾਂ ਦੀ ਛੁੱਟੀ ਉਤੇ ਘਰ ਚੱਲੇ ਹਨ ਤੇ ਬਕਾਇਆ ਮੰਗਾਂ ਨੂੰ ਪੂਰਾ ਕਰਵਾਉਣ ਲਈ ਇਕ-ਦੋ ਮਹੀਨਿਆਂ ਵਿਚ ਵਾਪਸ ਪਰਤ ਆਉਣਗੇ ਪਰ ਦਿੱਲੀ ਤੋਂ ਪਰਤਣ ਪਿੱਛੋਂ ਸੰਯੁਕਤ ਮੋਰਚੇ ਵਿਚ ਸ਼ਾਮਲ ਕਿਸਾਨ ਜਥੇਬੰਦੀਆਂ ਆਪਸ ਵਿਚ ਹੀ ਉਲਝ ਗਈਆਂ ਸਨ। ਕੁਝ ਜਥੇਬੰਦੀਆਂ ਦੇ ਸਿਆਸੀ ਰਾਹ ਉਤੇ ਤੁਰਨ ਕਾਰਨ ਸਾਂਝੇ ਮੋਰਚੇ ਨੂੰ ਵੱਡੀ ਸੱਟ ਵੱਜੀ ਸੀ। ਖੇਤੀ ਕਾਨੂੰਨਾਂ ਤੋਂ ਬਾਅਦ ਅਜਿਹਾ ਕੋਈ ਮੁੱਦਾ ਨਹੀਂ ਬਣ ਸਕਿਆ ਜੋ ਸਾਂਝੇ ਸੰਘਰਸ਼ ਦਾ ਮੁੱਢ ਬੰਨ੍ਹ ਸਕੇ ਪਰ ਹੁਣ ਸ਼ਰਾਬ ਫੈਕਟਰੀ ਖ਼ਿਲਾਫ਼ ਲੱਗੇ ਇਕ ਛੋਟੇ ਜਿਹੇ ਧਰਨੇ ਨੇ ਮੁੜ ਸਾਂਝੇ ਸੰਘਰਸ਼ ਦਾ ਰਾਹ ਮੋਕਲਾ ਕਰ ਦਿੱਤਾ ਹੈ।

ਕੜਾਕੇ ਦੀ ਠੰਢ ਵਿਚ ਪ੍ਰਦਰਸ਼ਨਕਾਰੀਆਂ ਲਈ ਦਿਨ ਰਾਤ ਲੰਗਰ ਚੱਲ ਰਹੇ ਹਨ। ਹਾਲਾਤ ਇਹ ਬਣ ਗਏ ਹਨ ਕਿ ਸ਼ਰਾਬ ਫੈਕਟਰੀ ਮਾਮਲੇ ਦਾ ਛੇਤੀ ਨਿਬੇੜਾ ਕਰਨਾ ਪੰਜਾਬ ਸਰਕਾਰ ਲਈ ਸੌਖਾ ਨਹੀਂ ਜਾਪਦਾ। ਕੁਝ ਦਿਨ ਪਹਿਲਾਂ ਪ੍ਰਦਰਸ਼ਨਕਾਰੀਆਂ ਨੂੰ ਸਖਤੀ ਨਾਲ ਹਟਾਉਣ ਦੀ ਕੋਸ਼ਿਸ਼ ਵਿਚ ਲੱਗਾ ਸਰਕਾਰ ਤੇ ਪ੍ਰਸ਼ਾਸਨ ਹੁਣ ਆਖ ਰਿਹਾ ਹੈ ਕਿ ਉਹ ਮੋਰਚੇ 'ਤੇ ਡਟੇ ਆਗੂਆਂ ਦੀ ਸਹਿਮਤੀ ਨਾਲ ਹੀ ਅੱਗੇ ਵਧਣਾ ਚਾਹੁੰਦੇ ਹਨ। ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਵੀ ਸਪਸ਼ਟ ਹਦਾਇਤਾਂ ਦਿੱਤੀਆਂ ਗਈਆਂ ਹਨ ਕਿ ਉਹ ਕੋਈ ਅਜਿਹਾ ਕੰਮ ਨਾ ਕਰਨ ਜੋ ਧਰਨੇ 'ਤੇ ਬੈਠੇ ਲੋਕਾਂ ਨੂੰ ਮਨਜ਼ੂਰ ਨਾ ਹੋਵੇ।

ਉਧਰ, ਸੰਯੁਕਤ ਕਿਸਾਨ ਮੋਰਚੇ ਨੇ ਦਿੱਲੀ ਦੇ ਬਾਰਡਰਾਂ ਉਤੇ ਚੱਲੇ ਕਿਸਾਨ ਅੰਦੋਲਨ ਦੀ ਸਮਾਪਤੀ ਮੌਕੇ ਕੇਂਦਰ ਸਰਕਾਰ ਵੱਲੋਂ ਮੰਨੀਆਂ

*(ਬਾਕੀ ਸਫਾ 6 'ਤੇ)*

### ਸ਼ਰਾਬ ਸਨਅਤ ਪ੍ਰਦੂਸ਼ਣ

## ਸਰਕਾਰਾਂ ਦੀ ਨੀਅਤ 'ਤੇ ਉਠੇ ਸਵਾਲ


**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਜ਼ੀਰਾ ਸ਼ਰਾਬ ਫੈਕਟਰੀ ਮਾਮਲੇ ਦੀ ਜਾਂਚ ਲਈ ਬਣਾਈਆਂ ਕਮੇਟੀਆਂ ਉਤੇ ਵੀ ਸਵਾਲ ਉੱਠਣ ਲੱਗੇ ਹਨ। ਕਿਸਾਨ ਜਥੇਬੰਦੀਆਂ ਇਸ ਨੂੰ ਬੱਸ ਮਾਮਲੇ ਨੂੰ ਠੰਢਾ ਕਰਨ ਦਾ ਬਹਾਨਾ ਮੰਨ ਰਹੀਆਂ ਹਨ। ਚੇਤੇ ਰਹੇ ਕਿ ਸ਼ਰਾਬ ਫੈਕਟਰੀ ਦੇ ਪ੍ਰਦੂਸ਼ਣ ਖ਼ਿਲਾਫ਼ ਸੰਘਰਸ਼ ਕਰਨ ਵਾਲੇ ਸਾਂਝੇ ਮੋਰਚੇ ਦੀ ਦਲੀਲ ਦੀ ਪਹਿਲਾਂ ਹੀ ਵਿਧਾਨ ਸਭਾ ਦੀ ਰਿਪੋਰਟ ਪੁਸ਼ਟੀ ਕਰ ਚੁੱਕੀ ਹੈ।

ਪੰਜਾਬ ਵਿਧਾਨ ਸਭਾ ਦੇ ਸੈਸ਼ਨ ਦੌਰਾਨ ਸ਼ਰਾਬ ਸਨਅਤਾਂ ਤੇ ਗੰਨਾ ਮਿੱਲਾਂ ਦੇ ਪ੍ਰਦੂਸ਼ਣ ਦਾ ਮੁੱਦਾ ਉਠਿਆ ਸੀ ਜਿਸ ਸਬੰਧੀ 20 ਦਸੰਬਰ 2007 ਨੂੰ ਵਿਧਾਨ ਸਭਾ ਦੀ ਕਮੇਟੀ ਨੂੰ ਇਸ ਮਾਮਲੇ ਦੀ ਜਾਂਚ ਦੇ ਹੁਕਮ ਦਿੱਤੇ ਗਏ ਸਨ। ਗਿਆਰਾਂ ਮੈਂਬਰੀ ਕਮੇਟੀ ਦੀ ਅਗਵਾਈ ਤਤਕਾਲੀ ਵਿਧਾਇਕ ਜਗਦੀਪ ਸਿੰਘ ਨਕਈ ਨੇ ਕੀਤੀ ਸੀ। ਵਿਧਾਨ ਸਭਾ ਦੀ ਇਸ ਕਮੇਟੀ ਨੇ ਸਾਰੀਆਂ ਸ਼ਰਾਬ ਫੈਕਟਰੀਆਂ ਦਾ ਦੌਰਾ ਕੀਤਾ ਸੀ ਤੇ ਲੋਕਾਂ ਦਾ ਪੱਖ ਵੀ ਜਾਣਿਆ ਸੀ। ਵਿਧਾਨ ਸਭਾ ਕਮੇਟੀ ਨੇ ਪਹਿਲੀ ਅਕਤੂਬਰ 2010 ਨੂੰ ਆਪਣੀ ਰਿਪੋਰਟ ਸਦਨ ਵਿਚ ਪੇਸ਼ ਕੀਤੀ ਸੀ ਪਰ ਇਹ ਅਜੇ ਤੱਕ ਲਾਗੂ ਹੀ ਨਹੀਂ ਕੀਤੀ ਗਈ। ਵਿਧਾਨ ਸਭਾ ਕਮੇਟੀ ਨੇ ਸਭ ਤੋਂ ਅਹਿਮ ਗੱਲ ਇਹ ਰੱਖੀ ਸੀ ਕਿ ਜਿਨ੍ਹਾਂ ਪਿੰਡਾਂ ਨੇੜੇ ਸ਼ਰਾਬ ਸਨਅਤਾਂ ਲੱਗੀਆਂ ਹੋਈਆਂ ਹਨ, ਉਨ੍ਹਾਂ ਪਿੰਡਾਂ ਦਾ ਧਰਤੀ ਹੇਠਲਾ ਪਾਣੀ ਖਰਾਬ ਹੋ ਰਿਹਾ ਹੈ ਜੋ ਵਾਤਾਵਰਨ ਅਤੇ ਮਨੁੱਖਤਾ ਲਈ ਖਤਰਾ ਹੈ। ਕਮੇਟੀ ਨੇ ਇਹ ਵੀ ਕਿਹਾ ਸੀ ਕਿ ਜੇ ਇਸੇ ਤਰ੍ਹਾਂ ਧਰਤੀ ਹੇਠਲਾ ਪਾਣੀ ਦੂਸ਼ਿਤ ਹੁੰਦਾ ਰਿਹਾ ਤਾਂ ਲੋਕ ਲੰਮੀ ਜ਼ਿੰਦਗੀ ਨਹੀਂ ਜੀਅ ਸਕਣਗੇ। ਕਈ ਸ਼ਰਾਬ ਸਨਅਤਾਂ ਦੀ ਸੁਆਹ ਕਾਰਨ ਫ਼ਸਲੀ ਨੁਕਸਾਨ ਦੀ ਗੱਲ ਵੀ

*(ਬਾਕੀ ਸਫਾ 6 'ਤੇ)*


TBF THE BAINS FIRM

Manpreet S. Bains
Personal Injury and Wrongful Death Attorneys
No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com

*Personal Injury and Wrongful Death Attorneys*
Case Results*
$10 MILLION
Motorcycle vs. Truck Collision
$8 MILLION
Wrongful Death
$5.25 MILLION
Traumatic Brain Injury

WILLIAM E. WEISS
Of Counsel
Offices in San Francisco and Union City


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।
ਪੰਜਾਬੀ ਭਰਾਵਾਂ ਦੀ ਸੇਵਾ 'ਚ ਹਰ ਪਲ ਹਾਜ਼ਰ
120-20 101 Ave. S. Richmond Hill, New York 11419

# ਵਿਪਸਾ ਦੀ ਮਾਸਿਕ ਮਿਲਣੀ ਵਿਚ ਉਸਾਰੂ ਵਿਚਾਰ-ਵਟਾਂਦਰਾ

**ਹੇਵਰਡ:** ਬੀਤੇ ਦਿਨੀਂ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਵਿਪਸਾ) ਦੀ ਸਾਹਿਤਕ ਮਿਲਣੀ ਕਿਡੇਗੋ ਹੇਵਰਡ ਈਵਾਈਸੀ ਵਿਖੇ ਮੀਤ ਪ੍ਰਧਾਨ ਅਮਰਜੀਤ ਪੰਨੂੰ ਦੀ ਪ੍ਰਧਾਨਗੀ ਹੇਠ ਹੋਈ। ਜਨਰਲ ਸਕੱਤਰ ਕੁਲਵਿੰਦਰ ਨੇ ਮੰਚ ਦਾ ਕਾਜ-ਭਾਰ ਸੰਭਾਲਦਿਆਂ, ਕੋਵਿਡ ਤੋਂ ਬਾਅਦ ਉਦਾਸ ਮੌਸਮ ਵਾਂਗ ਉਦਾਸ ਹੋਏ ਮਨ ਦੀ ਗੱਲ ਕਰਦਿਆਂ ਹਾਜ਼ਰ ਮੈਂਬਰਾਂ ਨੂੰ ਸੰਸਥਾ ਦੀਆਂ ਗਤੀਵਿਧੀਆਂ ਵਿਚ ਸਰਗਰਮੀ ਲਿਆਉਣ ਅਤੇ ਸਦਭਾਵਨਾ ਵਧਾਉਣ ਲਈ ਸੁਝਾਅ ਮੰਗੇ। ਇਸ ਵਿਸ਼ੇ 'ਤੇ ਖੁੱਲ੍ਹ ਕੇ ਵਿਚਾਰ-ਵਟਾਂਦਰਾ ਹੋਇਆ।

ਹਾਜ਼ਰ ਮੈਂਬਰਾਂ ਵਲੋਂ ਵਿਪਸਾ ਦੀਆਂ ਗਤੀਵਿਧੀਆਂ ਨੂੰ ਨਿਯਮਿਤ ਰੂਪ ਦੇਣ ਲਈ ਭਾਰੀ ਉਤਸ਼ਾਹ ਦਿਖਾਇਆ ਗਿਆ। ਇਸ ਮੌਕੇ ਸਰਬ ਸੰਮਤੀ ਨਾਲ ਇਸ ਵਰ੍ਹੇ ਸਾਲਾਨਾ ਕਾਨਫਰੰਸ ਨਾ ਹੋਣ ਦੀ ਸੂਰਤ ਵਿਚ ਅਗਲੇ ਵਰ੍ਹੇ ਦੇ ਸ਼ੁਰੂ ਵਿਚ ਕਾਨਫਰੰਸ ਨਾ ਕਰਵਾਉਣ, ਮਾਸਿਕ ਮਿਲਣੀਆਂ ਲਈ ਸਿਰਫ ਅਕੈਡਮੀ ਦੇ ਮੈਂਬਰ ਲੇਖਕਾਂ ਨੂੰ ਹੀ ਸੱਦਾ-ਪੱਤਰ ਭੇਜਣ, ਮੈਂਬਰਾਂ ਵਲੋਂ ਸੱਦਾ-ਪੱਤਰ ਮਿਲਣ ਤੋਂ ਬਾਅਦ ਜਨਰਲ ਸਕੱਤਰ ਨਾਲ ਸੰਪਰਕ ਕਰ ਕੇ ਆਪਣੀ ਹਾਜ਼ਰ/ਗੈਰ ਹਾਜ਼ਰ ਹੋਣ ਬਾਰੇ ਸੂਚਿਤ ਕਰਨ, ਮਿਲਣੀਆਂ ਕਿਡੇਗੋ ਈ ਵਾਈ ਸੀ ਜਾਂ ਕਿਸੇ ਮੈਂਬਰ (ਹੋਸਟ) ਦੇ ਘਰ ਕਰਨ,




ਵੱਡੇ ਸਮਾਗਮ ਵੱਡੇ ਹਾਲ ਵਿਚ ਕਰਨ ਅਤੇ ਸਾਹਿਤ ਪ੍ਰੇਮੀਆਂ ਨੂੰ ਬੁਲਾਏ ਜਾਣ ਦਾ ਫੈਸਲਾ ਲਿਆ ਗਿਆ।

ਇਸ ਤੋਂ ਇਲਾਵਾ ਫੈਸਲਾ ਲਿਆ ਗਿਆ ਕਿ ਸੰਸਥਾ ਵਿਚ ਸਕਾਰਾਤਮਕ ਅਤੇ ਊਰਜਾਮਈ ਵਾਤਾਵਰਨ ਕਾਇਮ ਰੱਖਿਆ ਜਾਵੇਗਾ। ਇਹ ਸੰਸਥਾ ਲੇਖਕਾਂ ਲਈ 'ਉਤਸ਼ਾਹ ਅਤੇ ਪ੍ਰੇਰਨਾ' ਮਾਟੋ ਨੂੰ ਅਮਲੀ ਜਾਮਾ ਪਹਿਨਾਵੇਗੀ। ਤਿੰਨ ਸਾਹਿਤਕ ਮਿਲਣੀਆਂ ਤੋਂ ਬਾਅਦ ਚੌਥੀ ਮਿਲਣੀ ਵਿਚ ਇਕ ਕਹਾਣੀ ਸੈਸ਼ਨ ਹੋਵੇਗਾ। ਪਹਿਲੀਆਂ ਤਿੰਨ ਮਿਲਣੀਆਂ ਵਿਚ ਕਵੀ ਦਰਬਾਰ ਦੇ ਨਾਲ-ਨਾਲ ਇਕ ਸ਼ਾਇਰ ਦੀ ਰਚਨਾ 'ਤੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ। ਸਮੂਹ ਮੈਂਬਰ ਸਮੇਂ ਸਿਰ ਹਾਜ਼ਰ ਹੋਣਗੇ। ਵਿਪਸਾ ਦਾ ਫੇਸਬੁੱਕ ਪੇਜ ਜਗਜੀਤ ਨੌਸ਼ਿਹਰਵੀ ਵਲੋਂ ਬਣਾਇਆ ਜਾਵੇਗਾ। ਫਰਵਰੀ 18, 2023 ਦਿਨ ਸ਼ਨਿਚਰਵਾਰ ਨੂੰ ਮਹਿਰਾਨ ਰੈਸਟੋਰੈਂਟ, ਨਿਊਵਾਰਕ ਵਿਖੇ ਸ਼ਾਮ 5:00-9:00 ਤੱਕ ਅਕੈਡਮੀ ਦੇ ਸਰਪ੍ਰਸਤ ਮਰਹੂਮ ਡਾ. ਗੁਰੂਮੇਲ ਸਿੱਧੂ ਨੂੰ ਸਮਰਪਿਤ ਸ਼ਰਧਾਂਜਲੀ ਸਮਾਰੋਹ ਕਰਵਾਇਆ ਜਾਵੇਗਾ।

ਇਸ ਉਪਰੰਤ ਬਹੁ-ਵਿਧਾਈ ਲੇਖਕ ਚਰਨਜੀਤ ਸਿੰਘ ਪੰਨੂ ਦਾ ਨਵ ਪ੍ਰਕਾਸ਼ਿਤ ਸਫ਼ਰਨਾਮਾ-'ਯੂਟਾ ਦੇ ਪ੍ਰਕਿਰਤਕ ਜਲਵੇ' ਲੋਕ ਅਰਪਣ ਕੀਤਾ ਗਿਆ। ਉਨ੍ਹਾਂ ਸਫ਼ਰਨਾਮੇ ਵਿਚੋਂ ਇੱਕ ਭਾਵ-ਪੂਰਤ ਨਜ਼ਮ ਪੇਸ਼ ਕੀਤੀ ਜੋ ਯੂਟਾ ਦੇ ਕੁਦਰਤੀ ਨਜ਼ਾਰਿਆਂ ਦੀ ਮੂੰਹ ਬੋਲਦੀ ਤਸਵੀਰ ਸੀ। ਇਹ ਨਜ਼ਮ ਸਫ਼ਰਨਾਮਾ ਪੜ੍ਹਨ ਲਈ ਸਰੋਤਿਆਂ ਦੇ ਮਨਾਂ ਵਿਚ ਉਤਸੁਕਤਾ ਪੈਦਾ ਕਰਨ ਵਿਚ ਕਾਮਯਾਬ ਰਹੀ। ਲੇਖਕ ਨੇ ਇਸ ਪੁਸਤਕ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਉਹ ਸਫ਼ਰਨਾਮੇ ਉਨ੍ਹਾਂ ਪਾਠਕਾਂ ਲਈ ਲਿਖਦੇ ਹਨ ਜੋ ਅਮਰੀਕਾ ਦੀ ਭੱਜ ਦੌੜ ਵਾਲੀ ਜ਼ਿੰਦਗੀ ਵਿਚੋਂ ਬਾਹਰ ਨਿਕਲ ਕੇ ਸਫ਼ਰ ਕਰਨ ਤੋਂ ਅਸਮਰੱਥ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਆਸ ਹੈ ਕਿ ਪਾਠਕ ਇਸ ਪੁਸਤਕ ਦਾ ਭਰਪੂਰ ਅਨੰਦ ਮਾਣਨਗੇ। ਸੁਰਜੀਤ ਸਖੀ ਨੇ ਚਰਨਜੀਤ ਸਿੰਘ ਪੰਨੂ ਨੂੰ ਟੈਕਸਟ ਮੈਸੇਜ ਰਾਹੀਂ ਵਧਾਈ ਸੰਦੇਸ਼ ਭੇਜਿਆ। ਵਿਪਸਾ ਦੇ ਪ੍ਰਧਾਨ ਸੁਖਵਿੰਦਰ ਕੰਬੋਜ ਨੇ ਫੋਨ ਰਾਹੀਂ ਹਾਜ਼ਰੀ ਭਰੀ। ਉਨ੍ਹਾਂ ਚਰਨਜੀਤ ਸਿੰਘ ਪੰਨੂੰ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਉਹ ਸਫ਼ਰਨਾਮਾ ਪੜ੍ਹਨ ਉਪਰੰਤ ਪੇਪਰ ਲਿਖ ਕੇ ਆਪਣੇ ਵਿਚਾਰ ਸਾਂਝੇ ਕਰਨਗੇ। ਅੰਤ ਵਿਚ ਕਵੀ ਦਰਬਾਰ ਹੋਇਆ ਜਿਸ ਵਿਚ ਚਰਨਜੀਤ ਸਿੰਘ ਪੰਨੂ, ਤਾਰਾ ਸਿੰਘ ਸਾਗਰ, ਜਗਜੀਤ ਨੌਸ਼ਿਹਰਵੀ, ਅਮਰਜੀਤ ਕੌਰ ਪੰਨੂੰ, ਲਾਜ ਨੀਲਮ ਸੈਨੀ ਅਤੇ ਕੁਲਵਿੰਦਰ ਨੇ ਭਾਗ ਲਿਆ। ਸੁਖਦੇਵ ਸਾਹਿਲ ਨੇ ਕੁਲਵਿੰਦਰ ਦੀ ਲਿਖੀ ਗ਼ਜ਼ਲ 'ਨਦੀ ਝੀਲ ਚਸ਼ਮਾ' ਦਾ ਗਾਇਨ ਕਰ ਕੇ ਸਰੋਤਿਆਂ ਨੂੰ ਮੰਤਰ-ਮੁਗਧ ਕਰ ਦਿੱਤਾ। ਇਸ ਮੌਕੇ ਮਨਜੀਤ ਪਲਾਹੀ, ਰਮੇਸ਼ ਬੰਗੜ, ਰਿੰਮੀ ਸੰਧੂ ਅਤੇ ਜੇ ਸੰਧੂ ਵੀ ਹਾਜ਼ਰ ਸਨ।


***ਰਿਪੋਰਟ: ਲਾਜ ਨੀਲਮ ਸੈਨੀ***
***(ਸਹਾਇਕ ਸਕੱਤਰ ਵਿਪਸਾ)***

# ਨਾਭੇ ਦਾ ਅਕੈਡਮੀ ਹਾਕੀ ਟੂਰਨਾਮੈਂਟ 12 ਜਨਵਰੀ ਤੋਂ

**ਨਾਭਾ:** ਮਹਾਰਾਜਾ ਹੀਰਾ ਸਿੰਘ ਸਪੋਰਟਸ ਕਲੱਬ ਵਲੋਂ ਪਹਿਲਾ ਅਕੈਡਮੀ ਹਾਕੀ ਟੂਰਨਾਮੈਂਟ ਕਰਵਾਇਆ ਜਾ ਰਿਹਾ ਹੈ ਜੋ 12 ਤੋਂ 15 ਜਨਵਰੀ 2023 ਤਕ ਗੌਰਮਿੰਟ ਰਿਪੁਦਮਨ ਕਾਲਜ ਵਿਚ ਹੋਵੇਗਾ। ਇਸ ਟੂਰਨਾਮੈਂਟ ਵਿਚ 19 ਸਾਲ ਦੀ ਉਮਰ ਤੱਕ ਦੇ ਖਿਡਾਰੀ ਜੋ ਵੱਖ-ਵੱਖ ਚਲਾਈਆਂ ਜਾ ਰਹੀਆਂ ਅਕੈਡਮੀਆਂ ਨਾਲ ਰਜਿਸਟਰਡ ਹਨ, ਹਿੱਸਾ ਲੈਣਗੇ।

ਇਹ ਟੂਰਨਾਮੈਂਟ ਕੁਝ ਖਾਸ ਗੱਲਾਂ ਨੂੰ ਧਿਆਨ ਵਿਚ ਰੱਖ ਕੇ ਕਰਵਾਇਆ ਜਾ ਰਿਹਾ ਹੈ। ਪਹਿਲੀ ਇਹ ਕਿ ਨਵੀਂ ਪੀੜ੍ਹੀ ਦੇ ਬੱਚਿਆਂ ਨੂੰ ਖੇਡਾਂ, ਖਾਸ ਤੌਰ 'ਤੇ ਸਾਡੀ ਰਾਸ਼ਟਰੀ ਖੇਡ ਹਾਕੀ ਨਾਲ ਜੋੜਨਾ ਤਾਕਿ ਭਵਿੱਖ ਵਿਚ ਉਹ ਅਪਣੇ ਦੇਸ਼ ਲਈ ਅੰਤਰਰਾਸ਼ਟਰੀ ਪੱਧਰ ਜਿਵੇਂ ਏਸ਼ੀਆਡ, ਉਲੰਪਿਕ, ਵਿਸ਼ਵ ਕੱਪ ਆਦਿ ਵਿਚ ਆਪਣਾ ਯੋਗਦਾਨ ਪਾ ਸਕਣ। ਦੂਜੀ ਜ਼ਰੂਰੀ ਗੱਲ ਇਹ ਹੈ ਕਿ ਸਕੂਲ, ਕਾਲਜ ਅਤੇ ਯੂਨੀਵਰਸਿਟੀ ਵਿਚ ਪੜ੍ਹਦੇ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਨ ਦੀ ਕੋਸ਼ਿਸ਼ ਕੀਤੀ ਗਈ ਹੈ ਜਿਸ ਕਰਕੇ ਕਮੇਟੀ ਵੱਲੋਂ ਗਰਾਊਂਡ ਦੇ ਆਲੇ-ਦੁਆਲੇ 'ਸੇ ਨੋ ਟੂ ਡਰੱਗਜ਼' ਦੇ ਬੈਨਰ ਲਗਾਏ ਜਾਣਗੇ। ਤੀਜਾ ਅਤੇ ਆਖਰੀ ਮਕਸਦ ਇਹ ਹੈ ਕਿ ਜਦੋਂ ਦੇਸ਼ ਰਿਆਸਤਾਂ ਵਿਚ ਵੰਡਿਆ ਹੋਇਆ ਸੀ ਤਾਂ ਨਾਭਾ ਸ਼ਹਿਰ ਦਾ ਜ਼ਿਕਰ ਅਕਸਰ ਕੀਤਾ ਜਾਂਦਾ ਸੀ ਜਿਥੇ ਫੂਲਕੀਆ ਪਰਿਵਾਰ ਵਲੋਂ ਵੱਖ-ਵੱਖ ਸਮੇਂ ਦੇ ਰਾਜਿਆਂ ਨੇ ਰਾਜ ਕੀਤਾ; ਜਿਵੇਂ ਮਹਾਰਾਜਾ ਹੀਰਾ ਸਿੰਘ ਜਿਨ੍ਹਾਂ ਦੇ ਰਾਜ ਵਿਚ ਲੋਕਾਂ ਨੂੰ ਬਹੁਤ ਸੁੱਖ ਮਿਲਿਆ ਅਤੇ ਉਹ ਅੱਵਲ ਪ੍ਰਸ਼ਾਸਕ ਸਾਬਤ ਹੋਏ।

ਇਤਿਹਾਸਕ ਸ਼ਹਿਰ ਨਾਭਾ ਅਤੇ ਮਹਾਰਾਜਾ ਹੀਰਾ ਸਿੰਘ ਦੀ ਯਾਦ ਨੂੰ ਤਾਜ਼ਾ ਕਰਦਿਆਂ ਐਨ.ਆਰ.ਆਈਜ਼ ਭਰਾਵਾਂ ਦੇ ਉਪਰਾਲੇ ਅਤੇ ਲੋਕਲ ਖੇਡ ਪ੍ਰੇਮੀਆਂ ਦੇ ਸਹਿਯੋਗ ਨਾਲ ਆਰਗੇਨਾਈਜੇਸ਼ਨ ਕਮੇਟੀ ਬਣਾਈ ਗਈ ਅਤੇ ਟੂਰਨਾਮੈਂਟ ਕਰਵਾਉਣ ਦਾ ਫੈਸਲਾ ਵੀ ਕੀਤਾ ਗਿਆ। ਇਸ ਕਮੇਟੀ ਦੀ ਰੂਪ-ਰੇਖਾ ਇਸ ਪ੍ਰਕਾਰ ਹੈ: ਪ੍ਰਧਾਨ ਰਾਜਪਾਲ ਸਿੰਘ ਸੰਧੂ, ਮੀਤ ਪ੍ਰਧਾਨ ਅਤੇ ਖਜ਼ਾਨਚੀਜਤਿੰਦਰ ਸਿੰਘ ਗਿੱਲ, ਸਕੱਤਰਪ੍ਰੋ. ਦੀਪਕ ਕੌਸ਼ਲ, ਜੁਆਇੰਟ ਸਕੱਤਰਹਰਜੀਤ ਸਿੰਘ ਪੂਨੀਆ, ਕਨਵੀਨਰਪਰਮਵੀਰ ਸਿੰਘ ਸੋਹੀ, ਪੀ.ਆਰ.ਓ. ਅਰਵਿੰਦਰ ਸਿੰਘ ਢਿੱਲੋਂ, ਟੂਰਨਾਮੈਂਟ ਡਾਇਰੈਕਟਰਭੁਪਿੰਦਰ ਸਿੰਘ ਮੋਹੀ ਅਤੇ ਟੈਕਨੀਕਲ ਸਲਾਹਕਾਰ ਡੀ.ਐਸ. ਮਾਂਗਟ। ਹਾਕੀ ਪੰਜਾਬ ਦੇ ਸਕੱਤਰ ਅਤੇ ਉਲੰਪੀਅਨ ਹਰਪ੍ਰੀਤ ਸਿੰਘ ਮੰਡੇਰ ਵਲੋਂ ਟੂਰਨਾਮੈਂਟ ਕਰਵਾਉਣ ਦੀ ਮਨਜ਼ੂਰੀ ਦੇ ਦਿਤੀ ਗਈ ਹੈ।




ਟੂਰਨਾਮੈਂਟ ਵਿਚ ਪੰਜਾਬ ਦੀਆਂ ਅੱਠ ਨਾਮੀ ਟੀਮਾਂ ਹਿੱਸਾ ਲੈਣਗੀਆਂ। ਇਨ੍ਹਾਂ ਵਿਚ ਬਠਿੰਡਾ ਅਕੈਡਮੀ, ਪੀ.ਆਈ.ਐਸ. ਮੁਹਾਲੀ, ਫੀਲਡ ਹਾਕੀ ਚੰਡੀਗੜ੍ਹ, ਨਾਮਧਾਰੀ ਭੈਣੀ ਸਾਹਿਬ, ਮਾਤਾ ਸਾਹਿਬ ਕੌਰ ਝਰਖੜ, ਐਸ.ਜੀ.ਪੀ.ਸੀ., ਨਨਕਾਣਾ ਸਾਹਿਬ ਰਾਮਗੜ੍ਹ, ਰਾਊਂਡ ਗਲਾਸ, ਚੰਡੀਗੜ੍ਹ ਸ਼ਾਮਿਲ ਹਨ। ਕੁਲ ਮਿਲਾਕੇ 128 ਖਿਡਾਰੀ ਇਸ ਮੁਕਾਬਲੇ ਵਿਚ ਆਪਣੀ ਕਲਾ ਦੇ ਜੌਹਰ ਦਿਖਾਉਣਗੇ। ਟੂਰਨਾਮੈਂਟ ਦੇ ਸਾਰੇ ਮੈਚ ਨਾਕ ਆਊਟ ਸਿਸਟਮ ਤਹਿਤ ਖੇਡੇ ਜਾਣਗੇ। ਟੀਮਾਂ ਦੇ ਰਹਿਣ ਦਾ ਪ੍ਰਬੰਧ ਹੋਟਲਾਂ ਵਿਚ ਕੀਤਾ ਗਿਆ ਹੈ ਅਤੇ ਖਾਣੇ ਲਈ ਲੋੜੀਂਦਾ ਭੱਤਾ ਦਿਤਾ ਜਾਵੇਗਾ। ਕੁਆਰਟਰ ਫਾਈਨਲ ਦੇ ਚਾਰ ਮੈਚ ਅਤੇ ਸੈਮੀ ਫਾਈਨਲ ਦੇ ਦੋ ਮੈਚ ਖੇਡੇ ਜਾਣਗੇ ਅਤੇ ਇਨ੍ਹਾਂ ਟੀਮਾਂ ਨੂੰ 15000 ਰੁਪਏ ਅਤੇ 20000 ਰੁਪਏ ਦਿਤੇ ਜਾਣਗੇ। ਫਾਈਨਲ ਮੈਚ 15 ਜਨਵਰੀ ਦਿਨ ਐਤਵਾਰ ਨੂੰ ਖੇਡਿਆ ਜਾਵੇਗਾ ਅਤੇ ਜੇਤੂ ਟੀਮ ਨੂੰ 51000 ਰੁਪਏ ਇਨਾਮ ਅਤੇ ਦੂਸਰੇ ਨੰਬਰ ਦੀ ਟੀਮ ਨੂੰ 31000 ਰੁਪਏ ਇਨਾਮ ਦੇ ਨਾਲ-ਨਾਲ ਹਰ ਖਿਡਾਰੀ ਅਤੇ ਕੋਚਾਂ ਸਮੇਤ ਇਨਾਮ ਦਿਤੇ ਜਾਣਗੇ। ਟੂਰਨਾਮੈਂਟ ਜਿੱਤਣ ਵਾਲੀਆਂ ਟੀਮਾਂ ਨੂੰ ਟਰਾਫੀ ਦੇ ਨਾਲ-ਨਾਲ ਇਨਾਮੀ ਰਾਸ਼ੀ ਅਮਰੀਕਾ ਵਿਚ ਰਹਿੰਦੇ ਅਤੇ ਉਘੇ ਬਿਜ਼ਨਸਮੈਨ ਜਤਿੰਦਰ ਸਿੰਘ ਜੌਹਲ ਵਲੋਂ ਸੇਵਾ ਕਰਵਾਈ ਜਾਵੇਗੀ। ਫਾਈਨਲ ਮੈਚ ਤੋਂ ਪਹਿਲਾਂ ਲੜਕੀਆਂ ਦਾ ਐਗਜ਼ੀਬਿਸ਼ਨ ਮੈਚ ਖੇਡਿਆ ਜਾਵੇਗਾ ਜੋ ਪੰਜਾਬੀ ਯੂਨੀਵਰਸਿਟੀ ਦੇ ਖੇਡ ਮਹਿਕਮੇ ਦੇ ਡਾਇਰੈਕਟਰ ਅਤੇ ਪ੍ਰੋ. ਡਾਕਟਰ ਆਜੀਤਾ ਦੇ ਸਹਿਯੋਗ ਨਾਲ ਉਲੀਕਿਆ ਗਿਆ ਹੈ। 1974 ਮਹਿਲਾ ਵਿਸ਼ਵ ਕੱਪ ਅਤੇ ਕਾਂਸੀ ਦਾ ਤਮਗਾ ਜਿੱਤਣ ਵਾਲੀ ਭਾਰਤੀ ਹਾਕੀ ਟੀਮ ਦੀ ਕਪਤਾਨ ਰੂਪਾ ਸੈਣੀ 'ਗੈਸਟ ਆਫ ਆਨਰ' ਹੋਣਗੇ ਜੋ ਟੀਮਾਂ ਨੂੰ ਇਨਾਮ ਤਕਸੀਮ ਕਰੇਗੀ। ਇਸ ਟੂਰਨਾਮੈਂਟ ਦੇ ਸਾਰੇ ਮੈਚ ਅੰਤਰਰਾਸ਼ਟਰੀ ਨਿਯਮਾਂ ਅਨੁਸਾਰ ਖੇਡੇ ਜਾਣਗੇ ਜੋ ਬਣਾਈ ਗਈ ਸਪੈਸ਼ਲ 'ਅੰਪਾਇਰ ਅਤੇ ਟੈਕਨੀਕਲ' ਟੀਮ ਸੰਭਾਲੇਗੀ। ਇਸ ਟੀਮ ਵਿਚ ਹਰਬੰਸ ਸਿੰਘ ਮੈਨੇਜਰ ਅੰਪਾਇਰਜ਼, ਗੁਰਮੀਤ ਸਿੰਘ ਟੈਕਨੀਕਲ ਡੈਲੀਗੇਟ, ਰਿਪੁਦਮਨ ਸ਼ਰਮਾ ਅੰਤਰਰਾਸ਼ਟਰੀ ਅੰਪਾਇਰ, ਜੀ.ਐਸ. ਸੰਘਾ ਅੰਤਰਰਾਸ਼ਟਰੀ ਅੰਪਾਇਰ ਅਤੇ ਨੈਸ਼ਨਲ ਅੰਪਾਇਰਜ਼ ਮਲਕੀਤ ਸਿੰਘ, ਦੀਪਕ ਕੁਮਾਰ ਤੇ ਅਮਿਤ ਸ਼ਰਮਾ ਹੋਣਗੇ। ਕਮੇਟੀ ਨੇ ਸੁਰੱਖਿਆ ਸਬੰਧੀ ਖਾਸ ਪ੍ਰਬੰਧ ਕੀਤੇ ਹਨ। ਟੀ.ਵੀ. ਚੜ੍ਹਦੀਕਲਾ ਵਲੋਂ ਸਾਰੇ ਮੈਚਾਂ ਦਾ ਸਿੱਧਾ ਪ੍ਰਸਾਰਨ ਹੋਵੇਗਾ। ਟੂਰਨਾਮੈਂਟ ਲਈ ਕੋਈ ਐਂਟਰੀ ਫੀਸ ਨਹੀਂ ਰੱਖੀ ਗਈ। ***-ਡੀ.ਐਸ. ਮਾਂਗਟ***
***ਫੋਨ: 269-267-9621***

# ਅਮਰਦੀਪ ਮੇਲੇ ਵਿਚ 'ਪੰਜਾਬੀ ਖੇਡ ਸਾਹਿਤ' ਦੇ ਚਾਰੇ ਭਾਗ ਰਿਲੀਜ਼

ਅਮਰਦੀਪ ਮੈਮੋਰੀਅਲ ਕਾਲਜ ਮੁਕੰਦਪੁਰ ਦੇ ਅਮਰਦੀਪ ਮੇਲੇ ਵਿਚ ਡਾ. ਸਰਦਾਰਾ ਸਿੰਘ ਜੌਹਲ ਨੇ ਪੰਜਾਬੀ ਖੇਡ ਸਾਹਿਤ ਦੇ ਚਾਰੇ ਭਾਗ 'ਸ਼ਬਦਾਂ ਦੇ ਖਿਡਾਰੀ', 'ਖੇਡ ਸਾਹਿਤ ਦੀਆਂ ਬਾਤਾਂ', 'ਖੇਡ ਸਾਹਿਤ ਦੇ ਮੋਤੀ' ਤੇ 'ਖੇਡ ਸਾਹਿਤ ਦੇ ਹੀਰੇ' ਲੋਕ ਅਰਪਣ ਕੀਤੇ। ਉਮਰ ਦੇ 80ਵਿਆਂ 'ਚ ਮੇਰੀ ਕਲਮ ਹੋਰ ਤੇਜ਼ ਦੌੜਨ ਲੱਗੀ ਹੈ। ਕੋਵਿਡ ਕਾਲ ਦੌਰਾਨ 'ਪੰਜਾਬ ਟਾਈਮਜ਼' ਵਿਚ ਮੇਰੀ ਪੂਰੇ ਅਖ਼ਬਾਰੀ ਪੰਨੇ ਦੇ 111 ਲੇਖਾਂ ਦੀ ਲੰਮੀ ਲੜੀ 'ਪੰਜਾਬੀ ਖੇਡ ਸਾਹਿਤ' ਸਿਰਲੇਖ ਹੇਠ ਛਪੀ ਸੀ। 2020-22 ਦੌਰਾਨ ਉਪ੍ਰੋਕਤ ਚਾਰ ਪੁਸਤਕਾਂ ਨਾਲ ਮੇਰੀਆਂ ਪੰਜ ਹੋਰ ਪੁਸਤਕਾਂ 'ਉਡਣਾ ਸਿੱਖ ਮਿਲਖਾ ਸਿੰਘ', 'ਪੰਜਾਬੀਆਂ ਦਾ ਖੇਡ ਸਭਿਆਚਾਰ', 'ਪੰਜਾਬੀ ਕਹਾਣੀ ਦਾ ਸ਼ਾਹ-ਸਵਾਰ ਵਰਿਆਮ ਸਿੰਘ ਸੰਧੂ' ਅਤੇ 'ਮੇਰੀ ਕਲਮ ਦੀ ਮੈਰਾਥਨ' ਵੀ ਛਪੀਆਂ ਹਨ। ਹੁਣ ਮੈਂ ਵਿਸ਼ਵ ਦੇ ਮਹਾਨ ਖਿਡਾਰੀਆਂ ਦੀ ਲੇਖ ਲੜੀ ਲਿਖ ਰਿਹਾਂ ਜੋ 'ਪੰਜਾਬ ਟਾਈਮਜ਼' ਵਿਚ ਛਪ ਰਹੀ ਹੈ। ਮੇਰੀਆਂ ਪੁਸਤਕਾਂ ਪ੍ਰਾਪਤ ਕਰਨ ਲਈ ਫੋਨ 92090-00001, 99151-03490, 98152-43917 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਮੈਂ ਆਪਣੀ ਸਵੈ-ਜੀਵਨੀ 'ਹਸਦਿਆਂ ਖੇਲਦਿਆਂ' ਵਿੱਚ ਲਿਖਿਆ ਸੀ, "ਜੀਹਨੇ ਲੰਮਾ ਸਮਾਂ ਜਿਊਣਾ ਹੋਵੇ ਉਹ ਕਿਸੇ ਨਾ ਕਿਸੇ ਆਹਰੇ ਜ਼ਰੂਰ ਲੱਗਾ ਰਹੇ ਤੇ ਤੋਰਾ ਫੇਰਾ ਜਾਰੀ ਰੱਖੇ।




ਆਹਰ ਪਾਹਰ ਤੇ ਤੋਰੇ ਫੇਰੇ ਵਿਚ ਹੀ ਜੀਵਨ ਦਾ ਚਾਅ ਹੈ, ਖੇੜਾ ਤੇ ਅਨੰਦ ਹੈ। ਕੁਝ ਵੇਖਣ ਦੀ ਇੱਛਾ, ਕੁਝ ਕਰਨ ਤੇ ਜਾਣਨ ਮਾਣਨ ਦੀ ਰੀਝ ਹਮੇਸ਼ਾਂ ਬਣੀ ਰਹਿਣੀ ਚਾਹੀਦੀ ਹੈ। ਇੱਛਾ ਮੁੱਕ ਜਾਵੇ ਤਾਂ ਜੀਵਨ ਦੇ ਚਾਅ ਈ ਮੁੱਕ ਜਾਂਦੇ ਨੇ। ਰੀਝਾਂ ਮਰ ਜਾਣ ਤਾਂ ਕਲਪਨਾ ਵੀ ਕੁਮਲਾਅ ਜਾਂਦੀ ਐ। ਬੰਦਾ ਆਹਰੇ ਲੱਗੇ ਰਹਿਣਾ ਈ ਜ਼ਿੰਦਗੀ ਹੈ।'

'ਧਰਤੀ, ਚੰਦ, ਸੂਰਜ ਤੇ ਤਾਰੇ ਸਭ ਹਰਕਤ ਵਿਚ ਹਨ। ਪੰਖੇਰੂ ਬਿਨਾਂ ਮਤਲਬ ਨਹੀਂ ਉਡੇ ਫਿਰਦੇ। ਹੀਰੇ ਹਿਰਨ ਭਲਾ ਕਾਹਦੇ ਲਈ ਚੁੰਗੀਆਂ ਭਰਦੇ ਨੇ? ਮੱਛੀਆਂ ਪਾਣੀ ਵਿਚ ਕਿਉਂ ਤਰਦੀਆਂ




ਇੱਛਾਵਾਂ ਤੇ ਕਾਮਨਾਵਾਂ ਦੇ ਸਿਰ 'ਤੇ ਹੀ ਪੀੜ੍ਹੀ ਦਰ ਪੀੜ੍ਹੀ ਜਿਊਂਦਾ ਆ ਰਿਹੈ। ਕੁੱਝ ਕਰਨ ਦੀ ਉਮੰਗ ਤੇ ਕੁੱਝ ਮਾਣਨ ਦੀ ਤਰੰਗ ਨੂੰ ਪੂਰੀ ਕਰਨ ਲਈ ਤੇ ਕਲੋਲਾਂ ਕਰਦੀਆਂ ਹਨ? ਦਰਿਆ ਵਗਦੇ ਰਹਿਣ ਨਾਲ ਈ ਤਰੋ ਤਾਜ਼ਾ ਨੇ। ਖੜ੍ਹੇ ਪਾਣੀ ਮੁਸ਼ਕ ਜਾਂਦੇ ਨੇ। ਬੈਠੇ-ਬੈਠੇ ਤਾਂ ਸ਼ੇਰ ਬਘੇਲੇ ਵੀ ਸ਼ਿਕਾਰ ਨਾ ਮਾਰ ਸਕਣ ਅਤੇ ਭੁੱਖੇ ਮਰ ਜਾਣ। ਧੁੱਪਾਂ ਚੜ੍ਹਦੀਆਂ ਲਹਿੰਦੀਆਂ ਤੇ ਹਵਾਵਾਂ ਰੁਮਕਦੀਆਂ ਰਹਿੰਦੀਆਂ ਹਨ। ਬ੍ਰਹਿਮੰਡ ਦਾ ਨਾਦ ਸਦਾ ਵੱਜਦਾ ਰਹਿੰਦਾ ਹੈ। ਇਹੋ ਜੀਵਨ ਦਾ ਭੇਤ ਹੈ। ਹਰਕਤ ਵਿਚ ਹੀ ਜ਼ਿੰਦਗੀ ਹੈ। ਕੁਦਰਤ ਦਾ ਸ਼ੁਕਰ ਹੈ, ਹਾਲਾਂ ਹਰਕਤ ਵਿਚ ਹਾਂ ਤੇ ਪੜ੍ਹਦਾ ਲਿਖਦਾ, ਸੈਰਾਂ ਕਰਦਾ, ਬਦਲਦੀ ਤੇ ਵਿਗਸਦੀ ਦੁਨੀਆ ਦਾ ਮੇਲਾ ਵੇਖੀ ਜਾ ਰਿਹਾਂ।' ਸਵੇਰੇ ਚਾਰ ਕਿਲੋਮੀਟਰ ਤੁਰਨਾ, ਕੁਝ ਤੈਰਨਾ, ਸ਼ਾਮੀ ਦੋ ਕੁ ਕਿਲੋਮੀਟਰ ਦੀ ਚਹਿਲ ਕਦਮੀ ਕਰਨੀ ਤੇ ਸੰਜਮ ਨਾਲ ਖਾਣਾ ਪੀਣਾ ਮੇਰਾ ਅਜੋਕਾ ਰੁਟੀਨ ਹੈ। ਦੋ ਢਾਈ ਘੰਟੇ ਸਿਹਤ ਦੇ ਲੇਖੇ ਲਾ ਕੇ ਅੱਠ ਨੌਂ ਘੰਟੇ ਪੜ੍ਹਦਾ ਲਿਖਦਾ ਹਾਂ। ਪਾਠਕਾਂ, ਲੇਖਕਾਂ, ਖਿਡਾਰੀਆਂ, ਦੋਸਤਾਂ ਤੇ ਰਿਸ਼ਤੇਦਾਰਾਂ ਦੀਆਂ ਸ਼ੁਭ ਦੁਆਵਾਂ ਨਾਲ ਹਾਲੇ ਕਾਇਮ ਦਾਇਮ ਹਾਂ ਜਿਸ ਲਈ ਸਭਨਾਂ ਦਾ ਧੰਨਵਾਦੀ ਹਾਂ। ਜਿਹੜੇ ਇਸ ਪੋਸਟ ਨੂੰ ਪੜ੍ਹਨਗੇ ਜਾਂ ਸ਼ੇਅਰ ਕਰਨਗੇ ਉਨ੍ਹਾਂ ਦਾ ਅਗਾਊਂ ਸ਼ੁਕਰੀਆ।

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ॥

ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥

***-ਸਰਵਣ ਸਿੰਘ***

# Matrimonials

## ਲੜਕੇ ਦੀ ਲੋੜ ਹੈ

Ravidasia Sikh family looking for a suitable match for their April 25, 1989 born, 5'2" daughter, working as a nurse in India. The boy must be USA citizen, well settled, with family values. Caste no bar. Serious enquiries only. Please Contact us at: 209 596 3193

48-51

Looking for a suitable Ramgarhia Sikh Dhiman match for our beautiful daughter (green card holder), 29 years, 5' 7", MSC - Physics (India), and licensed paraprofessional educator, residing in Chicago area. Please contact: manpreets1211@gmail.com

46-49

Jatt Sikh family looking for a Jatt Sikh match for their 34 years, 5' 4" daughter. Master of Business Administration, Marketing , Food media. Permanent Resident of Canada. Mother retired govt. Principal , Brother Sarpanch of village & now preparing for MLA Election, urban and rural property. Boy wanted from jatt sikh family only. Contact us at: +1 4373328422 or E-mail at: puneetasra17october@gmail.com

40-43

Khatri sikh family looking for a US citizen, Green card, H1 or work permit match for their Oct' 84 MS, divorcee issueless US Citizen daughter working in New York upstate. Contact us at +91-7888508778 (WhatsApp No.)

40-43

Jatt Sikh family looking for a well-settled Jatt Sikh boy for their 29/ 5'6", RN, BSN, USA citizen daughter. A boy on study visa or H1B visa holder can also be considered. Please contact us at: Whatapp (1)-224-361-1456

37-40

## ਲੜਕੀ ਦੀ ਲੋੜ ਹੈ

Jatt Sikh family looking for a suitable Jatt Sikh girl for their US born 27 years, 5'11", Mechanical Engineer son. Boy is well established and doing a federal job. Girl must be Engineer or Doctor. Serious enquiries only. Please contact us at 678-448-2202.

53-3

Khatri Sikh family looking for a beautiful educated Sikh girl from USA, Canada, or India for their USA citizen son, born in 1987, 5'11", mechanical engineer working in automotive company. Upper cast, no bar. Please contact us at 1-586-604-6191 or email at maninderoberoi1@gmail.com

51-54

ਜੱਟ ਸਿੱਖ ਬੋਪਾਰਾਏ 29 ਸਾਲ, 5'10" ਰੰਗ ਗੋਰਾ ਜੀਓਫਿਜ਼ਿਕਸ ਗਰੈਜੂਏਟ (ਮੈਨੀਟੋਬਾ ਯੂਨੀਵਰਸਿਟੀ ਵਿੰਨੀਪੈੱਗ ਕੈਨੇਡਾ) ਕੈਨੇਡੀਅਨ ਪੀ ਆਰ, ਮੈਨੇਜਰ ਵਜੋਂ ਕੰਮ ਕਰਦੇ ਲੜਕੇ ਲਈ ਅਮਰੀਕਾ ਸਿਟੀਜ਼ਨ/ ਗਰੀਨ ਕਾਰਡ ਹੋਲਡਰ ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੇ ਦੇ ਮਾਤਾ ਪਿਤਾ ਅਮਰੀਕਾ ਵਿਚ ਪੱਕੇ ਹਨ। ਚਾਹਵਾਨ ਸੰਪਰਕ ਕਰਨ: 734-968-1195 or e-mail: kaurgurvinder1965@yahoo.com

50-53

ਜੱਟ ਸਿੱਖ ਪੱਗੜੀਧਾਰੀ (Trim Beard) ਯੂ.ਐੱਸ.ਏ. ਸਿਟੀਜ਼ਨ, 28 ਸਾਲ, ਕੱਦ 5'11" Teetotaler, CPA ਸਾਫਟਵੇਅਰ ਕੰਪਨੀ ਵਿਚ ਵਧੀਆ ਨੌਕਰੀ ਕਰ ਰਹੇ ਲੜਕੇ ਲਈ ਬਰਾਬਰ ਦੀ ਯੋਗਤਾ ਅਤੇ ਯੂ.ਐੱਸ.ਏ. ਸਿਟੀਜ਼ਨ ਜਾਂ H1B ਵੀਜ਼ਾ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਚਾਹਵਾਨ ਸੰਪਰਕ ਕਰਨ: 415-518-0418

50-53

Ramgharia Sikh family looking for a suitable match for thier US citizen,1990 born, 6 feet son, Working as an Engineer in Michigan. Please contact us @ 734-419-3292.

49-52

Looking for a suitable Ramgarhia Sikh Dhiman match for our well-settled boy (U.S Citizen), 29 years, 5' 11", residing in Chicago area. Please contact: manpreetrupal24@gmail.com

49-52

ਯੂ.ਐੱਸ.ਏ. ਸਿਟੀਜ਼ਨ ਰਾਜਪੂਤ ਕਲੀਨਸ਼ੇਵ ਉਮਰ 35 ਸਾਲ, ਕੱਦ 5-11 ਮੈਡੀਸਨ ਵਿਸਕਾਨਸਿਨ ਰਹਿੰਦੇ ਲੜਕੇ ਲਈ ਸੋਹਣੀ-ਸੁਨੱਖੀ ਅਤੇ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਕੋਈ ਜਾਤੀ ਬੰਧਨ ਨਹੀਂ। ਚਾਹਵਾਨ ਸੰਪਰਕ ਕਰਨ: 510-241-7694

49-52

Jatt, Gursikh, family living in USA, seeks an eligible, Gursikh, Educated, Family-oriented, bride from USA, Canada, or India for their American citizen son, 42 years, Gursikh, well settled, divorced, works as an engineer in a top financial company. Please send the biodata and family information of the girl via e-mail or WhatsApp in USA: AmritNaam2022@gmail.com or +1-480-906-5614.

46-49

Ramgharia Sikh boy 5'8" 1992 born, M.Eng Western University Canada, Working as Senior Software Engineer in Toronto Canada, Looking for a girl in similar profession living in Canada or US. Email: dev.kirat@gmail.com or contact us at: +1 (313) 718-0178

44-47

Wanted suitable Sikh girl from USA for a New Zealand citizen jatt sikh boy (currently in USA ) 32 years, 5'9" . Bachelor in business. Also have a business in USA. Please Contact us at: 856-693-5401 or email rajdeepmann4u@yahoo.com.

42-47

# ਪੰਜਾਬੀ ਅਮੈਰੀਕਨ ਯੂਥ ਕਲੱਬ ਦੇ ਮੈਂਬਰ ਹਰਿੰਦਰ ਸਿੰਘ ਤੂਰ ਦਾ ਦੇਹਾਂਤ

**ਇੰਡੀਆਨਾ:** ਇੱਥੋਂ ਦੇ ਪੰਜਾਬੀ ਅਮੈਰੀਕਨ ਯੂਥ ਕਲੱਬ ਦੇ ਸਾਬਕਾ ਮੈਂਬਰ ਅਤੇ ਪੰਜਾਬੀ ਭਾਈਚਾਰੇ ਦੀ ਜਾਣੀ-ਪਹਿਚਾਣੀ ਸ਼ਖ਼ਸੀਅਤ ਸ. ਹਰਿੰਦਰ ਸਿੰਘ ਤੂਰ ਦਾ ਲੰਘੀ 24 ਦਸੰਬਰ ਨੂੰ ਦਿਲ ਦਾ ਦੌਰਾ ਪੈਣ ਕਾਰਨ ਦੇਹਾਂਤ ਹੋ ਗਿਆ। ਉਹ 54 ਸਾਲਾਂ ਦੇ ਸਨ। ਉਹ ਪੰਜਾਬ ਤੋਂ ਪਟਿਆਲਾ ਦੇ ਰਹਿਣ ਵਾਲੇ ਸਨ ਤੇ 1990 ਵਿਚ ਅਮਰੀਕਾ ਆ ਕੇ ਵਸ ਗਏ ਸਨ ਅਤੇ 1993 ਤੋਂ ਇੰਡੀਆਨਾ ਹੀ ਰਹਿ ਰਹੇ ਸਨ। ਉਹ ਇੰਡੀਆਨਾ ਦੀਆਂ ਭਾਈਚਾਰਕ, ਗਤੀਵਿਧੀਆਂ ਵਿਚ ਸਰਗਰਮ ਰਹਿੰਦੇ ਸਨ। ਸ. ਤੂਰ ਆਪਣੇ ਪਿੱਛੇ ਪਤਨੀ ਹਰਦੀਪ ਕੌਰ ਤੂਰ ਅਤੇ ਬੱਚੇ ਜੈਸਮੀਨ ਕੌਰ ਤੂਰ, ਯੁਵਰਾਜ ਸਿੰਘ ਤੂਰ ਤੇ ਜੁਝਾਰ ਸਿੰਘ ਤੂਰ ਨੂੰ ਛੱਡ ਗਏ ਹਨ।



ਸ. ਹਰਿੰਦਰ ਸਿੰਘ ਤੂਰ ਦਾ ਅੰਤਿਮ ਸੰਸਕਾਰ 28 ਦਸੰਬਰ ਨੂੰ ਸਵੇਰੇ 10:00 ਤੋਂ ਦੁਪਹਿਰ 12:00 ਵਜੇ ਦਰਮਿਆਨ Burns Funeral Home 10101 Broadway Crown Point, IN ਵਿਖੇ ਹੋਵੇਗਾ। ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਸਿੱਖ ਰਿਲੀਜੀਅਸ ਸੁਸਾਇਟੀ 10005 Colorado St. Crown Point, IN ਵਿਖੇ ਹੋਵੇਗੀ। ਇਸ ਦੁਖ ਦੀ ਘੜੀ ਵਿਚ ਪਰਿਵਾਰ ਨਾਲ ਦੁਖ ਸਾਂਝਾ ਕਰਨ ਜਾਂ ਕੋਈ ਹੋਰ ਜਾਣਕਾਰੀ ਲਈ ਯਾਦਵਿੰਦਰ ਸਿੰਘ ਖਟੜਾ ਨਾਲ ਮੋਬਾਈਲ ਨੰਬਰ 219-741-9105 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਅਮਰੀਕਾ ਵਿਚ ਬਰਫ਼ੀਲੇ ਤੂਫਾਨ ਦਾ ਕਹਿਰ ਜਾਰੀ

## ਮੌਤਾਂ ਦੀ ਗਿਣਤੀ 50 ਤੋਂ ਟੱਪੀ

**ਸੈਕਰਮੈਂਟੋ:** ਅਮਰੀਕਾ ਵਿਚ ਭਿਆਨਕ ਬਰਫ਼ੀਲੇ ਤੂਫਾਨ ਤੇ ਬਰਫ਼ਬਾਰੀ ਦਾ ਕਹਿਰ ਥੰਮ੍ਹਣ ਦਾ ਨਾਂ ਨਹੀਂ ਲੈ ਰਿਹਾ ਤੇ ਹਰ ਰੋਜ਼ ਇਸ ਦੀ ਜ਼ਦ ਵਿਚ ਆ ਕੇ ਮਰਨ ਵਾਲੇ ਲੋਕਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਬਿਜਲੀ ਤੋਂ ਬਿਨਾਂ ਘਰਾਂ ਵਿਚ ਰਹਿ ਰਹੇ ਲੋਕਾਂ ਦੀਆਂ ਮੌਤਾਂ ਹੋ ਰਹੀਆਂ ਹਨ ਤੇ ਸੜਕਾਂ ਉਪਰ ਫਸੀਆਂ ਕਾਰਾਂ ਤੇ ਹੋਰ ਵਾਹਨਾਂ ਵਿਚ ਲੋਕ ਮਰ ਰਹੇ ਹਨ। ਹੁਣ ਤਕ 50 ਤੋਂ ਵੱਧ ਮੌਤਾਂ ਹੋ ਚੁੱਕੀਆਂ ਹਨ ਤੇ ਜਿਸ ਤਰ੍ਹਾਂ ਦੇ ਹਾਲਾਤ ਹਨ, ਉਸ ਤੋਂ ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਮੌਤਾਂ ਦੀ ਗਿਣਤੀ ਕਿਤੇ ਜ਼ਿਆਦਾ ਹੋ ਸਕਦੀ ਹੈ। ਪੱਛਮੀ ਨਿਊਯਾਰਕ ਜਿੱਥੇ ਰਿਕਾਰਡ ਤੋੜ 40 ਇੰਚ ਤੋਂ ਵੱਧ ਬਰਫ਼ਬਾਰੀ ਹੋਈ ਹੈ, ਵਿਚ 27 ਮੌਤਾਂ ਹੋਣ ਦੀ ਪੁਸ਼ਟੀ ਹੋਈ ਹੈ। ਬੁਫਾਲੋ (ਨਿਊਯਾਰਕ) ਖੇਤਰ ਵਿਚ ਤੂਫਾਨ ਨੇ ਭਿਆਨਕ ਤਬਾਹੀ ਮਚਾਈ ਹੈ ਜਿਥੇ ਸੜਕਾਂ ਉਪਰ ਖੜ੍ਹੇ ਵਾਹਨਾਂ ਵਿਚ ਫਸੇ ਲੋਕਾਂ ਨੂੰ ਬਚਾਉਣ ਲਈ ਹੰਗਾਮੀ ਹਾਲਾਤ ਐਲਾਨਣ ਤੋਂ ਸਿਵਾਏ ਹੋਰ ਕੋਈ ਚਾਰਾ ਨਹੀਂ ਰਿਹਾ।

ਈਰੀ ਕਾਊਂਟੀ ਦੇ ਅਧਿਕਾਰੀ ਮਾਰਕ ਪੋਲੋਨਕਾਰਜ਼ ਨੇ ਕਿਹਾ, 'ਮੈਂ ਆਪਣੀ ਜ਼ਿੰਦਗੀ ਵਿਚ ਪਹਿਲੀ ਵਾਰ ਅਜਿਹਾ ਭਿਆਨਕ ਬਰਫ਼ੀਲਾ ਤੂਫਾਨ ਵੇਖਿਆ ਹੈ।' ਉਨ੍ਹਾਂ ਚਿਤਾਵਨੀ ਦਿੱਤੀ ਹੈ ਕਿ ਮੌਤਾਂ ਦੀ ਗਿਣਤੀ ਵਧ ਸਕਦੀ ਹੈ। ਪਿਛਲੇ ਦੋ ਦਿਨਾਂ ਦੇ ਵੀ ਵੱਧ ਸਮੇਂ ਤੋਂ ਲੋਕ ਸੜਕਾਂ ਉਪਰ ਆਪਣੇ ਵਾਹਨਾਂ ਵਿਚ ਰਹਿਣ ਲਈ ਮਜਬੂਰ ਹਨ। ਰਾਸ਼ਟਰਪਤੀ ਜੋ ਬਾਇਡਨ ਨੇ ਨਿਊਯਾਰਕ ਦੇ ਗਵਰਨਰ ਕੈਥੀ ਹੋਛਲ ਨਾਲ ਫੋਨ 'ਤੇ ਗੱਲਬਾਤ ਕਰ ਕੇ ਹਾਲਾਤ ਦਾ ਜਾਇਜ਼ਾ ਲਿਆ ਹੈ ਤੇ ਮਦਦ ਦੀ ਪੇਸ਼ਕਸ਼ ਕੀਤੀ ਹੈ। ਬੁਫਾਲੋ ਵਿਚਲੇ ਕੌਮੀ ਮੌਸਮ ਸੇਵਾ ਕੇਂਦਰ ਨੇ ਕਿਹਾ ਹੈ ਕਿ ਇਸ ਹਫਤੇ ਦੇ ਅੰਤ ਵਿਚ ਤੂਫ਼ਾਨ ਦੀ ਰਫਤਾਰ ਘਟ ਸਕਦੀ ਹੈ ਤੇ ਹਾਲਾਤ ਸੁਖਾਵੇਂ ਬਣ ਸਕਦੇ ਹਨ ਪਰੰਤੂ ਹਾਲੇ ਵੀ 6 ਤੋਂ 12 ਇੰਚ ਤੱਕ ਹੋਰ ਬਰਫ਼ਬਾਰੀ ਹੋ ਸਕਦੀ ਹੈ।

*-ਰਿਪੋਰਟ: ਹੁਸਨ ਲੜੋਆ ਬੰਗਾ*


# ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

**ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ**



*ਚੰਗੀ ਤਨਖਾਹ; ਖਾਣਾ ਅਤੇ ਰਿਹਾਇਸ਼ ਫਰੀ*

**ਕਾਲ ਕਰੋ: ਮਿ. ਸਿੰਘ**

**ਫੋਨ: 515-291-1961**

# ਵਿਰੋਧੀ ਧਿਰਾਂ ਨੇ 'ਇਸ਼ਤਿਹਾਰ ਘੁਟਾਲੇ' ਉਤੇ ਘੇਰੀ ਮਾਨ ਸਰਕਾਰ



**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਆਖਿਆ ਕਿ ਜੇਕਰ ਉਹ ਦਿਲੋਂ ਪੰਜਾਬ ਦੇ ਹਿੱਤਾਂ ਦੀ ਰਾਖੀ ਚਾਹੁੰਦੇ ਹਨ ਤਾਂ ਤੁਰਤ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦੇਣ। ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਮੁੱਖ ਮੰਤਰੀ ਖੁਦ ਸੂਬੇ 'ਚੋਂ ਸਨਅਤਾਂ ਖਤਮ ਕਰਨ ਦੀ ਤਿਆਰੀ ਕਰਵਾ ਕੇ ਸੂਬੇ ਨੂੰ ਤਬਾਹੀ ਦੇ ਰਾਹ ਤੋਰ ਰਹੇ ਹਨ।

ਇਸ ਮੌਕੇ ਉਨ੍ਹਾਂ 'ਆਪ' ਸਰਕਾਰ 'ਤੇ 300 ਕਰੋੜ ਰੁਪਏ ਦੇ ਇਸ਼ਤਿਹਾਰ ਘੁਟਾਲੇ ਦਾ ਦੋਸ਼ ਵੀ ਲਾਇਆ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ 'ਆਪ' ਦਾ ਸਿਆਸੀ ਸੁਨੇਹਾ ਗੁਜਰਾਤ ਸਣੇ ਹੋਰਨਾਂ ਰਾਜਾਂ ਤੱਕ ਪਹੁੰਚਾਉਣ ਲਈ ਜਿਸ ਤਰ੍ਹਾਂ ਪੈਸਾ ਬਰਬਾਦ ਕੀਤਾ ਹੈ, ਸਰਕਾਰ ਕੋਲੋਂ ਉਸ ਦਾ ਹਿਸਾਬ ਮੰਗਿਆ ਜਾਣਾ ਚਾਹੀਦਾ ਹੈ। ਉਨ੍ਹਾਂ ਰਾਜਪਾਲ ਸ੍ਰੀ ਬਨਵਾਰੀ ਲਾਲ ਪੁਰੋਹਿਤ ਨੂੰ ਅਪੀਲ ਕੀਤੀ ਕਿ ਉਹ ਇਸ ਮਾਮਲੇ ਦੀ ਜਾਂਚ ਦੇ ਹੁਕਮ ਦੇਣ ਅਤੇ ਆਮ ਆਦਮੀ ਪਾਰਟੀ ਤੋਂ ਲੋਕਾਂ ਦੇ 300 ਕਰੋੜ ਰੁਪਏ ਦੀ ਵਸੂਲੀ ਕਰਵਾਉਣ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਸਾਰੀ ਸਰਕਾਰ 'ਆਪ' ਹਾਈ ਕਮਾਨ ਦੇ ਹਵਾਲੇ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪਹਿਲਾਂ 'ਆਪ' ਹਾਈ ਕਮਾਨ ਨੇ ਪੰਜਾਬ ਦਾ ਸਾਰਾ ਸਰਾਬ ਕਾਰੋਬਾਰ ਦਿੱਲੀ ਤੋਂ ਆਪਣੇ ਚਹੇਤਿਆਂ ਹਵਾਲੇ ਕਰ ਕੇ 500 ਕਰੋੜ ਰੁਪਏ ਦਾ ਘੁਟਾਲਾ ਕੀਤਾ ਤੇ ਹੁਣ ਪੰਜਾਬ ਵਿਚ ਰੀਅਲ ਅਸਟੇਟ ਕਾਰੋਬਾਰ 'ਤੇ ਕਬਜ਼ਾ ਕਰਨ ਲਈ ਸਾਬਕਾ ਐਡੀਸ਼ਨਲ ਚੀਫ ਸੈਕਟਰੀ ਤੇ ਅਰਵਿੰਦ ਕੇਜਰੀਵਾਲ ਦੇ ਚਹੇਤੇ ਸੱਤਿਆ ਗੋਪਾਲ ਨੂੰ ਰੇਰਾ ਪੰਜਾਬ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ।

## ਚੋਣਾਂ ਦੌਰਾਨ ਇਸ਼ਤਿਹਾਰਾਂ 'ਤੇ ਖਰਚਿਆ ਸਰਕਾਰੀ ਪੈਸਾ ਮੋੜੇ 'ਆਪ': ਬਾਜਵਾ



**ਚੰਡੀਗੜ੍ਹ:** ਪੰਜਾਬ ਦੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਹੈ ਕਿ ਹਿਮਾਚਲ ਪ੍ਰਦੇਸ਼ ਤੇ ਗੁਜਰਾਤ ਸਮੇਤ ਹੋਰਨਾਂ ਰਾਜਾਂ ਵਿਚ ਪਾਰਟੀ ਦੇ ਵਿਸਥਾਰ ਲਈ 'ਆਪ' ਵੱਲੋਂ ਲਾਪਰਵਾਹੀ ਨਾਲ ਸਰਕਾਰੀ ਖ਼ਜ਼ਾਨੇ ਦੀ ਵਰਤੋਂ ਕੀਤੀ ਗਈ ਹੈ। ਇਸ ਮੌਕੇ ਦਿੱਲੀ ਦੇ ਉਪ ਰਾਜਪਾਲ ਵਿਨੈ ਕੁਮਾਰ ਸਕਸੈਨਾ ਵੱਲੋਂ 2016 ਵਿਚ ਕਥਿਤ ਤੌਰ 'ਤੇ ਸਿਆਸੀ ਇਸ਼ਤਿਹਾਰਾਂ ਨੂੰ ਸਰਕਾਰੀ ਇਸ਼ਤਿਹਾਰਾਂ ਵਜੋਂ ਪ੍ਰਕਾਸ਼ਿਤ ਕਰਨ ਲਈ ਦਿੱਲੀ ਦੇ ਮੁੱਖ ਸਕੱਤਰ ਨੂੰ 'ਆਪ' ਤੋਂ 97 ਕਰੋੜ ਰੁਪਏ ਵਸੂਲਣ ਸਬੰਧੀ ਦਿੱਤੇ ਨਿਰਦੇਸ਼ਾਂ ਦਾ ਹਵਾਲਾ ਦਿੰਦਿਆਂ ਸ੍ਰੀ ਬਾਜਵਾ ਨੇ ਮੰਗ ਕੀਤੀ ਹੈ ਕਿ 'ਆਪ' ਸਰਕਾਰ ਵੱਲੋਂ ਗੁਜਰਾਤ ਤੇ ਹਿਮਾਚਲ ਚੋਣਾਂ ਦੌਰਾਨ ਇਸ਼ਤਿਹਾਰਾਂ ਲਈ ਸੂਬੇ ਦੇ ਖਜ਼ਾਨੇ ਵਿਚੋਂ ਕੀਤਾ ਗਿਆ ਖਰਚ ਹੁਣ ਪਾਰਟੀ ਦੇ ਖਾਤੇ ਵਿਚੋਂ ਮੋੜਿਆ ਜਾਵੇ।

# ਰਾਘਵ ਚੱਢਾ ਨੇ ਸ੍ਰੀ ਅਨੰਦਪੁਰ ਸਾਹਿਬ ਨੂੰ ਵਿਰਾਸਤੀ ਸ਼ਹਿਰ ਦਾ ਦਰਜਾ ਦੇਣ ਦਾ ਮੁੱਦਾ ਚੁੱਕਿਆ



**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਪੰਜਾਬ ਤੋਂ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਸਦਨ ਵਿਚ ਸਿੱਖ ਇਤਿਹਾਸ ਨਾਲ ਜੁੜੇ ਅਹਿਮ ਸ਼ਹਿਰ ਸ੍ਰੀ ਅਨੰਦਪੁਰ ਸਾਹਿਬ ਦੇ ਵਿਕਾਸ ਦਾ ਮੁੱਦਾ ਰਾਜ ਸਭਾ ਵਿਚ ਉਠਾਇਆ ਤੇ ਇਸ ਨੂੰ ਵਿਰਾਸਤੀ ਸ਼ਹਿਰ ਦਾ ਦਰਜਾ ਦੇਣ ਦੀ ਮੰਗ ਕੀਤੀ। ਪ੍ਰਸ਼ਨਕਾਲ ਦੌਰਾਨ ਰਾਘਵ ਚੱਢਾ ਨੇ ਕਿਹਾ ਕਿ ਉਨ੍ਹਾਂ ਦਾ ਸਵਾਲ ਦੇਸ਼ ਅਤੇ ਦੁਨੀਆਂ ਦੇ ਕਰੋੜਾਂ ਲੋਕਾਂ ਦੀ ਆਸਥਾ ਨਾਲ ਜੁੜਿਆ ਹੈ। ਪੰਜਾਬ ਦੇ ਸ੍ਰੀ ਅਨੰਦਪੁਰ ਸਾਹਿਬ ਸਥਿਤ ਤਖਤ ਸ੍ਰੀ ਕੇਸਗੜ੍ਹ ਸਾਹਿਬ ਉਹ ਪਵਿੱਤਰ ਅਸਥਾਨ ਹੈ, ਜਿਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 13 ਅਪ੍ਰੈਲ 1699 ਨੂੰ ਖਾਲਸਾ ਪੰਥ ਦੀ ਸਾਜਨਾ ਕੀਤੀ। ਇਥੇ ਹੋਲਾ ਮਹੱਲਾ ਧੂਮਧਾਮ ਨਾਲ ਮਨਾਇਆ ਜਾਂਦਾ ਹੈ ਅਤੇ ਲੱਖਾਂ ਦੀ ਗਿਣਤੀ ਵਿਚ ਸਿੱਖ ਸੰਗਤਾਂ ਜੁੜਦੀਆਂ ਹਨ। ਚੱਢਾ ਨੇ ਕੇਂਦਰੀ ਮੰਤਰੀ ਨੂੰ ਸਵਾਲ ਕੀਤਾ ਕਿ ਸ੍ਰੀ ਅਨੰਦਪੁਰ ਸਾਹਿਬ ਨੂੰ ਖਾਸ ਫੰਡ ਦੇ ਕੇ ਇਸ ਸ਼ਹਿਰ ਦਾ ਵਿਕਾਸ ਕਰਕੇ ਇਸ ਨੂੰ ਇਕ ਵਿਸ਼ਵ ਪ੍ਰਸਿੱਧ ਵਿਰਾਸਤੀ ਸ਼ਹਿਰ ਬਣਾਉਣ ਲਈ ਕੀ ਕੋਈ ਕਦਮ ਉਠਾਇਆ ਜਾ ਰਿਹਾ ਹੈ? ਸੈਰ ਸਪਾਟਾ ਅਤੇ ਸੱਭਿਆਚਾਰ ਮੰਤਰੀ ਜੀ. ਕਿਸ਼ਨ ਰੈਡੀ ਨੇ ਇਸ ਪ੍ਰਸਤਾਵ ਉਤੇ ਧਿਆਨ ਦੇਣ ਦਾ ਭਰੋਸਾ ਦਿੱਤਾ।

# ਸਿੱਖਾਂ ਨੂੰ ਘਰੇਲੂ ਉਡਾਣਾਂ 'ਚ ਕਿਰਪਾਨ ਲੈ ਕੇ ਜਾਣ ਦੀ ਇਜਾਜ਼ਤ ਬਰਕਰਾਰ

**ਨਵੀਂ ਦਿੱਲੀ:** ਦਿੱਲੀ ਹਾਈਕੋਰਟ ਨੇ ਭਾਰਤ ਵਿਚ ਘਰੇਲੂ ਹਵਾਈ ਉਡਾਣਾਂ ਵਿਚ ਸਫ਼ਰ ਦੌਰਾਨ ਸਿੱਖਾਂ ਨੂੰ ਕਿਰਪਾਨ ਲੈ ਕੇ ਜਾਣ ਦੀ ਇਜਾਜ਼ਤ ਦਾ ਵਿਰੋਧ ਕਰਨ ਵਾਲੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਹੈ। ਐਡਵੋਕੇਟ ਹਰਸ਼ ਵਿਭੋਰ ਸਿੰਘਲ ਦੁਆਰਾ ਜਨਹਿਤ ਪਟੀਸ਼ਨ ਦੇ ਰੂਪ ਵਿਚ ਦਾਇਰ ਕੀਤੀ ਗਈ ਇਸ ਪਟੀਸ਼ਨ ਵਿਚ 4 ਮਾਰਚ ਨੂੰ ਸਿੱਖ ਯਾਤਰੀਆਂ ਨੂੰ ਹਵਾਈ ਜਹਾਜ਼ ਵਿਚ ਕਿਰਪਾਨ ਲੈ ਕੇ ਜਾਣ ਦੀ ਇਜਾਜ਼ਤ ਦੇਣ ਵਾਲੇ ਕੇਂਦਰ ਦੇ ਨੋਟੀਫਿਕੇਸ਼ਨ ਨੂੰ ਚੁਣੌਤੀ ਦਿੱਤੀ ਗਈ ਸੀ। ਦਿੱਲੀ ਹਾਈਕੋਰਟ ਨੇ 15 ਦਸੰਬਰ ਨੂੰ ਪਟੀਸ਼ਨ ਉਤੇ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਸੀ।

ਚੀਫ ਜਸਟਿਸ ਸਤੀਸ਼ ਚੰਦਰ ਸ਼ਰਮਾ ਅਤੇ ਜਸਟਿਸ ਸੁਬਰਾਮਨੀਅਮ ਪ੍ਰਸ਼ਾਦ ਦੇ ਡਵੀਜ਼ਨ ਬੈਂਚ ਨੇ ਕਿਹਾ ਸੀ ਕਿ ਅਦਾਲਤ ਅਜਿਹੇ ਫੈਸਲੇ ਵਿਚ ਦਖਲ ਨਹੀਂ ਦੇ ਸਕਦੀ, ਇਹ ਭਾਰਤ ਸਰਕਾਰ ਦਾ ਨੀਤੀਗਤ ਫੈਸਲਾ ਹੈ। ਪਟੀਸ਼ਨਕਰਤਾ ਨੇ ਮੰਗ ਕੀਤੀ ਸੀ ਕਿ ਇਸ ਮੁੱਦੇ ਦੀ ਜਾਂਚ ਲਈ ਇਕ ਕਮੇਟੀ ਬਣਾਈ ਜਾਣੀ ਚਾਹੀਦੀ ਹੈ। ਇਸ ਉਤੇ ਅਦਾਲਤ ਨੇ ਕਿਹਾ ਸੀ, ਸਰਕਾਰ ਦੀ ਨੀਤੀ ਵਿਚ ਉਦੋਂ ਤੱਕ ਦਖਲਅੰਦਾਜ਼ੀ ਨਹੀਂ ਕਰਨੀ ਚਾਹੀਦੀ ਜਦੋਂ ਤੱਕ ਇਹ ਮਨਮਾਨੀ ਨਾ ਹੋਵੇ। ਅਦਾਲਤ ਦੇ ਇਸ ਫੈਸਲੇ ਦਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ, ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ, ਸ਼੍ਰੋਮਣੀ ਅਕਾਲੀ ਦਲ ਦਿੱਲੀ ਪ੍ਰਦੇਸ਼ ਪ੍ਰਧਾਨ ਪਰਮਜੀਤ ਸਿੰਘ ਸਰਨਾ ਤੇ ਜਾਗੋ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਸਮੇਤ ਹੋਰਨਾਂ ਨੇ ਸਵਾਗਤ ਕੀਤਾ ਹੈ।

# ਅਗਲੇ ਇਕ ਸਾਲ ਲਈ ਗਰੀਬਾਂ ਨੂੰ ਮੁਫਤ ਰਾਸ਼ਨ ਦੇਵੇਗੀ ਸਰਕਾਰ

**ਨਵੀਂ ਦਿੱਲੀ:** ਸਰਕਾਰ ਨੇ ਇਕ ਵੱਡਾ ਫੈਸਲਾ ਲੈਂਦਿਆਂ ਕੌਮੀ ਭੋਜਨ ਸੁਰੱਖਿਆ ਐਕਟ ਤਹਿਤ 81.35 ਕਰੋੜ ਗਰੀਬ ਲੋਕਾਂ ਨੂੰ ਅਗਲੇ ਇਕ ਸਾਲ ਲਈ ਮੁਫਤ ਰਾਸ਼ਨ ਦੇਣ ਦਾ ਫੈਸਲਾ ਕੀਤਾ ਹੈ। ਨਵੀਂ ਯੋਜਨਾ ਤਹਿਤ ਹੁਣ ਰਾਸ਼ਨ ਬਿਲਕੁਲ ਮੁਫਤ ਦਿੱਤਾ ਜਾਵੇਗਾ ਤੇ ਲਾਭਪਾਤਰੀਆਂ ਨੂੰ ਇਕ ਰੁਪਿਆ ਵੀ ਦੇਣ ਦੀ ਲੋੜ ਨਹੀਂ ਪਵੇਗੀ। ਭੋਜਨ ਕਾਨੂੰਨ ਤਹਿਤ ਸਰਕਾਰ ਵਰਤਮਾਨ 'ਚ ਹਰ ਵਿਅਕਤੀ ਨੂੰ ਹਰੇਕ ਮਹੀਨੇ ਪੰਜ ਕਿਲੋਗ੍ਰਾਮ ਅਨਾਜ ਦੋ-ਤਿੰਨ ਰੁਪਏ ਪ੍ਰਤੀ



ਕਿਲੋ ਦੇ ਹਿਸਾਬ ਨਾਲ ਦਿੰਦੀ ਹੈ। ਇਸ ਤੋਂ ਇਲਾਵਾ ਅੰਤੋਦਿਆ ਅੰਨ ਯੋਜਨਾ ਤਹਿਤ ਆਉਂਦੇ ਪਰਿਵਾਰਾਂ ਨੂੰ ਹਰ ਮਹੀਨੇ 35 ਕਿਲੋਗ੍ਰਾਮ ਅਨਾਜ ਦਿੱਤਾ ਜਾਂਦਾ ਹੈ। ਭੋਜਨ ਕਾਨੂੰਨ ਤਹਿਤ ਗਰੀਬਾਂ ਨੂੰ ਚੌਲ ਤਿੰਨ ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਤੇ ਕਣਕ ਦੋ ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਦਿੱਤੇ ਜਾਂਦੇ ਹਨ।

ਪਿਊਸ਼ ਗੋਇਲ ਨੇ ਕੈਬਨਿਟ ਵੱਲੋਂ ਲਏ ਫੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਯੋਜਨਾ ਤਹਿਤ ਸਰਕਾਰ ਦੋ ਲੱਖ ਕਰੋੜ ਰੁਪਏ ਦਾ ਸਾਰਾ ਖਰਚ ਝੱਲੇਗੀ। ਇਸੇ ਦੌਰਾਨ ਸਰਕਾਰ ਨੇ ਮੁਫ਼ਤ ਰਾਸ਼ਨ ਸਕੀਮ 'ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ' ਨੂੰ ਹੋਰ ਨਾ ਵਧਾਉਣ ਦਾ ਫੈਸਲਾ ਲਿਆ ਹੈ।

# ਕਿਸਾਨ ਜਥੇਬੰਦੀਆਂ ਦੀ ਪੰਜਾਬ ਦੇ ਟੌਲ ਪਲਾਜ਼ਿਆਂ 'ਤੇ ਮੋਰਚੇਬੰਦੀ ਜਾਰੀ

**ਚੰਡੀਗੜ੍ਹ:** ਪੰਜਾਬ ਦੇ 18 ਟੌਲ ਪਲਾਜ਼ਿਆਂ 'ਤੇ ਕਿਸਾਨ ਜਥੇਬੰਦੀਆਂ ਦੀ ਮੋਰਚੇਬੰਦੀ ਜਾਰੀ ਹੈ। ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਦੇ ਝੰਡੇ ਹੇਠ ਕਿਸਾਨਾਂ ਨੇ ਟੌਲ ਪਲਾਜ਼ਿਆਂ 'ਤੇ ਨਾਕਾਬੰਦੀ ਕਰਕੇ ਵਾਹਨਾਂ ਤੋਂ ਵਸੂਲੀ ਬੰਦ ਕਰਾਈ ਹੋਈ ਹੈ। ਸੰਘਰਸ਼ ਕਮੇਟੀ ਵੱਲੋਂ 15 ਜਨਵਰੀ ਤੱਕ ਨਾਕਾਬੰਦੀ ਕਰਨ ਦਾ ਐਲਾਨ ਕੀਤਾ ਗਿਆ ਹੈ।

ਸੰਘਰਸ਼ ਕਰ ਰਹੇ ਕਿਸਾਨਾਂ ਨੇ ਰਾਜ ਅਤੇ ਅਤੇ ਕੇਂਦਰ ਸਰਕਾਰ ਤੋਂ ਸਾਰੇ ਟੌਲ ਪਲਾਜ਼ੇ ਬੰਦ ਕਰਨ ਦੀ ਮੰਗ ਕੀਤੀ ਹੈ। ਸੰਘਰਸ਼ ਕਮੇਟੀ ਪੰਜਾਬ ਦੇ ਪ੍ਰਧਾਨ ਸਤਨਾਮ ਸਿੰਘ ਪੰਨੂ ਤੇ ਜਨਰਲ



ਸਕੱਤਰ ਸਰਵਣ ਸਿੰਘ ਪੰਧੇਰ ਨੇ ਕਿਹਾ ਕਿ ਕਾਰਪੋਰੇਟ ਘਰਾਣਿਆਂ ਨੂੰ ਸੜਕਾਂ ਉਤੇ ਜਨਤਾ ਦੀ ਲੁੱਟ ਕਰਨ ਦੀ ਖੁੱਲ੍ਹ ਦੇਣ ਵਾਲੀ ਕੇਂਦਰ ਤੇ ਪੰਜਾਬ ਸਰਕਾਰ ਵਿਰੁੱਧ ਕੀਤੇ ਐਲਾਨ ਮੁਤਾਬਕ ਪੰਜਾਬ ਦੇ 10 ਜ਼ਿਲ੍ਹਿਆਂ ਵਿਚ 18 ਟੌਲ ਪਲਾਜ਼ਿਆਂ ਨੂੰ ਮੁਫਤ ਕਰ ਦਿੱਤਾ ਗਿਆ ਹੈ।

ਬੁਲਾਰਿਆਂ ਨੇ ਕਿਹਾ ਕਿ ਦੇਸ ਭਰ ਵਿਚ ਲੱਗੇ ਟੌਲ ਪਲਾਜ਼ੇ ਗੈਰਕਾਨੂੰਨੀ ਹਨ ਕਿਉਂਕਿ ਜਦ ਕੋਈ ਵਿਅਕਤੀ ਵਾਹਨ ਖਰੀਦਦਾ ਹੈ ਤਾਂ ਉਹ ਰੋਡ ਟੈਕਸ ਭਰਦਾ ਹੈ ਤਾਂ ਫਿਰ ਟੌਲ ਟੈਕਸ ਕਿਉਂ ਵਸੂਲੇ ਜਾ ਰਹੇ ਹਨ। ਕਿਸਾਨ ਆਗੂਆਂ ਨੇ ਜ਼ੋਰਦਾਰ ਮੰਗ ਕੀਤੀ ਕਿ ਪੰਜਾਬ ਭਰ ਵਿੱਚ ਲੱਗੇ ਟੌਲ ਪਲਾਜ਼ੇ ਪੁੱਟੇ ਜਾਣ ਜਾਂ ਫਿਰ ਇਨ੍ਹਾਂ ਨੂੰ ਸਰਕਾਰੀ ਕਰ ਕੇ ਪਰਚੀ ਉਤੇ ਛੋਟ ਦਿੱਤੀ ਜਾਵੇ। ਕਿਸਾਨ ਆਗੂਆਂ ਨੇ ਕਿਹਾ ਕਿ ਟੌਲ ਪਲਾਜ਼ਾ ਮੁਲਾਜ਼ਮਾਂ ਨੂੰ ਚਿੰਤਾ ਕਰਨ ਦੀ ਲੋੜ ਨਹੀਂ, ਉਨ੍ਹਾਂ ਦੀ ਇਕ ਮਹੀਨੇ ਦੀ ਤਨਖਾਹ ਟੌਲ ਕੰਪਨੀਆਂ ਤੋਂ ਦਿਵਾਈ ਜਾਵੇਗੀ। ਕਿਸਾਨ ਆਗੂਆਂ ਨੇ ਪੰਜਾਬ ਦੀਆਂ ਸਾਰੀਆਂ ਜਨਤਕ ਜਥੇਬੰਦੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਬਾਕੀ ਰਹਿੰਦੇ ਟੌਲ ਪਲਾਜ਼ਿਆਂ 'ਤੇ ਵੀ ਧਰਨੇ ਲਾਉਣ।

# ਪੰਜਾਬ ਦੇ ਸਨਅਤਕਾਰਾਂ ਦੇ ਯੂਪੀ ਵੱਲ ਰੁਖ਼ ਨੇ ਭਖਾਈ ਸਿਆਸਤ

**ਚੰਡੀਗੜ੍ਹ:** ਪੰਜਾਬ ਸਰਕਾਰ ਜਿਥੇ ਸੂਬੇ ਵਿਚ ਵਿਦੇਸ਼ੀ ਨਿਵੇਸ਼ ਦੀਆਂ ਫੜ੍ਹਾਂ ਮਾਰ ਰਹੀ ਹੈ, ਉਥੇ ਪੰਜਾਬ ਦੇ ਕੁਝ ਸਨਅਤਕਾਰਾਂ ਦੇ ਉਤਰ ਪ੍ਰਦੇਸ਼ ਵੱਲ ਰੁਖ ਪਿਛੋਂ ਵੱਡੇ ਸਵਾਲ ਖੜ੍ਹੇ ਹੋ ਗਏ ਹਨ। ਵਿਰੋਧੀ ਧਿਰਾਂ ਨੇ ਦੋਸ਼ ਲਾਇਆ ਹੈ ਕਿ ਸਥਾਨਕ ਸਨਅਤਕਾਰ ਵੀ ਨਵਾਂ ਨਿਵੇਸ਼ ਸੂਬੇ ਵਿਚ ਕਰਨ ਦੀ ਥਾਂ ਨੇੜਲੇ ਸੂਬਿਆਂ ਵੱਲ ਭੱਜ ਰਹੇ ਹਨ ਤੇ ਪੰਜਾਬ ਦੇ ਵੱਡੇ ਉਦਯੋਗਪਤੀਆਂ ਨੇ 2 ਲੱਖ 30 ਹਜ਼ਾਰ ਕਰੋੜ ਰੁਪਏ ਦਾ ਨਿਵੇਸ਼ ਉੱਤਰ ਪ੍ਰਦੇਸ਼ ਵਿਚ ਕਰਨ ਲਈ ਉਥੋਂ ਦੀ ਸਰਕਾਰ ਨਾਲ ਇਕਰਾਰ ਕੀਤੇ ਹਨ।



ਭਾਜਪਾ ਪੰਜਾਬ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਪੰਜਾਬ ਦੇ ਸਨਅਤਕਾਰਾਂ ਵੱਲੋਂ ਗੁਆਂਢੀ ਸੂਬਿਆਂ ਵਿਚ ਨਿਵੇਸ਼ ਕਰਨ 'ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਪੰਜਾਬ ਦੇ ਸਨਅਤਕਾਰਾਂ ਵੱਲੋਂ ਪੰਜਾਬ ਨੂੰ ਛੱਡ ਦੂਸਰੇ ਸੂਬਿਆਂ ਵਿਚ ਨਿਵੇਸ਼ ਕਰਨ ਵਿਚ ਦਿਲਚਸਪੀ ਦਿਖਾਉਣਾ ਸੂਬੇ ਲਈ ਬਹੁਤ ਵੱਡੀ ਖਤਰੇ ਦੀ ਘੰਟੀ ਹੈ।

ਭਾਜਪਾ ਆਗੂ ਨੇ ਦੋਸ਼ ਲਾਇਆ ਕਿ ਇਸ ਦੁਖਾਂਤ ਲਈ 'ਆਪ' ਸਰਕਾਰ ਤੇ ਵਿਸ਼ੇਸ਼ ਰੂਪ ਨਾਲ ਅਰਵਿੰਦ ਕੇਜਰੀਵਾਲ, ਰਾਘਵ ਚੱਢਾ ਅਤੇ ਭਗਵੰਤ ਮਾਨ ਜ਼ਿੰਮੇਵਾਰ ਹਨ। ਸ੍ਰੀ ਸ਼ਰਮਾ ਨੇ ਕਿਹਾ ਕਿ 'ਆਪ' ਸਰਕਾਰ, ਕੇਜਰੀਵਾਲ ਤੇ ਰਾਘਵ ਚੱਢਾ ਨਾਲ ਮਿਲ ਕੇ ਸੂਬੇ ਵਿਚ ਬਦਅਮਨੀ ਫੈਲਾ ਰਹੀ ਹੈ, ਜਿਸ ਕਰਕੇ ਦੇਸ਼ ਵਿਰੋਧੀ ਤਾਕਤਾਂ ਨੂੰ ਸਿਰ ਚੁੱਕਣ ਦੀ ਖੁੱਲ੍ਹ ਮਿਲੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਨੌਂ ਮਹੀਨਿਆਂ ਵਿਚ 'ਆਪ' ਸਰਕਾਰ ਨੇ ਸੂਬੇ ਦੇ ਹਾਲਾਤ ਅਜਿਹੇ ਬਣਾ ਦਿੱਤੇ ਹਨ ਕਿ ਪੰਜਾਬ ਵਿਚ ਅਮਨ ਸ਼ਾਂਤੀ ਤੇ ਕਾਨੂੰਨ ਵਿਵਸਥਾ ਬਿਲਕੁਲ ਖਤਮ ਹੋ ਗਏ ਹਨ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਪੰਜਾਬ ਦੇ ਅਜੋਕੇ ਹਾਲਾਤ ਨੂੰ ਦੇਖਦਿਆਂ ਵੱਡੀ ਗਿਣਤੀ ਵਿੱਚ ਨੌਜਵਾਨ ਪਰਿਵਾਰਾਂ ਸਮੇਤ ਵਿਦੇਸ਼ ਜਾ ਰਹੇ ਹਨ ਤੇ ਐਨ.ਆਰ.ਆਈ. ਭਰਾ ਵੀ ਪੰਜਾਬ ਵਿਚ ਨਿਵੇਸ਼ ਕਰਨ ਤੋਂ ਮੂੰਹ ਮੋੜ ਰਹੇ ਹਨ। ਸਥਾਨਕ ਸਨਅਤਕਾਰ ਵੀ ਨਵਾਂ ਨਿਵੇਸ਼ ਸੂਬੇ ਵਿਚ ਕਰਨ ਦੀ ਥਾਂ ਨੇੜਲੇ ਸੂਬਿਆਂ ਵੱਲ ਭੱਜ ਰਹੇ ਹਨ ਤੇ ਪੰਜਾਬ ਦੇ ਵੱਡੇ ਉਦਯੋਗਪਤੀਆਂ ਨੇ 2 ਲੱਖ 30 ਹਜ਼ਾਰ ਕਰੋੜ ਰੁਪਏ ਦਾ ਨਿਵੇਸ਼ ਉੱਤਰ ਪ੍ਰਦੇਸ਼ ਵਿਚ ਕਰਨ ਲਈ ਉਥੋਂ ਦੀ ਸਰਕਾਰ ਨਾਲ ਇਕਰਾਰ ਕੀਤੇ ਹਨ।

ਕਾਂਗਰਸ ਦੇ ਸੀਨੀਅਰ ਆਗੂ ਤੇ ਪੰਜਾਬ ਦੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ 'ਤੇ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਸਨਅਤਕਾਰਾਂ ਨਾਲ ਮੀਟਿੰਗਾਂ ਕਰਨ ਤੋਂ ਪਹਿਲਾਂ ਪੰਜਾਬ ਦੇ ਉਨ੍ਹਾਂ ਸਨਅਤਕਾਰਾਂ ਦੀ ਸੁੱਧ ਲੈਂਦੇ ਜੋ ਪੰਜਾਬ ਛੱਡ ਕੇ ਉੱਤਰ ਪ੍ਰਦੇਸ਼ ਵਿਚ ਸਨਅਤਾਂ ਲਾ ਰਹੇ ਹਨ। ਜਦੋਂ ਮੁੱਖ ਮੰਤਰੀ ਮਾਨ ਦੱਖਣੀ ਸੂਬਿਆਂ ਦੇ ਸਨਅਤਕਾਰਾਂ ਨਾਲ ਮੀਟਿੰਗਾਂ ਕਰ ਰਹੇ ਹਨ ਤਾਂ ਪੰਜਾਬ ਦੇ ਮੌਜੂਦਾ ਉਦਯੋਗਪਤੀ ਤੇ ਵਪਾਰਕ ਘਰਾਣੇ ਉਤਰ ਪ੍ਰਦੇਸ਼ ਨੂੰ ਭੱਜ ਰਹੇ ਸਨ। ਬਾਜਵਾ ਨੇ ਮੁੱਖ ਮੰਤਰੀ ਨੂੰ ਯਾਦ ਕਰਵਾਇਆ ਕਿ ਪੰਜਾਬ ਦੇ ਕੁਝ ਪ੍ਰਮੁੱਖ ਉਦਯੋਗਪਤੀਆਂ ਨੇ ਹਾਲ ਹੀ ਵਿਚ ਯੂਪੀ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨਾਲ ਮੀਟਿੰਗ ਕੀਤੀ ਅਤੇ ਉਨ੍ਹਾਂ ਨੂੰ ਯੂਪੀ ਵਿਚ 2.30 ਲੱਖ ਕਰੋੜ ਰੁਪਏ ਦਾ ਨਿਵੇਸ਼ ਕਰਨ ਦਾ ਭਰੋਸਾ ਦਿੱਤਾ ਹੈ।

# ਦੋ ਹੋਰ ਅਮਰੀਕੀ ਸੂਬਿਆਂ ਦੇ ਸਕੂਲਾਂ 'ਚ ਪੜ੍ਹਾਇਆ ਜਾਵੇਗਾ ਸਿੱਖ ਧਰਮ




**ਨਿਊ ਯਾਰਕ:** ਅਮਰੀਕਾ ਵਿਚ ਹੁਣ 2.40 ਕਰੋੜ ਵਿਦਿਆਰਥੀ ਸਿੱਖਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਣਗੇ ਕਿਉਂਕਿ ਦੋ ਹੋਰ ਅਮਰੀਕੀ ਸੂਬਿਆਂ ਨੇ ਸਮਾਜਿਕ ਸਿੱਖਿਆ ਦੇ ਨਵੇਂ ਮਾਪਦੰਡਾਂ ਦੇ ਪੱਖ ਵਿਚ ਮਤਾ ਪਾਇਆ ਹੈ। ਇਨ੍ਹਾਂ ਨਵੇਂ ਮਾਪਦੰਡਾਂ ਤਹਿਤ ਇਨ੍ਹਾਂ ਦੋਵੇਂ ਸੂਬਿਆਂ ਦੇ ਸਕੂਲਾਂ ਵਿਚ ਹੁਣ ਸਿੱਖੀ ਜਾਂ ਸਿੱਖ ਧਰਮ ਬਾਰੇ ਪੜ੍ਹਾਇਆ ਜਾਵੇਗਾ ਜੋ ਕਿ ਪਹਿਲੀ ਵਾਰ ਹੋਣ ਜਾ ਰਿਹਾ ਹੈ।

ਉਟਾਹ ਤੇ ਮਿਸੀਸਿਪੀ ਅਮਰੀਕਾ ਦੇ ਅਜਿਹੇ 15ਵੇਂ ਤੇ 16ਵੇਂ ਸੂਬੇ ਬਣ ਗਏ ਹਨ ਜਿਨ੍ਹਾਂ ਨੇ ਹਾਲ ਹੀ ਵਿਚ ਆਪੋ-ਆਪਣੇ ਸਮਾਜਿਕ ਸਿੱਖਿਆ ਦੇ ਪਾਠਕ੍ਰਮ ਵਿਚ ਸਿੱਖੀ, ਸਿੱਖ ਧਰਮ ਅਤੇ ਸਿੱਖ ਰਵਾਇਤਾਂ ਨੂੰ ਸ਼ਾਮਲ ਕੀਤਾ ਹੈ। ਇਨ੍ਹਾਂ ਨਵੇਂ ਮਾਪਦੰਡਾਂ ਤਹਿਤ ਉਟਾਹ ਵਿਚ 6,06,000 ਵਿਦਿਆਰਥੀਆਂ ਅਤੇ ਮਿਸੀਸਿਪੀ ਵਿਚ ਤਕਰੀਬਨ 4,57,000 ਵਿਦਿਆਰਥੀਆਂ ਨੂੰ ਸਿੱਖ ਭਾਈਚਾਰੇ ਬਾਰੇ ਜਾਣਨ ਦਾ ਮੌਕਾ ਮਿਲੇਗਾ। ਸਿੱਖ ਕੋਲੀਸ਼ਨ ਵੱਲੋਂ ਇਸੇ ਸਾਲ ਜਨਵਰੀ ਮਹੀਨੇ ਵਿਚ ਸੂਬਾ ਸਿੱਖਿਆ ਬੋਰਡ ਦੀ ਮੀਟਿੰਗ ਵਿਚ ਇਹ ਮੰਗ ਰੱਖੀ ਗਈ ਸੀ ਕਿ ਨਵੇਂ ਮਾਪਦੰਡਾਂ ਵਿਚ ਸਿੱਖੀ ਨੂੰ ਵੀ ਸ਼ਾਮਲ ਕੀਤਾ ਜਾਵੇ। ਸਿੱਖ ਕੋਲੀਸ਼ਨ ਦੇ ਸੀਨੀਅਰ ਐਜੂਕੇਸ਼ਨ ਮੈਨੇਜਰ ਹਰਮਨ ਸਿੰਘ ਨੇ ਇਕ ਬਿਆਨ ਵਿਚ ਕਿਹਾ, ''ਸੰਮਲਿਤ ਤੇ ਸਹੀ ਮਾਪਦੰਡ ਕੱਟੜਤਾ ਨਾਲ ਲੜਨ ਤੇ ਧੱਕੇਸ਼ਾਹੀ ਘਟਾਉਣ ਵੱਲ ਇਹ ਇਕ ਅਹਿਮ ਕਦਮ ਹੈ।''

## ਸਾਬਤ ਸੂਰਤ ਸਿੱਖ ਹੁਣ ਅਮਰੀਕੀ ਮੈਰੀਨ ਕੋਰ 'ਚ ਲੈ ਸਕਣਗੇ ਸਿਖਲਾਈ

**ਨਿਊ ਯਾਰਕ:** ਅਮਰੀਕਾ ਦੀ ਸੰਘੀ ਅਪੀਲ ਅਦਾਲਤ ਨੇ ਫੈਸਲਾ ਸੁਣਾਇਆ ਹੈ ਕਿ ਸਿੱਖ ਰੰਗਰੂਟ ਹੁਣ ਅਮਰੀਕੀ ਮੈਰੀਨ ਕੋਰ ਵਿਚ ਦਾੜ੍ਹੀ ਰੱਖ ਸਕਦੇ ਹਨ ਅਤੇ ਦਸਤਾਰ ਸਜਾ ਸਕਦੇ ਹਨ। ਡਿਸਟ੍ਰਿਕਟ ਆਫ ਕੋਲੰਬੀਆ ਦੀ ਸੰਘੀ ਅਪੀਲ ਅਦਾਲਤ ਦੇ ਜੱਜਾਂ ਨੇ ਸਿੱਖਾਂ 'ਤੇ ਅਜਿਹੀ ਪਾਬੰਦੀ ਨੂੰ ਰੱਦ ਕਰਦਿਆਂ ਇਸ ਨੂੰ ਧਾਰਮਿਕ ਆਜ਼ਾਦੀ ਬਹਾਲੀ ਕਾਨੂੰਨ (ਆਰ.ਐਫ.ਆਰ.ਏ.) ਦੀ ਉਲੰਘਣਾ ਕਰਾਰ ਦਿੱਤਾ। ਇਹ ਫੈਸਲਾ ਤਿੰਨ ਸਿੱਖਾਂ ਦੇ ਮੈਰੀਨ ਕੋਰ 'ਚ ਭਰਤੀ ਹੋਣ ਤੋਂ ਬਾਅਦ ਆਇਆ ਹੈ। ਆਕਾਸ਼ ਸਿੰਘ, ਜਸਕੀਰਤ ਸਿੰਘ ਅਤੇ ਮਿਲਾਪ ਸਿੰਘ ਚਾਹਲ ਨੇ ਕੋਰ ਦੇ ਸਿਖਲਾਈ ਕੈਂਪ ਦੌਰਾਨ ਦਾੜ੍ਹੀ ਅਤੇ ਵਾਲ ਕੱਟਣ ਸਬੰਧੀ ਨਿਯਮ ਖ਼ਿਲਾਫ਼ ਅਦਾਲਤ ਦਾ ਦਰਵਾਜਾ ਖੜਕਾਇਆ ਸੀ। ਇਨ੍ਹਾਂ ਤਿੰਨਾਂ ਦਾ ਕੇਸ ਲੜ ਰਹੇ ਸੀਨੀਅਰ ਵਕੀਲ ਐਰਿਕ ਬੈਕਸਟਰ ਨੇ ਟਵੀਟ ਕੀਤਾ, ''ਤਿੰਨ ਸਿੱਖ ਰੰਗਰੂਟ, ਜਿਨ੍ਹਾਂ ਨੂੰ ਪਹਿਲਾਂ ਧਰਮ ਦੇ ਆਧਾਰ 'ਤੇ ਸਿਖਲਾਈ ਲੈਣ ਤੋਂ ਵਾਂਝਾ ਕੀਤਾ ਗਿਆ ਸੀ, ਹੁਣ ਮੁਢਲੀ ਸਿਖਲਾਈ ਹਾਸਲ ਕਰ ਸਕਦੇ ਹਨ।''

# ਕੈਲੀਫੋਰਨੀਆ ਦੇ ਸ਼ਹਿਰ ਲੋਡਾਈ ਦੇ ਪਹਿਲੇ ਸਿੱਖ ਮੇਅਰ ਬਣੇ ਮਿੱਕੀ ਹੋਠੀ



**ਨਿਊ ਯਾਰਕ:** ਮਿੱਕੀ ਹੋਠੀ ਨੂੰ ਸਰਬਸੰਮਤੀ ਨਾਲ ਉੱਤਰੀ ਕੈਲੀਫੋਰਨੀਆ ਦੇ ਲੋਡਾਈ ਸ਼ਹਿਰ ਦਾ ਮੇਅਰ ਚੁਣਿਆ ਗਿਆ ਹੈ। ਉਹ ਸ਼ਹਿਰ ਦੇ ਇਤਿਹਾਸ ਵਿਚ ਚੋਟੀ ਦਾ ਸਥਾਨ ਹਾਸਲ ਕਰਨ ਵਾਲੇ ਪਹਿਲੇ ਸਿੱਖ ਬਣ ਗਏ ਹਨ। ਹੋਠੀ ਦੇ ਮਾਤਾ-ਪਿਤਾ ਭਾਰਤ ਤੋਂ ਹਨ।

ਹੋਠੀ ਨੂੰ ਨਵੀਂ ਚੁਣੀ ਗਈ ਮਹਿਲਾ ਕੌਂਸਲਰ ਲਿਜ਼ਾ ਕਰੈਗ ਨੇ ਨਾਮਜ਼ਦ ਕੀਤਾ ਸੀ, ਜਿਨ੍ਹਾਂ ਨੇ ਨਵੰਬਰ ਵਿਚ ਮੇਅਰ ਮਾਰਕ ਚੈਂਡਲਰ ਦੀ ਸੀਟ ਤੋਂ ਚੋਣ ਜਿੱਤੀ ਸੀ ਅਤੇ ਉਨ੍ਹਾਂ ਨੂੰ ਮੀਟਿੰਗ ਦੌਰਾਨ ਸਰਬਸੰਮਤੀ ਨਾਲ ਡਿਪਟੀ ਮੇਅਰ ਚੁਣਿਆ ਗਿਆ ਸੀ। ਹੋਠੀ ਕੌਂਸਲ ਦੇ ਪੰਜਵੇਂ ਜ਼ਿਲ੍ਹੇ ਦੀ ਨੁਮਾਇੰਦਗੀ ਕਰਦੇ ਹਨ ਅਤੇ ਪਿਛਲੇ ਸਾਲ ਮੇਅਰ ਚੈਂਡਲਰ ਅਧੀਨ ਡਿਪਟੀ ਮੇਅਰ ਦੇ ਤੌਰ 'ਤੇ ਕੰਮ ਕਰ ਚੁੱਕੇ ਹਨ।

ਚੈਂਡਲਰ ਨੇ ਪਿਛਲੀ ਗਰਮੀਆਂ ਵਿਚ ਐਲਾਨ ਕੀਤਾ ਸੀ ਕਿ ਉਹ ਮੁੜ ਤੋਂ ਚੋਣ ਨਹੀਂ ਲੜਨਗੇ। ਹੋਠੀ ਨੇ ਟਵੀਟ ਕੀਤਾ, ''ਲੋਡਾਈ ਸ਼ਹਿਰ ਦੇ 117ਵੇਂ ਮੇਅਰ ਦੇ ਰੂਪ ਵਿਚ ਸਹੁੰ ਚੁੱਕ ਕੇ ਮਾਣ ਮਹਿਸੂਸ ਕਰ ਰਿਹਾ ਹਾਂ।'' ਸਥਾਨਕ ਅਖ਼ਬਾਰ 'ਦਿ ਲੋਡਾਈ ਨਿਊਜ-ਸੈਂਟੀਨਲ' ਦੀ ਖ਼ਬਰ ਅਨੁਸਾਰ ਆਰਮਸਟ੍ਰਾਂਗ ਰੋਡ 'ਤੇ ਗੁਰਦੁਆਰੇ ਦੀ ਸਥਾਪਨਾ ਵਿਚ ਹੋਠੀ ਦੇ ਪਰਿਵਾਰ ਦਾ ਵੀ ਅਹਿਮ ਯੋਗਦਾਨ ਸੀ। ਇਸ ਅਖ਼ਬਾਰ ਮੁਤਾਬਕ ਹੋਠੀ ਨੇ ਕਿਹਾ, ''ਸਾਡਾ ਤਜਰਬਾ ਯੂਨਾਨੀ ਭਾਈਚਾਰੇ, ਜਰਮਨ, ਹਿਸਪੈਨਿਕ (ਸਪੇਨਿਸ਼ ਭਾਸ਼ੀ) ਭਾਈਚਾਰੇ ਵਰਗਾ ਹੈ ਜੋ ਕਿ ਸਾਡੇ ਤੋਂ ਪਹਿਲਾਂ ਆਏ ਸਨ।'' ਉਨ੍ਹਾਂ ਕਿਹਾ, ''ਹਰੇਕ ਕੋਈ ਲੋਡਾਈ ਇਸ ਵਾਸਤੇ ਆਇਆ ਕਿਉਂਕਿ ਉਨ੍ਹਾਂ ਨੂੰ ਅਹਿਸਾਸ ਹੋਇਆ ਕਿ ਪਰਿਵਾਰ ਦੇ ਲਿਹਾਜ਼ ਨਾਲ ਇਹ ਇਕ ਸੁਰੱਖਿਅਤ ਸ਼ਹਿਰ ਹੈ। ਇਸ ਸ਼ਹਿਰ ਵਿਚ ਮਹਾਨ ਸਿੱਖਿਆ, ਮਹਾਨ ਸਭਿਆਚਾਰ, ਮਹਾਨ ਕਦਰਾਂ-ਕੀਮਤਾਂ ਤੇ ਸਿਰਫ ਸਖਤ ਮਿਹਨਤ ਕਰਨ ਵਾਲੇ ਲੋਕ ਹਨ। ਮੈਨੂੰ ਅਗਲੇ ਮੇਅਰ ਵਜੋਂ ਇਸ ਭਾਈਚਾਰੇ ਦੀ ਨੁਮਾਇੰਦਗੀ ਕਰਨ 'ਤੇ ਮਾਣ ਹੈ।''

# ਆਵਾਸ ਅਰਜ਼ੀਆਂ ਦੇ ਮਾਮਲੇ 'ਚ ਕੈਨੇਡਾ ਨੇ ਤੋੜਿਆ ਰਿਕਾਰਡ

**ਟੋਰਾਂਟੋ:** ਕੈਨੇਡਾ ਨੇ ਇਸ ਸਾਲ ਨਵੰਬਰ ਦੇ ਅੰਤ ਤੱਕ ਰਿਕਾਰਡ 48 ਲੱਖ ਆਵਾਸ ਅਰਜ਼ੀਆਂ ਪ੍ਰਕਿਰਿਆ 'ਚੋਂ ਲੰਘਾ ਦਿੱਤੀਆਂ ਹਨ। ਆਵਾਸ ਵਿਭਾਗ ਨੇ ਦੱਸਿਆ ਕਿ ਪਿਛਲੇ ਸਾਲ ਇਸੇ ਸਮੇਂ ਤੱਕ 25 ਲੱਖ ਅਰਜ਼ੀਆਂ 'ਤੇ ਵਿਚਾਰ ਦਾ ਕੰਮ ਮੁਕੰਮਲ ਕੀਤਾ ਗਿਆ ਸੀ। ਕੈਨੇਡਾ ਦੇ ਆਵਾਸ ਤੇ ਨਾਗਰਿਕਤਾ ਵਿਭਾਗ ਨੇ ਕਿਹਾ ਹੈ, 'ਆਵਾਸ ਕੈਨੇਡਾ ਦੀ ਆਰਥਿਕਤਾ ਤੇ ਸਾਡੇ ਭਾਈਚਾਰਿਆਂ ਲਈ ਮਹੱਤਵਪੂਰਨ ਹੈ।

ਨਵੇਂ ਆਉਣ ਵਾਲੇ ਲੋਕਾਂ ਨੇ ਸਾਡੇ ਮੁਲਕ ਦੀ ਉਸਾਰੀ ਵਿਚ ਮਦਦ ਕੀਤੀ ਹੈ, ਉਹ ਮਹਾਮਾਰੀ ਦੌਰਾਨ ਅੱਗੇ ਹੋ ਕੇ ਡਟੇ ਰਹੇ ਹਨ, ਤੇ ਸਾਡੀ ਸਫਲਤਾ ਦੀ ਅਹਿਮ ਕੜੀ ਰਹੇ ਹਨ।' ਆਵਾਸ ਮੰਤਰੀ ਸ਼ੌਨ ਫਰੇਜਰ ਨੇ ਕਿਹਾ ਕਿ ਸਰਕਾਰ ਮਹਾਮਾਰੀ ਦਾ ਬੈਕਲਾਗ ਕੱਢਣ ਵਿਚ ਲੱਗੀ ਹੋਈ ਹੈ। ਇਸ ਨੂੰ ਤਕਰੀਬਨ ਪੰਜ ਲੱਖ ਤੱਕ ਘਟਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਸਾਲ ਨਵੰਬਰ ਤੱਕ ਆਈ.ਆਰ.ਸੀ.ਸੀ. ਨੇ 6,70,000 ਤੋਂ ਵੱਧ ਸਟੱਡੀ ਪਰਮਿਟ ਪ੍ਰਕਿਰਿਆ 'ਚੋਂ ਲੰਘਾਏ ਹਨ। ਇਸੇ ਦੌਰਾਨ ਕਰੀਬ ਸੱਤ ਲੱਖ ਵਰਕ ਪਰਮਿਟ ਦੀਆਂ ਅਰਜ਼ੀਆਂ ਉਤੇ



ਵੀ ਕੰਮ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਮਹੀਨਾਵਾਰ ਵਿਭਾਗ ਹੁਣ ਜ਼ਿਆਦਾ ਵਿਜ਼ਿਟਰ ਵੀਜ਼ਾ ਅਰਜ਼ੀਆਂ ਉਤੇ ਕੰਮ ਕਰ ਰਿਹਾ ਹੈ। ਜ਼ਿਕਰਯੋਗ ਹੈ ਕਿ ਕੈਨੇਡਾ ਵਿਚ ਸੰਨ 2021 'ਚ ਰਿਕਾਰਡ 4,05,000 ਨਵੇਂ ਪੀ.ਆਰ. (ਪੱਕੀ ਰਿਹਾਇਸ਼) ਧਾਰਕ ਪਹੁੰਚੇ ਹਨ। ਇਸ ਸਾਲ ਹੋਰ ਵੱਧ ਲੋਕਾਂ ਨੂੰ ਸੱਦਣ ਦਾ ਟੀਚਾ ਮਿਥਿਆ ਗਿਆ ਹੈ। ਵਿਭਾਗ ਨੇ ਅਰਜ਼ੀਆਂ ਨੂੰ ਡਿਜ਼ੀਟਲ ਰੂਪ ਦਿੱਤਾ ਹੈ, ਨਵੇਂ ਮੁਲਾਜ਼ਮ ਰੱਖੇ ਗਏ ਹਨ, ਪ੍ਰਕਿਰਿਆ ਨੂੰ ਕਾਰਗਰ ਬਣਾਇਆ ਗਿਆ ਹੈ। ਇਸ ਤੋਂ ਇਲਾਵਾ ਆਟੋਮੇਸ਼ਨ ਤਕਨੀਕ ਦਾ ਵੀ ਸਹਾਰਾ ਲਿਆ ਗਿਆ ਹੈ।

# ਪ੍ਰਚੰਡ ਬਣੇ ਨੇਪਾਲ ਦੇ ਨਵੇਂ ਪ੍ਰਧਾਨ ਮੰਤਰੀ

**ਕਾਠਮੰਡੂ:** ਰਾਸ਼ਟਰਪਤੀ ਬਿਦਿਆ ਦੇਵੀ ਭੰਡਾਰੀ ਨੇ ਸੀ.ਪੀ.ਐਨ-ਮਾਓਵਾਦੀ ਸੈਂਟਰ ਦੇ ਚੇਅਰਮੈਨ ਪੁਸ਼ਪ ਕਮਲ ਦਾਹਲ 'ਪ੍ਰਚੰਡ' ਨੂੰ ਨੇਪਾਲ ਦਾ ਨਵਾਂ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਹੈ। ਰਾਸ਼ਟਰਪਤੀ ਦਫਤਰ ਵੱਲੋਂ ਜਾਰੀ ਬਿਆਨ ਅਨੁਸਾਰ ਪ੍ਰਚੰਡ ਨੂੰ ਸੰਵਿਧਾਨ ਦੀ ਧਾਰਾ 76 (2) ਤਹਿਤ ਦੇਸ਼ ਦਾ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਗਿਆ ਹੈ। ਪ੍ਰਚੰਡ ਨੂੰ 275 ਮੈਂਬਰੀ ਪ੍ਰਤੀਨਿਧ ਸਭਾ ਵਿਚ 168 ਸੰਸਦ ਮੈਂਬਰਾਂ ਦਾ ਸਮਰਥਨ ਪ੍ਰਾਪਤ ਹੈ, ਜਿਸ ਵਿਚ ਸੀ.ਪੀ.ਐਨ-ਯੂ.ਐਮ.ਐਲ. ਦੇ 78, ਸੀ.ਪੀ.ਐਨ-ਐਮ.ਸੀ. ਦੇ 32, ਆਰ.ਐਸ.ਪੀ. ਦੇ 20, ਆਰ.ਪੀ.ਪੀ. ਦੇ 14, ਜੇ.ਐਸ.ਪੀ. ਦੇ 12, ਜਨਮਤ ਪਾਰਟੀ ਦੇ 6 ਅਤੇ ਨਾਗਰਿਕ ਉਨਮੁਕਤੀ ਪਾਰਟੀ ਦੇ ਤਿੰਨ



ਅਤੇ ਤਿੰਨ ਆਜ਼ਾਦ ਸੰਸਦ ਮੈਂਬਰ ਸ਼ਾਮਲ ਹਨ। ਪ੍ਰਚੰਡ ਨੂੰ ਤੀਜੀ ਵਾਰ ਨੇਪਾਲ ਦਾ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਜਾ ਰਿਹਾ ਹੈ। 11 ਦਸੰਬਰ 1954 ਨੂੰ ਕਾਸਕੀ ਜ਼ਿਲ੍ਹੇ ਦੇ ਧੀਕੁਰਪੋਖਰੀ ਵਿਚ ਜੰਮੇ ਪ੍ਰਚੰਡ ਕਰੀਬ 13 ਸਾਲ ਤੱਕ ਅੰਡਰਗਰਾਊਂਡ ਰਹੇ। ਉਹ ਮੁੱਖ ਧਾਰਾ ਦੀ ਰਾਜਨੀਤੀ ਵਿਚ ਉਸ ਵੇਲੇ ਸ਼ਾਮਲ ਹੋਏ ਜਦੋਂ ਸੀ.ਪੀ.ਐਨ-ਮਾਓਵਾਦੀ ਨੇ ਦਹਾਕਿਆਂ ਤੋਂ ਚਲੀ ਆ ਰਹੀ ਹਥਿਆਰਬੰਦ ਬਗਾਵਤ ਦਾ ਰਾਹ ਛੱਡ ਕੇ ਸ਼ਾਂਤੀਪੂਰਨ ਰਾਜਨੀਤੀ ਦਾ ਰਾਹ ਅਪਣਾਇਆ। ਉਨ੍ਹਾਂ 1996 ਤੋਂ 2006 ਤੱਕ ਇਕ ਦਹਾਕੇ ਲੰਬੇ ਹਥਿਆਰਬੰਦ ਸੰਘਰਸ਼ ਦੀ ਅਗਵਾਈ ਕੀਤੀ, ਜੋ ਅੰਤ ਵਿਚ ਨਵੰਬਰ 2006 'ਚ ਸ਼ਾਂਤੀ ਸਮਝੌਤੇ 'ਤੇ ਦਸਤਖ਼ਤ ਕਰਨ ਨਾਲ ਖਤਮ ਹੋਇਆ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਵੀਟ ਕਰਦਿਆਂ ਪੁਸ਼ਪ ਕਮਲ ਦਾਹਲ 'ਪ੍ਰਚੰਡ' ਨੂੰ ਨੇਪਾਲ ਦਾ ਨਵਾਂ ਪ੍ਰਧਾਨ ਮੰਤਰੀ ਬਣਨ 'ਤੇ ਵਧਾਈ ਦਿੱਤੀ ਹੈ। ਉਨ੍ਹਾਂ ਦੋਵਾਂ ਦੇਸ਼ਾਂ ਦਰਮਿਆਨ ਦੋਸਤੀ ਨੂੰ ਹੋਰ ਮਜ਼ਬੂਤ ਕਰਨ ਲਈ ਪ੍ਰਚੰਡ ਨਾਲ ਮਿਲ ਕੇ ਕੰਮ ਕਰਨ ਦੀ ਕਾਮਨਾ ਕੀਤੀ।

# ਮਾਲਦੀਵਜ਼ ਦੇ ਸਾਬਕਾ ਰਾਸ਼ਟਰਪਤੀ ਯਾਮੀਨ ਨੂੰ 11 ਸਾਲ ਦੀ ਸਜ਼ਾ

**ਮਾਲੇ:** ਮਾਲਦੀਵਜ਼ ਦੀ ਇਕ ਅਦਾਲਤ ਨੇ ਸਾਬਕਾ ਰਾਸ਼ਟਰਪਤੀ ਅਬਦੁੱਲਾ ਯਾਮੀਨ ਨੂੰ ਮਨੀ ਲਾਂਡਰਿੰਗ ਅਤੇ ਰਿਸ਼ਵਤ ਲੈਣ ਦੇ ਮਾਮਲੇ ਵਿਚ ਦੋਸ਼ੀ ਠਹਿਰਾਉਂਦਿਆਂ 11 ਸਾਲ ਦੀ ਸਜਾ ਸੁਣਾਈ ਹੈ। ਮਾਲਦੀਵਜ਼ ਦੀ ਅਪਰਾਧਕ ਮਾਮਲਿਆਂ ਨੂੰ ਦੇਖ ਰਹੀ ਅਦਾਲਤ ਨੇ ਯਾਮੀਨ (63) ਨੂੰ 50 ਲੱਖ ਅਮਰੀਕੀ ਡਾਲਰ ਦਾ ਜੁਰਮਾਨਾ ਵੀ ਕੀਤਾ ਹੈ।

ਅਦਾਲਤ ਨੇ ਯਾਮੀਨ ਨੂੰ ਸਰਕਾਰ ਦੀ ਮਲਕੀਅਤ ਵਾਲੇ ਟਾਪੂ ਨੂੰ ਪਟੇ 'ਤੇ ਦੇਣ ਲਈ ਰਿਸ਼ਵਤ ਲੈਣ ਦਾ ਦੋਸ਼ੀ ਪਾਇਆ। ਯਾਦ ਰਹੇ ਕਿ ਕਿ ਅਬਦੁੱਲਾ ਯਾਮੀਨ 2013 ਤੋਂ 2018 ਤੱਕ ਦੇਸ਼ ਦੇ ਰਾਸ਼ਟਰਪਤੀ ਰਹੇ ਸਨ। ਉਹ 2018 ਵਿਚ ਹੋਈਆਂ ਚੋਣਾਂ ਦੌਰਾਨ ਮੌਜੂਦਾ ਰਾਸ਼ਟਰਪਤੀ ਇਬਰਾਹਿਮ ਮੁਹੰਮਦ ਸੋਲਿਹ ਤੋਂ ਹਾਰ ਗਿਆ ਸੀ।

# ਆਸਟਰੇਲੀਆ ਸਰਕਾਰ ਨੇ ਵਿਵਾਦਤ ਵੀਜ਼ਾ ਟ੍ਰਿਬਿਊਨਲ ਰੱਦ ਕੀਤਾ

**ਬ੍ਰਿਸਬਨ:** ਆਸਟਰੇਲੀਆ ਸਰਕਾਰ ਨੇ ਵਿਵਾਦਤ 'ਵੀਜ਼ਾ ਟ੍ਰਿਬਿਊਨਲ' ਨੂੰ ਰੱਦ ਕਰ ਦਿੱਤਾ ਹੈ। ਇਸ ਫੈਸਲੇ ਨਾਲ ਦੇਸ 'ਚ ਸ਼ਰਨ ਮੰਗਣ ਵਾਲਿਆਂ ਦੀ ਨੁਮਾਇੰਦਗੀ ਕਰਨ ਵਾਲੇ ਆਸਟਰੇਲਿਆਈ ਵਕੀਲ ਜਿਨ੍ਹਾਂ ਦੇ ਕੇਸ ਐਡਮਿਨਿਸਟ੍ਰੇਟਿਵ ਅਪੀਲ ਟ੍ਰਿਬਿਊਨਲ (ਏ.ਏ.ਟੀ.) ਦੇ ਸਾਹਮਣੇ ਅਸਫਲ ਰਹੇ ਹਨ, ਉਮੀਦ ਕਰ ਰਹੇ ਹਨ ਕਿ ਹੁਣ ਇਕ ਕੁਸ਼ਲ ਟ੍ਰਿਬਿਊਨਲ ਲੋੜਵੰਦਾਂ ਨੂੰ ਨਿਆਂ ਪ੍ਰਦਾਨ ਕਰੇਗਾ।

ਦੱਸਣਯੋਗ ਹੈ ਕਿ ਸਰਕਾਰ ਨੇ ਪਿਛਲੀ ਸਰਕਾਰ ਦੇ ਵਿਵਾਦਤ ਟ੍ਰਿਬਿਊਨਲ ਨੂੰ ਰੱਦ ਕਰਦਿਆਂ ਨਵੀਂ ਕੁਸ਼ਲ ਨੀਤੀ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਈ ਹੈ। ਅਟਾਰਨੀ-ਜਨਰਲ ਮਾਰਕ ਡਰੇਫਸ ਨੇ ਰਾਜਨੀਤਿਕ ਨਿਯੁਕਤੀਆਂ ਨੂੰ ਲੈ ਕੇ ਪਿਛਲੀ ਸਰਕਾਰ ਦੀ ਸਖਤ ਅਲੋਚਨਾ ਕਰਦਿਆਂ ਇਸ ਟ੍ਰਿਬਿਊਨਲ ਨੂੰ ਲੋਕਾਈ ਲਈ 'ਸ਼ਰਮਨਾਕ ਪ੍ਰਦਰਸ਼ਨੀ' ਕਿਹਾ। ਅਸਾਇਲਮ



ਸੀਕਰ ਰਿਸੋਰਸ ਸੈਂਟਰ (ਏ.ਐਸ.ਆਰ.ਸੀ.) ਦੇ ਐਡਵੋਕੇਸੀ ਅਤੇ ਮੁਹਿੰਮ ਨਿਰਦੇਸ਼ਕ ਜਾਨਾ ਫਾਵੇਰੋ ਨੇ ਸਰਕਾਰ ਦਾ ਪੱਖ ਲੈਂਦਿਆਂ ਕਿਹਾ ਕਿ ਇਸ ਕਦਮ ਨਾਲ ਨੁਕਸਦਾਰ ਸੰਸਥਾ ਤੋਂ ਛੁਟਕਾਰਾ ਮਿਲਿਆ ਹੈ, ਜਿਸ ਦਾ ਸਿਆਸੀਕਰਨ ਕੀਤਾ ਗਿਆ ਸੀ।

ਉਸ ਨੂੰ ਸ਼ਰਨ ਮੰਗਣ ਵਾਲਿਆਂ ਵਿਰੁੱਧ ਵਰਤਿਆ ਗਿਆ ਸੀ। ਸ਼ਰਨਾਰਥੀ ਸਲਾਹਕਾਰ ਸਾਰਾਹ ਡੇਲ ਦਾ ਕਹਿਣਾ ਹੈ ਕਿ ਵੀਜ਼ਾ ਟ੍ਰਿਬਿਊਨਲ ਦੇ ਨਾਕਾਰਾਤਮਕ ਫੈਸਲਿਆਂ ਦਾ ਸ਼ਿਕਾਰ ਹੋਏ ਲੋਕਾਂ ਲਈ ਹੁਣ ਉਨ੍ਹਾਂ ਨੂੰ ਜਵਾਬਦੇਹੀ ਦੀ ਉਡੀਕ ਹੈ। ਉਨ੍ਹਾਂ ਕਿਹਾ ਕਿ 2018-2021 ਦੌਰਾਨ 38 ਫੀਸਦੀ ਕੇਸਾਂ ਦੀ ਅਦਾਲਤਾਂ ਵੱਲੋਂ ਸਮੀਖਿਆ ਕੀਤੀ ਗਈ, ਜਿਨ੍ਹਾਂ ਵਿਚ ਰੱਦ ਕੀਤੇ ਅਤੇ ਗੈਰਕਾਨੂੰਨੀ ਪਾਏ ਗਏ ਮਾਮਲੇ ਸ਼ਾਮਲ ਸਨ। ਆਸਟਰੇਲੀਆ ਦੀ ਰਫਿਊਜੀ ਕੌਂਸਲ ਦੇ ਸੀ.ਈ.ਓ. ਪਾਲ ਪਾਵਰ ਨੇ ਕਿਹਾ ਕਿ ਵੀਜ਼ਾ ਟ੍ਰਿਬਿਊਨਲ ਦਾ ਗਠਨ ਕਰਕੇ ਆਸਟਰੇਲੀਆ ਦੀ ਅਖੰਡਤਾ ਨੂੰ 'ਕਲੰਕਿਤ' ਕੀਤਾ ਗਿਆ ਸੀ। ਇਕ ਜਾਣਕਾਰੀ ਅਨੁਸਾਰ ਪਿਛਲੇ ਬੈਕਲਾਗ ਦੇ ਹਜ਼ਾਰਾਂ ਮਾਮਲਿਆਂ ਨੂੰ ਹੱਲ ਕਰਨ ਲਈ 75 ਵਾਧੂ ਮੈਂਬਰ ਨਿਯੁਕਤ ਕੀਤੇ ਜਾਣਗੇ।

## ਅਧਿਆਪਕਾਂ ਤੇ ਨਰਸਾਂ ਨੂੰ ਤਿੰਨ ਦਿਨਾਂ ਵਿਚ ਮਿਲੇਗਾ ਵੀਜ਼ਾ

**ਬ੍ਰਿਸਬਨ:** ਇਥੇ ਗ੍ਰਹਿ ਮਾਮਲਿਆਂ ਦੇ ਵਿਭਾਗ ਵੱਲੋਂ ਪੁਰਾਣੀ 'ਪ੍ਰਾਇਰਿਟੀ ਮਾਈਗ੍ਰੇਸ਼ਨ ਸਕਿੱਲਡ ਆਕੂਪੇਸ਼ਨ ਲਿਸਟ' ਦੀ ਵਰਤੋਂ ਨੂੰ ਬੰਦ ਕਰਦਿਆਂ ਤੇ ਹੁਨਰਮੰਦ ਵੀਜ਼ਾ ਅਰਜ਼ੀਆਂ ਨੂੰ ਤਰਜੀਹ ਦਿੰਦਿਆਂ ਹੁਣ ਅਧਿਆਪਕਾਂ ਅਤੇ ਸਿਹਤ ਸੰਭਾਲ ਕਰਮਚਾਰੀਆਂ ਦੇ ਵੀਜ਼ੇ ਦਾ ਮੁਲਾਂਕਣ ਮਹਿਜ ਤਿੰਨ ਦਿਨਾਂ ਦੇ ਅੰਦਰ ਸੰਭਵ ਹੋ ਗਿਆ ਹੈ। ਸਰਕਾਰ ਦਾ ਮੰਨਣਾ ਹੈ ਕਿ ਮਹਾਮਾਰੀ ਕਾਰਨ ਮੌਜੂਦਾ ਸਮੇਂ ਹੁਨਰਮੰਦ ਕਾਮਿਆਂ ਦੀ ਘਾਟ ਨੂੰ ਦੇਖਦਿਆਂ ਇਹ ਕਦਮ ਚੁੱਕੇ ਗਏ ਹਨ। ਦੱਸਣਯੋਗ ਹੈ ਕਿ ਸਤੰਬਰ 2020 ਲਈ 'ਹੁਨਰਮੰਦ ਮਾਈਗ੍ਰੇਸ਼ਨ ਆਕੂਪੇਸ਼ਨ ਲਿਸਟ' ਵਿਚ 44 ਕਿੱਤਿਆਂ ਨੂੰ ਸ਼ਾਮਲ ਕੀਤਾ ਗਿਆ ਸੀ।

## ਭਾਰਤੀ ਡਰਾਈਵਰ ਯੂ.ਏ.ਈ. ਵਿਚ ਬਣਿਆ ਕਰੋੜਪਤੀ

**ਦੁਬਈ:** ਸੰਯੁਕਤ ਅਰਬ ਅਮੀਰਾਤ ਵਿਚ ਇਕ ਭਾਰਤੀ ਡਰਾਈਵਰ ਨੇ ਹਫਤਾਵਾਰੀ ਲਾਟਰੀ ਵਿਚ 33 ਕਰੋੜ ਰੁਪਏ ਦਾ ਇਨਾਮ ਜਿੱਤਿਆ ਹੈ। ਅਜੈ ਓਗੁਲਾ (31) ਚਾਰ ਸਾਲ ਪਹਿਲਾਂ ਦੱਖਣੀ ਭਾਰਤ ਤੋਂ ਯੂ.ਏ.ਈ. ਆਇਆ ਸੀ। ਉਹ ਇਕ ਜਵੈਲਰੀ ਦੁਕਾਨ ਵਿਚ ਕੰਮ ਕਰਦਾ ਹੈ।

ਉਸ ਨੇ ਪਹਿਲੀ ਵਾਰ ਐਮੀਰੇਟਸ ਡਰਾਅ ਇਜੀ6 ਤੋਂ ਦੋ ਟਿਕਟਾਂ ਖਰੀਦੀਆਂ। ਓਗੁਲਾ ਨੇ 'ਗਲਫ ਨਿਊਜ਼' ਨੂੰ ਦੱਸਿਆ ਕਿ ਉਸ ਨੇ ਆਪਣੇ ਮਾਲਕ ਦੇ ਕਹਿਣ 'ਤੇ ਐਮੀਰੇਟਸ ਡਰਾਅ ਮੋਬਾਈਲ ਐਪ ਇੰਸਟਾਲ ਕੀਤੀ ਅਤੇ ਦੋ ਟਿਕਟਾਂ ਖਰੀਦੀਆਂ। ਓਗੁਲਾ ਨੇ ਕਿਹਾ ਕਿ ਉਸ ਨੂੰ ਇਨਾਮ ਜਿੱਤੇ ਜਾਣ ਦੀ ਜਾਣਕਾਰੀ ਐਮੀਰੇਟਸ ਡਰਾਅ ਵੱਲੋਂ ਭੇਜੀ ਈ-ਮੇਲ ਰਾਹੀਂ ਮਿਲੀ।

**Punjab Times**
**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਦੀ ਸ਼ਹਾਦਤ ਨੂੰ ਸਿਜਦਾ

**ਫ਼ਤਹਿਗੜ੍ਹ ਸਾਹਿਬ:** ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਿਹ ਸਿੰਘ ਤੇ ਮਾਤਾ ਗੁਜਰੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਤਿੰਨ ਰੋਜ਼ਾ ਸ਼ਹੀਦੀ ਸਭਾ ਸ਼ਰਧਾ ਵਿਚ ਲੱਖਾਂ ਦੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਭਰੀ। ਸਭਾ ਦੀ ਆਰੰਭਤਾ ਮੌਕੇ ਅਰਦਾਸ ਗੁਰਦੁਆਰਾ ਜੋਤੀ ਸਰੂਪ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਅਤਰ ਸਿੰਘ ਨੇ ਕੀਤੀ।

ਇਸ ਤੋਂ ਪਹਿਲਾਂ ਚਮਕੌਰ ਸਾਹਿਬ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਤਿੰਨ ਪਿਆਰਿਆਂ ਅਤੇ ਹੋਰ ਸ਼ਹੀਦ ਸਿੰਘਾਂ ਨੂੰ ਸਿਜਦਾ ਕੀਤਾ ਗਿਆ। ਤਿੰਨ ਦਿਨਾਂ ਸ਼ਹੀਦੀ ਸਮਾਗਮ ਦੌਰਾਨ ਲੱਖਾਂ ਸ਼ਰਧਾਲੂਆਂ ਨੇ ਇਤਿਹਾਸਕ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ, ਗੁਰਦੁਆਰਾ ਸ੍ਰੀ ਗੜ੍ਹੀ ਸਾਹਿਬ, ਸ੍ਰੀ ਦਮਦਮਾ ਸਾਹਿਬ, ਸ੍ਰੀ ਰਣਜੀਤਗੜ੍ਹ ਸਾਹਿਬ, ਸ੍ਰੀ ਤਾੜੀ ਸਾਹਿਬ, ਸ੍ਰੀ ਸ਼ਹੀਦ ਬੁਰਜ ਭਾਈ ਜੈਤਾ ਜੀ ਸਮੇਤ ਹੋਰ ਗੁਰਧਾਮਾਂ ਵਿਖੇ ਨਤਮਸਤਕ ਹੁੰਦਿਆਂ ਕੌਮ



ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।

ਸ਼੍ਰੋਮਣੀ ਕਮੇਟੀ ਵੱਲੋਂ ਗੁਰੂ ਗੋਬਿੰਦ ਸਿੰਘ ਦੇ ਸਾਹਿਬਜ਼ਾਦਿਆਂ, ਮਾਤਾ ਗੁਜਰੀ ਤੇ ਸ੍ਰੀ ਚਮਕੌਰ ਸਾਹਿਬ ਦੇ ਸਮੂਹ ਸ਼ਹੀਦਾਂ ਦੀ ਯਾਦ ਵਿਚ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਚ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਹਰਪ੍ਰੀਤ ਸਿੰਘ ਨੇ ਸਿੱਖ ਕੌਮ ਦੇ ਨਾਂ ਆਪਣਾ ਸੰਦੇਸ਼ ਜਾਰੀ ਕਰਦਿਆਂ ਨੌਜਵਾਨ ਪੀੜ੍ਹੀ ਨੂੰ ਸਾਹਿਬਜ਼ਾਦਿਆਂ ਤੇ ਹੋਰ ਸ਼ਹੀਦਾਂ ਦੀਆਂ ਸ਼ਹਾਦਤਾਂ ਤੋਂ ਪ੍ਰੇਰਨਾ ਲੈ ਕੇ ਨਸ਼ੇ ਤਿਆਗਣ ਅਤੇ ਗੁਰੂ ਵਾਲੇ ਬਣਨ ਲਈ ਪ੍ਰੇਰਿਆ।

ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਿੱਖ ਇਤਿਹਾਸ ਦਾ ਕੋਈ ਵੀ ਪੰਨਾ ਅਜਿਹਾ ਨਹੀਂ ਹੈ, ਜਿਸ ਵਿਚ ਸ਼ਹਾਦਤਾਂ ਦਾ ਜ਼ਿਕਰ ਨਾ ਹੋਵੇ ਤੇ ਪੋਹ ਦੇ ਮਹੀਨੇ ਦਾ ਇਹ ਪੰਦਰਵਾੜਾ ਸਿੱਖ ਕੌਮ ਲਈ ਬਹੁਤ ਅਹਿਮੀਅਤ ਰੱਖਦਾ ਹੈ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਇਨ੍ਹਾਂ ਸ਼ਹਾਦਤਾਂ ਤੋਂ ਪ੍ਰੇਰਨਾ ਲੈ ਕੇ ਉਹ ਸਾਬਤ ਸੂਰਤ ਬਣਨ ਅਤੇ ਨਸ਼ਿਆਂ ਵਰਗੀ ਬੁਰਾਈ ਦਾ ਤਿਆਗ ਕਰਕੇ ਗੁਰੂਆਂ ਵੱਲੋਂ ਦੱਸੇ ਮਾਰਗ 'ਤੇ ਤੁਰਨ। ਇਸ ਮੌਕੇ ਉਨ੍ਹਾਂ ਚਮਕੌਰ ਸਾਹਿਬ ਦੇ ਸਮੂਹ ਸ਼ਹੀਦਾਂ ਨੂੰ ਸਿਜਦਾ ਕੀਤਾ।

## ਦਾਦੂਵਾਲ ਨੇ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਖਿਲਾਫ ਖੋਲ੍ਹਿਆ ਮੋਰਚਾ

**ਕਰਨਾਲ:** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਬਲਜੀਤ ਸਿੰਘ ਦਾਦੂਵਾਲ ਨੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨਵ ਨਿਯੁਕਤ ਪ੍ਰਧਾਨ ਮਹੰਤ ਕਰਮਜੀਤ ਸਿੰਘ ਖਿਲਾਫ਼ ਮੋਰਚਾ ਖੋਲ੍ਹ ਦਿੱਤਾ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਮਹੰਤ ਕਰਮਜੀਤ ਸਿੰਘ ਨੇ ਨਰੈਣੂ ਮਹੰਤ ਦਾ ਵਾਰਸ ਹੋਣ ਦਾ ਸਬੂਤ ਪੇਸ਼ ਕੀਤਾ ਹੈ।

ਉਨ੍ਹਾਂ ਦੋਸ਼ ਲਗਾਇਆ ਕਿ ਮਹੰਤ ਕਰਮਜੀਤ ਸਿੰਘ ਨੇ ਪਹਿਲੇ ਦਿਨ ਤੋਂ ਹੀ ਧਰਮ ਪ੍ਰਚਾਰ ਰੋਕਣਾ ਸ਼ੁਰੂ ਕਰ ਦਿੱਤਾ ਹੈ। ਯਮੁਨਾਨਗਰ ਵਿਚ 26 ਦਸੰਬਰ ਅਤੇ 27 ਦਸੰਬਰ ਨੂੰ ਧਰਮ ਪ੍ਰਚਾਰ ਦੇ ਪ੍ਰੋਗਰਾਮ ਪਹਿਲਾਂ ਤੋਂ ਹੀ ਉਲੀਕੇ ਸਨ ਪਰ ਮਹੰਤ ਕਰਮਜੀਤ ਸਿੰਘ ਨੇ ਆਪਣੇ ਚੇਲਿਆਂ ਰਾਹੀਂ ਪ੍ਰਬੰਧਕਾਂ ਨੂੰ ਧਮਕੀਆਂ ਦੇ ਕੇ ਧੱਕੇਸ਼ਾਹੀ ਨਾਲ ਧਰਮ ਪ੍ਰਚਾਰ ਸਮਾਗਮਾਂ ਨੂੰ ਰੱਦ ਕਰਵਾ ਦਿੱਤਾ। ਦਾਦੂਵਾਲ ਨੇ ਕਿਹਾ ਕਿ ਮਹੰਤ ਦੀ ਧੱਕੇਸ਼ਾਹੀ ਦਾ ਜਵਾਬ ਸਿੱਖ ਸੰਗਤਾਂ ਦੇਣਗੀਆਂ ਅਤੇ ਧਰਮ ਪ੍ਰਚਾਰ ਚੜ੍ਹਦੀ ਕਲਾ ਨਾਲ ਕੀਤਾ ਜਾਵੇਗਾ। ਮੀਟਿੰਗ ਵਿਚ ਹਰਿਆਣਾ ਸਿੱਖ ਗੁਰਦੁਆਰਾ ਕਮੇਟੀ ਦੇ 5 ਨਵੇਂ ਅਤੇ 10 ਪੁਰਾਣੇ ਮੈਂਬਰ ਵੀ ਹਾਜ਼ਰ ਸਨ।

## ਅਮਰੀਕੀ ਨਾਗਰਿਕਾਂ 'ਤੇ ਹਮਲੇ ਦਾ ਖਤਰਾ

**ਇਸਲਾਮਾਬਾਦ:** ਪਾਕਿਸਤਾਨ ਸਥਿਤ ਅਮਰੀਕੀ ਅੰਬੈਸੀ ਨੇ ਇਥੇ ਦੇਸ਼ ਦੀ ਰਾਜਧਾਨੀ ਸਥਿਤ ਮੈਰੀਅਟ ਹੋਟਲ ਵਿਚ ਅਮਰੀਕੀ ਨਾਗਰਿਕਾਂ 'ਤੇ ਅਤਿਵਾਦੀ ਹਮਲੇ ਦੇ ਖ਼ਦਸ਼ੇ ਨੂੰ ਲੈ ਕੇ ਅਲਰਟ ਜਾਰੀ ਕੀਤਾ ਹੈ ਤੇ ਅਮਰੀਕੀ ਮੁਲਾਜ਼ਮਾਂ ਦੇ ਇਸ ਪੰਜ ਤਾਰਾ ਹੋਟਲ 'ਚ ਜਾਣ 'ਤੇ ਪਾਬੰਦੀ ਲਗਾ ਦਿੱਤੀ ਹੈ।

ਇਸਲਾਮਾਬਾਦ 'ਚ ਇਕ ਆਤਮਘਾਤੀ ਹਮਲੇ 'ਚ ਇਕ ਪੁਲਿਸ ਮੁਲਾਜ਼ਮ ਦੀ ਮੌਤ ਹੋਣ ਦੀ ਘਟਨਾ ਤੋਂ ਬਾਅਦ ਅਮਰੀਕੀ ਦੂਤਾਵਾਸ ਨੇ ਇਹ ਚਿਤਾਵਨੀ ਜਾਰੀ ਕੀਤੀ ਹੈ। ਇਸ ਸਬੰਧੀ ਜਾਰੀ ਬਿਆਨ 'ਚ ਕਿਹਾ ਗਿਆ ਹੈ, 'ਅਮਰੀਕੀ ਸਰਕਾਰ ਨੂੰ ਸੂਚਨਾ ਮਿਲੀ ਹੈ ਕਿ ਅਣਜਾਣ ਲੋਕ ਛੁੱਟੀਆਂ 'ਚ ਇਸਲਾਮਾਬਾਦ ਸਥਿਤ ਮੈਰੀਅਟ ਹੋਟਲ 'ਚ ਅਮਰੀਕੀਆਂ 'ਤੇ ਹਮਲੇ ਦੀ ਸਾਜ਼ਿਸ਼ ਰਚ ਰਹੇ ਹਨ।' ਇਸ 'ਚ ਕਿਹਾ ਗਿਆ ਹੈ, 'ਇਸਲਾਮਾਬਾਦ 'ਚ ਅੰਬੈਸੀ ਸਾਰੇ ਅਮਰੀਕੀ ਮੁਲਾਜ਼ਮਾਂ ਦੇ ਇਸਲਾਮਾਬਾਦ ਸਥਿਤ ਮੈਰੀਅਟ ਹੋਟਲ 'ਚ ਜਾਣ 'ਤੇ ਤੁਰਤ ਪ੍ਰਭਾਵ ਨਾਲ ਪਾਬੰਦੀ ਲਾਉਂਦੀ ਹੈ।' ਅੰਬੈਸੀ ਨੇ ਕਿਹਾ ਕਿ ਸੁਰੱਖਿਆ ਸਬੰਧੀ ਚਿੰਤਾਵਾਂ ਦੇ ਮੱਦੇਨਜ਼ਰ ਇਸਲਾਮਾਬਾਦ ਨੂੰ 'ਰੈੱਡ' ਅਲਰਟ 'ਤੇ ਰੱਖਿਆ ਗਿਆ ਹੈ।

## ਪੰਜਾਬ 'ਚ ਅਪਰਾਧ ਦਰ ਘਟਣ ਦਾ ਦਾਅਵਾ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਦਾਅਵਾ ਕੀਤਾ ਹੈ ਕਿ ਸੂਬੇ ਵਿਚ ਅਪਰਾਧ ਦਰ 'ਚ ਤੇਜ਼ੀ ਨਾਲ ਗਿਰਾਵਟ ਆਈ ਹੈ। ਅਪਰਾਧ ਸਬੰਧੀ ਸੂਬੇ ਦੇ ਅਧਿਕਾਰਤ ਅੰਕੜਿਆਂ ਅਨੁਸਾਰ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਕਤਲਾਂ ਦੀ ਗਿਣਤੀ 723 ਤੋਂ ਘੱਟ ਕੇ 654 ਰਹਿ ਗਈ ਹੈ, ਜਦੋਂ ਕਿ ਅਗਵਾ ਘਟਨਾਵਾਂ ਵੀ 1787 ਦੇ ਮੁਕਾਬਲੇ 1645 ਰਹਿ ਗਈਆਂ ਹਨ। ਇਸੇ ਤਰ੍ਹਾਂ ਚੋਰੀ ਨਾਲ ਸਬੰਧਤ ਕੇਸ ਵੀ 8417 ਤੋਂ ਘੱਟ ਕੇ ਇਸ ਸਾਲ 8407 ਰਹਿ ਗਏ ਹਨ ਅਤੇ ਆਬਕਾਰੀ ਐਕਟ ਨਾਲ ਸਬੰਧਤ ਕੇਸ 10745 ਤੋਂ ਘੱਟ ਕੇ 9104 ਰਹਿ ਗਏ ਹਨ। ਇਹ ਪ੍ਰਗਟਾਵਾ ਆਈ.ਜੀ. (ਹੈਡਕੁਆਰਟਰ) ਡਾ. ਸੁਖਚੈਨ ਸਿੰਘ ਗਿੱਲ ਨੇ ਕਰਦਿਆਂ ਦੱਸਿਆ ਕਿ ਪੁਲਿਸ ਨੇ 119 ਕੱਟੜਪੰਥੀਆਂ ਨੂੰ ਗ੍ਰਿਫਤਾਰ ਕਰਕੇ 18 ਅਤਿਵਾਦੀ ਮਾਡਿਊਲਾਂ ਦਾ ਪਰਦਾਫਾਸ਼ ਕੀਤਾ ਹੈ। ਸੁਖਚੈਨ ਸਿੰਘ ਗਿੱਲ ਨੇ ਕਿਹਾ ਕਿ ਸਰਕਾਰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਵਚਨਬੱਧ ਹੈ।

## ਕਸ਼ਮੀਰੀ ਪੰਡਤਾਂ ਤੇ ਡੋਗਰਾ ਮੁਲਾਜ਼ਮਾਂ ਦੀ ਹਮਾਇਤ 'ਚ ਆਈਆਂ ਸਿਆਸੀ ਧਿਰਾਂ

**ਜੰਮੂ:** ਜੰਮੂ ਕਸ਼ਮੀਰ ਵਿਚ ਭਾਜਪਾ ਸਣੇ ਸਾਰੀਆਂ ਪ੍ਰਮੁੱਖ ਪਾਰਟੀਆਂ ਕਸ਼ਮੀਰੀ ਪੰਡਤਾਂ ਤੇ ਡੋਗਰਾ ਮੁਲਾਜ਼ਮਾਂ ਦੇ ਸਮਰਥਨ ਵਿਚ ਖੁੱਲ੍ਹ ਕੇ ਸਾਹਮਣੇ ਆ ਗਈਆਂ ਹਨ। ਉਨ੍ਹਾਂ ਅਤਿਵਾਦੀਆਂ ਵੱਲੋਂ ਮਿੱਥ ਕੇ ਕੀਤੀਆਂ ਜਾ ਰਹੀਆਂ ਹੱਤਿਆਵਾਂ ਦੇ ਮੱਦੇਨਜ਼ਰ ਕਸ਼ਮੀਰ ਤੋਂ ਦੂਜੀ ਥਾਂ ਵਸਾਉਣ ਤੇ ਤਬਾਦਲਾ ਨੀਤੀ ਸਬੰਧੀ ਕਸ਼ਮੀਰੀ ਪੰਡਤਾਂ ਦੀਆਂ ਮੰਗਾਂ ਦਾ ਸਮਰਥਨ ਕੀਤਾ ਹੈ।

ਨੈਸ਼ਨਲ ਕਾਨਫਰੰਸ, ਪੀਪਲਜ਼ ਡੈਮੋਕਰੈਟਿਕ ਪਾਰਟੀ (ਪੀ.ਡੀ.ਪੀ.), ਆਮ ਆਦਮੀ ਪਾਰਟੀ, ਅਪਨੀ ਪਾਰਟੀ ਅਤੇ ਹੋਰਾਂ ਨੇ ਪਿਛਲੇ ਅੱਠ ਮਹੀਨਿਆਂ ਤੋਂ ਧਰਨੇ 'ਤੇ ਬੈਠੇ ਮੁਲਾਜ਼ਮਾਂ ਨਾਲ 'ਮਤਰੇਆ ਵਿਵਹਾਰ ਅਤੇ ਅਫਸਰਸ਼ਾਹੀ ਦੀ ਉਦਾਸੀਨਤਾ' ਨੂੰ ਲੈ ਕੇ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਪ੍ਰਸ਼ਾਸਨ ਦੀ ਆਲੋਚਨਾ ਕੀਤੀ ਹੈ। ਉਪ ਰਾਜਪਾਲ ਮਨੋਜ ਸਿਨਹਾ ਦੀ ਹਾਲ ਦੀ ਟਿੱਪਣੀ 'ਤੇ ਇਨ੍ਹਾਂ ਪਾਰਟੀਆਂ ਨੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ ਕਿ ਰਾਖਵੀਂ ਸ਼੍ਰੇਣੀ (ਡੋਗਰਾ) ਦੇ ਮੁਲਾਜ਼ਮਾਂ ਨੂੰ ਜੰਮੂ ਵਿਚ ਤਬਦੀਲ ਨਹੀਂ ਕੀਤਾ ਜਾ ਸਕਦਾ ਹੈ ਅਤੇ ਜਿਹੜੇ (ਕਸ਼ਮੀਰੀ ਪੰਡਤ ਮੁਲਾਜ਼ਮ) ਘਰਾਂ 'ਚ ਬੈਠੇ ਹਨ, ਉਨ੍ਹਾਂ ਨੂੰ ਤਨਖਾਹ ਨਹੀਂ ਮਿਲੇਗੀ।

ਕਾਂਗਰਸੀ ਆਗੂ ਹੀਰਾ ਲਾਲ ਪੰਡਤ ਨੇ ਕਿਹਾ ਕਿ ਰਾਹੁਲ ਗਾਂਧੀ ਦੀ ਅਗਵਾਈ ਵਿਚ 'ਭਾਰਤ ਜੋੜੋ ਯਾਤਰਾ' ਦੇ ਅਗਲੇ ਮਹੀਨੇ ਜੰਮੂ ਕਸ਼ਮੀਰ ਪਹੁੰਚਣ 'ਤੇ ਪਾਰਟੀ ਇਸ ਨੂੰ ਮੁੱਖ ਮੁੱਦਾ ਬਣਾਏਗੀ।

## ਕੈਨੇਡਾ 'ਚ ਪੰਜਾਬੀ ਨੌਜਵਾਨ ਸਣੇ ਚਾਰ ਹਲਾਕ

**ਵੈਨਕੂਵਰ:** ਕਲੋਨਾ ਤੋਂ ਵੈਨਕੂਵਰ ਆਉਂਦੀ ਬੱਸ ਖੱਡ ਵਿਚ ਡਿੱਗਣ ਕਾਰਨ ਇਕ ਪੰਜਾਬੀ ਨੌਜਵਾਨ ਕਰਨਜੋਤ ਸਿੰਘ ਸੋਢੀ (40) ਸਮੇਤ ਚਾਰ ਵਿਅਕਤੀਆਂ ਦੀ ਮੌਤ ਹੋ ਗਈ। ਹਾਦਸੇ ਵਿਚ 49 ਹੋਰ ਵਿਅਕਤੀ ਜ਼ਖਮੀ ਹੋਏ ਹਨ। ਹਾਦਸਾ ਉਸ ਸਮੇਂ ਵਾਪਰਿਆ ਜਦੋਂ ਮੈਰਿਟ ਸ਼ਹਿਰ ਨੇੜੇ ਬੱਸ ਉੱਚੀ ਥਾਂ ਤੋਂ ਹੇਠਾਂ ਉਤਰਦਿਆਂ ਬਰਫਬਾਰੀ ਕਾਰਨ ਡਰਾਈਵਰ ਦੇ ਕੰਟਰੋਲ ਤੋਂ ਬਾਹਰ ਹੋ ਕੇ ਖੱਡ ਵਿੱਚ ਜਾ ਡਿੱਗੀ। ਇਸ ਦੌਰਾਨ ਜ਼ਖਮੀ ਹੋਈਆਂ ਸਾਰੀਆਂ 53 ਸਵਾਰੀਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ, ਜਿਨ੍ਹਾਂ 'ਚੋਂ ਚਾਰ ਨੇ ਇਲਾਜ ਦੌਰਾਨ ਦਮ ਤੋੜ ਦਿੱਤਾ। ਤਿੰਨ ਦੀ ਹਾਲਤ ਹਾਲੇ ਵੀ ਗੰਭੀਰ ਬਣੀ ਹੋਈ ਹੈ। ਜਾਣਕਾਰੀ ਅਨੁਸਾਰ ਕਰਨਜੋਤ ਸਿੰਘ ਪਿੰਡ ਬੁਤਾਲਾ ( ਅੰਮ੍ਰਿਤਸਰ) ਦਾ ਰਹਿਣ ਵਾਲਾ ਸੀ ਅਤੇ ਕੁਝ ਮਹੀਨੇ ਪਹਿਲਾਂ ਹੀ ਵਰਕ ਪਰਮਿਟ 'ਤੇ ਕੈਨੇਡਾ ਆਇਆ ਸੀ। ਉਹ ਇਥੇ ਓਲੀਵਰ ਵਿਚ ਰਹਿੰਦਾ ਸੀ। ਉਸ ਦੇ ਪਰਿਵਾਰ ਵਿਚ ਪਤਨੀ ਤੇ ਦੋ ਬੱਚੇ ਹਨ, ਜੋ ਪੰਜਾਬ ਰਹਿੰਦੇ ਹਨ।

## ਸਰਕਾਰ ਦੀ ਅੜੀ ਨੇ ਸਾਂਝੇ ਸੰਘਰਸ਼ ਦਾ ਮੁੱਢ ਬੰਨ੍ਹਿਆ

*(ਪਹਿਲੇ ਸਫੇ ਦੀ ਬਾਕੀ)*

ਗਈਆਂ ਮੰਗਾਂ ਨੂੰ ਲਾਗੂ ਨਾ ਕੀਤੇ ਜਾਣ ਅਤੇ ਹੋਰ ਕਿਸਾਨੀ ਮੰਗਾਂ ਨੂੰ ਲੈ ਕੇ ਸੰਘਰਸ਼ ਵਿੱਢਣ ਲਈ 26 ਜਨਵਰੀ ਨੂੰ ਹਰਿਆਣਾ ਦੇ ਜੀਂਦ ਵਿਖੇ ਕੌਮੀ ਪੱਧਰੀ ਕਿਸਾਨ ਸੰਮੇਲਨ ਕਰਵਾਉਣ ਦੀ ਤਿਆਰੀ ਕਰ ਲਈ ਹੈ ਜਿਸ ਵਿਚ ਉੱਤਰ ਭਾਰਤ ਦੇ ਰਾਜਾਂ ਦੇ ਕਿਸਾਨ ਹਿੱਸਾ ਲੈਣਗੇ। ਇਸ ਤੋਂ ਇਲਾਵਾ ਅਗਲੇ ਸਾਲ ਮਾਰਚ ਮਹੀਨੇ ਵਿਚ ਦਿੱਲੀ ਵਿਚ ਵੀ ਕਿਸਾਨਾਂ ਦਾ ਕੌਮੀ ਪੱਧਰ ਦਾ ਪ੍ਰੋਗਰਾਮ ਉਲੀਕਿਆ ਜਾਵੇਗਾ। ਮੌਜੂਦਾ ਬਣ ਰਹੇ ਹਾਲਾਤ ਇਕ ਵਾਰ ਫਿਰ ਸਰਕਾਰ ਲਈ ਚੁਣੌਤੀ ਖੜ੍ਹੀ ਕਰ ਵਾਲੇ ਹਨ। 2024 ਵਿਚ ਲੋਕ ਸਭਾ ਚੋਣਾਂ ਹਨ। ਕਿਸਾਨ ਜਥੇਬੰਦੀਆਂ ਵੀ ਇਸ ਨੂੰ ਸਰਕਾਰ ਉਤੇ ਦਬਾਅ ਬਣਾਉਣ ਲਈ ਮੌਕੇ ਵਜੋਂ ਵੇਖ ਰਹੀਆਂ ਹਨ। ਕਿਸਾਨ ਜਥੇਬੰਦੀਆਂ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝਦੀਆਂ ਹਨ ਕਿ ਏਕੇ ਬਿਨਾ ਦਿੱਲੀ ਦੀਆਂ ਬਰੂਹਾਂ ਤੱਕ ਪੁੱਜਣਾ ਇੰਨਾ ਸੌਖਾ ਨਹੀਂ ਹੈ। ਕੇਂਦਰ ਸਰਕਾਰ ਕਿਸੇ ਵੀ ਕੀਮਤ ਉਤੇ 2024 ਤੋਂ ਪਹਿਲਾਂ ਕੋਈ ਵੱਡਾ ਸੰਘਰਸ਼ ਖੜ੍ਹਾ ਨਹੀਂ ਹੋਣ ਦੇਣਾ ਚਾਹੁੰਦੀ। ਇਸ ਲਈ ਆਉਣ ਵਾਲੇ ਦਿਨ ਸਰਕਾਰ ਤੇ ਕਿਸਾਨ ਜਥੇਬੰਦੀਆਂ ਵਿਚ ਟਕਰਾਅ ਵਾਲੇ ਹੋ ਸਕਦੇ ਹਨ।

## ਸਰਕਾਰਾਂ ਦੀ ਨੀਅਤ 'ਤੇ ਉਠੇ ਸਵਾਲ

*(ਪਹਿਲੇ ਸਫੇ ਦੀ ਬਾਕੀ)*

ਕੀਤੀ ਗਈ ਸੀ। ਜ਼ਿਕਰਯੋਗ ਹੈ ਕਿ ਸ਼ਰਾਬ ਫੈਕਟਰੀ ਕਾਰਨ ਇਲਾਕੇ ਦਾ ਧਰਤੀ ਹੇਠਲਾ ਪਾਣੀ ਜ਼ਹਿਰ ਬਣਿਆ ਹੋਇਆ ਹੈ। ਮਾੜੇ ਪਾਣੀ ਕਾਰਨ ਇਲਾਕਾ ਵਾਸੀ ਕੈਂਸਰ ਸਣੇ ਗੰਭੀਰ ਬਿਮਾਰੀਆਂ ਦੀ ਲਪੇਟ ਵਿਚ ਆਏ ਹੋਏ ਹਨ। ਇਲਾਕੇ ਦੇ ਲੋਕ ਸ਼ਰਾਬ ਸਨਅਤ ਦੀ ਬਦਬੂ ਅਤੇ ਮੱਖੀ ਮੱਛਰ ਦੀ ਸਮੱਸਿਆ ਦਾ ਵੀ ਸਾਹਮਣਾ ਕਰ ਰਹੇ ਹਨ। ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਪਿੰਡਾਂ ਵਿਚ ਕੋਈ ਰਿਸ਼ਤੇਦਾਰ ਰਹਿਣ ਨੂੰ ਤਿਆਰ ਨਹੀਂ। ਕੋਈ ਰਿਸ਼ਤਾ ਕਰਨ ਨੂੰ ਤਿਆਰ ਨਹੀਂ।

## ਸੁਬ੍ਰਤ ਰੌਏ ਦੇ ਬੈਂਕ ਖਾਤੇ ਕੁਰਕ ਕਰਨ ਦੇ ਹੁਕਮ

**ਨਵੀਂ ਦਿੱਲੀ:** ਸੇਬੀ ਨੇ ਰੈਗੂਲੇਟਰੀ ਨਿਯਮਾਂ ਦੀ ਉਲੰਘਣਾ ਮਾਮਲੇ ਵਿਚ 6.42 ਕਰੋੜ ਰੁਪਏ ਦੀ ਵਸੂਲੀ ਲਈ ਸਹਾਰਾ ਗਰੁੱਪ, ਇਸ ਦੇ ਮੁਖੀ ਸੁਬ੍ਰਤ ਰੌਏ ਅਤੇ ਹੋਰਾਂ ਦੇ ਬੈਂਕ ਤੇ ਡੀਮੈਟ ਖਾਤੇ ਕੁਰਕ ਕਰਨ ਦਾ ਆਦੇਸ਼ ਦਿੱਤਾ ਹੈ। ਸੇਬੀ ਨੇ ਆਪਣੇ ਕੁਰਕੀ ਸਬੰਧੀ ਆਦੇਸ਼ ਵਿਚ 6.42 ਕਰੋੜ ਰੁਪਏ ਦੀ ਵਸੂਲੀ ਲਈ ਸਹਾਰਾ ਇੰਡੀਆ ਰੀਅਲ ਅਸਟੇਟ ਕਾਰਪੋਰੇਸ਼ਨ (ਹੁਣ ਸਹਾਰਾ ਕੋਮੋਡਿਟੀ ਸਰਵਿਸਿਜ ਕਾਰਪੋਰੇਸ਼ਨ), ਸੁਬ੍ਰਤ ਰੌਏ, ਅਸ਼ੋਕ ਰੌਏ ਚੌਧਰੀ, ਰਵੀ ਸ਼ੰਕਰ ਦੂਬੇ ਅਤੇ ਵੰਦਨਾ ਭਾਰਗਵ ਖ਼ਿਲਾਫ਼ ਕਾਰਵਾਈ ਕਰਨ ਲਈ ਕਿਹਾ ਹੈ। ਇਸ ਵਸੂਲੀ ਵਿਚ ਵਿਆਜ, ਸਾਰੀਆਂ ਲਾਗਤਾਂ ਅਤੇ ਖਰਚੇ ਸ਼ਾਮਲ ਹਨ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਜਸਬੀਰ ਕੌਰ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਨਵਜੋਤ ਸਿੱਧੂ ਦੀ ਰਿਹਾਈ ਦੀ ਚਰਚਾ ਪਿੱਛੋਂ ਸਿਆਸੀ ਹਿਲਜੁਲ ਸ਼ੁਰੂ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੱਧੂ ਦੇ ਪਟਿਆਲਾ ਜੇਲ੍ਹ ਵਿਚੋਂ 26 ਜਨਵਰੀ ਨੂੰ ਰਿਹਾਈ ਹੋਣ ਦੇ ਚਰਚੇ ਛਿੜੇ ਹਨ। ਆਜ਼ਾਦੀ ਦੀ 75ਵੀਂ ਵਰ੍ਹੇਗੰਢ ਦੇ ਮੱਦੇਨਜ਼ਰ ਕੇਂਦਰ ਸਰਕਾਰ ਵੱਲੋਂ ਜੇਲ੍ਹਾਂ 'ਚੋਂ ਕੈਦੀਆਂ ਦੀ ਰਿਹਾਈ ਲਈ ਵਿਸ਼ੇਸ਼ ਛੋਟਾਂ ਅਤੇ ਹਦਾਇਤਾਂ ਜਾਰੀ ਕੀਤੀਆਂ ਹਨ ਜਿਨ੍ਹਾਂ ਦੇ ਤਹਿਤ ਨਵਜੋਤ ਸਿੱਧੂ ਦੀ ਰਿਹਾਈ ਹੋਣੀ ਵੀ ਯਕੀਨੀ ਦੱਸੀ ਜਾ ਰਹੀ ਹੈ।



ਨਵਜੋਤ ਸਿੱਧੂ ਦੀ ਸੰਭਾਵੀ ਰਿਹਾਈ ਨੂੰ ਲੈ ਕੇ ਕਾਂਗਰਸ ਪਾਰਟੀ ਵਿਚ ਵੀ ਘੁਸਰ-ਮੁਸਰ ਸ਼ੁਰੂ ਹੋ ਗਈ ਹੈ ਅਤੇ ਹਾਕਮ ਧਿਰ ਵੀ ਸਥਿਤੀ ਨੂੰ ਨੇੜਿਓਂ ਦੇਖ ਰਹੀ ਹੈ। ਪਿਛਲੇ ਦਿਨੀਂ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਵੀ ਪਟਿਆਲਾ ਜੇਲ੍ਹ ਵਿਚ ਨਵਜੋਤ ਸਿੱਧੂ ਨਾਲ ਮੁਲਾਕਾਤ ਕੀਤੀ ਸੀ। ਵਿਦੇਸ਼ ਤੋਂ ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਵੀ ਪਰਤ ਆਏ ਹਨ।

ਦੂਜੇ ਪਾਸੇ ਕਾਂਗਰਸ ਪ੍ਰਧਾਨ ਰਾਜਾ ਵੜਿੰਗ ਵੀ ਭਾਰਤ ਜੋੜੋ ਯਾਤਰਾ ਦੇ ਸਿਲਸਿਲੇ ਵਿਚ ਨਵੇਂ ਜ਼ਿਲ੍ਹਾ ਪ੍ਰਧਾਨਾਂ ਦੀ ਤਾਜਪੋਸ਼ੀ ਬਹਾਨੇ ਜ਼ਿਲ੍ਹਿਆਂ ਵਿਚ ਜਾ ਰਹੇ ਹਨ। ਚੇਤੇ ਰਹੇ ਕਿ ਜਦੋਂ ਅਮਰਿੰਦਰ ਸਿੰਘ ਉਰਫ ਰਾਜਾ ਵੜਿੰਗ ਦੇ ਤਾਜਪੋਸ਼ੀ ਸਮਾਗਮ ਸਨ ਤਾਂ ਉਦੋਂ ਨਵਜੋਤ ਸਿੱਧੂ ਨੇ ਹਾਜ਼ਰੀ ਨਹੀਂ ਭਰੀ ਸੀ। ਕਾਂਗਰਸ ਪਾਰਟੀ ਦੇ ਸੀਨੀਅਰ ਆਗੂਆਂ ਨੂੰ ਅੰਦਰੋਂ ਤੌਖ਼ਲਾ ਹੈ ਕਿ ਨਵਜੋਤ ਸਿੱਧੂ ਦੇ ਜੇਲ੍ਹ ਤੋਂ ਬਾਹਰ ਆਉਣ ਮਗਰੋਂ ਪੰਜਾਬ ਕਾਂਗਰਸ ਵਿਚ ਨਵੀਂ ਸਫ਼ਬੰਦੀ ਸ਼ੁਰੂ ਹੋ ਜਾਵੇਗੀ।

ਅਹਿਮ ਸੂਤਰਾਂ ਅਨੁਸਾਰ ਸਾਬਕਾ ਵਿਧਾਇਕਾ ਤੇ ਨਵਜੋਤ ਸਿੱਧੂ ਦੀ ਪਤਨੀ ਡਾ. ਨਵਜੋਤ ਕੌਰ ਵੱਲੋਂ ਇਸ ਬਾਰੇ ਪੰਜਾਬ ਸਰਕਾਰ ਤੱਕ ਪਹੁੰਚ ਵੀ ਕੀਤੀ ਗਈ ਸੀ। ਸੂਤਰ ਦੱਸਦੇ ਹਨ ਕਿ ਡਾ. ਨਵਜੋਤ ਕੌਰ ਵੱਲੋਂ ਆਪਣੇ ਪਤੀ ਨਵਜੋਤ ਸਿੱਧੂ ਦੀ ਰਿਹਾਈ ਬਾਰੇ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਵੀ ਪੱਤਰ ਲਿਖਿਆ ਗਿਆ ਸੀ। ਪਤਾ ਲੱਗਾ ਹੈ ਕਿ ਜੇਲ੍ਹ ਵਿਭਾਗ ਵੱਲੋਂ 26 ਜਨਵਰੀ ਨੂੰ ਕਰੀਬ 50 ਕੈਦੀਆਂ ਨੂੰ ਰਿਹਾਅ ਕਰਨ ਦੀ ਸੂਚੀ ਤਿਆਰ ਕੀਤੀ ਗਈ ਹੈ ਜਿਸ ਵਿਚ ਨਵਜੋਤ ਸਿੱਧੂ ਦਾ ਨਾਮ ਵੀ ਸ਼ਾਮਲ ਹੈ।

ਨਵਜੋਤ ਸਿੱਧੂ ਦੇ ਨੇੜਲਿਆਂ ਨੇ ਸਿੱਧੂ ਦੀ ਰਿਹਾਈ ਮੌਕੇ ਸਵਾਗਤ ਨੂੰ ਲੈ ਕੇ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਪਟਿਆਲਾ ਜੇਲ੍ਹ ਦੇ ਪ੍ਰਸ਼ਾਸਨ ਵੱਲੋਂ ਨਵਜੋਤ ਸਿੱਧੂ ਦੇ ਚੰਗੇ ਆਚਰਨ ਬਾਰੇ ਵੀ ਆਪਣੀ ਰਿਪੋਰਟ ਦੇ ਦਿੱਤੀ ਗਈ ਹੈ। ਨਵਜੋਤ ਸਿੱਧੂ ਮਈ ਮਹੀਨੇ ਵਿਚ ਪਟਿਆਲਾ ਜੇਲ੍ਹ ਵਿਚ ਗਏ ਸਨ ਅਤੇ ਕਲਰਕ ਵਜੋਂ ਜੇਲ੍ਹ ਵਿਚ ਡਿਊਟੀ ਨਿਭਾ ਰਹੇ ਹਨ। ਕੇਂਦਰੀ ਗ੍ਰਹਿ ਮੰਤਰਾਲੇ ਨੇ 10 ਜੂਨ 2022 ਨੂੰ ਚੰਗੇ ਆਚਰਨ ਵਾਲੇ ਕੈਦੀਆਂ ਦੀ ਰਿਹਾਈ ਬਾਰੇ ਵਿਸਥਾਰਤ ਹਦਾਇਤਾਂ ਜਾਰੀ ਕੀਤੀਆਂ ਸਨ ਜਿਨ੍ਹਾਂ ਦਾ ਲਾਭ ਨਵਜੋਤ ਸਿੱਧੂ ਨੂੰ ਵੀ ਮਿਲਣਾ ਤੈਅ ਹੈ। ਨਵਜੋਤ ਸਿੱਧੂ 27 ਦਸੰਬਰ 1988 ਵਿਚ ਪਟਿਆਲਾ ਵਿਚ ਵਾਪਰੀ ਇਕ ਘਟਨਾ ਦੇ ਮਾਮਲੇ ਵਿਚ ਪਟਿਆਲਾ ਜੇਲ੍ਹ ਵਿਚ ਹੁਣ ਇਕ ਸਾਲ ਦੀ ਸਜ਼ਾ ਕੱਟ ਰਹੇ ਹਨ। ਨਵਜੋਤ ਸਿੱਧੂ ਨੇ ਜੇਲ੍ਹ ਦੌਰਾਨ ਕੋਈ ਛੁੱਟੀ ਵੀ ਨਹੀਂ ਲਈ ਹੈ। ਪੰਜਾਬ ਸਰਕਾਰ ਵੀ ਨਵਜੋਤ ਸਿੱਧੂ ਦੀ ਰਿਹਾਈ ਦੇ ਮਾਮਲੇ ਵਿਚ ਕੋਈ ਸਿਆਸੀ ਵਿਵਾਦ ਨਹੀਂ ਛੇੜਨਾ ਚਾਹੁੰਦੀ ਹੈ ਜਿਸ ਦਾ ਨਵਜੋਤ ਸਿੱਧੂ ਨੂੰ ਸਿਆਸੀ ਲਾਭ ਮਿਲਦਾ ਹੋਵੇ। ਪੰਜਾਬ ਸਰਕਾਰ ਇਸ ਰਿਹਾਈ ਦੇ ਰਾਹ ਵਿਚ ਅੜਿੱਕਾ ਪਾਉਣ ਤੋਂ ਵੀ ਗੁਰੇਜ਼ ਕਰ ਰਹੀ ਹੈ ਕਿਉਂਕਿ ਇਸ ਦਾ ਨਵਜੋਤ ਸਿੱਧੂ ਨੂੰ ਸਿੱਧਾ ਰਾਜਸੀ ਫ਼ਾਇਦਾ ਹੋਵੇਗਾ। ਹੋ ਸਕਦਾ ਹੈ ਕਿ ਕੇਂਦਰੀ ਹਦਾਇਤਾਂ ਮਗਰੋਂ ਸਰਕਾਰ ਨੇ ਨਵਜੋਤ ਸਿੱਧੂ ਦੀ ਰਿਹਾਈ ਦਾ ਰਾਹ ਪੱਧਰਾ ਕੀਤਾ ਹੋਵੇ।

## ਵਿਦੇਸ਼ੋਂ ਪਰਤਦੇ ਹੀ ਪੁਲਿਸ ਨੇ ਚੰਨੀ ਹੱਥ ਸੰਮਨ ਫੜਾਏ



**ਮਾਨਸਾ:** ਪੰਜਾਬ ਵਿਧਾਨ ਸਭਾ ਚੋਣਾਂ ਮਗਰੋਂ ਸੂਬੇ ਦੀ ਸਰਗਰਮ ਸਿਆਸਤ ਤੋਂ ਦੂਰ ਵਿਦੇਸ਼ ਚਲੇ ਗਏ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਘਰ ਪੁੱਜੇ। ਉਨ੍ਹਾਂ ਮੂਸੇਵਾਲਾ ਦੀ ਹਵੇਲੀ 'ਚ ਹੀ ਪਰਿਵਾਰ ਨਾਲ ਰਾਤ ਗੁਜ਼ਾਰੀ ਅਤੇ ਪੰਜਾਬੀ ਗਾਇਕ ਦੇ ਕਤਲ ਲਈ ਵਿੱਢੀ ਹੋਈ ਇਨਸਾਫ ਦੀ ਜੰਗ ਸਬੰਧੀ ਗੱਲਬਾਤ ਕੀਤੀ।

ਇਸ ਮੌਕੇ ਸ੍ਰੀ ਚੰਨੀ ਨੇ ਕਿਹਾ ਕਿ ਮਾਨਸਾ ਪੁਲਿਸ ਉਨ੍ਹਾਂ ਨੂੰ ਇਥੇ ਆਉਣ ਤੋਂ ਰੋਕਣ ਲਈ ਲਈ ਫੋਨ ਰਾਹੀਂ ਸੁਨੇਹੇ ਦਿੰਦੀ ਰਹੀ ਕਿ ਉਨ੍ਹਾਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੋਇਆ ਹੈ, ਜਿਸ ਕਰਕੇ ਤੁਹਾਨੂੰ ਗ੍ਰਿਫਤਾਰ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਪੁਲਿਸ ਦੀ ਚਿਤਾਵਨੀ ਦੇ ਬਾਵਜੂਦ ਉਹ ਇਥੇ ਆਏ ਹਨ। ਉਨ੍ਹਾਂ ਦੱਸਿਆ ਕਿ ਪੁਲਿਸ ਵੱਲੋਂ ਉਨ੍ਹਾਂ ਵਿਰੁੱਧ ਸਿੱਧੂ ਮੂਸੇਵਾਲਾ ਦੀ ਵਿਧਾਨ ਸਭਾ ਚੋਣ ਵੇਲੇ ਆਮ ਆਦਮੀ ਪਾਰਟੀ ਦੇ ਆਗੂਆਂ ਦੀ ਸ਼ਿਕਾਇਤ 'ਤੇ ਪਰਚਾ ਦਰਜ ਕਰ ਦਿੱਤਾ ਗਿਆ ਸੀ। ਇਸੇ ਦੌਰਾਨ ਮਾਨਸਾ ਦੀ ਇਕ ਅਦਾਲਤ ਵੱਲੋਂ ਪੰਜਾਬ ਪੁਲਿਸ ਰਾਹੀਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਸੰਮਨ ਸੌਂਪੇ ਗਏ ਹਨ। ਪੁਲਿਸ ਵੱਲੋਂ ਚੰਨੀ ਨੂੰ ਇਹ ਸੰਮਨ ਮਾਨਸਾ ਦੇ ਡੀ.ਐਸ.ਪੀ. ਸੰਜੀਵ ਗੋਇਲ ਨੇ ਮੂਸੇਵਾਲਾ ਦੇ ਘਰ ਜਾ ਕੇ ਸੌਂਪੇ। ਡੀ.ਐਸ.ਪੀ. ਸੰਜੀਵ ਗੋਇਲ ਨੇ ਦੱਸਿਆ ਕਿ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਮਾਨਸਾ ਦੀ ਅਦਾਲਤ ਵਿਚ 12 ਜਨਵਰੀ ਨੂੰ ਪੇਸ਼ ਹੋਣ ਲਈ ਕਿਹਾ ਗਿਆ ਹੈ।

ਚੰਨੀ ਨੇ ਕਿਹਾ ਕਿ ਉਹ ਮਰਹੂਮ ਗਾਇਕ ਦੇ ਪਰਿਵਾਰ ਨਾਲ ਅਫਸੋਸ ਪ੍ਰਗਟ ਕਰਨ ਲਈ ਪਿੰਡ ਮੂਸਾ ਗਏ ਸਨ, ਜਿਥੇ ਨਾ ਸਿਰਫ ਪੁਲਿਸ ਨੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ, ਸਗੋਂ ਹਿਰਾਸਤ ਵਿਚ ਲੈਣ ਦਾ ਯਤਨ ਵੀ ਕੀਤਾ ਗਿਆ।

## ਸਾੜ-ਫੂਕ ਦੀਆਂ ਘਟਨਾਵਾਂ ਸਬੰਧੀ 25 ਡੇਰਾ ਪ੍ਰੇਮੀ ਬਰੀ

**ਮਾਨਸਾ:** ਮਾਨਸਾ ਪੁਲਿਸ ਵੱਲੋਂ ਸਾਲ 2017 ਵਿਚ ਇਨਕਮ ਟੈਕਸ ਦਫਤਰ 'ਤੇ ਹਮਲਾ ਕਰਨ ਤੇ ਗੱਡੀਆਂ ਫੂਕਣ ਦੇ ਮਾਮਲੇ 'ਚ ਦਰਜ ਕੇਸ 'ਚੋਂ ਸਥਾਨਕ ਅਡੀਸ਼ਨਲ ਸੈਸ਼ਨ ਜੱਜ ਮਨਜੋਤ ਕੌਰ ਦੀ ਅਦਾਲਤ ਨੇ 25 ਡੇਰਾ ਪ੍ਰੇਮੀਆਂ ਨੂੰ ਬਰੀ ਕਰ ਦਿੱਤਾ ਹੈ।

ਜਾਣਕਾਰੀ ਅਨੁਸਾਰ ਸਾਲ-2017 ਵਿਚ ਥਾਣਾ ਸਿਟੀ-2 ਮਾਨਸਾ ਦੀ ਪੁਲਿਸ ਨੇ ਅਣਪਛਾਤੇ ਡੇਰਾ ਪ੍ਰੇਮੀਆਂ ਖ਼ਿਲਾਫ਼ ਮੁਕੱਦਮਾ ਨੰਬਰ 62, ਮਿਤੀ 25 ਅਗਸਤ, 2017 ਅਧੀਨ ਧਾਰਾ 307/436/427/188/120 ਬੀ /148/149 ਆਈ.ਪੀ.ਸੀ. ਤਹਿਤ ਮਾਮਲਾ ਦਰਜ ਕੀਤਾ ਸੀ।

ਇਸ ਕੇਸ ਵਿਚ ਕੁਲਦੀਪ ਸਿੰਘ, ਬਲਵਿੰਦਰ ਸਿੰਘ, ਸੱਤਪਾਲ ਸਿੰਘ, ਬਲਜਿੰਦਰ ਸਿੰਘ, ਗੁਰਦੀਪ ਸਿੰਘ, ਰਾਜਿੰਦਰ ਸਿੰਘ, ਉਜਾਗਰ ਸਿੰਘ, ਹਰਪ੍ਰੀਤ ਸਿੰਘ, ਸੀਤਲ ਸਿੰਘ, ਹਰੀ ਸਿੰਘ, ਸੁਖਦੇਵ ਸਿੰਘ, ਗੌਰਵ ਸਿੰਗਲਾ, ਮੇਜਰ ਸਿੰਘ, ਪੁਸ਼ਪਿੰਦਰ ਸਿੰਘ, ਸ਼ੇਖਰ ਗੋਇਲ, ਸੁਰਜਭਾਨ, ਵਰਿੰਦਰ ਸਿੰਘ, ਵਿੱਕੀ ਕੁਮਾਰ, ਕੁਲਦੀਪ ਸਿੰਘ, ਤਰਸੇਮ ਸਿੰਘ, ਪਰਮਜੀਤ ਸਿੰਘ, ਅਵਤਾਰ ਸਿੰਘ, ਕਿਰਨਜੀਤ ਸਿੰਘ, ਅਮਨਦੀਪ ਸਿੰਘ, ਰਕੇਸ਼ ਕੁਮਾਰ (ਕੁੱਲ 25) ਡੇਰਾ ਪ੍ਰੇਮੀਆਂ ਨੂੰ ਨਾਮਜ਼ਦ ਕੀਤਾ ਸੀ। ਪੁਲਿਸ ਵੱਲੋਂ ਦਰਜ ਮੁਕੱਦਮੇ ਵਿਚ ਉਕਤ ਡੇਰਾ ਪ੍ਰੇਮੀਆਂ 'ਤੇ ਦੋਸ਼ ਲੱਗੇ ਸਨ ਕਿ ਉਨ੍ਹਾਂ ਨੇ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਸੁਣਾਈ ਸਜ਼ਾ ਦੇ ਰੋਸ ਵਜੋਂ ਸਥਾਨਕ ਇਨਕਮ ਟੈਕਸ ਦਫਤਰ 'ਤੇ ਹਮਲਾ ਕਰਕੇ ਉਥੇ ਪਏ ਸਾਮਾਨ ਦੀ ਭੰਨਤੋੜ ਕੀਤੀ ਅਤੇ ਦਫਤਰ ਵਿਚ ਖੜ੍ਹੀਆਂ ਗੱਡੀਆਂ ਸਾੜੀਆਂ ਸਨ।

ਅਦਾਲਤ ਵਿਚ ਚਲਾਨ ਪੇਸ਼ ਹੋਣ ਤੋਂ ਬਾਅਦ ਡੇਰਾ ਪ੍ਰੇਮੀਆਂ ਦੇ ਕੇਸ ਦੀ ਵਕੀਲਾਂ ਐਡਵੋਕੇਟ ਬਲਵੀਰ ਕੌਰ, ਬਿਮਲਜੀਤ ਸਿੰਘ ਅਤੇ ਪ੍ਰਿਥਪਾਲ ਸਿੰਘ ਨੇ ਪੈਰਵੀ ਕੀਤੀ। ਅਦਾਲਤ ਵੱਲੋਂ ਬਚਾਅ ਪੱਖ ਦੇ ਵਕੀਲਾਂ ਦੀਆਂ ਦਲੀਲਾਂ ਨਾਲ ਸਹਿਮਤ ਹੁੰਦੇ ਹੋਏ ਡੇਰਾ ਪ੍ਰੇਮੀਆਂ ਨੂੰ ਬਰੀ ਕਰਨ ਦਾ ਹੁਕਮ ਸੁਣਾਇਆ ਗਿਆ।

## ਚੰਡੀਗੜ੍ਹ ਦੀ ਅਦਾਕਾਰਾ ਤੁਨੀਸ਼ਾ ਸ਼ਰਮਾ ਵੱਲੋਂ ਸੈੱਟ 'ਤੇ ਖੁਦਕੁਸ਼ੀ

**ਪਾਲਘਰ (ਮਹਾਰਾਸ਼ਟਰ):** ਚੰਡੀਗੜ੍ਹ ਵਾਸੀ ਟੈਲੀਵਿਜ਼ਨ ਅਦਾਕਾਰਾ ਤੁਨੀਸ਼ਾ ਸ਼ਰਮਾ (21) ਨੇ ਮਹਾਰਾਸ਼ਟਰ ਦੇ ਪਾਲਘਰ ਜ਼ਿਲ੍ਹੇ ਦੇ ਵਸਾਈ ਵਿਚ ਇਕ ਲੜੀਵਾਰ ਪ੍ਰੋਗਰਾਮ ਦੇ ਸੈੱਟ ਦੌਰਾਨ ਖੁਦਕੁਸ਼ੀ ਕਰ ਲਈ। ਪੁਲਿਸ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਤੁਨੀਸ਼ਾ 'ਅਲੀ ਬਾਬਾ: ਦਾਸਤਾਨ-ਏ-ਕਾਬੁਲ' ਦੀ ਸ਼ੂਟਿੰਗ ਕਰ ਰਹੀ ਸੀ। ਇਸ ਦੌਰਾਨ ਉਹ ਵਾਸ਼ਰੂਮ ਗਈ ਅਤੇ ਲੰਬਾ ਸਮਾਂ ਬਾਹਰ ਨਹੀਂ ਆਈ। ਜਦੋਂ ਵਾਸ਼ਰੂਮ ਦਾ ਦਰਵਾਜ਼ਾ ਤੋੜਿਆ ਗਿਆ ਤਾਂ ਅੰਦਰ ਉਸ ਦੀ ਲਾਸ਼ ਲਟਕਦੀ ਮਿਲੀ।



ਵਾਲਿਵ ਥਾਣੇ ਦੇ ਸੀਨੀਅਰ ਇੰਸਪੈਕਟਰ ਕੈਲਾਸ਼ ਬਾਰਵੇ ਨੇ ਕਿਹਾ ਕਿ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। ਤਨੀਸ਼ਾ ਆਪਣੀ ਮੌਤ ਤੋਂ ਕੁਝ ਸਮਾਂ ਪਹਿਲਾਂ ਸੋਸ਼ਲ ਮੀਡੀਆ 'ਤੇ ਸਰਗਰਮ ਸੀ। ਉਸ ਨੇ ਆਪਣੀ ਤਸਵੀਰ ਵੀ ਸਾਂਝੀ ਕੀਤੀ ਸੀ, ਜਿਸ ਦੇ ਹੇਠਾਂ ਲਿਖਿਆ ਸੀ, "ਜੋ ਆਪਣੇ ਸ਼ੌਕ ਤੋਂ ਪ੍ਰੇਰਿਤ ਹੁੰਦੇ ਹਨ, ਉਹ ਰੁਕਦੇ ਨਹੀਂ।"

## 'ਪੈਨ' ਨੂੰ ਆਧਾਰ ਨਾਲ ਲਿੰਕ ਕਰਨਾ ਹੋਵੇਗਾ ਲਾਜ਼ਮੀ

**ਨਵੀਂ ਦਿੱਲੀ:** ਆਮਦਨ ਕਰ ਵਿਭਾਗ ਨੇ ਕਿਹਾ ਹੈ ਕਿ ਜਿਹੜੇ 'ਪੈਨ' ਹਾਲੇ ਤੱਕ ਆਧਾਰ ਨਾਲ ਲਿੰਕ ਨਹੀਂ ਹਨ, ਉਹ ਅਗਲੇ ਸਾਲ ਮਾਰਚ ਦੇ ਅੰਤ ਵਿਚ 'ਕੰਮ ਦੇ ਨਹੀਂ ਰਹਿਣਗੇ' ਜਾਂ ਅਯੋਗ ਕਰਾਰ ਦਿੱਤੇ ਜਾਣਗੇ। ਵਿਭਾਗ ਨੇ ਇਕ ਜਨਤਕ ਨੋਟਿਸ ਜਾਰੀ ਕਰਦਿਆਂ ਕਿਹਾ, 'ਜੋ ਜ਼ਰੂਰੀ ਹੈ, ਉਹ ਜ਼ਰੂਰੀ ਹੈ। ਦੇਰੀ ਨਾ ਕਰੋ, ਅੱਜ ਹੀ ਲਿੰਕ ਕਰੋ।'

ਵਿਭਾਗ ਨੇ ਕਿਹਾ ਕਿ ਆਮਦਨ ਕਰ ਐਕਟ 1961 ਤਹਿਤ, ਇਹ ਉਨ੍ਹਾਂ ਸਾਰੇ ਪੈਨ ਕਾਰਡ ਧਾਰਕਾਂ ਲਈ ਜ਼ਰੂਰੀ ਹੈ ਜਿਨ੍ਹਾਂ ਨੂੰ ਛੋਟ ਨਹੀਂ ਮਿਲੀ ਹੋਈ। ਅਜਿਹੇ ਸਾਰਿਆਂ ਲਈ 31 ਮਾਰਚ 2023 ਤੱਕ ਪੈਨ ਨੂੰ ਆਧਾਰ ਨਾਲ ਲਿੰਕ ਕਰਨਾ ਜ਼ਰੂਰੀ ਹੋਵੇਗਾ। ਪਹਿਲੀ ਅਪਰੈਲ 2023 ਤੋਂ ਲਿੰਕ ਨਾ ਹੋਣ ਵਾਲੇ ਸਾਰੇ ਕਾਰਡ ਅਯੋਗ ਕਰਾਰ ਦਿੱਤੇ ਜਾਣਗੇ। ਦੱਸਣਯੋਗ ਹੈ ਕਿ ਛੋਟ ਵਾਲੇ ਵਰਗ ਵਿਚ ਉਹ ਵਿਅਕਤੀ ਆਉਂਦੇ ਹਨ ਜੋ ਅਸਾਮ, ਜੰਮੂ ਕਸ਼ਮੀਰ ਤੇ ਮੇਘਾਲਿਆ ਵਿਚ ਰਹਿੰਦੇ ਹਨ।

ਇਸ ਤੋਂ ਇਲਾਵਾ ਐਕਟ ਤਹਿਤ ਗੈਰ-ਨਿਵਾਸੀ ਤੇ ਹੋਰ ਵੀ ਇਸ ਵਿਚ ਆਉਂਦੇ ਹਨ। ਸੀ.ਬੀ.ਡੀ.ਟੀ. ਨੇ ਪਹਿਲਾਂ ਕਿਹਾ ਸੀ ਕਿ ਜੇਕਰ ਇਕ ਵਾਰ ਪੈਨ ਵਰਤੋਂ ਤੋਂ ਬਾਹਰ ਹੋ ਜਾਂਦਾ ਹੈ ਤਾਂ ਕਾਰਡਧਾਰਕ ਆਈ.ਟੀ. ਐਕਟ ਤਹਿਤ ਕਾਰਵਾਈ ਦੇ ਘੇਰੇ ਵਿਚ ਆ ਸਕਦਾ ਹੈ। ਅਜਿਹੇ ਵਿਚ ਉਹ ਆਈ.ਟੀ. ਰਿਟਰਨ ਵੀ ਨਹੀਂ ਭਰ ਸਕੇਗਾ ਤੇ ਨਾ ਹੀ ਰਿਫੰਡ ਵਗੈਰਾ ਮਿਲ ਸਕਣਗੇ।

## ਅੰਮ੍ਰਿਤਸਰ-ਨਾਂਦੇੜ ਸਾਹਿਬ ਹਵਾਈ ਉਡਾਣ ਮੁੜ ਸ਼ੁਰੂ ਕੀਤੀ ਜਾਵੇ: ਹਰਸਿਮਰਤ

**ਚੰਡੀਗੜ੍ਹ:** ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਕੇਂਦਰੀ ਹਵਾਬਾਜ਼ੀ ਮੰਤਰੀ ਜਯੋਤਿਰਦਿੱਤਿਆ ਸਿੰਧੀਆ ਨੂੰ ਅਪੀਲ ਕੀਤੀ ਹੈ ਕਿ ਪੰਜਾਬ ਤੋਂ ਨਾਂਦੇੜ ਸਾਹਿਬ ਤੱਕ ਹਵਾਈ ਉਡਾਣਾਂ ਮੁੜ ਸ਼ੁਰੂ ਕੀਤੀਆਂ ਜਾਣ ਜੋ ਕਰੋਨਾ ਮਹਾਮਾਰੀ ਤੋਂ ਬਾਅਦ ਬੰਦ ਹਨ। ਸ਼ਹਿਰੀ ਹਵਾਬਾਜ਼ੀ ਮੰਤਰੀ ਨੂੰ ਲਿਖੇ ਇਕ ਪੱਤਰ ਵਿਚ ਹਰਸਿਮਰਤ ਕੌਰ ਬਾਦਲ ਨੇ ਆਖਿਆ ਕਿ ਅੰਮ੍ਰਿਤਸਰ-ਨਾਂਦੇੜ ਸਾਹਿਬ ਉਡਾਣ ਮੁੜ ਸ਼ੁਰੂ ਕਰਨ ਨਾਲ ਉਨ੍ਹਾਂ ਸ਼ਰਧਾਲੂਆਂ ਨੂੰ ਫਾਇਦਾ ਹੋਵੇਗਾ ਜੋ ਇਸ ਪਵਿੱਤਰ ਤਖ਼ਤ ਦੇ ਦਰਸ਼ਨਾਂ ਵਾਸਤੇ ਹੋਰ ਸਾਧਨਾਂ ਰਾਹੀਂ ਨਹੀਂ ਪਹੁੰਚ ਸਕਦੇ। ਬੀਬੀ ਬਾਦਲ ਨੇ ਮੰਤਰੀ ਨੂੰ ਇਹ ਵੀ ਅਪੀਲ ਕੀਤੀ ਕਿ ਦਿੱਲੀ ਦੇ ਕੌਮਾਂਤਰੀ ਹਵਾਈ ਅੱਡੇ ਦੇ ਟਰਮੀਨਲ ਤਿੰਨ ਦਾ ਨਾਂ ਗੁਰੂ ਤੇਗ ਬਹਾਦਰ ਜੀ ਦੇ ਨਾਂ 'ਤੇ ਰੱਖਿਆ ਜਾਵੇ।

## ਪਰਵਾਸੀ ਪੰਜਾਬੀਆਂ ਲਈ ਫਾਸਟ ਟ੍ਰੈਕ ਅਦਾਲਤਾਂ

**ਲੁਧਿਆਣਾ:** ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਐਲਾਨ ਕੀਤਾ ਕਿ ਸੂਬਾ ਸਰਕਾਰ ਵੱਲੋਂ ਪੰਜਾਬੀ ਪਰਵਾਸੀ ਭਾਰਤੀਆਂ ਦੇ ਮਸਲਿਆਂ ਨੂੰ ਥੋੜ੍ਹੇ ਸਮੇਂ ਵਿਚ ਹੱਲ ਕਰਨ ਲਈ ਛੇਤੀ ਫਾਸਟ ਟ੍ਰੈਕ ਅਦਾਲਤਾਂ ਦੀ ਸਥਾਪਨਾ ਕੀਤੀ ਜਾਵੇਗੀ। ਸਥਾਨਕ ਗੁਰੂ ਨਾਨਕ ਦੇਵ ਭਵਨ ਵਿਚ ਤੀਜੇ ਪੰਜਾਬੀ ਪਰਵਾਸੀ ਭਾਰਤੀ ਮਿਲਣੀ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਪਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਸੂਬਾ ਸਰਕਾਰ ਅਜਿਹੀਆਂ ਮਿਲਣੀਆਂ ਦੀ ਪਹਿਲਕਦਮੀ ਕਰਕੇ ਪਰਵਾਸੀਆਂ ਦੀਆਂ ਸ਼ਿਕਾਇਤਾਂ ਦਾ ਤੁਰਤ ਨਿਬੇੜਾ ਕਰਨ ਲਈ ਵਚਨਬੱਧ ਹੈ।

## ਅਕਾਲੀ ਬਾਗੀਆਂ ਨੇ ਜਗੀਰ ਕੌਰ ਨਾਲ ਸੰਪਰਕ ਵਧਾਇਆ

**ਭੁਲੱਥ:** ਅਕਾਲੀ ਆਗੂ ਸਰਵਣ ਸਿੰਘ ਫਿਲੌਰ ਨੇ ਇਥੇ ਬੀਬੀ ਜਗੀਰ ਕੌਰ ਨਾਲ ਮੁਲਾਕਾਤ ਕੀਤੀ। ਇਸ ਮੁਲਾਕਾਤ ਦੌਰਾਨ ਉਨ੍ਹਾਂ ਅਕਾਲੀ ਦਲ ਨੂੰ ਮਜ਼ਬੂਤ ਕਰਨ ਅਤੇ ਆਉਣ ਵਾਲੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਸਬੰਧੀ ਵਿਚਾਰ-ਵਟਾਂਦਰਾ ਕੀਤਾ।

ਜਾਣਕਾਰੀ ਅਨੁਸਾਰ ਪਿਛਲੇ ਸਮੇਂ ਦੌਰਾਨ ਪਾਰਟੀ ਦੀਆਂ ਮੌਜੂਦਾ ਨੀਤੀਆਂ ਦਾ ਵਿਰੋਧ ਕਰਨ ਵਾਲੇ ਕਈ ਟਕਸਾਲੀ ਆਗੂ ਪਾਰਟੀ ਤੋਂ ਵੱਖ ਹੋ ਗਏ ਹਨ ਤੇ ਉਨ੍ਹਾਂ ਵੱਲੋਂ ਪਾਰਟੀ ਦੀ ਮਜ਼ਬੂਤੀ ਅਤੇ ਆਉਣ ਵਾਲੀਆਂ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਸਬੰਧੀ ਹੁਣ ਬੀਬੀ ਜਗੀਰ ਕੌਰ ਨਾਲ ਸੰਪਰਕ ਬਣਾਇਆ ਜਾ ਰਿਹਾ ਹੈ। ਕੁਝ ਸਮਾਂ ਪਹਿਲਾਂ ਜਗਮੀਤ ਸਿੰਘ ਬਰਾੜ ਵੱਲੋਂ ਵੀ ਬੀਬੀ ਜਗੀਰ ਕੌਰ ਨਾਲ ਮੁਲਾਕਾਤ ਕੀਤੀ ਗਈ ਸੀ। ਤ



ਜਾ ਮੀਟਿੰਗ ਸਬੰਧੀ ਗੱਲ ਕਰਦਿਆਂ ਬੀਬੀ ਜਗੀਰ ਕੌਰ ਨੇ ਦੱਸਿਆ ਕਿ ਪਾਰਟੀ ਦੇ ਵੱਖ-ਵੱਖ ਧੜਿਆਂ ਨਾਲ ਸਬੰਧਤ ਟਕਸਾਲੀ ਆਗੂ ਉਨ੍ਹਾਂ ਨਾਲ ਸੰਪਰਕ ਵਿਚ ਹਨ ਅਤੇ ਲਗਾਤਾਰ ਪਾਰਟੀ ਅਤੇ ਸ਼੍ਰੋਮਣੀ ਕਮੇਟੀ ਨੂੰ ਬਾਦਲ ਪਰਿਵਾਰ ਤੋਂ ਮੁਕਤ ਕਰਵਾਉਣ ਤੇ ਪਾਰਟੀ ਨੂੰ ਮੁੜ ਚੜ੍ਹਦੀ ਕਲਾ ਵਿਚ ਲਿਆਉਣ ਬਾਰੇ ਵਿਚਾਰ ਵਟਾਂਦਰੇ ਕੀਤੇ ਜਾਂਦੇ ਹਨ।

ਇਸ ਮੌਕੇ ਬੀਬੀ ਜਗੀਰ ਕੌਰ ਨੇ ਭਾਰਤ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਜਲਦ ਤੋਂ ਜਲਦ ਕਰਵਾਈਆਂ ਜਾਣ। ਇਸ ਮੌਕੇ ਉਨ੍ਹਾਂ ਆਉਣ ਵਾਲੇ ਦਿਨਾਂ ਵਿਚ ਸਿਆਸੀ ਤੇ ਧਾਰਮਿਕ ਸਰਗਰਮੀਆਂ ਵਧਾਉਣ ਦੇ ਸੰਕੇਤ ਵੀ ਦਿੱਤੇ।

## ਵਰਕਰਾਂ ਦੀ ਅਣਦੇਖੀ ਤੇ ਜ਼ਾਬਤੇ ਦੀ ਘਾਟ ਕਾਰਨ ਕਾਂਗਰਸ ਹਾਰੀ: ਵੜਿੰਗ

**ਸੰਗਰੂਰ:** ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਕਾਂਗਰਸ ਵੱਲੋਂ ਪਾਰਟੀ ਵਰਕਰਾਂ ਦੀ ਅਣਦੇਖੀ ਕਰਨ ਤੇ ਕਾਂਗਰਸ ਦੇ ਹਰ ਵਿਅਕਤੀ ਦੇ ਮੁੱਖ ਮੰਤਰੀ ਦੀ ਦੌੜ ਵਿਚ ਸ਼ਾਮਲ ਹੋਣ ਕਾਰਨ ਜਦੋਂ ਪਾਰਟੀ ਦੇ ਹਾਲਾਤ ਜ਼ਾਬਤੇ ਤੋਂ ਬਾਹਰ ਹੋ ਗਏ ਤਾਂ ਪੰਜਾਬ ਦੇ ਲੋਕਾਂ ਨੇ ਕਾਂਗਰਸ ਨੂੰ ਸੱਤਾ ਤੋਂ ਬਾਹਰ ਕਰ ਦਿੱਤਾ। ਉਨ੍ਹਾਂ ਦਾਅਵੇ ਨਾਲ ਕਿਹਾ ਕਿ ਜੇਕਰ ਕਾਂਗਰਸ ਪਾਰਟੀ ਇਕ ਜ਼ਾਬਤੇ 'ਚ ਬੱਝੀ ਜਾਵੇ ਤਾਂ ਦੁਨੀਆਂ ਦੀ ਕੋਈ ਤਾਕਤ ਉਨ੍ਹਾਂ ਨੂੰ ਹਰਾ ਨਹੀਂ ਸਕਦੀ।

# ਕਰੋਨਾ ਵਾਇਰਸ ਦੀ ਮੁੜ ਦਸਤਕ ਪਿੱਛੋਂ ਚੌਕਸ ਹੋਇਆ ਭਾਰਤ

**ਨਵੀਂ ਦਿੱਲੀ:** ਚੀਨ ਸਣੇ ਕੁਝ ਹੋਰ ਦੇਸ਼ਾਂ ਵਿਚ ਕਰੋਨਾ ਵਾਇਰਸ ਦੀ ਤਬਾਹੀ ਨੂੰ ਵੇਖਦੇ ਹੋਏ ਭਾਰਤ ਵਿਚ ਵੀ ਚੌਕਸੀ ਵਰਤਣ ਦੇ ਹੁਕਮ ਦਿੱਤੇ ਗਏ ਹਨ। ਭਾਰਤ ਸਰਕਾਰ ਨੇ ਚੀਨ, ਜਾਪਾਨ, ਦੱਖਣੀ ਕੋਰੀਆ, ਸਿੰਗਾਪੁਰ ਅਤੇ ਥਾਈਲੈਂਡ ਤੋਂ ਭਾਰਤ ਆਉਣ ਵਾਲੇ ਯਾਤਰੀਆਂ ਵਿਚ ਕੋਵਿਡ-19 ਦਾ ਪਤਾ ਲਗਾਉਣ ਲਈ ਉਨ੍ਹਾਂ ਦਾ ਆਰ.ਟੀ-ਪੀ.ਸੀ.ਆਰ. ਟੈਸਟ ਜਰੂਰੀ ਕਰ ਦਿੱਤਾ ਹੈ। ਇਨ੍ਹਾਂ ਮੁਲਕਾਂ ਤੋਂ ਭਾਰਤ ਆਉਣ ਵਾਲੇ ਯਾਤਰੀਆਂ ਦੀ ਹਵਾਈ ਅੱਡਿਆਂ 'ਤੇ ਥਰਮਲ ਜਾਂਚ ਕੀਤੀ ਜਾਵੇਗੀ ਅਤੇ ਜਿਨ੍ਹਾਂ ਯਾਤਰੀਆਂ 'ਚ ਕੋਵਿਡ-19 ਦੇ ਲੱਛਣ ਜਾਂ ਬੁਖਾਰ ਪਾਇਆ ਗਿਆ, ਉਨ੍ਹਾਂ ਨੂੰ ਇਕਾਂਤਵਾਸ ਕੀਤਾ ਜਾਵੇਗਾ। ਇਨ੍ਹਾਂ ਦੇਸ਼ਾਂ ਤੋਂ ਆਉਣ ਵਾਲੇ ਯਾਤਰੀਆਂ ਵਾਸਤੇ ਸਿਹਤ ਸਬੰਧੀ ਜਾਣਕਾਰੀ ਸਾਂਝੀ ਕਰਨ ਲਈ 'ਏਅਰ ਸੁਵਿਧਾ' ਫਾਰਮ ਭਰਨਾ ਜਰੂਰੀ ਹੋਵੇਗਾ।

ਕੇਂਦਰੀ ਸਿਹਤ ਮੰਤਰੀ ਮਨਸੁਖ ਮਾਂਡਵੀਆ ਨੇ ਆਲਮੀ ਪੱਧਰ 'ਤੇ ਕਰੋਨਾ ਦੇ ਕੇਸਾਂ 'ਚ ਵਾਧਾ ਹੋਣ ਦਾ ਗੰਭੀਰ ਨੋਟਿਸ ਲੈਂਦਿਆਂ ਆਖਿਆ ਹੈ ਕਿ ਮਹਾਮਾਰੀ ਨਾਲ ਨਜਿੱਠਣ ਲਈ ਕੇਂਦਰ ਤੇ ਰਾਜਾਂ ਨੂੰ ਪਹਿਲਾਂ ਦੀ ਤਰ੍ਹਾਂ ਮਿਲ ਕੇ ਕੰਮ ਕਰਨ ਦੀ ਜਰੂਰਤ ਹੈ। ਉਨ੍ਹਾਂ ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਆਕਸੀਜਨ ਪਲਾਂਟਾਂ, ਵੈਂਟੀਲੇਟਰਾਂ, ਸਾਜੋ-ਸਾਮਾਨ ਅਤੇ ਮਨੁੱਖੀ ਸਰੋਤਾਂ 'ਤੇ ਵਿਸ਼ੇਸ਼ ਧਿਆਨ ਦੇਣ ਦੇ ਨਾਲ ਨਾਲ ਬੁਨਿਆਦੀ ਢਾਂਚੇ ਦੀ ਤਿਆਰੀ ਯਕੀਨੀ ਬਣਾਉਣ ਲਈ ਸਾਰੀਆਂ ਸਿਹਤ ਸਹੂਲਤਾਂ 'ਚ ਮੌਕ ਡਰਿੱਲ ਕਰਨ ਦੀ ਸਲਾਹ ਦਿੱਤੀ ਹੈ। ਕੇਂਦਰੀ ਮੰਤਰੀ ਨੇ ਰਾਜਾਂ ਦੇ ਸਿਹਤ ਮੰਤਰੀਆਂ, ਪ੍ਰਿੰਸੀਪਲ ਸਕੱਤਰਾਂ, ਵਧੀਕ ਮੁੱਖ ਸਕੱਤਰਾਂ ਤੇ ਸੂਚਨਾ ਕਮਿਸ਼ਨਰਾਂ ਨਾਲ ਆਨਲਾਈਨ ਮੀਟਿੰਗ ਦੌਰਾਨ ਕਿਹਾ ਕਿ ਦੇਸ਼ ਨੂੰ ਚੌਕਸ ਰਹਿਣ ਤੇ ਕਰੋਨਾ ਵਾਇਰਸ ਨਾਲ ਨਜਿੱਠਣ ਲਈ ਪੂਰੀਆਂ ਤਿਆਰੀਆਂ ਰੱਖਣ ਦੀ ਜਰੂਰਤ ਹੈ। ਚੀਨ, ਜਪਾਨ, ਬ੍ਰਾਜੀਲ ਤੇ ਅਮਰੀਕਾ 'ਚ ਪਿੱਛੇ ਜਿਹੇ ਕਰੋਨਾ ਦੇ ਕੇਸਾਂ 'ਚ ਵਾਧੇ ਦੇ ਮੱਦੇਨਜ਼ਰ ਹੋਈ ਇਸ ਮੀਟਿੰਗ 'ਚ ਕੇਂਦਰੀ ਸਿਹਤ ਰਾਜ ਮੰਤਰੀ ਭਾਰਤੀ ਪ੍ਰਵੀਨ ਪਵਾਰ, ਨੀਤੀ ਆਯੋਗ ਦੇ ਮੈਂਬਰ ਵੀਕੇ ਪੌਲ ਵੀ ਹਾਜਰ ਸਨ। ਮੀਟਿੰਗ ਦੌਰਾਨ ਕਰੋਨਾ ਨਾਲ ਨਜਿੱਠਣ ਦੀਆਂ ਤਿਆਰੀਆਂ ਤੇ ਕਰੋਨਾ ਰੋਕੂ ਟੀਕਾਕਰਨ ਮੁਹਿੰਮ ਦੀ ਪ੍ਰਗਤੀ ਦਾ ਜਾਇਜ਼ਾ ਲਿਆ ਗਿਆ।

ਇਸ ਸਬੰਧੀ ਜਾਰੀ ਕੀਤੇ ਗਏ ਅਧਿਕਾਰਤ ਬਿਆਨ ਅਨੁਸਾਰ ਰਾਜਾਂ ਨੂੰ ਅਗਾਊਂ ਤਿਆਰੀ ਰੱਖਣ ਲਈ ਕਿਹਾ ਗਿਆ ਹੈ। ਮੰਤਰੀ ਨੇ ਨਾਲ ਹੀ ਸਮੂਹਿਕ ਢੰਗ ਨਾਲ ਸਿਸਟਮ ਨੂੰ ਮੁੜ ਮਜ਼ਬੂਤ ਕਰਨ ਦੀ ਲੋੜ 'ਤੇ ਵੀ ਜੋਰ ਦਿੱਤਾ। ਉਨ੍ਹਾਂ ਰਾਜਾਂ ਤੇ ਯੂਟੀਜ ਨੂੰ ਆਰ.ਟੀ-ਪੀ.ਸੀ.ਆਰ. ਟੈਸਟ ਵਧਾਉਣ ਅਤੇ ਯੋਗ ਅਬਾਦੀ ਤੇ ਖਾਸ ਬਜ਼ੁਰਗਾਂ ਦਾ ਟੀਕਾਕਰਨ ਵਧਾਉਣ ਦੀ ਸਲਾਹ ਦਿੱਤੀ। ਆਉਣ ਵਾਲੇ ਤਿਉਹਾਰਾਂ ਤੇ ਨਵੇਂ ਸਾਲ ਦੇ ਜਸ਼ਨਾਂ ਨੂੰ ਧਿਆਨ 'ਚ ਰੱਖਦਿਆਂ ਸਿਹਤ ਮੰਤਰੀ ਨੇ ਲੋਕਾਂ ਨੂੰ ਜਾਗਰੂਕ ਕਰਨ ਦੀਆਂ ਮੁਹਿੰਮਾਂ ਚਲਾਉਣ ਤੇ ਕਰੋਨਾ ਤੋਂ ਬਚਣ ਲਈ ਹਦਾਇਤਾਂ ਦੀ ਪਾਲਣਾ 'ਤੇ ਜੋਰ ਦਿੱਤਾ। ਮਾਂਡਵੀਆ ਨੇ ਸੂਬਿਆਂ ਦੇ ਸਿਹਤ ਮੰਤਰੀਆਂ ਨੂੰ ਨਿੱਜੀ ਤੌਰ 'ਤੇ ਸਾਰੇ ਬੁਨਿਆਦੀ ਢਾਂਚੇ ਦੀਆਂ ਤਿਆਰੀਆਂ ਦੀ ਨਿਗਰਾਨੀ ਤੇ ਸਮੀਖਿਆ ਕਰਨ ਅਤੇ ਜਰੂਰੀ ਦਵਾਈਆਂ ਦਾ ਲੋੜੀਂਦਾ ਸਟਾਕ ਯਕੀਨੀ ਬਣਾਉਣ ਲਈ ਕਿਹਾ ਹੈ।



## ਇਕੱਠ ਨਾ ਕਰਨ ਤੇ ਵਿਦੇਸ਼ ਯਾਤਰਾ ਤੋਂ ਬਚਣ ਦੀ ਸਲਾਹ

**ਨਵੀਂ ਦਿੱਲੀ:** ਭਾਰਤੀ ਮੈਡੀਕਲ ਐਸੋਸੀਏਸ਼ਨ (ਆਈ.ਐਮ.ਏ.) ਨੇ ਚੀਨ ਸਮੇਤ ਦੁਨੀਆਂ ਦੇ ਕੁਝ ਮੁਲਕਾਂ 'ਚ ਕਰੋਨਾ ਦੇ ਕੇਸ ਵਧਣ ਦੇ ਮੱਦੇਨਜ਼ਰ ਲੋਕਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਵਿਆਹ ਸਮਾਗਮ, ਸਿਆਸੀ ਜਾਂ ਸਮਾਜਿਕ ਮੀਟਿੰਗਾਂ ਜਿਹੇ ਜਨਤਕ ਇਕੱਠਾਂ ਦੇ ਨਾਲ-ਨਾਲ ਕੌਮਾਂਤਰੀ ਯਾਤਰਾ ਤੋਂ ਵੀ ਬਚਣ ਦੀ ਕੋਸ਼ਿਸ਼ ਕਰਨ। ਇਸ ਦੇ ਨਾਲ ਹੀ ਆਈ.ਐਮ.ਏ. ਨੇ ਲੋਕਾਂ ਨੂੰ ਇਹਤਿਆਤੀ ਟੀਕੇ ਸਮੇਤ ਕਰੋਨਾ ਰੋਕੂ ਟੀਕਾਕਰਨ ਕਰਵਾਉਣ ਤੇ ਕਰੋਨਾ ਤੋਂ ਬਚਾਅ ਲਈ ਜਾਰੀ ਹਦਾਇਤਾਂ ਦਾ ਪਾਲਣ ਯਕੀਨੀ ਬਣਾਉਣ ਲਈ ਵੀ ਕਿਹਾ ਹੈ।

## ਜਨਤਕ ਥਾਵਾਂ 'ਤੇ ਮਾਸਕ ਪਾਓ: ਭਗੰਵਤ ਮਾਨ

**ਚੰਡੀਗੜ੍ਹ:** ਮੁੱਖ ਮੰਤਰੀ ਭਗੰਵਤ ਮਾਨ ਨੇ ਕੋਵਿਡ-19 ਨਾਲ ਨਜਿੱਠਣ ਲਈ ਤਿਆਰੀਆਂ ਸਬੰਧੀ ਸੱਦੀ ਮੀਟਿੰਗ ਦੌਰਾਨ ਪੰਜਾਬ ਸਰਕਾਰ ਦੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਕੋਵਿਡ ਮਹਾਂਮਾਰੀ ਦੀ ਤਾਜ਼ਾ ਲਹਿਰ ਦੇ ਮੱਦੇਨਜ਼ਰ ਸੰਭਾਵਿਤ ਖ਼ਤਰੇ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ। ਮੁੱਖ ਮੰਤਰੀ ਨੇ ਹਰੇਕ ਵਿਅਕਤੀ ਨੂੰ ਸਾਰੀਆਂ ਵਿੱਦਿਅਕ ਸੰਸਥਾਵਾਂ, ਸਰਕਾਰੀ ਤੇ ਪ੍ਰਾਈਵੇਟ ਦਫਤਰਾਂ ਅਤੇ ਅੰਦਰੂਨੀ ਤੇ ਬਾਹਰੀ ਇਕੱਠਾਂ, ਮਾਲਜ਼ ਅਤੇ ਜਨਤਕ ਥਾਵਾਂ 'ਤੇ ਮਾਸਕ ਪਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਡਿਪਟੀ ਕਮਿਸ਼ਨਰਾਂ ਨੂੰ ਵੀ ਆਪੋ-ਆਪਣੇ ਜ਼ਿਲ੍ਹਿਆਂ ਵਿਚ ਪ੍ਰਬੰਧਾਂ ਦਾ ਲਗਾਤਾਰ ਜਾਇਜ਼ਾ ਲੈਣ ਲਈ ਆਖਿਆ ਹੈ।

## ਭਾਰਤ ਦੀ ਨੱਕ ਵਾਲੀ ਵੈਕਸੀਨ ਮਨਜ਼ੂਰ


**ਨਵੀਂ ਦਿੱਲੀ:** 'ਭਾਰਤ ਬਾਇਓਟੈੱਕ' ਦੇ 'ਇੰਟਰਾਨੇਜ਼ਲ ਕੋਵਿਡ' ਵੈਕਸੀਨ ਨੂੰ 18 ਸਾਲ ਤੋਂ ਵੱਧ ਉਮਰ ਦੇ ਲੋਕਾਂ ਲਈ ਬੂਸਟਰ ਖੁਰਾਕ ਵਜੋਂ ਵਰਤਣ ਦੀ ਕੇਂਦਰੀ ਸਿਹਤ ਮੰਤਰਾਲੇ ਨੇ ਮਨਜ਼ੂਰੀ ਦੇ ਦਿੱਤੀ ਹੈ। ਅਧਿਕਾਰੀਆਂ ਅਨੁਸਾਰ ਇਸ ਟੀਕੇ 'ਚ ਕਿਸੇ ਤਰ੍ਹਾਂ ਦੀ ਸੂਈ ਦੀ ਵਰਤੋਂ ਨਹੀਂ ਹੋਵੇਗੀ ਅਤੇ ਇਸ ਨੂੰ ਨੱਕ ਰਾਹੀਂ ਦਿੱਤਾ ਜਾਵੇਗਾ। ਇਹ ਨਿੱਜੀ ਹਸਪਤਾਲਾਂ 'ਚ ਮੁਹੱਈਆ ਹੋਵੇਗੀ। ਇਸ ਨੂੰ ਇਹਤਿਆਤੀ ਖੁਰਾਕ ਵਜੋਂ ਉਨ੍ਹਾਂ ਬਾਲਗਾਂ ਨੂੰ ਦਿੱਤਾ ਜਾ ਸਕਦਾ ਹੈ ਜੋ ਕੋਵੀਸ਼ੀਲਡ ਜਾਂ ਕੋਵੈਕਸੀਨ ਦੀਆਂ ਦੋ ਖੁਰਾਕਾਂ ਲਗਵਾ ਚੁੱਕੇ ਹਨ। ਚੀਨ ਤੇ ਕੁਝ ਹੋਰ ਮੁਲਕਾਂ 'ਚ ਕਰੋਨਾ ਵਾਇਰਸ ਦੀ ਲਾਗ ਵਧਣ ਦੇ ਵਿਚਾਲੇ ਇਸ ਟੀਕੇ ਨੂੰ ਮਨਜ਼ੂਰੀ ਮਿਲੀ ਹੈ।

## ਭਾਰਤ 'ਚ ਕਰੋਨਾ ਕੇਸ ਵਧਣ ਦੀ ਉਮੀਦ ਘੱਟ

**ਨਵੀਂ ਦਿੱਲੀ:** ਵਾਇਰਸ ਨਾਲ ਸਬੰਧਤ ਬਿਮਾਰੀਆਂ ਦੀ ਉੱਘੀ ਮਾਹਿਰ ਗਗਨਦੀਪ ਕੰਗ ਨੇ ਕਿਹਾ ਕਿ ਭਾਰਤ 'ਚ ਓਮੀਕਰੋਨ ਦੀ ਨਵੀਂ ਕਿਸਮ ਐਕਸ.ਬੀ.ਬੀ. ਤੇ ਬੀ.ਐਫ.7 ਦੇ ਕੁਝ ਕੁ ਕੇਸ ਹੀ ਸਾਹਮਣੇ ਆਏ ਹਨ ਪਰ ਇਨ੍ਹਾਂ 'ਚ ਕੋਈ ਵਾਧਾ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਭਾਰਤ 'ਚ ਕਰੋਨਾ ਦੇ ਕੇਸ ਵਧਣ ਦੀ ਵੀ ਉਮੀਦ ਘੱਟ ਹੈ। ਕ੍ਰਿਸਚੀਅਨ ਮੈਡੀਕਲ ਕਾਲਜ ਦੀ ਪ੍ਰੋਫੈਸਰ ਨੇ ਟਵੀਟ ਕੀਤਾ, 'ਇਹ (ਵਾਇਰਸ) ਸਾਰੇ ਓਮੀਕਰੋਨ ਦੀਆਂ ਉਪ ਕਿਸਮਾਂ ਦੀ ਤਰ੍ਹਾਂ ਲੋਕਾਂ ਨੂੰ ਬਿਮਾਰ ਕਰਨ 'ਚ ਸਮਰੱਥ ਹਨ ਕਿਉਂਕਿ ਇਹ ਇਮਿਊਨ ਪ੍ਰਤੀਕਿਰਿਆ ਤੋਂ ਬਚਦੇ ਹਨ ਜੋ ਲਾਗ ਨੂੰ ਰੋਕਦਾ ਹੈ ਪਰ ਡੈਲਟਾ ਮੁਕਾਬਲੇ ਇਹ ਜ਼ਿਆਦਾ ਗੰਭੀਰ ਬਿਮਾਰੀ ਪੈਦਾ ਨਹੀਂ ਕਰ ਰਿਹਾ।' ਉਨ੍ਹਾਂ ਕਿਹਾ ਕਿ ਭਾਰਤ 'ਚ ਸਥਿਤੀ ਫਿਲਹਾਲ ਠੀਕ ਹੈ ਪਰ ਵਾਇਰਸ ਦੇ ਵਿਹਾਰ 'ਚ ਕਿਸੇ ਤਰ੍ਹਾਂ ਦੀ ਤਬਦੀਲੀ ਦੇ ਸੰਕੇਤ ਦਾ ਪਤਾ ਲਾਉਣ ਲਈ ਨਿਗਰਾਨੀ ਯਕੀਨੀ ਬਣਾਈ ਜਾਣੀ ਚਾਹੀਦੀ ਹੈ।

## ਡਬਲਯੂ.ਐਚ.ਓ. ਦੀ ਕੋਵਿਡ ਰਿਪੋਰਟ 'ਚੋਂ ਚੀਨੀ ਮਰੀਜ਼ਾਂ ਦਾ ਡੇਟਾ ਗਾਇਬ

**ਪੇਈਚਿੰਗ:** ਵਿਸ਼ਵ ਸਿਹਤ ਸੰਸਥਾ ਨੂੰ ਚੀਨ ਵੱਲੋਂ ਜ਼ੀਰੋ ਕੋਵਿਡ ਪਾਲਿਸੀ ਖਤਮ ਕੀਤੇ ਜਾਣ ਦੇ ਬਾਅਦ ਤੋਂ ਉਥੋਂ ਦੇ ਹਸਪਤਾਲਾਂ ਵਿਚ ਭਰਤੀ ਹੋਏ ਨਵੇਂ ਕੋਵਿਡ-19 ਮਰੀਜ਼ਾਂ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ ਹੈ। ਇਸ ਗੱਲ ਨੇ ਸਿਹਤ ਮਾਹਿਰਾਂ ਦੀ ਚਿੰਤਾ ਵਧਾ ਦਿੱਤੀ ਹੈ ਜਿਨ੍ਹਾਂ ਦਾ ਕਹਿਣਾ ਹੈ ਕਿ ਕਿਤੇ ਚੀਨ ਕਰੋਨਾ ਕੇਸਾਂ ਦੀ ਗਿਣਤੀ ਛਿਪਾ ਤਾਂ ਨਹੀਂ ਰਿਹਾ ਹੈ। ਹਾਲਾਂਕਿ, ਵਿਸ਼ਵ ਸਿਹਤ ਸੰਸਥਾ ਨੇ ਚੀਨ ਦਾ ਬਚਾਅ ਕੀਤਾ ਹੈ। ਉਸ ਦਾ ਕਹਿਣਾ ਹੈ ਕਿ ਅੰਕੜਿਆਂ ਵਿਚ ਅੰਤਰ ਚੀਨੀ ਅਧਿਕਾਰੀਆਂ ਦੇ ਕੇਸਾਂ ਦੇ ਮਿਲਾਨ ਵਿਚ ਰੁੱਝੇ ਹੋਣਾ ਹੋ ਸਕਦਾ ਹੈ।




ਵਿਸ਼ਵ ਸਿਹਤ ਸੰਸਥਾ ਦੀ ਹਫਤਾਵਾਰੀ ਰਿਪੋਰਟ ਅਨੁਸਾਰ ਚੀਨ ਵੱਲੋਂ 7 ਦਸੰਬਰ ਨੂੰ ਕਰੋਨਾ ਪਾਬੰਦੀਆਂ ਹਟਾਉਣ ਨਾਲ ਉਥੇ ਕਰੋਨਾ ਕੇਸਾਂ ਦੀ ਗਿਣਤੀ ਵਿਚ ਤੇਜੀ ਨਾਲ ਵਾਧਾ ਹੋਇਆ ਹੈ। ਡਬਲਿਊ.ਐਚ.ਓ. ਦੇ ਗ੍ਰਾਫ ਵਿਚ ਚੀਨ 4 ਦਸੰਬਰ ਤੱਕ 28,859 ਕੇਸਾਂ ਨਾਲ ਸਿਖਰ 'ਤੇ ਸੀ ਤੇ ਇਹ ਗਿਣਤੀ ਤਿੰਨ ਵਰ੍ਹੇ ਪਹਿਲਾਂ ਕਰੋਨਾ ਦਾ ਪਹਿਲਾ ਕੇਸ ਸਾਹਮਣੇ ਆਉਣ ਦੇ ਬਾਅਦ ਤੋਂ ਸਭ ਤੋਂ ਵਧ ਹੈ, ਪਰ ਇਸ ਦਾ ਵਿਸ਼ਵ ਸਿਹਤ ਸੰਸਥਾ ਦੀਆਂ ਹਾਲੀਆ ਦੋ ਰਿਪੋਰਟਾਂ ਵਿਚ ਕੋਈ ਜ਼ਿਕਰ ਨਹੀਂ ਹੈ।

## ਰੱਖਿਆ ਬਲਾਂ ਲਈ 'ਇਕ ਰੈਂਕ ਇਕ ਪੈਨਸ਼ਨ' 'ਚ ਸੋਧ ਦੀ ਤਜਵੀਜ਼ ਮਨਜ਼ੂਰ

**ਨਵੀਂ ਦਿੱਲੀ:** ਕੇਂਦਰੀ ਕੈਬਨਿਟ ਨੇ ਰੱਖਿਆ ਬਲਾਂ ਦੇ ਕਰਮੀਆਂ ਤੇ ਪਰਿਵਾਰ ਦੇ ਪੈਨਸ਼ਨਧਾਰਕਾਂ ਲਈ 'ਇਕ ਰੈਂਕ ਇਕ ਪੈਨਸ਼ਨ' ਦੀਆਂ ਤਜਵੀਜ਼ਾਂ ਵਿਚ ਸੋਧ ਦੇ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਹੈ। ਸੂਚਨਾ ਤੇ ਪ੍ਰਸਾਰਨ ਮੰਤਰੀ ਅਨੁਰਾਗ ਠਾਕੁਰ ਨੇ ਮੀਡੀਆ ਨੂੰ ਦੱਸਿਆ ਕਿ ਇਸ ਦਾ ਲਾਭ ਪੈਨਸ਼ਨ ਲੈਣ ਵਾਲੇ ਪਰਿਵਾਰਕ ਮੈਂਬਰਾਂ ਦੇ ਨਾਲ ਜੰਗ ਵਿਚ ਸ਼ਹੀਦ ਹੋਣ ਵਾਲੇ ਜਵਾਨਾਂ ਦੀਆਂ ਵਿਧਵਾ ਪਤਨੀਆਂ ਤੇ ਦਿਵਿਆਂਗ ਪੈਨਸ਼ਨਧਾਰਕਾਂ ਨੂੰ ਵੀ ਮਿਲੇਗਾ।

ਇਹ ਇਕ ਜੁਲਾਈ 2019 ਤੋਂ ਪ੍ਰਭਾਵੀ ਹੋਵੇਗਾ। ਉਨ੍ਹਾਂ ਦੱਸਿਆ ਕਿ ਇਸ ਕਾਰਨ ਸਰਕਾਰੀ ਖਜਾਨੇ ਉਤੇ ਹਰ ਸਾਲ 8450 ਕਰੋੜ ਰੁਪਏ ਦਾ ਬੋਝ ਪਵੇਗਾ। ਮੰਤਰੀ ਨੇ ਦੱਸਿਆ ਕਿ ਇਸ ਤਹਿਤ ਜੁਲਾਈ 2019 ਤੋਂ ਜੂਨ 2022 ਤੱਕ ਦੇ ਵਕਫ਼ੇ ਦਾ ਬਕਾਇਆ ਵੀ ਦਿੱਤਾ ਜਾਵੇਗਾ ਜਿਸ ਦੇ ਮੱਦ ਵਿਚ 23,638.07 ਕਰੋੜ ਰੁਪਏ ਦੀ ਰਾਸ਼ੀ ਬਣਦੀ ਹੈ। ਠਾਕੁਰ ਨੇ ਕਿਹਾ ਕਿ ਇਸ ਦਾ ਲਾਭ ਸਾਰੇ ਰੱਖਿਆ ਬਲਾਂ ਤੋਂ ਸੇਵਾਮੁਕਤ ਹੋਣ ਵਾਲਿਆਂ ਤੇ ਪਰਿਵਾਰ ਦੇ ਪੈਨਸ਼ਨਧਾਰਕਾਂ ਨੂੰ ਮਿਲੇਗਾ। ਇਸ ਦਾ ਲਾਭ 4.52 ਲੱਖ ਨਵੇਂ ਲਾਭਪਾਤਰੀਆਂ ਸਹਿਤ ਹਥਿਆਰਬੰਦ ਬਲਾਂ ਦੇ 25.13 ਲੱਖ ਪੈਨਸ਼ਨਧਾਰਕਾਂ ਤੇ ਪਰਿਵਾਰ ਦੇ ਪੈਨਸ਼ਨਧਾਰਕਾਂ ਨੂੰ ਵੀ ਮਿਲੇਗਾ। ਸਰਕਾਰੀ ਬਿਆਨ ਮੁਤਾਬਕ ਪਹਿਲਾਂ ਪੈਨਸ਼ਨ ਲੈ ਰਹੇ ਲੋਕਾਂ ਦੀ ਪੈਨਸ਼ਨ ਕੈਲੰਡਰ ਸਾਲ 2018 ਵਿਚ ਬਰਾਬਰ ਸੇਵਾਕਾਲ ਦੇ ਨਾਲ ਬਰਾਬਰ ਰੈਂਕ ਉਤੇ ਸੇਵਾਮੁਕਤ ਹੋਣ ਵਾਲੇ ਰੱਖਿਆ ਬਲਾਂ ਦੇ ਕਰਮੀਆਂ ਦੀ ਘੱਟੋ-ਘੱਟ ਪੈਨਸ਼ਨ ਦੇ ਔਸਤ ਦੇ ਅਧਾਰ ਉਤੇ ਮੁੜ ਤੋਂ ਨਿਰਧਾਰਤ ਕੀਤੀ ਜਾਵੇਗੀ। ਇਸ ਔਸਤ ਨਾਲ ਜ਼ਿਆਦਾ ਪੈਨਸ਼ਨ ਲੈਣ ਵਾਲੇ ਲੋਕਾਂ ਦੀ ਪੈਨਸ਼ਨ ਨੂੰ ਤੈਅ ਕੀਤਾ ਜਾਵੇਗਾ। ਬਕਾਏ ਦਾ ਭੁਗਤਾਨ ਚਾਰ ਛਿਮਾਹੀ ਕਿਸ਼ਤਾਂ ਵਿਚ ਕੀਤਾ ਜਾਵੇਗਾ।

## ਚੀਨ ਵਿਚ ਮੁੜ ਤਬਾਹੀ ਮਚਾਉਣ ਲੱਗਾ ਕਰੋਨਾ ਵਾਇਰਸ

**ਬਾਜਹੋਊ (ਚੀਨ):** ਚੀਨ ਵਿਚ ਕਰੋਨਾ ਵਾਇਰਸ ਦਾ ਪਹਿਲਾ ਕੇਸ ਸਾਹਮਣੇ ਆਉਣ ਤੋਂ ਲਗਭਗ ਤਿੰਨ ਸਾਲ ਬਾਅਦ ਦੇਸ਼ ਵਿਚ ਕਰੋਨਾ ਮੁੜ ਪੈਰ ਪਸਾਰਨ ਲੱਗਾ ਹੈ। ਮਾਹਿਰਾਂ ਅਨੁਸਾਰ ਦੇਸ਼ ਦੇ 1.4 ਅਰਬ ਲੋਕਾਂ ਲਈ ਅਗਲੇ ਕੁਝ ਮਹੀਨੇ ਮੁਸ਼ਕਲ ਹੋਣ ਵਾਲੇ ਹਨ। ਚੀਨ ਨੇ 'ਜ਼ੀਰੋ ਕੋਵਿਡ' ਨੀਤੀ ਰਾਹੀਂ ਕਰੋਨਾ 'ਤੇ ਠੱਲ੍ਹ ਪਾਉਣ ਦੀ ਕੋਸ਼ਿਸ਼ ਕੀਤੀ ਪਰ ਲੋਕਾਂ ਦੇ ਵਿਰੋਧ ਪ੍ਰਦਰਸ਼ਨਾਂ ਮਗਰੋਂ 7 ਦਸੰਬਰ ਨੂੰ ਬਿਨਾਂ ਚਿਤਾਵਨੀ ਦੇ ਲੌਕਡਾਊਨ ਖੋਲ੍ਹਣ ਵਰਗੇ ਫੈਸਲੇ ਕਾਰਨ ਦੇਸ਼ ਵਿਚ ਕਰੋਨਾ ਦੇ ਕੇਸ ਮੁੜ ਵਧਣ ਲੱਗੇ ਹਨ। ਮਾਹਿਰਾਂ ਅਨੁਸਾਰ ਅਗਲੇ 10 ਤੋਂ 20 ਲੱਖ ਤੱਕ ਮੌਤਾਂ ਹੋ ਸਕਦੀਆਂ ਹਨ। ਹਾਲੇ ਇਹ ਸਪੱਸ਼ਟ ਨਹੀਂ ਹੈ ਕਿ ਇਸ ਵਾਰ ਇਹ ਲਾਗ ਕਿੰਨੇ ਵੱਡੇ ਪੱਧਰ ਤੱਕ ਫੈਲ ਸਕਦੀ ਹੈ ਕਿਉਂਕਿ ਚੀਨ ਨੇ ਕਰੋਨਾ ਦੇ ਟੈਸਟ ਕਰਨੇ ਘਟਾ ਦਿੱਤੇ ਹਨ।

ਹੇਬੇਈ ਸੂਬੇ ਦੇ ਬਾਓਡਿੰਗ ਅਤੇ ਲੈਂਗਫੈਂਗ ਇਲਾਕਿਆਂ ਨੇੜੇ ਹਸਪਤਾਲ ਮੁੜ ਮਰੀਜ਼ਾਂ ਨਾਲ ਭਰ ਗਏ ਹਨ। ਦੇਸ਼ ਭਰ ਵਿਚ ਲੋਕ ਆਪੋ-ਆਪਣੇ ਕੰਮਾਂ ਤੋਂ ਗੈਰਹਾਜ਼ਰ ਰਹਿਣ ਲੱਗੇ ਹਨ, ਬੁਖਾਰ ਦੀਆਂ ਦਵਾਈਆਂ ਦੀ ਘਾਟ ਆਉਣ ਲੱਗੀ ਹੈ ਅਤੇ ਸ਼ਮਸ਼ਾਨਘਾਟ ਵਿਚ ਕੰਮ ਕਰਦਾ ਸਟਾਫ ਓਵਰਟਾਈਮ ਕਰਨ ਲੱਗਾ ਹੈ। ਚੀਨ, ਸਿੰਗਾਪੁਰ, ਨਿਊਜ਼ੀਲੈਂਡ ਅਤੇ ਹਾਂਗਕਾਂਗ ਕਰੋਨਾ 'ਤੇ ਸਭ ਤੋਂ ਪਹਿਲਾਂ ਕਾਬੂ ਪਾਉਣ ਵਿਚ ਕਾਮਯਾਬ ਰਹੇ ਸਨ। ਜਾਣਕਾਰੀ ਅਨੁਸਾਰ ਚੀਨ ਵਿਚ ਓਮੀਕਰੋਨ ਵੇਲੇ ਕੀਤੀ ਗਈ ਵੈਕਸੀਨੇਸ਼ਨ ਦੀ ਦਰ ਹਾਂਗਕਾਂਗ ਨਾਲੋਂ ਕਾਫੀ ਜ਼ਿਆਦਾ ਹੈ ਪਰ ਇਸ ਦੀ ਵੈਕਸੀਨ ਬਾਕੀ ਦੇਸ਼ਾਂ ਦੇ ਮੁਕਾਬਲੇ ਕਾਫੀ ਕਮਜ਼ੋਰ ਹੈ। ਚੀਨ ਨੇ ਘਰੇਲੂ ਟੀਕਿਆਂ ਦੀ ਵਰਤੋਂ ਕੀਤੀ ਹੈ, ਜੋ ਹੋਰ ਕਈ ਥਾਈਂ ਵਰਤੀਆਂ ਜਾਂਦੀਆਂ ਐਮ.ਆਰ.ਐਨ.ਏ. ਵੈਕਸੀਨਾਂ ਨਾਲੋਂ ਪੁਰਾਣੀ ਤਕਨੀਕ 'ਤੇ ਨਿਰਭਰ ਕਰਦੀਆਂ ਹਨ। ਹਾਂਗਕਾਂਗ ਵਿਚ ਕਰਵਾਏ ਗਏ ਇਕ ਅਧਿਐਨ ਮੁਤਾਬਕ ਕਰੋਨਾਵੈਕ ਲੈਣ ਵਾਲੇ ਵਿਅਕਤੀਆਂ ਨੂੰ ਤੀਜੀ ਖੁਰਾਕ ਦੀ ਜਰੂਰਤ ਹੈ। ਚੀਨ ਵਿਚ ਜ਼ਿਆਦਾਤਰ ਲੋਕਾਂ ਨੇ ਕਰੋਨਾਵੈਕ ਜਾਂ ਸਿਨੋਫਾਰਮ ਵੈਕਸੀਨਾਂ ਲਈਆਂ ਹਨ।



## ਚੀਨ ਦੀ ਸਰਕਾਰ ਨੇ ਕਰੋਨਾ ਕੇਸਾਂ ਦੇ ਅੰਕੜੇ ਨਿੱਤ ਜਾਰੀ ਕਰਨੇ ਬੰਦ ਕੀਤੇ

**ਪੇਈਚਿੰਗ:** ਚੀਨ ਦਾ ਰਾਸ਼ਟਰੀ ਸਿਹਤ ਕਮਿਸ਼ਨ, ਜੋ ਨਿੱਤ ਦੇਸ਼ ਦੇ ਕੋਵਿਡ-9 ਕੇਸਾਂ ਦੇ ਅੰਕੜੇ ਜਾਰੀ ਕਰਦਾ ਸੀ, ਨੇ ਅਜਿਹੇ ਅੰਕੜੇ ਜਾਰੀ ਕਰਨਾ ਬੰਦ ਕਰ ਦਿੱਤਾ ਹੈ। ਰਾਸ਼ਟਰੀ ਸਿਹਤ ਕਮਿਸ਼ਨ ਨੇ ਇਕ ਬਿਆਨ ਵਿਚ ਕਿਹਾ ਰੋਜ਼ਾਨਾ ਕੋਵਿਡ ਕੇਸਾਂ ਦੇ ਅੰਕੜਿਆਂ ਨੂੰ ਪ੍ਰਕਾਸ਼ਿਤ ਕਰਨਾ ਬੰਦ ਕਰ ਦਿੱਤਾ ਹੈ। ਇਸ ਦੀ ਥਾਂ ਚੀਨੀ ਸੈਂਟਰ ਫਾਰ ਡਿਜੀਜ਼ ਕੰਟਰੋਲ ਐਂਡ ਪ੍ਰੀਵੈਂਸ਼ਨ ਅਧਿਐਨ ਕੋਵਿਡ ਸੰਬੰਧੀ ਜਾਣਕਾਰੀ ਜਾਰੀ ਕਰੇਗਾ। ਪਤਾ ਲੱਗਾ ਹੈ ਕਿ ਚੀਨ ਨੇ ਆਪਣੇ ਕਰੋਨਾ ਕੇਸਾਂ ਨੂੰ ਲੁਕਾਉਣ ਲਈ ਇਹ ਕਦਮ ਚੁੱਕਿਆ ਹੈ। ਸੂਤਰਾਂ ਮੁਤਾਬਕ ਚੀਨ ਵਿਚ ਨਿੱਤ ਲੱਖਾਂ ਲੋਕ ਕਰੋਨਾ ਤੋਂ ਪੀੜਤ ਹੋ ਰਹੇ ਹਨ ਤੇ ਕਰੀਬ 5000 ਮੌਤਾਂ ਹੋ ਰਹੀਆਂ ਹਨ।

## ਪ੍ਰਾਈਵੇਟ ਸਕੂਲਾਂ ਦੀ ਲੁੱਟ ਖਿਲਾਫ ਮਾਨ ਸਰਕਾਰ ਦੀ ਸਖਤੀ

**ਚੰਡੀਗੜ੍ਹ:** ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਆਖਿਆ ਹੈ ਕਿ ਪੰਜਾਬ ਸਰਕਾਰ ਸੂਬੇ ਦੇ ਕਿਸੇ ਵੀ ਪ੍ਰਾਈਵੇਟ ਸਕੂਲ ਨੂੰ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਦੀ ਲੁੱਟ ਕਰਨ ਦੀ ਆਗਿਆ ਨਹੀਂ ਦੇਵੇਗੀ ਅਤੇ ਜੋ ਵੀ ਪ੍ਰਾਈਵੇਟ ਅਦਾਰਾ ਨਿਯਮਾਂ ਦੀ ਉਲੰਘਣਾ ਕਰੇਗਾ ਉਸ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਵਿਭਾਗ ਦੇ ਨਿਰਧਾਰਿਤ ਨਿਯਮਾਂ ਅਨੁਸਾਰ ਕੰਮ ਕਰਨ ਵਾਲੇ ਹਰ ਪ੍ਰਾਈਵੇਟ ਅਦਾਰੇ ਨੂੰ ਪੂਰੀ ਖੁੱਲ੍ਹ ਹੋਵੇਗੀ, ਪਰ ਮਨਮਾਨੀਆਂ ਤੇ ਬੇਨਿਯਮੀਆਂ ਕਰਨ ਵਾਲਿਆਂ 'ਤੇ ਪੂਰੀ ਸਖ਼ਤੀ ਕੀਤੀ ਜਾਵੇਗੀ। ਸਿੱਖਿਆ ਮੰਤਰੀ ਨੇ ਦੱਸਿਆ ਕਿ ਫ਼ੀਸ ਰੈਗੂਲੇਟਰੀ ਬਾਡੀ ਪਟਿਆਲਾ ਵੱਲੋਂ ਜ਼ਿਲ੍ਹੇ ਦੇ ਦੋ ਪ੍ਰਾਈਵੇਟ ਸਕੂਲਾਂ ਨੂੰ ਵਿੱਦਿਅਕ ਸਾਲ 2022-23 ਦੌਰਾਨ ਵਸੂਲੀ ਗਈ ਵੱਧ ਫ਼ੀਸ ਵਿਦਿਆਰਥੀਆਂ ਨੂੰ ਵਾਪਸ ਕਰਨ ਦੀ ਹਦਾਇਤ ਕੀਤੀ ਗਈ ਹੈ ਤੇ ਦੋਵਾਂ ਸਕੂਲਾਂ ਨੂੰ ਜੁਰਮਾਨਾ ਵੀ ਲਗਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਪਟਿਆਲਾ ਦੇ ਰਿਆਨ ਇੰਟਰਨੈਸ਼ਨਲ ਸਕੂਲ, ਅਰਬਨ ਅਸਟੇਟ ਫ਼ੇਜ਼-2 ਤੇ ਕੇ.ਐਸ.ਬੀ. ਵਰਲਡ ਸਕੂਲ ਬੁਰੜ ਜ਼ਿਲ੍ਹਾ ਪਟਿਆਲਾ ਨੂੰ 2022-23 ਲਈ ਵੱਧ ਫੀਸ ਵਸੂਲਣ ਦੇ ਦੋਸ਼ ਹੇਠ ਕ੍ਰਮਵਾਰ ਦੋ ਲੱਖ ਤੇ ਇੱਕ ਲੱਖ ਦਾ ਜੁਰਮਾਨਾ ਕੀਤਾ ਗਿਆ ਹੈ।

# ਦਿੱਲੀ ਦੀ ਅਫਸਰਸ਼ਾਹੀ ਦੀ ਪੰਜਾਬ 'ਚ ਚੌਧਰ ਤੋਂ ਸਿਆਸੀ ਵਿਵਾਦ ਭਖਿਆ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ 1988 ਬੈਚ ਦੇ ਸੇਵਾਮੁਕਤ ਆਈ.ਏ.ਐਸ. ਅਧਿਕਾਰੀ ਸੱਤਿਆ ਗੋਪਾਲ ਨੂੰ ਰੀਅਲ ਅਸਟੇਟ ਰੈਗੂਲੇਟਰੀ ਅਥਾਰਿਟੀ (ਰੇਰਾ) ਪੰਜਾਬ ਦਾ ਚੇਅਰਮੈਨ ਤੇ ਸਾਬਕਾ ਆਈ.ਆਰ.ਐਸ. ਅਧਿਕਾਰੀ ਰਾਕੇਸ਼ ਗੋਇਲ ਨੂੰ ਇਸ ਦਾ ਮੈਂਬਰ ਨਿਯੁਕਤ ਕੀਤਾ ਹੈ।



ਇਨ੍ਹਾਂ ਅਧਿਕਾਰੀਆਂ ਦੀ ਨਿਯੁਕਤੀ ਤੋਂ ਹੁਣ ਨਵਾਂ ਸਿਆਸੀ ਵਿਵਾਦ ਖੜ੍ਹਾ ਹੋ ਗਿਆ ਹੈ। ਵਿਰੋਧੀ ਧਿਰਾਂ ਨੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਨੂੰ ਨਿਸ਼ਾਨੇ 'ਤੇ ਲਿਆ ਹੈ। ਜ਼ਿਕਰਯੋਗ ਹੈ ਕਿ ਸੱਤਿਆ ਗੋਪਾਲ ਬਿਹਾਰ ਦੇ ਬਾਸ਼ਿੰਦੇ ਹਨ ਅਤੇ ਦਿੱਲੀ ਸਰਕਾਰ 'ਚੋਂ ਬਤੌਰ ਵਧੀਕ ਮੁੱਖ ਸਕੱਤਰ ਜੁਲਾਈ ਮਹੀਨੇ ਹੀ ਸੇਵਾਮੁਕਤ ਹੋਏ ਹਨ। ਸੱਤਿਆ ਗੋਪਾਲ ਜਦੋਂ ਦੀਉ, ਦਮਨ ਤੇ ਦਾਦਰਾ ਦੇ 2011 ਵਿਚ ਪ੍ਰਬੰਧਕ ਸਨ ਤਾਂ ਉਦੋਂ ਵਿਵਾਦਾਂ ਵਿਚ ਘਿਰ ਗਏ ਸਨ। ਤਤਕਾਲੀ ਸੰਸਦ ਮੈਂਬਰ ਨਾਤੂ ਭਾਈ ਪਟੇਲ ਨੇ ਕੇਂਦਰੀ ਗ੍ਰਹਿ ਮੰਤਰਾਲੇ ਦੀ ਸਟੈਂਡਿੰਗ ਕਮੇਟੀ ਵਿਚ ਸੱਤਿਆ ਗੋਪਾਲ ਦੀ ਸ਼ਿਕਾਇਤ ਕੀਤੀ ਸੀ ਕਿ ਉਨ੍ਹਾਂ ਨੇ ਪ੍ਰਬੰਧਕੀ ਬੇਨਿਯਮੀਆਂ ਕੀਤੀਆਂ ਹਨ।

ਸਾਈਂ ਬਾਬਾ ਦੇ ਭਗਤ ਵਜੋਂ ਜਾਣੇ ਜਾਂਦੇ ਸੱਤਿਆ ਗੋਪਾਲ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਦੇ ਨੇੜਲੇ ਦੱਸੇ ਜਾ ਰਹੇ ਹਨ। ਸੱਤਿਆ ਗੋਪਾਲ ਜਦੋਂ ਅਰੁਣਾਚਲ ਪ੍ਰਦੇਸ਼ ਵਿਚ ਮੁੱਖ ਸਕੱਤਰ ਵਜੋਂ ਤਾਇਨਾਤ ਸਨ ਤਾਂ ਉਨ੍ਹਾਂ ਨੇ ਭਾਜਪਾ ਦੀ ਮੀਟਿੰਗ ਵਿਚ ਸ਼ਮੂਲੀਅਤ ਕੀਤੀ ਸੀ ਜਿਸ ਨੂੰ ਲੈ ਕੇ ਉਦੋਂ ਕਾਂਗਰਸ ਨੇ ਉਨ੍ਹਾਂ ਨੂੰ ਨਿਸ਼ਾਨੇ 'ਤੇ ਲਿਆ ਸੀ। ਉਸ ਵਕਤ ਅਰੁਣਾਚਲ ਪ੍ਰਦੇਸ਼ ਵਿਚ ਸੱਤਿਆ ਗੋਪਾਲ ਤੇ ਉਦੋਂ ਦੇ ਡੀ.ਜੀ.ਪੀ. ਐਸ.ਬੀ.ਕੇ. ਸਿੰਘ ਦਰਮਿਆਨ ਆਪਸੀ ਤਲਖ਼ੀ ਵੀ ਰਹੀ ਸੀ।

ਕੋਵਿਡ ਦੇ ਮਾਮਲੇ 'ਤੇ ਕੇਂਦਰ ਸਰਕਾਰ ਨੇ ਉਨ੍ਹਾਂ ਨੂੰ ਦਿੱਲੀ ਦੇ ਵਧੀਕ ਮੁੱਖ ਸਕੱਤਰ ਹੁੰਦੇ ਹੋਏ 'ਕਾਰਨ ਦੱਸੋ ਨੋਟਿਸ' ਜਾਰੀ ਕੀਤਾ ਸੀ। ਸਭ ਸਿਆਸੀ ਧਿਰਾਂ ਨੇ ਸੱਤਿਆ ਗੋਪਾਲ ਦੀ ਨਿਯੁਕਤੀ 'ਤੇ ਪੰਜਾਬ ਸਰਕਾਰ ਦੀ ਘੇਰਾਬੰਦੀ ਕੀਤੀ ਹੈ। ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਜਿੱਥੇ ਆਮ ਆਦਮੀ ਪਾਰਟੀ ਈਸਟ ਇੰਡੀਆ ਕੰਪਨੀ ਵਾਂਗ ਕੰਮ ਕਰ ਰਹੀ ਹੈ, ਉਥੇ ਇਸ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਪੰਜਾਬ ਨਾਲ ਬਸਤੀਵਾਦੀ ਕਲੋਨੀ ਵਾਂਗ ਸਲੂਕ ਕਰ ਰਹੇ ਹਨ ਤੇ ਆਪਣੇ ਵਿਸ਼ੇਸ਼ ਗੈਰ-ਪੰਜਾਬੀਆਂ ਨੂੰ ਸੂਬੇ ਵਿਚ ਵਸਾਇਆ ਜਾ ਰਿਹਾ ਹੈ। ਉਨ੍ਹਾਂ ਹੈਰਾਨੀ ਜਤਾਈ ਕਿ 'ਆਪ' ਸਰਕਾਰ ਵਿਚ ਅਹਿਮ ਅਹੁਦਿਆਂ ਲਈ ਕੋਈ ਯੋਗ ਪੰਜਾਬੀ ਕਿਉਂ ਨਹੀਂ ਲੱਭ ਸਕਿਆ।

ਉਨ੍ਹਾਂ ਕਿਹਾ ਕਿ ਪਹਿਲਾਂ 'ਆਪ' ਨੇ ਰਾਜ ਸਭਾ ਸੀਟਾਂ ਲਈ ਜ਼ਿਆਦਾਤਰ ਗੈਰ-ਪੰਜਾਬੀਆਂ ਅਤੇ ਗੈਰ-ਸਿਆਸਤਦਾਨਾਂ ਨੂੰ ਨਾਮਜ਼ਦ ਕੀਤਾ ਸੀ ਅਤੇ ਹੁਣ ਸੂਬੇ ਦੇ ਪ੍ਰਸ਼ਾਸਨ ਵਿਚ ਬਾਹਰੀ ਲੋਕਾਂ ਦੀ ਘੁਸਪੈਠ ਦੀ ਪ੍ਰਕਿਰਿਆ ਵੀ ਸ਼ੁਰੂ ਕਰ ਦਿੱਤੀ ਹੈ।

ਸ੍ਰੀ ਵੜਿੰਗ ਨੇ ਅਰਵਿੰਦ ਕੇਜਰੀਵਾਲ ਨੂੰ ਪੁੱਛਿਆ ''ਤੁਹਾਨੂੰ ਰੇਰਾ 'ਚ ਚੇਅਰਮੈਨ ਜਾਂ ਮੈਂਬਰਾਂ ਦੇ ਅਹੁਦਿਆਂ ਲਈ ਕੋਈ ਪੰਜਾਬੀ ਕਿਉਂ ਨਹੀਂ ਮਿਲਿਆ। ਜਿਸ ਕਾਰਨ ਤੁਹਾਨੂੰ ਬਾਹਰੋਂ ਲੋਕ ਲਿਆਉਣੇ ਪਏ।''

## 'ਪੰਜਾਬ ਦੇ ਮੁਨਾਫ਼ੇ ਵਾਲੇ ਕਾਰੋਬਾਰਾਂ ਉਤੇ ਨਜ਼ਰ'

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਦਿੱਲੀ ਦੇ ਸਾਬਕਾ ਵਧੀਕ ਮੁੱਖ ਸਕੱਤਰ ਸੱਤਿਆ ਗੋਪਾਲ ਤੇ ਸੇਵਾਮੁਕਤ ਅਧਿਕਾਰੀ ਰਾਕੇਸ਼ ਗੋਇਲ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਵਿਸ਼ਵਾਸਪਾਤਰ ਹਨ। ਸ੍ਰੀ ਬਾਜਵਾ ਨੇ ਕਿਹਾ ''ਮੈਨੂੰ ਸ਼ੱਕ ਹੈ ਕਿ ਦਿੱਲੀ ਵਿਚ ਬੈਠੀ 'ਆਪ' ਦੀ ਸੀਨੀਅਰ ਲੀਡਰਸ਼ਿਪ ਦੀ ਪੰਜਾਬ ਦੇ ਮੁਨਾਫ਼ੇ ਵਾਲੇ ਕਾਰੋਬਾਰਾਂ ਉਤੇ ਨਜ਼ਰ ਹੈ ਤਾਂ ਜੋ ਉਹ ਪਾਰਟੀ ਫੰਡ ਇਕੱਠਾ ਕਰ ਸਕਣ।''

## ਸੁਨੀਲ ਜਾਖੜ ਨੇ ਨਿਯੁਕਤੀ 'ਤੇ ਉਂਗਲ ਚੁੱਕੀ

**ਚੰਡੀਗੜ੍ਹ:** ਭਾਜਪਾ ਦੀ ਕੌਮੀ ਕਾਰਜਕਰਨੀ ਦੇ ਮੈਂਬਰ ਸੁਨੀਲ ਜਾਖੜ ਨੇ ਵੀ ਰੇਰਾ ਦੇ ਚੇਅਰਮੈਨ ਦੀ ਨਿਯੁਕਤੀ 'ਤੇ ਸੁਆਲ ਚੁੱਕੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਬਾਹਰਲੇ ਸੇਵਾਮੁਕਤ ਅਧਿਕਾਰੀ ਨੂੰ ਚੇਅਰਮੈਨ ਲਗਾ ਕੇ ਇਹ ਸਾਫ ਸੁਨੇਹਾ ਦਿੱਤਾ ਹੈ ਕਿ ਪੰਜਾਬ ਵਿਚ ਹੁਣ ਕੋਈ ਕਾਬਲ ਅਧਿਕਾਰੀ ਤੇ ਮਾਹਿਰ ਨਹੀਂ ਰਿਹਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਰਾਜਪਾਲ ਨੂੰ ਪੱਤਰ ਲਿਖ ਕੇ ਚੰਡੀਗੜ੍ਹ ਪ੍ਰਸ਼ਾਸਨ 'ਚ ਪੰਜਾਬ ਦੇ ਅਧਿਕਾਰੀਆਂ ਦੀ ਥਾਂ 'ਤੇ ਏ.ਜੀ.ਐਮ.ਯੂ.ਟੀ. ਕਾਡਰ ਦੇ ਅਧਿਕਾਰੀ ਲਾਏ ਜਾਣ 'ਤੇ ਇਤਰਾਜ਼ ਕੀਤਾ ਸੀ। ਹੁਣ ਉਨ੍ਹਾਂ ਦਾ ਤਰਕ ਕੀ ਹੋਵੇਗਾ।

# ਕੇਂਦਰ ਨੇ ਪੰਜਾਬ ਨੂੰ 'ਏ' ਸ਼੍ਰੇਣੀ 'ਚ ਸ਼ਾਮਲ ਕਰਨ ਦੀ ਮੰਗ ਠੁਕਰਾਈ

**ਨਵੀਂ ਦਿੱਲੀ:** ਪੰਜਾਬ ਵਿਚ ਪੁਲਿਸ ਦੇ ਆਧੁਨਿਕੀਕਰਨ ਸਬੰਧੀ ਕੇਂਦਰੀ ਮਦਦ ਬਾਰੇ ਯੋਜਨਾ ਦੇ ਮੰਤਵ ਲਈ ਸੂਬੇ ਨੂੰ 'ਏ' ਸ਼੍ਰੇਣੀ ਵਿਚ ਸ਼ਾਮਲ ਕਰਨ ਦਾ ਕੇਂਦਰ ਦਾ ਕੋਈ ਪ੍ਰਸਤਾਵ ਨਹੀਂ ਹੈ। ਇਹ ਜਾਣਕਾਰੀ ਕੇਂਦਰੀ ਗ੍ਰਹਿ ਰਾਜ ਮੰਤਰੀ ਨਿਤਿਆਨੰਦ ਰਾਏ ਨੇ ਰਾਜ ਸਭਾ ਵਿਚ ਦਿੱਤੀ।

ਕੇਂਦਰੀ ਗ੍ਰਹਿ ਰਾਜ ਮੰਤਰੀ ਵੱਲੋਂ ਇਹ ਜਾਣਕਾਰੀ 'ਆਪ' ਦੇ ਸੰਸਦ ਮੈਂਬਰ ਰਾਘਵ ਚੱਢਾ ਵੱਲੋਂ ਪੁੱਛੇ ਇਕ ਸਵਾਲ ਦੇ ਲਿਖਤੀ ਜਵਾਬ ਵਿਚ ਦਿੱਤੀ। ਰਾਘਵ ਚੱਢਾ ਨੇ ਆਪਣੇ ਸਵਾਲ ਵਿਚ ਪੁੱਛਿਆ ਸੀ ਕਿ ਕੀ ਗ੍ਰਹਿ ਮੰਤਰਾਲਾ ਪੰਜਾਬ ਨੂੰ 'ਬੀ' ਸ਼੍ਰੇਣੀ ਦੇ ਨਾਂ ਤੋਂ 'ਏ' ਸ਼੍ਰੇਣੀ ਵਿਚ ਕਰਨ ਦੀ ਮੰਗ ਬਾਰੇ ਵਿਚਾਰ ਕਰ ਰਿਹਾ ਹੈ, ਜਿਸ ਉਤੇ ਕੇਂਦਰ ਵੱਲੋਂ ਦਿੱਤੇ ਜਵਾਬ ਵਿਚ ਕਿਹਾ ਗਿਆ ਕਿ ਅਜਿਹਾ ਕੋਈ ਵੀ ਪ੍ਰਸਤਾਵ ਵਿਚਾਰ ਗੋਚਰੇ ਨਹੀਂ ਹੈ। ਰਾਏ ਨੇ ਇਸ ਸਬੰਧੀ ਦਿੱਤੇ ਜਵਾਬ ਵਿਚ ਅੱਗੇ ਸਪੱਸ਼ਟੀਕਰਨ ਦਿੰਦਿਆਂ ਕਿਹਾ ਕਿ ਕੇਂਦਰੀ ਮਦਦ ਵਾਲੀਆਂ ਸਕੀਮਾਂ ਦੀ ਫੰਡਿੰਗ ਬਾਰੇ ਨੀਤੀ ਆਯੋਗ ਵੱਲੋਂ ਫੈਸਲਾ ਲਿਆ ਜਾਂਦਾ ਹੈ। ਇਸ ਯੋਜਨਾ ਬਾਰੇ ਵੀ ਇਹ ਫੈਸਲਾ ਉਸੇ ਹੀ ਆਧਾਰ ਉਤੇ ਲਿਆ ਗਿਆ ਹੈ। ਆਯੋਗ ਮੁਤਾਬਕ 10 ਰਾਜਾਂ ਨੂੰ 'ਏ' ਸ਼੍ਰੇਣੀ ਵਿਚ ਰੱਖਿਆ ਗਿਆ ਹੈ ਜਿਸ ਵਿਚ ਕੇਂਦਰ ਬਨਾਮ ਰਾਜਾਂ ਦੇ ਫੰਡ ਦੀ ਰਕਮ 90 ਅਤੇ 10 ਫੀਸਦੀ ਹੁੰਦੀ ਹੈ। 'ਏ' ਸ਼੍ਰੇਣੀ ਦੇ 10 ਰਾਜਾਂ ਵਿਚ 8 ਉਤਰ ਪੂਰਬੀ ਰਾਜ ਅਤੇ ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਸ਼ਾਮਲ ਹਨ, ਜਦਕਿ ਬਾਕੀ ਸਾਰੇ ਰਾਜਾਂ ਵਿਚ ਇਹ ਸਕੀਮ 60 ਅਤੇ 40 ਦੇ ਅਨੁਪਾਤ ਵਿਚ ਹੈ। ਭਾਵ 60 ਫੀਸਦੀ ਫੰਡ ਕੇਂਦਰ ਵੱਲੋਂ ਅਤੇ 40 ਫੀਸਦੀ ਰਾਜਾਂ ਵੱਲੋਂ ਕੀਤਾ ਜਾਂਦਾ ਹੈ।

ਕੇਂਦਰ ਨੇ ਪੰਜਾਬ ਨੂੰ ਇਕ ਹੋਰ ਝਟਕਾ ਦਿੰਦਿਆਂ ਸੂਬੇ ਦੀ 150 ਕਰੋੜ ਰੁਪਏ ਦੇ ਵਾਧੂ ਫੰਡ ਦੀ ਮੰਗ ਨਾਮਨਜ਼ੂਰ ਕਰ ਦਿੱਤੀ। ਕੇਂਦਰੀ ਗ੍ਰਹਿ ਰਾਜ ਮੰਤਰੀ ਨਿਤਿਆਨੰਦ ਰਾਏ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਸਰਹੱਦੀ ਥਾਣਿਆਂ ਤੇ ਖੁਫੀਆ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਪ੍ਰਸਤਾਵ ਕੇਂਦਰ ਕੋਲ ਆਇਆ ਹੈ, ਪਰ ਯੋਜਨਾ ਤਹਿਤ ਵਾਧੂ ਫੰਡ ਮੁਹੱਈਆ ਨਾ ਹੋਣ ਕਾਰਨ ਇਹ ਪ੍ਰਸਤਾਵ ਸਵੀਕਾਰ ਨਹੀਂ ਕੀਤਾ ਜਾ ਸਕਦਾ।

# ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਨੂੰ ਰਿਹਾਅ ਕਰਨ ਲਈ ਆਖਿਆ

**ਨਵੀਂ ਦਿੱਲੀ:** ਕੇਂਦਰ ਨੇ ਸੂਬਾ ਸਰਕਾਰਾਂ ਨੂੰ ਉਨ੍ਹਾਂ ਕੈਦੀਆਂ ਨੂੰ ਰਿਹਾਅ ਕਰਨ ਲਈ ਕਿਹਾ ਹੈ ਜੋ ਆਪਣੀਆਂ ਸਜਾਵਾਂ ਪੂਰੀਆਂ ਕਰ ਚੁੱਕੇ ਹਨ ਪਰ ਜੁਰਮਾਨਾ ਅਦਾ ਨਾ ਕਰਨ ਕਰਕੇ ਅਜੇ ਵੀ ਜੇਲ੍ਹਾਂ ਵਿਚ ਬੰਦ ਹਨ। ਕੇਂਦਰੀ ਗ੍ਰਹਿ ਰਾਜ ਮੰਤਰੀ ਅਜੇ ਕੁਮਾਰ ਮਿਸ਼ਰਾ ਨੂੰ ਰਾਜ ਸਭਾ ਵਿਚ ਕਾਂਗਰਸ ਦੇ ਇਮਰਾਨ ਪ੍ਰਤਾਪਗੜ੍ਹੀ ਵੱਲੋਂ ਬਿਲਕਿਸ ਬਾਨੋ ਮਾਮਲੇ ਦੇ ਦੋਸ਼ੀਆਂ ਨੂੰ ਰਿਹਾਅ ਕਰਨ ਸਬੰਧੀ ਪੁੱਛੇ ਸਵਾਲ ਦਾ ਜਵਾਬ ਦੇ ਰਹੇ ਸਨ।



ਮੰਤਰੀ ਨੇ ਕਿਹਾ ਕਿ ਅਸੀਂ ਇਕ ਵਿਸ਼ੇਸ਼ ਸਕੀਮ ਬਣਾਈ ਹੈ, ਜਿਸ ਤਹਿਤ 15 ਅਗਸਤ 2022 ਤੋਂ ਇਲਾਵਾ 26 ਜਨਵਰੀ 2023 ਤੇ 15 ਅਗਸਤ 2023 ਨੂੰ ਸੂਬਿਆਂ ਨੂੰ ਉਨ੍ਹਾਂ ਕੈਦੀਆਂ ਨੂੰ ਰਿਹਾਅ ਕਰਨ ਲਈ ਕਿਹਾ ਹੈ ਜੋ ਆਪਣੀ ਸਜਾ ਪੂਰੀ ਕਰ ਚੁੱਕੇ ਹਨ ਪਰ ਜੁਰਮਾਨਾ ਅਦਾ ਨਾ ਕਰਨ ਕਰਕੇ ਜੇਲ੍ਹਾਂ ਵਿਚ ਬੰਦ ਹਨ, ਹਾਲਾਂਕਿ ਕਾਂਗਰਸ ਸੰਸਦ ਮੈਂਬਰ ਨੇ ਮੰਤਰੀ ਉਤੇ ਉਸ ਦੇ ਸਵਾਲ ਦਾ 'ਗੈਰ-ਜ਼ਿੰਮੇਵਾਰਾਨਾ ਜਵਾਬ' ਦੇਣ ਦਾ ਦੋਸ਼ ਲਗਾਇਆ।

ਇਸੇ ਦੌਰਾਨ 'ਆਪ' ਦੇ ਪੰਜਾਬ ਤੋਂ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਗੁਰਪੁਰਬ ਮੌਕੇ ਪ੍ਰਧਾਨ ਮੰਤਰੀ ਵੱਲੋਂ ਸਿੱਖ ਬੰਦੀਆਂ ਦੀ ਰਿਹਾਈ ਦੇ ਕੀਤੇ ਵਾਅਦੇ ਦੀ ਸਥਿਤੀ ਬਾਰੇ ਪੁੱਛਿਆ ਤਾਂ ਇਸ ਦੇ ਜਵਾਬ ਵਿਚ ਮੰਤਰੀ ਨੇ ਦੱਸਿਆ ਕਿ ਸੂਬਾ ਸਰਕਾਰਾਂ ਨੂੰ ਆਪਣੇ ਪ੍ਰਸਤਾਵ ਭੇਜਣ ਲਈ ਕਿਹਾ ਗਿਆ ਹੈ ਅਤੇ ਉਸ ਤੋਂ ਬਾਅਦ ਹੀ ਕੋਈ ਫੈਸਲਾ ਲਿਆ ਜਾਵੇਗਾ।

# ਭਗਵੰਤ ਮਾਨ ਪੰਜਾਬ ਦੇ ਹਿਤੈਸ਼ੀਆਂ ਦਾ ਸਾਥ ਦੇਣ: ਗਿਆਨੀ ਕੇਵਲ ਸਿੰਘ

**ਅੰਮ੍ਰਿਤਸਰ:** ਸਾਬਕਾ ਜਥੇਦਾਰ ਤੇ ਪੰਥਕ ਤਾਲਮੇਲ ਸੰਗਠਨ ਦੇ ਕਨਵੀਨਰ ਗਿਆਨੀ ਕੇਵਲ ਸਿੰਘ ਨੇ ਜ਼ੀਰਾ ਸ਼ਰਾਬ ਫੈਕਟਰੀ ਮਾਮਲੇ ਵਿਚ ਮੁੱਖ ਮੰਤਰੀ ਭਗਵੰਤ ਮਾਨ ਨੂੰ ਇਕ ਪੱਤਰ ਭੇਜ ਕੇ ਅਪੀਲ ਕੀਤੀ ਹੈ ਕਿ ਉਹ ਪੰਜਾਬ ਨੂੰ ਬਚਾਉਣ ਵਾਲਿਆਂ ਦਾ ਸਮਰਥਨ ਕਰਨ। ਵਿਧਾਨ ਸਭਾ ਦੇ ਸਪੀਕਰ ਰਾਹੀਂ ਭੇਜੇ ਗਏ ਇਸ ਪੱਤਰ ਵਿਚ ਸਾਬਕਾ ਜਥੇਦਾਰ ਨੇ ਆਖਿਆ ਹੈ ਕਿ ਉਨ੍ਹਾਂ ਨੂੰ ਪੰਜਾਬ ਦੀ ਤਬਾਹੀ ਦੇ ਸਾਰੇ ਕਾਰਨਾਂ ਬਾਰੇ ਪਤਾ ਹੈ ਤੇ ਪੰਜਾਬ ਵਿਚ 'ਆਪ' ਸਰਕਾਰ ਬਣਨ ਤੋਂ ਪਹਿਲਾਂ ਵੀ ਉਨ੍ਹਾਂ ਦੀ ਪਾਰਟੀ ਵਾਤਾਵਰਨ ਬਚਾਉਣ ਲਈ ਆਵਾਜ਼ ਚੁੱਕਦੀ ਰਹੀ ਹੈ। ਉਨ੍ਹਾਂ ਕਿਹਾ ਕਿ ਉਸ ਵੇਲੇ ਭਗਵੰਤ ਮਾਨ ਖੁਦ ਵੀ ਸੱਤਾਧਾਰੀਆਂ ਖ਼ਿਲਾਫ਼ ਆਵਾਜ਼ ਬੁਲੰਦ ਕਰਦੇ ਰਹੇ ਹਨ। ਉਨ੍ਹਾਂ ਕਿਹਾ ਕਿ ਹੁਣ ਵਾਤਾਵਰਨ ਬਚਾਉਣ ਦੇ ਮਾਮਲੇ 'ਚ ਸੂਬਾ ਸਰਕਾਰ ਉਨ੍ਹਾਂ ਵਪਾਰੀਆਂ ਨਾਲ ਖੜ੍ਹੀ ਹੈ, ਜੋ ਕੁਦਰਤ ਤੇ ਮਨੁੱਖਤਾ ਦੇ ਵਿਰੋਧ ਵਿਚ ਭੁਗਤ ਰਹੇ ਹਨ।

# ਭਾਰਤ ਦੀ ਪਹਿਲੀ ਮਹਿਲਾ ਮੁਸਲਿਮ ਫਾਈਟਰ ਪਾਇਲਟ ਬਣੀ ਸਾਨੀਆ ਮਿਰਜ਼ਾ

**ਮਿਰਜ਼ਾਪੁਰ:** ਇਥੋਂ ਦੇ ਟੀ.ਵੀ. ਮਕੈਨਿਕ ਦੀ ਧੀ ਸਾਨੀਆ ਮਿਰਜ਼ਾ ਨੇ ਨੈਸ਼ਨਲ ਡਿਫੈਂਸ ਅਕੈਡਮੀ (ਐਨ.ਡੀ.ਏ.) ਦੀ ਦਾਖਲਾ ਪ੍ਰੀਖਿਆ ਪਾਸ ਕਰਕੇ ਦੇਸ਼ ਦੀ ਪਹਿਲੀ ਮਹਿਲਾ ਮੁਸਲਿਮ ਫਾਈਟਰ ਪਾਇਲਟ ਬਣ ਗਈ ਹੈ। ਮਿਰਜ਼ਾਪੁਰ ਦੇ ਦੇਹਾਤ ਕੋਟਵਾਲੀ ਪੁਲਿਸ ਥਾਣੇ ਅਧੀਨ ਪੈਂਦੇ ਪਿੰਡ ਜਸੋਵਰ ਦੀ ਧੀ ਸਾਨੀਆ ਮਿਰਜ਼ਾ ਦੇਸ਼ ਦੀ ਪਹਿਲੀ ਮਹਿਲਾ ਫਾਈਟਰ ਪਾਇਲਟ ਅਵਨੀ ਚਤੁਰਵੇਦੀ ਵਾਂਗ ਫਾਈਟਰ ਪਾਇਲਟ ਬਣਨਾ ਚਾਹੁੰਦੀ ਸੀ।



ਹਿੰਦੀ ਮਾਧਿਅਮ ਵਿਚ ਪੜ੍ਹਾਈ ਕਰਨ ਵਾਲੀ ਸਾਨੀਆ ਨੇ ਕਿਹਾ ਕਿ ਜੇਕਰ ਇਰਾਦੇ ਮਜ਼ਬੂਤ ਹਨ ਤਾਂ ਹਿੰਦੀ ਮਾਧਿਅਮ ਵਾਲੇ ਵਿਦਿਆਰਥੀ ਵੀ ਵੱਡੀਆਂ ਮੱਲਾਂ ਮਾਰ ਸਕਦੇ ਹਨ। ਸਾਨੀਆ ਦੀ ਇਸ ਪ੍ਰਾਪਤੀ 'ਤੇ ਮਾਪਿਆਂ ਸਣੇ ਪੂਰੇ ਪਿੰਡ ਨੂੰ ਮਾਣ ਹੈ।

ਸਾਨੀਆ ਦੇ ਪਿਤਾ ਸ਼ਾਹਿਦ ਅਲੀ ਨੇ ਕਿਹਾ ਕਿ ਸਾਨੀਆ ਦੇਸ਼ ਦੀ ਪਹਿਲੀ ਮਹਿਲਾ ਫਾਈਟਰ ਪਾਇਲਟ ਅਵਨੀ ਚਤੁਰਵੇਦੀ ਨੂੰ ਆਪਣਾ ਆਦਰਸ਼ ਮੰਨਦੀ ਸੀ ਅਤੇ ਉਸ ਵਾਂਗ ਬਣਨਾ ਚਾਹੁੰਦੀ ਸੀ। ਸਾਨੀਆ ਦੀ ਮਾਂ ਤਬੱਸੁਮ ਮਿਰਜ਼ਾ ਨੇ ਕਿਹਾ ਕਿ ਉਨ੍ਹਾਂ ਦੀ ਧੀ ਨੇ ਉਨ੍ਹਾਂ ਸਣੇ ਪਿੰਡ ਵਾਸੀਆਂ ਦਾ ਮਾਣ ਵਧਾਇਆ ਹੈ।

# ਹਾਕੀ ਵਿਸ਼ਵ ਕੱਪ: ਹਰਮਨਪ੍ਰੀਤ ਕਰੇਗਾ ਭਾਰਤੀ ਟੀਮ ਦੀ ਅਗਵਾਈ

**ਨਵੀਂ ਦਿੱਲੀ:** ਉੜੀਸਾ ਵਿਚ 13 ਜਨਵਰੀ ਤੋਂ ਸ਼ੁਰੂ ਹੋਣ ਵਾਲੇ ਐਫ.ਆਈ.ਐਚ. ਪੁਰਸ਼ ਹਾਕੀ ਵਿਸ਼ਵ ਕੱਪ ਲਈ ਡਿਫੈਂਡਰ ਹਰਮਨਪ੍ਰੀਤ ਸਿੰਘ ਨੂੰ 18 ਮੈਂਬਰੀ ਭਾਰਤੀ ਟੀਮ ਦਾ ਕਪਤਾਨ ਚੁਣਿਆ ਗਿਆ ਹੈ। ਅਮਿਤ ਰੋਹੀਦਾਸ ਟੀਮ ਦਾ ਉਪ ਕਪਤਾਨ ਹੋਵੇਗਾ।

ਹਾਲ ਹੀ ਵਿਚ ਆਸਟਰੇਲੀਆ ਨਾਲ ਖੇਡੀ ਗਈ ਪੰਜ ਮੈਚਾਂ ਦੀ ਲੜੀ ਵਿਚ ਵੀ ਹਰਮਨਪ੍ਰੀਤ ਹੀ ਟੀਮ ਦਾ ਕਪਤਾਨ ਸੀ, ਜਿਸ ਵਿਚ ਭਾਰਤੀ ਟੀਮ ਸਿਰਫ ਇਕ ਮੈਚ ਹੀ ਜਿੱਤ ਸਕੀ ਸੀ। ਟੋਕੀਓ ਓਲੰਪਿਕ ਵਿਚ ਇਤਿਹਾਸਕ ਕਾਂਸੇ ਦਾ ਤਗਮਾ ਜਿੱਤਣ ਵਾਲੀ ਭਾਰਤੀ ਟੀਮ ਦਾ ਕਪਤਾਨ ਰਿਹਾ ਮਨਪ੍ਰੀਤ ਸਿੰਘ ਬਤੌਰ ਖਿਡਾਰੀ ਟੀਮ 'ਚ ਸ਼ਾਮਲ ਹੋਵੇਗਾ। ਵਿਸ਼ਵ ਕੱਪ ਟੀਮ ਦੀ ਚੋਣ ਬੰਗਲੂਰੂ ਦੇ ਐਸ.ਏ.ਆਈ. ਸੈਂਟਰ 'ਚ ਦੋ ਰੋਜ਼ਾ ਟਰਾਇਲ ਤੋਂ ਬਾਅਦ ਕੀਤੀ ਗਈ ਹੈ।



ਕ੍ਰਿਸ਼ਨ ਬੀ ਪਾਠਕ ਅਤੇ ਪੀ.ਆਰ ਸ੍ਰੀਜੇਸ਼ ਗੋਲਕੀਪਰ ਹੋਣਗੇ। ਡਿਫੈਂਸ ਦੀ ਅਗਵਾਈ ਕਪਤਾਨ ਹਰਮਨਪ੍ਰੀਤ ਕਰੇਗਾ, ਜਦਕਿ ਉਸ ਦੇ ਨਾਲ ਉਪ ਕਪਤਾਨ ਰੋਹੀਦਾਸ, ਸੁਰੇਂਦਰ ਕੁਮਾਰ, ਵਰੁਣ ਕੁਮਾਰ, ਜਰਮਨਪ੍ਰੀਤ ਸਿੰਘ ਤੇ ਨੀਲਮ ਸੰਜੀਪ ਹੋਣਗੇ।

# ਮੂਸੇਵਾਲਾ ਕਤਲ: ਜਾਂਚ ਟੀਮ ਵੱਲੋਂ ਦੂਜੀ ਚਾਰਜਸ਼ੀਟ ਦਾਖਲ

**ਮਾਨਸਾ:** ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਦੀ ਜਾਂਚ ਕਰ ਰਹੀ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਸਿਟ) ਨੇ ਗੈਂਗਸਟਰ ਦੀਪਕ ਮੁੰਡੀ ਸਮੇਤ ਸੱਤ ਹੋਰ ਮੁਲਜ਼ਮਾਂ ਖ਼ਿਲਾਫ਼ ਦੂਜੀ ਚਾਰਜਸ਼ੀਟ ਦਾਇਰ ਕੀਤੀ ਹੈ। ਇਹ ਗੈਂਗਸਟਰ ਹਰਿਆਣਾ ਨਾਲ ਜੁੜੇ ਹੋਏ ਹਨ। ਪੰਜਾਬ ਪੁਲਿਸ ਨੇ ਸ਼ੂਟਰ ਦੀਪਕ ਉਰਫ ਮੁੰਡੀ, ਕਪਿਲ ਪੰਡਿਤ, ਰਾਜਿੰਦਰ ਜੋਕਰ, ਮਨਪ੍ਰੀਤ ਸਿੰਘ ਉਰਫ ਮਨੀ ਰਈਆ, ਮਨਦੀਪ ਸਿੰਘ ਉਰਫ ਤੂਫਾਨ, ਬਿੱਟੂ ਸਿੰਘ ਅਤੇ ਜਗਤਾਰ ਸਿੰਘ ਖਿਲਾਫ ਪੂਰਕ ਚਾਰਜਸ਼ੀਟ ਦਾਇਰ ਕੀਤੀ ਹੈ। ਪੁਲਿਸ ਨੇ ਚਾਰਜਸ਼ੀਟ ਦੇ ਨਾਲ ਮੁਲਜ਼ਮਾਂ ਵਿਰੁੱਧ ਵਾਧੂ ਸਬੂਤ, ਹੋਰ ਜਾਂਚ ਰਿਪੋਰਟਾਂ ਅਤੇ ਫੋਰੈਂਸਿਕ ਲੈਬਾਰਟਰੀ ਰਿਪੋਰਟਾਂ ਸਮੇਤ ਹਥਿਆਰਾਂ ਅਤੇ ਰਸਾਇਣਕ ਰਿਪੋਰਟਾਂ ਵੀ ਪੇਸ਼ ਕੀਤੀਆਂ ਹਨ। ਇਸ ਤੋਂ ਪਹਿਲਾਂ ਸਿਟ ਨੇ 26 ਅਗਸਤ ਨੂੰ ਮਾਨਸਾ ਦੇ ਚੀਫ ਜੁਡੀਸ਼ਲ ਮੈਜਿਸਟਰੇਟ ਦੀ ਅਦਾਲਤ ਵਿਚ ਗੈਂਗਸਟਰਾਂ ਲਾਰੈਂਸ ਬਿਸ਼ਨੋਈ, ਗੋਲਡੀ ਬਰਾੜ ਅਤੇ ਜੱਗੂ ਭਗਵਾਨਪੁਰੀਆ ਸਮੇਤ 24 ਮੁਲਜ਼ਮਾਂ ਖ਼ਿਲਾਫ਼ 1850 ਪੰਨਿਆਂ ਦੀ ਚਾਰਜਸ਼ੀਟ ਦਾਇਰ ਕੀਤੀ ਸੀ।



ਜ਼ਿਕਰਯੋਗ ਹੈ ਕਿ 29 ਮਈ ਨੂੰ ਛੇ ਸ਼ੂਟਰਾਂ ਨੇ ਮੂਸੇਵਾਲਾ ਦੀ ਉਸ ਸਮੇਂ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ ਜਦੋਂ ਉਹ ਆਪਣੇ ਚਚੇਰੇ ਭਰਾ ਤੇ ਦੋਸਤ ਨਾਲ ਪਿੰਡ ਮੂਸਾ ਤੋਂ 10 ਕਿਲੋਮੀਟਰ ਦੂਰ ਮਾਨਸਾ ਦੇ ਪਿੰਡ ਜਵਾਹਰਕੇ ਲਈ ਜੀਪ ਵਿਚ ਜਾ ਰਿਹਾ ਸੀ। ਹੁਣ ਸਿਟ ਨੇ ਥਾਣਾ ਸਿਟੀ-1 ਮਾਨਸਾ ਵਿਚ ਦਰਜ ਐਫ.ਆਈ.ਆਰ. ਵਿਚ 31 ਵਿਅਕਤੀਆਂ ਨੂੰ ਚਾਰਜਸ਼ੀਟ ਕੀਤਾ ਹੈ। ਇਨ੍ਹਾਂ ਵਿਚੋਂ 27 ਪੁਲਿਸ ਹਿਰਾਸਤ ਜਾਂ ਨਿਆਇਕ ਹਿਰਾਸਤ ਵਿਚ ਹਨ, ਜਦੋਂ ਕਿ 4 ਜਣੇ ਸਤਿੰਦਰਜੀਤ ਸਿੰਘ ਉਰਫ ਗੋਲਡੀ ਬਰਾੜ, ਸਚਿਨ ਥਾਪਨ, ਅਨਮੋਲ ਬਿਸ਼ਨੋਈ ਅਤੇ ਲਿਪਿਨ ਨਹਿਰਾ ਵਿਦੇਸ਼ਾਂ ਵਿਚ ਹਨ।

# ਪਰਵਾਸੀ ਪੰਜਾਬੀਆਂ ਨੇ ਪੰਚਾਇਤ ਮੰਤਰੀ ਨੂੰ ਦੱਸੇ ਦੁੱਖ

**ਮੋਗਾ:** ਪਰਵਾਸੀ ਭਾਰਤੀ ਮਾਮਲਿਆਂ ਬਾਰੇ ਸੂਬੇ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਇਥੇ ਮਾਲਵੇ ਦੇ ਸੱਤ ਜ਼ਿਲ੍ਹਿਆਂ ਮੋਗਾ, ਫ਼ਾਜ਼ਿਲਕਾ, ਫ਼ਰੀਦਕੋਟ, ਫ਼ਿਰੋਜਪੁਰ, ਬਠਿੰਡਾ, ਮਾਨਸਾ ਤੇ ਸ੍ਰੀ ਮੁਕਤਸਰ ਸਾਹਿਬ ਨਾਲ ਸਬੰਧਤ ਪਰਵਾਸੀ ਪੰਜਾਬੀਆਂ ਦੀਆਂ ਸ਼ਿਕਾਇਤਾਂ ਸੁਣੀਆਂ। ਇਸ ਮੌਕੇ ਕਈ ਪਰਵਾਸੀ ਪੰਜਾਬੀਆਂ ਨੇ ਮੰਤਰੀ ਨੂੰ ਆਪਣੀਆਂ ਦਿੱਕਤਾਂ ਦੱਸੀਆਂ।

ਇਸ ਮੌਕੇ ਯੂਕੇ ਸਰਕਾਰ 'ਚ ਮੰਤਰੀ ਤਨਮਨਜੀਤ ਸਿੰਘ ਢੇਸੀ ਵੱਲੋਂ ਕੈਬਨਿਟ ਮੰਤਰੀ ਧਾਲੀਵਾਲ ਨੂੰ ਭੇਜੀ ਗਈ ਸ਼ਿਕਾਇਤ 'ਤੇ ਕਾਰਵਾਈ ਕਰਦਿਆਂ ਮੰਤਰੀ ਨੇ ਤੁਰਤ ਮਾਲ ਅਧਿਕਾਰੀ ਸਣੇ ਹੋਰਨਾਂ ਖ਼ਿਲਾਫ਼ ਕੇਸ ਦਰਜ ਕਰਨ ਦਾ ਹੁਕਮ ਦਿੱਤਾ ਹੈ। ਇਸ ਮਾਮਲੇ ਵਿਚ ਪਿੰਡ ਰੋਡੇ ਦੇ ਪਰਵਾਸੀ ਪੰਜਾਬੀ ਹਰਨਾਮ ਸਿੰਘ ਦੀ ਕਰੀਬ 17 ਏਕੜ ਜਮੀਨ 'ਤੇ ਕਾਸ਼ਤਕਾਰ ਵੱਲੋਂ 4 ਸਾਲ ਪਹਿਲਾਂ ਧੋਖੇ ਨਾਲ ਕਬਜ਼ਾ ਕਰ ਲਿਆ ਗਿਆ ਸੀ। ਇਸ ਮੌਕੇ ਜ਼ਿਲ੍ਹੇ ਦੇ ਪਿੰਡ ਪਰਾਣੇ ਵਾਲਾ ਦੇ ਪਰਵਾਸੀ ਪੰਜਾਬੀ ਨੇ ਰੋਂਦੇ ਹੋਏ ਆਪਣੇ ਭਰਾ 'ਤੇ ਗੰਭੀਰ ਦੋਸ਼ ਲਾਏ। ਉਸ ਨੇ ਇਹ ਵੀ ਦੱਸਿਆ ਕਿ ਸਿਵਲ ਤੇ ਪੁਲਿਸ ਪ੍ਰਸ਼ਾਸਨ ਨੇ ਵੀ ਉਸ ਨੂੰ ਇਨਸਾਫ਼ ਦਿਵਾਉਣ ਦੀ ਥਾਂ ਉਸ ਦੇ ਭਰਾ ਦੀ ਹੀ ਮਦਦ ਕੀਤੀ। ਪਿੰਡ ਗਗੜਾ ਦੇ ਇਕ ਪਰਵਾਸੀ ਪੰਜਾਬੀ ਨੇ ਵੀ ਸ਼ਿਕਾਇਤ ਦਿੱਤੀ ਹੈ ਕਿ ਉਸ ਦੇ ਰਿਸ਼ਤੇਦਾਰਾਂ ਵੱਲੋਂ ਉਸ ਦੀ ਜਮੀਨ 'ਤੇ ਕਬਜ਼ਾ ਕਰ ਲਿਆ ਗਿਆ ਹੈ।



ਇਸ ਮੌਕੇ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਵਿਕਾਸ ਵਿਚ ਪਰਵਾਸੀ ਪੰਜਾਬੀਆਂ ਦੀ ਅਹਿਮ ਭੂਮਿਕਾ ਹੈ। ਉਨ੍ਹਾਂ ਹਰ ਸਾਲ ਦਸੰਬਰ ਤੇ ਅਪਰੈਲ ਮਹੀਨੇ ਵਿਚ ਪਰਵਾਸੀ ਪੰਜਾਬੀਆਂ ਨਾਲ ਮਿਲਣੀ ਸਮਾਰੋਹ ਕਰਵਾਉਣ ਅਤੇ ਵਿਸ਼ੇਸ਼ ਫਾਸਟ ਟਰੈਕ ਕੋਰਟਾਂ ਸਥਾਪਤ ਕਰਨ ਦਾ ਐਲਾਨ ਕੀਤਾ। ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਇਸ ਸਬੰਧੀ ਸਰਕਾਰ ਵੱਲੋਂ ਜ਼ਿਲ੍ਹਾ ਪੱਧਰ 'ਤੇ ਨੋਡਲ ਅਫ਼ਸਰ ਨਿਯੁਕਤ ਕੀਤੇ ਜਾ ਰਹੇ ਹਨ। ਉਨ੍ਹਾਂ 'ਐਨ.ਆਰ.ਆਈਜ਼. ਨਾਲ ਮਿਲਣੀ' ਪ੍ਰੋਗਰਾਮ ਬਾਰੇ ਆਖਿਆ ਕਿ ਸਰਕਾਰ ਪਰਵਾਸੀ ਪੰਜਾਬੀਆਂ ਨੂੰ ਮੁੜ ਆਪਣੀਆਂ ਜੜ੍ਹਾਂ ਨਾਲ ਜੋੜਨ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਪਰਵਾਸੀ ਪੰਜਾਬੀਆਂ ਤੇ ਉਨ੍ਹਾਂ ਦੀਆਂ ਜਾਇਦਾਦਾਂ ਦੀ ਸੁਰੱਖਿਆ ਅਤੇ ਮੁਸ਼ਕਲਾਂ ਦੇ ਹੱਲ ਲਈ ਵਚਨਬੱਧ ਹੈ, ਪਰ ਸੂਬੇ 'ਚ ਸਿਸਟਮ ਇੰਨਾ ਗੁੰਝਲਦਾਰ ਤੇ ਗੰਧਲਾ ਹੋ ਚੁੱਕਾ ਹੈ ਕਿ ਇਸ ਸਿਸਟਮ ਨੂੰ ਠੀਕ ਕਰਨ ਲਈ ਸਮਾਂ ਲੱਗੇਗਾ।

## ਹਿਮਾਚਲ 'ਚ ਛੇਤੀ ਬਹਾਲ ਹੋ ਸਕਦੀ ਹੈ ਪੁਰਾਣੀ ਪੈਨਸ਼ਨ ਸਕੀਮ

**ਸ਼ਿਮਲਾ:** ਹਿਮਾਚਲ ਵਿਚ ਛੇਤੀ ਹੀ ਪੁਰਾਣੀ ਪੈਨਸ਼ਨ ਸਕੀਮ ਬਹਾਲ ਹੋ ਸਕਦੀ ਹੈ। ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਦੇ ਦਿੱਲੀ ਤੋਂ ਪਰਤਣ ਮਗਰੋਂ ਸ਼ਿਮਲਾ ਵਿਚ ਉਨ੍ਹਾਂ ਦੀ ਮੁੱਖ ਸਕੱਤਰ ਸਮੇਤ ਵਿੱਤ ਅਤੇ ਹੋਰ ਵਿਭਾਗਾਂ ਦੇ ਵਿਸ਼ੇਸ਼ ਅਧਿਕਾਰੀਆਂ ਨਾਲ ਮੀਟਿੰਗ ਹੋਈ। ਮੀਟਿੰਗ ਵਿਚ ਵਿੱਤ ਵਿਭਾਗ ਦੇ ਅਧਿਕਾਰੀਆਂ ਨੇ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਸਬੰਧੀ ਖਰੜੇ ਨੂੰ ਮੁੱਖ ਮੰਤਰੀ ਦੇ ਅੱਗੇ ਰੱਖਿਆ। ਮੀਟਿੰਗ ਦੌਰਾਨ ਵਿੱਤ ਵਿਭਾਗ ਵੱਲੋਂ ਮੁੱਖ ਮੰਤਰੀ ਨੂੰ ਜਾਣੂ ਕਰਵਾਇਆ ਗਿਆ ਕਿ ਸੂਬੇ ਵਿਚ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਨਾਲ ਸਾਲ 2028 ਤੱਕ ਕਿੰਨਾ ਵਿੱਤੀ ਬੋਝ ਪਵੇਗਾ। ਸੇਵਾਮੁਕਤ ਹੋਣ ਵਾਲੇ ਕਰਮਚਾਰੀਆਂ ਨੂੰ ਕਿੰਨੀ ਰਕਮ ਪੈਨਸ਼ਨ ਵਜੋਂ ਦੇਣੀ ਪਵੇਗੀ। ਇਸ ਬਾਰੇ ਖੁੱਲ੍ਹੀ ਚਰਚਾ ਕੀਤੀ ਗਈ। ਮੀਟਿੰਗ ਦੌਰਾਨ ਕਿਹਾ ਗਿਆ ਕਿ ਹੁਣ ਕਰਮਚਾਰੀਆਂ ਨੂੰ ਨੈਸ਼ਨਲ ਪੈਨਸ਼ਨ ਸਕੀਮ ਤਹਿਤ ਓਨੀ ਪੈਨਸ਼ਨ ਨਹੀਂ ਮਿਲਦੀ, ਜਿੰਨੀ ਪੁਰਾਣੀ ਪੈਨਸ਼ਨ ਸਕੀਮ ਤਹਿਤ ਮਿਲੇਗੀ।

# ਕਸ਼ਮੀਰੀ ਪੰਡਿਤ ਕਰਮਚਾਰੀਆਂ ਨੂੰ ਜੰਮੂ ਤਬਦੀਲ ਕੀਤਾ ਜਾਵੇ: ਆਜ਼ਾਦ

**ਸ੍ਰੀਨਗਰ:** ਡੈਮੋਕ੍ਰੈਟਿਕ ਆਜ਼ਾਦ ਪਾਰਟੀ (ਡੀ.ਏ.ਪੀ.) ਦੇ ਮੁਖੀ ਗੁਲਾਮ ਨਬੀ ਆਜ਼ਾਦ ਨੇ ਆਖਿਆ ਹੈ ਕਿ ਕਸ਼ਮੀਰ ਵਿਚ ਹਾਲਾਤ ਸੁਧਰਨ ਤੱਕ ਕਸ਼ਮੀਰੀ ਪੰਡਿਤ ਕਰਮਚਾਰੀਆਂ ਦਾ ਜੰਮੂ ਤਬਾਦਲਾ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ, ''ਬਦਕਿਸਮਤੀ ਨਾਲ ਕੁਝ ਘਟਨਾਵਾਂ ਵਾਪਰੀਆਂ ਹਨ। ਜ਼ਿੰਦਗੀ ਪਹਿਲਾਂ ਹੈ ਅਤੇ ਇਸੇ ਲਈ ਮੇਰੀ ਰਾਇ ਹੈ ਕਿ ਕਸ਼ਮੀਰੀ ਪੰਡਿਤ ਕਰਮਚਾਰੀਆਂ ਨੂੰ ਜੰਮੂ ਵਿਚ ਸੁਰੱਖਿਅਤ ਥਾਵਾਂ 'ਤੇ ਤਬਦੀਲ ਕੀਤਾ ਜਾਵੇ। ਜਦੋਂ ਸਥਿਤੀ ਵਿਚ ਸੁਧਾਰ ਹੁੰਦਾ ਹੈ ਤਾਂ ਉਨ੍ਹਾਂ ਨੂੰ ਵਾਪਸ ਕਸ਼ਮੀਰ ਲਿਆਂਦਾ ਜਾਣਾ ਚਾਹੀਦਾ ਹੈ।''

ਆਜ਼ਾਦ ਨੇ ਕਿਹਾ ਕਿ ਜ਼ਿੰਦਗੀ ਰੁਜ਼ਗਾਰ ਤੋਂ ਕਿਤੇ ਵੱਧ ਕੀਮਤੀ ਹੈ। ਉਨ੍ਹਾਂ ਕੇਂਦਰ ਸ਼ਾਸਿਤ ਪ੍ਰਦੇਸ਼ ਵਿਚ ਉਨ੍ਹਾਂ ਦੀ ਪਾਰਟੀ ਦੇ ਸੱਤਾ ਵਿਚ ਆਉਣ ਮਗਰੋਂ ਅਜਿਹਾ ਕਦਮ ਚੁੱਕਣ ਦਾ ਵਾਅਦਾ ਕੀਤਾ। ਆਜ਼ਾਦ ਨੇ ਕਿਹਾ, ''ਮੈਨੂੰ ਨਹੀਂ ਪਤਾ ਕਿ ਸਰਕਾਰ ਦੀ ਪਹੁੰਚ ਕੀ ਹੈ ਪਰ ਜੇਕਰ ਸਾਡੀ ਪਾਰਟੀ ਸੱਤਾ ਵਿਚ ਆਉਂਦਾ ਹੈ ਤਾਂ ਅਸੀਂ ਅਜਿਹਾ (ਅਸਥਾਈ ਤੌਰ 'ਤੇ ਕਰਮਚਾਰੀਆਂ ਨੂੰ ਜੰਮੂ ਤਬਦੀਲ) ਕਰਾਂਗੇ।'' ਜੰਮੂ ਕਸ਼ਮੀਰ ਵਿਚ ਵਿਧਾਨ ਸਭਾ ਚੋਣਾਂ ਵਿਚ ਦੇਰੀ ਬਾਰੇ ਪੁੱਛੇ ਜਾਣ 'ਤੇ ਸਾਬਕਾ ਮੁੱਖ ਮੰਤਰੀ ਨੇ ਕਿਹਾ, ''ਅਸੀਂ ਪਿਛਲੇ ਛੇ ਸਾਲ ਤੋਂ ਉਡੀਕ ਕਰ ਰਹੇ ਹਾਂ। ਮੈਂ ਸੰਸਦ ਵਿਚ ਵੀ ਕਈ ਵਾਰ ਇਸ ਮੁੱਦੇ ਨੂੰ ਉਠਾਇਆ ਹੈ।

# ਟਰੰਪ ਕਾਰਨ ਵਾਪਰੀ ਸੀ ਕੈਪੀਟਲ ਹਿੱਲ ਹਿੰਸਾ: ਕਮੇਟੀ

**ਵਾਸ਼ਿੰਗਟਨ:** ਅਮਰੀਕੀ ਸੰਸਦੀ ਕੰਪਲੈਕਸ (ਕੈਪੀਟਲ ਹਿੱਲ) 'ਤੇ 2021 ਨੂੰ ਹੋਏ ਹਮਲੇ ਦੀ ਜਾਂਚ ਕਰ ਰਹੀ 'ਹਾਊਸ ਜਨਵਰੀ 6 ਕਮੇਟੀ' ਨੇ ਆਪਣੀ ਆਖਰੀ ਰਿਪੋਰਟ 'ਚ ਕਿਹਾ ਕਿ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੇ ਅਪਰਾਧਕ ਢੰਗ ਨਾਲ 2020 ਦੀਆਂ ਰਾਸ਼ਟਰਪਤੀ ਚੋਣਾਂ ਦੇ ਵੈਧ ਨਤੀਜੇ ਪਲਟਾਉਣ ਦੀ ਇਕ ਵੱਡੀ ਸਾਜ਼ਿਸ਼ ਰਚੀ ਤੇ ਉਹ ਆਪਣੇ ਹਮਾਇਤੀਆਂ ਨੂੰ ਕੈਪੀਟਲ ਹਿੱਲ 'ਤੇ ਹਮਲਾ ਕਰਨ ਤੋਂ ਰੋਕਣ 'ਚ ਨਾਕਾਮ ਰਹੇ।



ਕਮੇਟੀ ਨੇ ਸਾਬਕਾ ਰਾਸ਼ਟਰਪਤੀ ਦੀਆਂ ਗਤੀਵਿਧੀਆਂ ਅਤੇ ਕਰੀਬ ਦੋ ਸਾਲ ਪਹਿਲਾਂ ਵਾਪਰੀ ਇਸ ਹਿੰਸਕ ਘਟਨਾ ਦੀ 18 ਮਹੀਨੇ ਤੱਕ ਜਾਂਚ ਤੋਂ ਬਾਅਦ ਇਹ ਰਿਪੋਰਟ ਪੇਸ਼ ਕੀਤੀ ਹੈ। ਕਮੇਟੀ ਦੇ ਚੇਅਰਮੈਨ ਤੇ ਮਿਸੀਸਿੱਪੀ ਤੋਂ ਨੁਮਾਇੰਦੇ ਬੈਨੀ ਥੌਂਪਸਨ ਨੇ ਰਿਪੋਰਟ 'ਚ ਲਿਖਿਆ, 'ਇਹ ਅੱਗ ਟਰੰਪ ਨੇ ਲਾਈ ਸੀ।' ਕਮੇਟੀ ਨੇ ਆਪਣੀ 814 ਪੰਨਿਆਂ ਦੀ ਰਿਪੋਰਟ ਬੀਤੇ ਦਿਨੀਂ ਜਾਰੀ ਕੀਤੀ ਸੀ। ਇਸ ਲਈ ਇਕ ਹਜ਼ਾਰ ਤੋਂ ਵੱਧ ਗਵਾਹਾਂ ਤੋਂ ਪੁੱਛ ਪੜਤਾਲ ਕੀਤੀ ਗਈ ਅਤੇ ਲੱਖਾਂ ਸਫ਼ਿਆਂ ਦੇ ਦਸਤਾਵੇਜ਼ਾਂ ਦੀ ਪੜਤਾਲ ਕੀਤੀ ਗਈ। ਟਰੰਪ ਦੇ ਕਈ ਨੇੜਲੇ ਸਹਿਯੋਗੀਆਂ ਤੋਂ ਲੈ ਕੇ ਕਾਨੂੰਨ ਬਣਾਉਣ ਵਾਲੇ ਕੁਝ ਅਧਿਕਾਰੀਆਂ, ਕੁਝ ਪ੍ਰਦਰਸ਼ਨਕਾਰੀਆਂ ਤੋਂ ਪੁੱਛ ਪੜਤਾਲ ਕੀਤੀ ਗਈ। ਇਸ ਹਿੰਸਕ ਬਗਾਵਤ ਤੋਂ ਪਹਿਲਾਂ ਦੇ ਕਈ ਹਫਤਿਆਂ ਤੱਕ ਟਰੰਪ ਦੀਆਂ ਗਤੀਵਿਧੀਆਂ 'ਤੇ ਗੌਰ ਕੀਤਾ ਗਿਆ ਅਤੇ ਇਸ ਗੱਲ ਦੀ ਵੀ ਜਾਂਚ ਕੀਤੀ ਗਈ ਕਿ ਚੋਣਾਂ 'ਚ ਮਿਲੀ ਹਾਰ ਨੂੰ ਤਬਦੀਲ ਕਰਨ ਲਈ ਉਨ੍ਹਾਂ ਦੀਆਂ ਮੁਹਿੰਮਾਂ ਨੇ ਕਿਸ ਤਰ੍ਹਾਂ ਲੋਕਾਂ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕੀਤਾ ਜਿਨ੍ਹਾਂ 6 ਜਨਵਰੀ 2021 ਨੂੰ ਪੁਲੀਸ ਨਾਲ ਧੱਕਾ-ਮੁੱਕੀ ਕੀਤੀ ਅਤੇ ਕੈਪੀਟਲ ਹਿੱਲ ਦੀਆਂ ਖਿੜਕੀਆਂ ਤੇ ਦਰਵਾਜੇ ਤੋੜੇ। ਰਿਪੋਰਟ 'ਚ ਕਿਹਾ ਗਿਆ, 'ਛੇ ਜਨਵਰੀ ਦੀ ਘਟਨਾ ਦੀ ਮੁੱਖ ਵਜ੍ਹਾ ਸਿਰਫ ਇਕ ਸ਼ਖਸ ਸਾਬਕਾ ਰਾਸ਼ਟਰਪਤੀ ਡੋਨਲਡ ਸਨ।' ਨੌਂ ਮੈਂਬਰੀ ਕਮੇਟੀ ਨੇ ਕਿਹਾ, 'ਬਗਾਵਤ ਨੇ ਲੋਕਤੰਤਰ ਲਈ ਗੰਭੀਰ ਖਤਰਾ ਖੜ੍ਹਾ ਕੀਤਾ ਅਤੇ ਅਮਰੀਕੀ ਸੰਸਦ ਮੈਂਬਰਾਂ ਦੀ ਜ਼ਿੰਦਗੀ ਨੂੰ ਵੀ ਖਤਰੇ 'ਚ ਪਾਇਆ।'

# ਯੂਕਰੇਨ ਬਾਰੇ ਗੱਲਬਾਤ ਲਈ ਤਿਆਰ ਹੈ ਰੂਸ: ਪੂਤਿਨ

**ਮਾਸਕੋ:** ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਇਕ ਇੰਟਰਵਿਊ ਵਿਚ ਕਿਹਾ ਹੈ ਕਿ ਯੂਕਰੇਨ ਜੰਗ 'ਚ ਸ਼ਾਮਲ ਸਾਰੀਆਂ ਧਿਰਾਂ ਨਾਲ ਗੱਲਬਾਤ ਕਰਨ ਲਈ ਰੂਸ ਤਿਆਰ ਹੈ ਪਰ ਕੀਵ ਤੇ ਉਸ ਨੂੰ ਸ਼ਹਿ ਦੇਣ ਵਾਲੇ ਪੱਛਮੀ ਦੇਸ਼ਾਂ ਨੇ ਗੱਲਬਾਤ ਕਰਨ ਤੋਂ ਇਨਕਾਰ ਕਰ ਦਿੱਤਾ ਹੈ।

ਦੱਸਣਯੋਗ ਹੈ ਕਿ ਇਸੇ ਸਾਲ 24 ਫਰਵਰੀ ਨੂੰ ਰੂਸ ਨੇ ਯੂਕਰੇਨ 'ਤੇ ਹਮਲਾ ਕਰ ਦਿੱਤਾ ਸੀ ਜੋ ਕਿ ਵਿਸ਼ਵ ਯੁੱਧ-2 ਤੋਂ ਬਾਅਦ ਯੂਰਪ 'ਚ ਸਭ ਤੋਂ ਘਾਤਕ ਜੰਗ ਅਤੇ 1962 ਦੇ ਕਿਊਬਾ ਮਿਜ਼ਾਈਲ ਸੰਕਟ ਤੋਂ ਬਾਅਦ ਮਾਸਕੋ ਤੇ ਪੱਛਮੀ ਦੇਸ਼ਾਂ ਵਿਚਾਲੇ ਸਭ ਤੋਂ ਵੱਡੇ ਟਕਰਾਅ ਵਿਚ ਤਬਦੀਲ ਹੋ ਗਿਆ। ਰੂਸ ਦਾ ਕਹਿਣਾ ਹੈ ਕਿ ਜਦੋਂ ਤੱਕ ਉਸ ਦਾ ਟੀਚਾ ਪੂਰਾ ਨਹੀਂ ਹੋ ਜਾਂਦਾ ਉਹ ਜੰਗ ਜਾਰੀ ਰੱਖੇਗਾ ਜਦਕਿ ਦੂਜੇ ਪਾਸੇ ਯੂਕਰੇਨ ਦਾ ਕਹਿਣਾ ਹੈ ਕਿ ਜਦੋਂ ਤੱਕ ਉਹ ਰੂਸ ਦੇ ਇਕ-



ਇਕ ਸੈਨਿਕ ਨੂੰ ਕ੍ਰੀਮੀਆ ਸਣੇ ਆਪਣੇ ਖੇਤਰ 'ਚੋਂ ਬਾਹਰ ਨਹੀਂ ਦਿੰਦਾ ਉਦੋਂ ਤੱਕ ਉਹ ਆਰਾਮ ਨਾਲ ਨਹੀਂ ਬੈਠੇਗਾ। ਰੂਸ ਨੇ ਕ੍ਰੀਮੀਆ ਨੂੰ ਸਾਲ 2014 ਵਿੱਚ ਆਪਣੇ ਅਧਿਕਾਰ ਖੇਤਰ ਵਿੱਚ ਲੈ ਲਿਆ ਸੀ।

ਪੂਤਿਨ ਨੇ ਸਰਕਾਰੀ ਟੈਲੀਵਿਜ਼ਨ ਰੋਸ਼ੀਆ-1 ਨੂੰ ਦਿੱਤੇ ਇਕ ਇੰਟਰਵਿਊ ਵਿਚ ਕਿਹਾ, ''ਅਸੀਂ ਸਾਰਿਆਂ ਨੂੰ ਮਨਜ਼ੂਰ ਹੱਲ ਵਾਸਤੇ ਇਸ ਜੰਗ 'ਚ ਸ਼ਾਮਲ ਹਰ ਇਕ ਨਾਲ ਗੱਲਬਾਤ ਕਰਨ ਲਈ ਤਿਆਰ ਹਾਂ ਪਰ ਇਹ ਉਨ੍ਹਾਂ ਉੱਪਰ ਨਿਰਭਰ ਕਰਦਾ ਹੈ- ਅਸੀਂ ਗੱਲਬਾਤ ਤੋਂ ਇਨਕਾਰ ਨਹੀਂ ਕਰ ਰਹੇ ਹਾਂ, ਬਲਕਿ ਉਹ ਗੱਲਬਾਤ ਲਈ ਤਿਆਰ ਨਹੀਂ ਹਨ।''

ਉਧਰ, ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੈਲੇਂਸਕੀ ਦੇ ਇਕ ਸਲਾਹਕਾਰ ਨੇ ਕਿਹਾ ਕਿ ਪੂਤਿਨ ਨੂੰ ਸੱਚਾਈ 'ਤੇ ਪਰਤਣਾ ਅਤੇ ਇਹ ਕਬੂਲ ਕਰਨਾ ਚਾਹੀਦਾ ਹੈ ਕਿ ਗੱਲਬਾਤ ਲਈ ਰੂਸ ਹੀ ਤਿਆਰ ਨਹੀਂ ਹੈ।

# ਤਾਲਿਬਾਨ ਨੇ ਔਰਤਾਂ ਦੇ ਐਨ.ਜੀ.ਓ. ਵਿਚ ਕੰਮ ਕਰਨ 'ਤੇ ਪਾਬੰਦੀ ਲਗਾਈ

**ਕਾਬੁਲ:** ਅਫ਼ਗਾਨਿਸਤਾਨ ਵਿਚ ਔਰਤਾਂ ਦੀ ਆਜ਼ਾਦੀ 'ਤੇ ਤਾਜ਼ਾ ਹਮਲੇ ਵਿਚ ਤਾਲਿਬਾਨ ਸਰਕਾਰ ਨੇ ਉਨ੍ਹਾਂ ਦੇ ਸਥਾਨਕ ਤੇ ਵਿਦੇਸ਼ੀ ਗ਼ੈਰਸਰਕਾਰੀ ਸੰਸਥਾਵਾਂ (ਐਨ.ਜੀ.ਓ.) ਵਿਚ ਕੰਮ ਕਰਨ 'ਤੇ ਪਾਬੰਦੀ ਲਗਾ ਦਿੱਤੀ ਹੈ। ਨਾਲ ਹੀ ਸਾਰੀਆਂ ਐਨ.ਜੀ.ਓਜ਼. ਨੂੰ ਮਹਿਲਾ ਕਰਮਚਾਰੀਆਂ ਦੀ ਭਰਤੀ ਨਾ ਕਰਨ ਦਾ ਆਦੇਸ਼ ਵੀ ਦਿੱਤਾ ਗਿਆ ਹੈ। ਵਿੱਤ ਮੰਤਰੀ ਕਾਰੀ ਦੀਨ ਮੁਹੰਮਦ ਹਨੀਫ ਵੱਲੋਂ ਇਹ ਆਦੇਸ਼ ਜਾਰੀ ਕੀਤਾ ਗਿਆ ਹੈ। ਇਸ ਵਿਚ ਕਿਹਾ ਗਿਆ ਹੈ ਕਿ ਜੇਕਰ ਕੋਈ ਐਨ.ਜੀ.ਓ. ਆਦੇਸ਼ ਦਾ ਪਾਲਣ ਨਹੀਂ ਕਰਦੀ ਤਾਂ ਅਫ਼ਗਾਨਿਸਤਾਨ ਵਿਚ ਉਸ ਦਾ ਲਾਇਸੈਂਸ ਰੱਦ ਕਰ ਦਿੱਤਾ ਜਾਵੇਗਾ। ਮੰਤਰਾਲੇ ਦੇ ਬੁਲਾਰੇ ਅਬਦੁੱਲ ਰਹਿਮਾਨ ਹਬੀਬ ਨੇ ਇਸ ਆਦੇਸ਼ ਦੀ ਪੁਸ਼ਟੀ ਕੀਤੀ ਹੈ। ਮੰਤਰਾਲੇ ਨੇ ਕਿਹਾ, "ਸਰਕਾਰ ਨੂੰ ਐਨ.ਜੀ.ਓ. ਲਈ ਕੰਮ ਕਰਨ ਵਾਲੀਆਂ ਮਹਿਲਾ ਕਰਮਚਾਰੀਆਂ ਬਾਰੇ ਗੰਭੀਰ ਸ਼ਿਕਾਇਤਾਂ ਮਿਲੀਆਂ ਹਨ, ਜੋ ਸਹੀ ਢੰਗ ਨਾਲ ਹਿਜਾਬ ਨਹੀਂ ਪਹਿਨਦੀਆਂ।" ਹਾਲਾਂਕਿ, ਇਹ ਸਪਸ਼ਟ ਨਹੀਂ ਹੋ ਸਕਿਆ ਕਿ ਇਹ ਆਦੇਸ਼ ਐਨ.ਜੀ.ਓ. ਵਿਚ ਕੰਮ ਕਰਨ ਵਾਲੀਆਂ ਅਫਗਾਨ ਔਰਤਾਂ 'ਤੇ ਹੀ ਲਾਗੂ ਹੋਵੇਗਾ ਜਾਂ ਸਾਰੀਆਂ ਔਰਤਾਂ ਇਸ ਦੇ ਦਾਇਰੇ ਵਿਚ ਆਉਣਗੀਆਂ।

## 1962, 65 ਅਤੇ 71 ਦੀਆਂ ਲੜਾਈਆਂ ਬਾਰੇ ਕੋਈ ਰਿਕਾਰਡ ਨਹੀਂ?

**ਨਵੀਂ ਦਿੱਲੀ:** ਨੈਸ਼ਨਲ ਆਰਕਾਈਵਜ਼ ਆਫ ਇੰਡੀਆ (ਐਨ.ਏ.ਆਈ.) ਕੋਲ 1962, 1965 ਅਤੇ 1971 ਦੇ ਯੁੱਧਾਂ ਅਤੇ ਹਰੀ ਕ੍ਰਾਂਤੀ ਦਾ ਰਿਕਾਰਡ ਮੌਜੂਦ ਨਹੀਂ ਹੈ ਕਿਉਂਕਿ ਕਈ ਕੇਂਦਰੀ ਮੰਤਰਾਲਿਆਂ ਤੇ ਵਿਭਾਗਾਂ ਨੇ ਆਪਣਾ ਰਿਕਾਰਡ ਉਨ੍ਹਾਂ ਨਾਲ ਸਾਂਝਾ ਨਹੀਂ ਕੀਤਾ ਹੈ। ਐਨ.ਏ.ਆਈ. ਸਿਰਫ ਭਾਰਤ ਸਰਕਾਰ ਤੇ ਉਸ ਨਾਲ ਸਬੰਧਤ ਸੰਸਥਾਵਾਂ ਦਾ ਰਿਕਾਰਡ ਰੱਖਦਾ ਹੈ। ਸਰਕਾਰ ਵਿਚ ਰਿਕਾਰਡ ਪ੍ਰਬੰਧਨ ਨੂੰ 'ਇਕ ਚੰਗੇ ਸ਼ਾਸਨ ਦਾ ਜਰੂਰੀ ਪਹਿਲੂ ਦੱਸਦਿਆਂ ਸਿਨਹਾ ਨੇ ਕਿਹਾ ਕਿ ਕਈ ਮੰਤਰਾਲੇ ਹਨ, ਜਿਨ੍ਹਾਂ ਨੇ ਆਜ਼ਾਦੀ ਮਗਰੋਂ ਐਨ.ਏ.ਆਈ. ਨਾਲ ਆਪਣਾ ਰਿਕਾਰਡ ਸਾਂਝਾ ਨਹੀਂ ਕੀਤਾ ਹੈ। ਪ੍ਰਸ਼ਾਸਨਿਕ ਸੁਧਾਰ ਅਤੇ ਲੋਕ ਸ਼ਿਕਾਇਤ ਵਿਭਾਗ ਵੱਲੋਂ ਕਰਵਾਏ ਗਏ ਇਕ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਕੁੱਲ 151 ਮੰਤਰਾਲੇ ਤੇ ਵਿਭਾਗ ਹਨ ਅਤੇ ਐਨ.ਏ.ਆਈ. ਕੋਲ 36 ਮੰਤਰਾਲਿਆਂ ਤੇ ਵਿਭਾਗਾਂ ਸਣੇ ਸਿਰਫ 64 ਏਜੰਸੀਆਂ ਦਾ ਰਿਕਾਰਡ ਹੈ। ਉਨ੍ਹਾਂ ਕਿਹਾ ਕਿ ਬੜੇ ਦੁੱਖ ਦੀ ਗੱਲ ਹੈ ਕਿ ਆਜ਼ਾਦੀ ਮਗਰੋਂ ਅਸੀਂ ਆਪਣੇ ਇਤਿਹਾਸ ਦੇ ਇਕ ਵੱਡੇ ਹਿੱਸੇ ਨੂੰ ਗੁਆ ਰਹੇ ਹਾਂ।

# ਚੀਨ ਦੁਵੱਲੇ ਸਬੰਧਾਂ ਲਈ ਭਾਰਤ ਨਾਲ ਮਿਲ ਕੇ ਕੰਮ ਕਰਨ ਲਈ ਤਿਆਰ

**ਪੇਈਚਿੰਗ:** ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਨੇ ਕਿਹਾ ਹੈ ਕਿ ਉਹ ਦੁਵੱਲੇ ਸਬੰਧਾਂ ਦੇ 'ਸਥਿਰ ਤੇ ਠੋਸ ਵਿਕਾਸ' ਲਈ ਭਾਰਤ ਨਾਲ ਮਿਲ ਕੇ ਕੰਮ ਕਰਨ ਲਈ ਤਿਆਰ ਹਨ। ਉਨ੍ਹਾਂ ਨਾਲ ਹੀ ਕਿਹਾ ਕਿ ਦੋਵੇਂ ਮੁਲਕ ਸਰਹੱਦ ਉਤੇ ਸਥਿਰਤਾ ਕਾਇਮ ਰੱਖਣ ਪ੍ਰਤੀ ਵਚਨਬੱਧ ਹਨ ਜਿਥੇ 2020 ਤੋਂ ਤਣਾਅ ਬਣਿਆ ਹੋਇਆ ਹੈ। 2022 ਵਿਚ ਚੀਨ ਦੇ ਵਿਦੇਸ਼ੀ ਰਿਸ਼ਤਿਆਂ ਤੇ ਕੌਮਾਂਤਰੀ ਸਥਿਤੀ ਬਾਰੇ ਇਕ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਵਾਂਗ ਨੇ ਕਿਹਾ ਕਿ ਦੋਵਾਂ ਮੁਲਕਾਂ ਨੇ ਕੂਟਨੀਤਕ ਤੇ ਫੌਜੀ ਮਾਧਿਅਮ ਰਾਹੀਂ ਵਾਰਤਾ ਕੀਤੀ ਹੈ। ਜ਼ਿਕਰਯੋਗ ਹੈ ਕਿ ਵਾਂਗ ਨੂੰ ਹਾਲ ਹੀ ਵਿਚ ਸੱਤਾਧਾਰੀ ਚੀਨ ਦੀ ਕਮਿਊਨਿਸਟ ਪਾਰਟੀ ਦੀ ਤਾਕਤਵਰ ਰਾਜਨੀਤਕ ਬਿਊਰੋ ਵਿਚ ਸ਼ਾਮਲ ਕੀਤਾ ਗਿਆ ਹੈ। ਵਾਂਗ ਤੇ ਭਾਰਤ ਦੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਭਾਰਤ-ਚੀਨ ਸਰਹੱਦੀ ਢਾਂਚੇ ਦੇ ਵਿਸ਼ੇਸ਼ ਪ੍ਰਤੀਨਿਧੀ ਵੀ ਹਨ



ਜੋ ਕਿ ਟਕਰਾਅ ਹੋਣ ਕਾਰਨ ਪਿਛਲੇ ਕਾਫੀ ਸਮੇਂ ਤੋਂ ਠੱਪ ਪਿਆ ਹੈ ਤੇ ਕੋਈ ਗੱਲਬਾਤ ਨਹੀਂ ਹੋ ਸਕਦੀ ਹੈ। ਚੀਨ ਦੇ ਕੂਟਨੀਤਕ ਕਾਰਜ ਬਾਰੇ ਲੰਮਾ ਭਾਸ਼ਣ ਦਿੰਦਿਆਂ ਵਾਂਗ ਨੇ ਜ਼ਿਆਦਾਤਰ ਅਮਰੀਕਾ ਨਾਲ ਵਿਗੜੇ ਰਿਸ਼ਤਿਆਂ ਉਤੇ ਧਿਆਨ ਕੇਂਦਰਤ ਕੀਤਾ। ਉਨ੍ਹਾਂ ਯੂਕਰੇਨ ਜੰਗ ਦੇ ਮੱਦੇਨਜ਼ਰ ਰੂਸ ਨਾਲ ਮਜ਼ਬੂਤ ਹੋਏ ਰਿਸ਼ਤਿਆਂ ਦਾ ਵੀ ਜ਼ਿਕਰ ਕੀਤਾ। ਜ਼ਿਕਰਯੋਗ ਹੈ ਕਿ ਭਾਰਤ ਤੇ ਚੀਨ ਵਿਚਾਲੇ ਅਪਰੈਲ 2020 ਦੇ ਟਕਰਾਅ ਤੋਂ ਬਾਅਦ ਹੁਣ ਤੱਕ 17 ਵਾਰ ਵਾਰਤਾ ਹੋ ਚੁੱਕੀ ਹੈ ਪਰ ਕੋਈ ਠੋਸ ਨਤੀਜਾ ਨਹੀਂ ਨਿਕਲਿਆ ਹੈ। ਆਖਰੀ ਵਾਰ ਕਮਾਂਡਰ ਪੱਧਰ ਦੀ ਵਾਰਤਾ 20 ਦਸੰਬਰ ਨੂੰ ਹੋਈ ਸੀ ਜਿਸ ਵਿਚ ਦੋਵੇਂ ਧਿਰਾਂ ਨੇੜਿਓਂ ਸੰਪਰਕ ਵਿਚ ਰਹਿਣ ਤੇ ਗੱਲਬਾਤ ਜਾਰੀ ਰੱਖਣ ਉਤੇ ਸਹਿਮਤ ਹੋਈਆਂ ਸਨ। ਕੁਝ ਨਿਗਰਾਨਾਂ ਦਾ ਕਹਿਣਾ ਹੈ ਕਿ ਭਾਰਤ-ਚੀਨ ਵਿਚਾਲੇ ਤਵਾਂਗ ਵਿਚ ਹਾਲ ਹੀ 'ਚ ਹੋਏ ਟਕਰਾਅ ਤੋਂ ਸੰਕੇਤ ਮਿਲਦਾ ਹੈ ਕਿ 2023 ਵੀ ਦੁਵੱਲੇ ਰਿਸ਼ਤਿਆਂ ਵਿਚ ਕੋਈ ਬਹੁਤ ਸੁਧਾਰ ਨਹੀਂ ਲਿਆ ਸਕੇਗਾ।

## ਚੀਨ ਤੇ ਪਾਕਿਸਤਾਨ ਭਾਰਤ 'ਤੇ ਕਰ ਸਕਦੇ ਨੇ ਹਮਲਾ: ਰਾਹੁਲ



**ਨਵੀਂ ਦਿੱਲੀ:** ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਕਿਹਾ ਕਿ ਚੀਨ ਤੇ ਪਾਕਿਸਤਾਨ ਦੋਵੇਂ ਭਾਰਤ ਖ਼ਿਲਾਫ਼ ਇਕੱਠੇ ਹਨ ਅਤੇ ਦੇਰ-ਸਵੇਰ ਮਿਲ ਕੇ ਹਮਲਾ ਕਰ ਸਕਦੇ ਹਨ। ਉਹ ਸਾਬਕਾ ਸੈਨਿਕਾਂ ਨਾਲ ਗੱਲਬਾਤ ਕਰ ਰਹੇ ਸਨ। ਰਾਹੁਲ ਨੇ ਇਸ ਗੱਲਬਾਤ ਸਬੰਧੀ ਵੀਡੀਓ ਨੂੰ ਆਪਣੇ ਯੂਟਿਊਬ ਚੈਨਲ 'ਤੇ ਸਾਂਝਾ ਕਰਦਿਆਂ ਕਿਹਾ, "ਭਾਰਤ ਬਹੁਤ ਜ਼ਿਆਦਾ ਕਮਜ਼ੋਰ ਹੈ ਅਤੇ ਉਸ ਨੂੰ ਤੁਰਤ ਕਾਰਵਾਈ ਕਰਨੀ ਚਾਹੀਦੀ ਹੈ, ਨਹੀਂ ਤਾਂ ਇਸ ਨੂੰ ਵੱਡਾ ਝਟਕਾ ਲੱਗੇਗਾ।'' ਕਾਂਗਰਸ ਦੇ ਸਾਬਕਾ ਪ੍ਰਧਾਨ ਨੇ ਕਿਹਾ ਕਿ ਗਲਵਾਨ ਅਤੇ ਡੋਕਲਾਮ ਵਿੱਚ ਭਾਰਤੀ ਤੇ ਚੀਨੀ ਫੌਜੀਆਂ ਦਰਮਿਆਨ ਝੜਪਾਂ ਪਾਕਿਸਤਾਨ ਨਾਲ ਮਿਲ ਕੇ ਭਾਰਤ 'ਤੇ ਹਮਲਾ ਕਰਨ ਦੀ ਚੀਨ ਦੀ ਰਣਨੀਤੀ ਦਾ ਹਿੱਸਾ ਹਨ।

# 'ਵੀਰ ਬਾਲ ਦਿਵਸ' ਦਾ ਨਾਂ ਬਦਲਣ ਬਾਰੇ ਸ਼੍ਰੋਮਣੀ ਕਮੇਟੀ ਦੀ ਅਪੀਲ ਦਰਕਿਨਾਰ

## ਸਾਹਿਬਜ਼ਾਦਿਆਂ ਦੀ ਸ਼ਹਾਦਤ ਸਬੰਧੀ ਦਿਵਸ ਨੂੰ ਵੀਰ ਬਾਲ ਦਿਵਸ ਵਜੋਂ ਹੀ ਮਨਾਇਆ



**ਅੰਮ੍ਰਿਤਸਰ:** ਕੇਂਦਰ ਸਰਕਾਰ ਨੇ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਵੀਰ ਬਾਲ ਦਿਵਸ ਦਾ ਨਾਂ ਬਦਲਣ ਦੀ ਸ਼੍ਰੋਮਣੀ ਕਮੇਟੀ ਦੀ ਅਪੀਲ ਨੂੰ ਦਰਕਿਨਾਰ ਕਰ ਦਿੱਤਾ ਹੈ। ਕੇਂਦਰ ਸਰਕਾਰ ਵੱਲੋਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਦੀ ਸ਼ਹਾਦਤ ਸਬੰਧੀ ਦਿਵਸ ਨੂੰ ਵੀਰ ਬਾਲ ਦਿਵਸ ਦੇ ਰੂਪ ਵਿਚ ਹੀ ਮਨਾਇਆ ਗਿਆ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਵੀਰ ਬਾਲ ਦਿਵਸ ਦੇ ਨਾਮ ਨਾਲ ਮਨਾਉਣ ਦਾ ਵਿਰੋਧ ਕੀਤਾ ਸੀ। ਉਨ੍ਹਾਂ ਇਸ ਨੂੰ ਸਾਹਿਬਜ਼ਾਦੇ ਸ਼ਹਾਦਤ ਦਿਵਸ ਵਜੋਂ ਮਨਾਉਣ ਦੀ ਅਪੀਲ ਕੀਤੀ ਸੀ। ਕੇਂਦਰ ਵੱਲੋਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਦੇਸ਼ ਪੱਧਰ 'ਤੇ ਮਨਾਉਣ ਲਈ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ ਜਿਸ ਵਿਚ ਇਸ ਦਿਵਸ ਨੂੰ ਵੀਰ ਬਾਲ ਦਿਵਸ ਦਾ ਨਾਂ ਦਿੱਤਾ ਗਿਆ।

ਸ੍ਰੀ ਅਕਾਲ ਤਖ਼ਤ ਵੱਲੋਂ ਬਣਾਈ ਗਈ ਸਿੱਖ ਵਿਦਵਾਨਾਂ ਦੀ ਕਮੇਟੀ ਨੇ ਇਸ ਦਿਵਸ ਦਾ ਨਾਂ 'ਸਾਹਿਬਜ਼ਾਦੇ ਸ਼ਹਾਦਤ' ਦਿਵਸ ਰੱਖਣ ਦਾ ਸੁਝਾਅ ਦਿੱਤਾ ਸੀ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਇਸ ਮਾਮਲੇ ਵਿਚ ਕੇਂਦਰ 'ਤੇ ਦੋਸ਼ ਲਾਇਆ ਕਿ ਉਹ ਸਿੱਖਾਂ ਦੇ ਇਤਿਹਾਸ ਨੂੰ ਰਲਗੱਡ ਕਰਨਾ ਚਾਹੁੰਦੀ ਹੈ। ਸਿੱਖ ਕੌਮ ਦੀਆਂ ਪਰੰਪਰਾਵਾਂ ਖ਼ਿਲਾਫ਼ ਜਾ ਕੇ ਭਾਰਤ ਸਰਕਾਰ ਵੱਲੋਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਦਿਵਸ ਨੂੰ ਵੀਰ ਬਾਲ ਦਿਵਸ ਵਜੋਂ ਮਨਾਉਣਾ ਦੁਨੀਆਂ ਦੇ ਧਰਮ ਇਤਿਹਾਸ ਅੰਦਰ ਸਭ ਤੋਂ ਵੱਡੀ ਸ਼ਹਾਦਤ ਤੇ ਮੁੱਲਵਾਨ ਵਿਰਾਸਤ ਨੂੰ ਖੋਰਾ ਲਗਾਉਣ ਦੀ ਕੋਝੀ ਸਾਜ਼ਿਸ਼ ਹੈ।

ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਸਾਹਿਬਜ਼ਾਦਿਆਂ ਨੂੰ ਸੱਚਮੁੱਚ ਹੀ ਸ਼ਰਧਾ ਤੇ ਸਤਿਕਾਰ ਭੇਟ ਕਰਨਾ ਚਾਹੁੰਦੀ ਹੈ ਤਾਂ ਉਸ ਨੂੰ ਸਾਹਿਬਜ਼ਾਦੇ ਸ਼ਹਾਦਤ ਦਿਵਸ ਵਜੋਂ ਇਹ ਦਿਹਾੜਾ ਮਨਾਉਣ ਵਿਚ ਕੀ ਪਰੇਸ਼ਾਨੀ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਸਰਕਾਰ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਵੀਰ ਬਾਲ ਦਿਵਸ ਵਜੋਂ ਮਨਾਉਣ ਦੀ ਜ਼ਿੱਦ ਕਰ ਰਹੀ ਹੈ, ਉਸ ਤੋਂ ਸਪਸ਼ਟ ਹੈ ਕਿ ਇਹ ਖੇਡ ਪੰਥ ਵਿਰੋਧੀ ਸ਼ਕਤੀਆਂ ਦੇ ਇਸ਼ਾਰੇ 'ਤੇ ਖੇਡੀ ਜਾ ਰਹੀ ਹੈ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੂੰ ਨਿਸ਼ਾਨੇ 'ਤੇ ਲੈਂਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਵੀਰ ਬਾਲ ਦਿਵਸ ਨਾਂ ਕੌਮ ਨੂੰ ਪ੍ਰਵਾਨ ਨਹੀਂ ਪਰ ਫਿਰ ਵੀ ਸ੍ਰੀ ਕਾਲਕਾ ਕੇਂਦਰ ਸਰਕਾਰ ਦਾ ਮੋਹਰਾ ਬਣੇ ਹੋਏ ਹਨ। ਉਨ੍ਹਾਂ ਦਿੱਲੀ ਕਮੇਟੀ ਦੇ ਪ੍ਰਧਾਨ ਨੂੰ ਸੁਆਲ ਕੀਤਾ ਕਿ ਕੀ ਇਹ ਸ੍ਰੀ ਅਕਾਲ ਤਖ਼ਤ ਦਾ ਹੁਕਮ ਮੰਨਣ ਤੋਂ ਇਨਕਾਰੀ ਹੋਣਾ ਨਹੀਂ ਹੈ।

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਮੌਜੂਦਾ ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਸ਼੍ਰੋਮਣੀ ਕਮੇਟੀ ਵੱਲੋਂ ਇਸ ਦਿਵਸ ਦੇ ਨਾਮ ਸਬੰਧੀ ਕੀਤੇ ਜਾ ਰਹੇ ਇਤਰਾਜ਼ ਨੂੰ ਬੇਬੁਨਿਆਦ ਅਤੇ ਬੇਲੋੜਾ ਕਰਾਰ ਦਿੰਦਿਆਂ ਕਿਹਾ ਕਿ ਸਿਰਫ ਸਿਆਸੀ ਮੰਤਵ ਨਾਲ ਇਸ ਦਾ ਵਿਰੋਧ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਸਿਰਫ ਇਕ ਦਿਵਸ ਦਾ ਨਾਮ ਹੈ ਜੋ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਕੀਤਾ ਗਿਆ ਹੈ ਅਤੇ ਉਨ੍ਹਾਂ ਦੀ ਸ਼ਹਾਦਤ ਨੂੰ ਛੁਟਿਆਉਣ ਦਾ ਕੋਈ ਯਤਨ ਨਹੀਂ ਕੀਤਾ ਗਿਆ ਹੈ। ਉਹ ਕੌਮ ਲਈ ਬਾਬੇ ਹਨ ਅਤੇ ਉਨ੍ਹਾਂ ਦਾ ਦਰਜਾ ਬਾਬੇ ਵਾਲਾ ਹੀ ਰਹੇਗਾ। ਉਨ੍ਹਾਂ ਦਾਅਵਾ ਕੀਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਬਹੁਤ ਵੱਡਾ ਸਨਮਾਨ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਇਤਿਹਾਸ 'ਚ ਇਹ ਪਹਿਲਾ ਮੌਕਾ ਹੈ ਜਦੋਂ ਇੰਡੀਆ ਗੇਟ 'ਤੇ ਗਣਤੰਤਰ ਦਿਵਸ ਤੋਂ ਇਲਾਵਾ ਕੋਈ ਮਾਰਚ ਪਾਸਟ ਕੀਤਾ ਹੈ ਅਤੇ ਪ੍ਰਧਾਨ ਮੰਤਰੀ ਨੇ ਉਸ ਨੂੰ ਸਲਾਮੀ ਦਿੱਤੀ ਹੈ।

### ਸਾਹਿਬਜ਼ਾਦਿਆਂ ਨੇ ਜਬਰ ਅੱਗੇ ਝੁਕਣ ਦੀ ਥਾਂ ਸ਼ਹਾਦਤ ਦਾ ਜਾਮ ਪੀਤਾ: ਮੋਦੀ

**ਨਵੀਂ ਦਿੱਲੀ:** ਗੁਰੂ ਗੋਬਿੰਦ ਸਿੰਘ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ ਨੂੰ ਪਹਿਲੇ 'ਵੀਰ ਬਾਲ ਦਿਵਸ' ਮੌਕੇ ਕਰਵਾਏ ਗਏ ਸਮਾਗਮ ਦੌਰਾਨ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਔਰੰਗਜ਼ੇਬ ਸਾਹਿਬਜ਼ਾਦਿਆਂ ਦਾ ਧਰਮ ਤਲਵਾਰ ਦੀ ਨੋਕ 'ਤੇ ਬਦਲਣਾ ਚਾਹੁੰਦਾ ਸੀ ਅਤੇ ਉਸ ਦੇ ਭਾਰਤ ਨੂੰ ਬਦਲਣ ਦੇ ਮਨਸੂਬੇ ਸਨ ਪਰ ਉਨ੍ਹਾਂ ਖ਼ਿਲਾਫ਼ ਗੁਰੂ ਗੋਬਿੰਦ ਸਿੰਘ ਪਹਾੜ ਵਾਂਗ ਖੜ੍ਹੇ ਸਨ। ਜਿਸ ਸਮਾਜ ਅਤੇ ਕੌਮ ਦੀ ਨਵੀਂ ਪੀੜ੍ਹੀ ਜ਼ੁਲਮ ਅੱਗੇ ਗੋਡੇ ਟੇਕ ਦਿੰਦੀ ਹੈ, ਉਸ ਦਾ ਆਤਮ ਵਿਸ਼ਵਾਸ ਅਤੇ ਭਵਿੱਖ ਆਪਣੇ ਆਪ ਮਰ ਜਾਂਦਾ ਹੈ ਪਰ ਭਾਰਤ ਦੇ ਉਹ ਸਪੁੱਤਰ ਮੌਤ ਤੋਂ ਨਹੀਂ ਘਬਰਾਏ। 'ਉਹ ਦੀਵਾਰ 'ਚ ਜ਼ਿੰਦਾ ਚਿਣ ਦਿੱਤੇ ਗਏ ਪਰ ਉਨ੍ਹਾਂ ਦਹਿਸ਼ਤੀ ਮਨਸੂਬਿਆਂ ਨੂੰ ਹਮੇਸ਼ਾ ਲਈ ਦਫ਼ਨ ਕਰ ਦਿੱਤਾ।'

### ਭਗਵੰਤ ਮਾਨ ਵੱਲੋਂ ਪ੍ਰਧਾਨ ਮੰਤਰੀ ਦਾ ਧੰਨਵਾਦ

**ਨਵੀਂ ਦਿੱਲੀ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਖਿਆ ਕਿ ਛੋਟੇ ਸਾਹਿਬਜ਼ਾਦਿਆਂ ਦੀ ਮਹਾਨ ਅਤੇ ਅਦੁੱਤੀ ਕੁਰਬਾਨੀ ਮਨੁੱਖਤਾ ਨੂੰ ਜਬਰ ਜ਼ੁਲਮ, ਦਮਨ ਅਤੇ ਬੇਇਨਸਾਫ਼ੀ ਖ਼ਿਲਾਫ਼ ਜੂਝਣ ਲਈ ਹਮੇਸ਼ਾ ਪ੍ਰੇਰਿਤ ਕਰਦੀ ਰਹੇਗੀ। ਇਥੇ ਮੇਜਰ ਧਿਆਨ ਚੰਦ ਸਟੇਡੀਅਮ ਵਿਖੇ ਹੋਏ ਸਮਾਗਮ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ ਨੇ ਨਿੱਕੀ ਉਮਰੇ ਸ਼ਹੀਦੀ ਪ੍ਰਾਪਤ ਕਰ ਕੇ ਅੱਤਿਆਚਾਰ ਖ਼ਿਲਾਫ਼ ਨਿਡਰਤਾ ਦਾ ਸਬੂਤ ਦਿੱਤਾ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਇਸ ਸਮਾਗਮ ਲਈ ਧੰਨਵਾਦ ਕੀਤਾ।

## ਸੁਖਬੀਰ ਤੇ ਰਾਣਾ ਗੁਰਜੀਤ ਦੀ ਮੁਲਾਕਾਤ ਦੇ ਸਿਆਸੀ ਚਰਚੇ

**ਚੰਡੀਗੜ੍ਹ:** ਕਪੂਰਥਲਾ ਤੋਂ ਕਾਂਗਰਸੀ ਵਿਧਾਇਕ ਰਾਣਾ ਗੁਰਜੀਤ ਸਿੰਘ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਕੀਤੀ ਮੁਲਾਕਾਤ ਮਗਰੋਂ ਸੂਬੇ ਭਰ ਵਿਚ ਸਿਆਸੀ ਚਰਚੇ ਸ਼ੁਰੂ ਹੋ ਗਏ ਹਨ। ਹਾਲਾਂਕਿ ਇਨ੍ਹਾਂ ਦੋਵਾਂ ਵੱਲੋਂ ਕਿਹਾ ਜਾ ਰਿਹਾ ਹੈ, ਇਸ ਮੁਲਾਕਾਤ ਦਾ ਸਿਆਸੀ ਅਰਥ ਨਾ ਕੱਢਿਆ ਜਾਵੇ।

ਇਹ ਮੁਲਾਕਾਤ ਚੰਡੀਗੜ੍ਹ ਦੇ ਸੈਕਟਰ-9 ਵਿਚ ਸਥਿਤ ਸੁਖਬੀਰ ਸਿੰਘ ਬਾਦਲ ਦੀ ਰਿਹਾਇਸ਼ 'ਤੇ ਹੋਈ ਹੈ। ਜਿਥੇ ਦੋਵਾਂ ਵਿਚਕਾਰ ਇਕ ਘੰਟਾ ਗੱਲਬਾਤ ਚਲਦੀ ਰਹੀ ਹੈ। ਹਾਲਾਂਕਿ ਗੱਲਬਾਤ ਦੇ ਅਸਲ ਕਾਰਨ ਸਪਸ਼ਟ ਨਹੀਂ ਹੋ ਸਕੇ ਹਨ। ਕਾਂਗਰਸੀ ਵਿਧਾਇਕ ਰਾਣਾ ਗੁਰਜੀਤ ਸਿੰਘ ਨੇ ਸੁਖਬੀਰ ਸਿੰਘ ਬਾਦਲ ਨਾਲ ਮੁਲਾਕਾਤ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਇਹ ਉਨ੍ਹਾਂ ਦੀ ਨਿੱਜੀ ਮਿਲਣੀ ਸੀ। ਇਸ ਨੂੰ ਸਿਆਸਤ ਨਾਲ ਜੋੜ ਕੇ ਨਾ ਦੇਖਿਆ ਜਾਵੇ। ਉਨ੍ਹਾਂ ਕਿਹਾ ਕਿ ਹਰ ਗੱਲ ਨੂੰ ਸਿਆਸਤ ਨਾਲ ਨਹੀਂ ਜੋੜ ਕੇ ਦੇਖਿਆ ਜਾਣਾ ਚਾਹੀਦਾ।

ਦੂਜੇ ਪਾਸੇ ਰਾਣਾ ਗੁਰਜੀਤ ਸਿੰਘ ਅਤੇ ਸੁਖਬੀਰ ਸਿੰਘ ਬਾਦਲ ਦੀ ਮੁਲਾਕਾਤ ਬਾਰੇ ਸਿਆਸਤ ਵਿਚ ਚਰਚੇ ਚੱਲ ਰਹੇ ਹਨ। ਹਰ ਕਿਸੇ ਵੱਲੋਂ ਇਸ ਮੁਲਾਕਾਤ ਨੂੰ ਆਪੋ-ਆਪਣੇ ਢੰਗ ਨਾਲ ਦੇਖਿਆ ਜਾ ਰਿਹਾ ਹੈ। ਗੌਰਤਲਬ ਹੈ ਕਿ ਰਾਣਾ ਗੁਰਜੀਤ ਸਿੰਘ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਕਰੀਬੀ ਰਹੇ ਹਨ।

## ਕੈਨੇਡਾ ਵਿਚ ਪੰਜਾਬੀ ਨੌਜਵਾਨ ਦੀ ਮੌਤ

**ਜਲੰਧਰ:** ਕੈਨੇਡਾ ਦੇ ਕੈਲਗਰੀ ਸ਼ਹਿਰ 'ਚੋਂ ਲਾਪਤਾ ਹੋਏ ਪੰਜਾਬੀ ਨੌਜਵਾਨ ਦੀ ਲਾਸ਼ ਕਾਰ ਵਿਚੋਂ ਸ਼ੱਕੀ ਹਾਲਤ ਵਿਚ ਮਿਲੀ ਹੈ। ਮ੍ਰਿਤਕ ਦੀ ਪਛਾਣ ਜਸਕਰਨ ਸਿੰਘ ਜੋਸ਼ਨ (22) ਵਾਸੀ ਸਿੱਧੂਪੁਰ ਵਜੋਂ ਹੋਈ ਹੈ। ਮ੍ਰਿਤਕ ਦੇ ਚਚੇਰੇ ਭਰਾ ਸੋਨੂੰ ਜੋਸ਼ਨ ਨੇ ਦੱਸਿਆ ਕਿ ਜਸਕਰਨ ਸਿੰਘ ਪਿਛਲੇ ਪੰਜ-ਛੇ ਦਿਨਾਂ ਤੋਂ ਲਾਪਤਾ ਸੀ। ਉਸ ਦਾ ਜਦੋਂ ਫੋਨ ਨਾ ਲੱਗਾ ਤਾਂ ਉਨ੍ਹਾਂ ਨੇ ਉਥੇ ਪੁਲਿਸ ਨੂੰ ਸੂਚਿਤ ਕੀਤਾ। ਕੈਨੇਡਾ ਪੁਲਿਸ ਨੇ ਜਸਕਰਨ ਸਿੰਘ ਵੱਲੋਂ ਕੀਤੇ ਆਖਰੀ ਫੋਨ ਤੋਂ ਉਸ ਦੀ ਲੋਕੇਸ਼ਨ ਦਾ ਪਤਾ ਲਾਇਆ ਜਿਸ ਤੋਂ ਬਾਅਦ ਉਸ ਦੀ ਕਾਰ ਇਕ ਪਾਰਕਿੰਗ ਵਿਚ ਖੜ੍ਹੀ ਮਿਲੀ, ਜਿਸ ਵਿਚ ਉਸ ਦੀ ਲਾਸ਼ ਵੀ ਸੀ। ਉਸ ਨੇ ਆਪਣੀ ਪੜ੍ਹਾਈ ਮੁਕੰਮਲ ਕਰ ਲਈ ਸੀ ਤੇ ਉਹ ਪੀ.ਆਰ. ਹੋ ਗਿਆ ਸੀ। ਹੁਣ ਉਹ ਆਪਣਾ ਹੀ ਕਾਰੋਬਾਰ ਕਰਦਾ ਸੀ। ਪਤਾ ਲੱਗਾ ਹੈ ਕਿ ਜਸਕਰਨ ਦੇ ਦੋ ਜਣਿਆਂ ਦੇ ਪੈਸੇ ਮਾਰ ਲਏ ਸਨ, ਜਿਸ ਕਾਰਨ ਉਹ ਪਰੇਸ਼ਾਨ ਸੀ।

## ਸਕੂਲ ਪਾਠਕ੍ਰਮ 'ਚ ਸ਼ਾਮਲ ਕੀਤਾ ਜਾ ਸਕਦੈ ਕਿਸਾਨ ਅੰਦੋਲਨ



**ਚੰਡੀਗੜ੍ਹ:** ਪੰਜਾਬ ਸਕੂਲ ਸਿੱਖਿਆ ਬੋਰਡ ਖੇਤੀ ਕਾਨੂੰਨਾਂ ਵਿਰੁੱਧ ਸਾਲ ਭਰ ਚੱਲੇ ਕਿਸਾਨ ਅੰਦੋਲਨ ਨੂੰ ਸਕੂਲਾਂ ਦੇ ਪਾਠਕ੍ਰਮ ਵਿਚ ਸ਼ਾਮਲ ਕਰਨ ਦੀ ਯੋਜਨਾ 'ਤੇ ਕੰਮ ਕਰ ਰਿਹਾ ਹੈ। ਜ਼ਿਕਰਯੋਗ ਹੈ ਕਿ ਕਿਸਾਨਾਂ ਦੇ ਵਿਰੋਧ ਤੋਂ ਬਾਅਦ ਕੇਂਦਰ ਸਰਕਾਰ ਨੇ ਕਾਨੂੰਨ ਵਾਪਸ ਲੈ ਲਏ ਸਨ।

ਅਧਿਆਪਕ ਐਸੋਸੀਏਸ਼ਨਾਂ ਲੰਮੇ ਸਮੇਂ ਤੋਂ ਇਸ ਸੰਘਰਸ਼ ਨੂੰ ਸਿਲੇਬਸ ਦਾ ਹਿੱਸਾ ਬਣਾਉਣ ਦੀ ਮੰਗ ਕਰ ਰਹੀਆਂ ਹਨ। ਇਸ ਸਬੰਧੀ ਡੈਮੋਕਰੈਟਿਕ ਟੀਚਰਜ਼ ਫਰੰਟ ਦੇ ਇਕ ਵਫਦ ਨੇ ਬੋਰਡ ਦੇ ਚੇਅਰਮੈਨ ਪ੍ਰੋਫੈਸਰ ਯੋਗਰਾਜ ਨਾਲ ਮੁਲਾਕਾਤ ਕੀਤੀ ਸੀ। ਫਰੰਟ ਦੇ ਪ੍ਰਧਾਨ ਵਿਕਰਮਦੇਵ ਸਿੰਘ ਨੇ ਕਿਹਾ ਕਿ ਜਿਸ ਤਰ੍ਹਾਂ ਇਸ ਅੰਦੋਲਨ ਨੇ ਕੇਂਦਰ ਸਰਕਾਰ ਦੇ 'ਦਮਨਕਾਰੀ ਹੱਲੇ' ਦਾ ਸਾਹਮਣਾ ਕੀਤਾ, ਵਿਦਿਆਰਥੀਆਂ ਨੂੰ ਇਸ ਬਾਰੇ ਪੜ੍ਹ ਕੇ ਇਕਜੁੱਟ ਹੋਣ ਦੀ ਤਾਕਤ ਤੇ ਨਾਗਰਿਕਾਂ ਦੇ ਲੋਕਤੰਤਰਿਕ ਹੱਕਾਂ ਬਾਰੇ ਪਤਾ ਲੱਗੇਗਾ। ਉਨ੍ਹਾਂ ਕਿਹਾ ਕਿ ਕਿਸਾਨ ਸੰਘਰਸ਼ ਪੰਜਾਬ ਦੇ ਵਰਤਮਾਨ ਇਤਿਹਾਸ ਦਾ ਸਭ ਤੋਂ ਜ਼ਿਕਰਯੋਗ ਅਧਿਆਏ ਹੈ।

ਅਧਿਆਪਕਾਂ ਨੇ ਕਈ ਹੋਰ ਉੱਘੀਆਂ ਹਸਤੀਆਂ ਜਿਨ੍ਹਾਂ ਵਿਚ ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਊਧਮ ਸਿੰਘ, ਡਾ. ਬੀ.ਆਰ. ਅੰਬੇਡਕਰ, ਬਾਬਾ ਜੀਵਨ ਸਿੰਘ, ਸਾਵਿੱਤਰੀ ਫੂਲੇ, ਮਾਈ ਭਾਗੋ ਤੇ ਚਾਰ ਸਾਹਿਬਜ਼ਾਦੇ ਸ਼ਾਮਲ ਹਨ, ਦੇ ਜੀਵਨ ਅਤੇ ਵਿਚਾਰ ਵੀ ਸਕੂਲ ਪਾਠਕ੍ਰਮ ਵਿਚ ਸ਼ਾਮਲ ਕਰਨ ਦੀ ਮੰਗ ਕੀਤੀ। ਬੋਰਡ ਦੇ ਚੇਅਰਮੈਨ ਪ੍ਰੋ. ਯੋਗਰਾਜ ਨੇ ਕਿਹਾ ਕਿ ਉਨ੍ਹਾਂ ਵੱਲੋਂ ਇਸ ਮੁੱਦੇ ਉਤੇ ਨਿਰਪੱਖ ਨਜ਼ਰੀਏ ਲਈ ਵਿਦਵਾਨਾਂ-ਮਾਹਿਰਾਂ ਦੀ ਇਕ ਕਮੇਟੀ ਬਣਾਈ ਜਾਵੇਗੀ। ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਇਹ ਦੇਖਿਆ ਜਾਵੇਗਾ ਕਿ ਕੀ ਕਿਸਾਨ ਅੰਦੋਲਨ ਨੂੰ ਸਿਲੇਬਸ ਦਾ ਹਿੱਸਾ ਬਣਾਉਣ ਨਾਲ ਵਿਦਿਆਰਥੀਆਂ ਨੂੰ ਲਾਭ ਹੋਵੇਗਾ।

## ਆਸਟਰੇਲੀਆ ਵੱਲੋਂ ਭਾਰਤੀਆਂ ਲਈ ਨਵਾਂ ਵੀਜ਼ਾ ਸ਼ੁਰੂ

**ਬ੍ਰਿਸਬਨ:** ਆਸਟਰੇਲੀਆ ਤੇ ਭਾਰਤ ਦਰਮਿਆਨ ਹੋਏ ਵਪਾਰਕ ਸਮਝੌਤੇ ਤਹਿਤ 18 ਤੋਂ 30 ਸਾਲ ਦੀ ਉਮਰ ਦੇ ਭਾਰਤੀਆਂ ਨੂੰ ਨਵੇਂ 'ਵਰਕਿੰਗ ਹੌਲੀਡੇਅ ਪ੍ਰੋਗਰਾਮ' ਤਹਿਤ ਇਕ ਸਾਲ ਦਾ ਵੀਜ਼ਾ ਦਿੱਤਾ ਜਾਵੇਗਾ। ਇਸ ਵਿਚ ਹਰ ਸਾਲ 1000 ਸੀਟਾਂ ਰੱਖੀਆਂ ਹਨ, ਇਹ 29 ਦਸੰਬਰ ਤੋਂ ਲਾਗੂ ਹੋ ਜਾਵੇਗਾ। ਇਮੀਗ੍ਰੇਸ਼ਨ ਵਿਭਾਗ ਅਨੁਸਾਰ ਦੋ ਸਾਲਾਂ ਅੰਦਰ ਵਰਕ ਅਤੇ ਹੌਲੀਡੇਅ ਵੀਜ਼ੇ ਲਾਗੂ ਹੋ ਜਾਣਗੇ। ਇਸ ਨਾਲ ਦੋਵੇਂ ਪਾਸੇ ਮੁਫਤ ਵਪਾਰ ਦਾ ਰਾਹ ਪੱਧਰਾ ਹੋ ਜਾਵੇਗਾ। ਗ੍ਰਹਿ ਵਿਭਾਗ ਮੁਤਾਬਕ ਆਸਟਰੇਲੀਆ 47 ਦੇਸ਼ਾਂ ਨਾਲ 'ਵਰਕਿੰਗ ਹੌਲੀਡੇਅ ਮੇਕਰ ਪ੍ਰੋਗਰਾਮ' ਚਲਾ ਰਿਹਾ ਹੈ। ਸਰਕਾਰ ਕੋਵਿਡ-19 ਮਹਾਂਮਾਰੀ ਦੇ ਸਮੇਂ ਤੋਂ ਦੇਸ਼ ਦੀ ਆਰਥਿਕ ਮਜ਼ਬੂਤੀ ਲਈ 'ਵਰਕਿੰਗ ਹੌਲੀਡੇਅ ਮੇਕਰ' ਪ੍ਰੋਗਰਾਮ ਨੂੰ ਪਹਿਲ ਦੇ ਰਹੀ ਹੈ। ਇਸ ਪ੍ਰੋਗਰਾਮ 'ਚ 'ਵਰਕਿੰਗ ਹੌਲੀਡੇਅ (ਸਬ-ਕਲਾਸ 417) ਵੀਜ਼ਾ' ਅਤੇ 'ਵਰਕ ਐਂਡ ਹੌਲੀਡੇਅ (ਸਬ-ਕਲਾਸ 462) ਵੀਜ਼ਾ' ਸ਼ਾਮਲ ਹਨ। ਮਾਹਿਰਾਂ ਅਨੁਸਾਰ, ਭਾਰਤੀ 'ਬੈਕਪੈਕਰ ਵਰਕ ਐਂਡ ਹੌਲੀਡੇਅ ਵੀਜ਼ਾ (ਸਬ-ਕਲਾਸ 462) 'ਚ ਵਧੇਰੇ ਰੁਚੀ ਲੈਣਗੇ ਪਰ ਬਿਨੈਕਾਰਾਂ ਲਈ ਵੀਜ਼ਾ ਸ਼ਰਤਾਂ ਵਿਚ ਅੰਗਰੇਜ਼ੀ ਭਾਸ਼ਾ ਦਾ ਗਿਆਨ ਅਤੇ ਨਿੱਜੀ ਸਹਾਇਤਾ ਲਈ ਲੋੜੀਂਦੇ ਫੰਡ ਦੀ ਲੋੜ ਵੀ ਸ਼ਾਮਲ ਹੈ। 1 ਜਨਵਰੀ ਤੋਂ 31 ਅਕਤੂਬਰ 2022 ਦੌਰਾਨ 1,43,637 ਵਰਕਿੰਗ ਹੌਲੀਡੇਅ ਮੇਕਰ ਵੀਜ਼ਾ ਅਰਜ਼ੀਆਂ ਦਾਖਲ ਹੋਈਆਂ ਹਨ।

## ਸਰਕਾਰ ਨੇ ਰੇਤਾ-ਬਜਰੀ 'ਚ ਆਮ ਲੋਕਾਂ ਦੀ ਲੁੱਟ ਰੋਕਣ ਲਈ ਨਵਾਂ ਰਾਹ ਲੱਭਿਆ



**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਰੇਤ ਮਾਫੀਆ ਨੂੰ ਠੱਲ੍ਹ ਪਾਉਣ ਲਈ ਰੇਤਾ-ਬਜਰੀ ਦੀ ਢੋਆ-ਢੁਆਈ ਦਾ ਭਾੜਾ ਤੈਅ ਕਰ ਦਿੱਤਾ ਹੈ। ਹੁਣ ਟਰਾਂਸਪੋਰਟਰ ਰੇਤਾ-ਬਜਰੀ ਦੀ ਢੋਆ-ਢੁਆਈ 'ਚ ਮਨਮਰਜ਼ੀ ਦੇ ਰੇਟ ਨਹੀਂ ਵਸੂਲ ਸਕਣਗੇ। ਖਣਨ ਅਤੇ ਟਰਾਂਸਪੋਰਟ ਵਿਭਾਗ ਨੇ ਆਪਸੀ ਤਾਲਮੇਲ ਨਾਲ ਰੇਤਾ-ਬਜਰੀ 'ਚ ਹੁੰਦੀ ਆਮ ਲੋਕਾਂ ਦੀ ਲੁੱਟ ਨੂੰ ਰੋਕਣ ਲਈ ਇਹ ਨਵਾਂ ਰਾਹ ਲੱਭਿਆ ਹੈ। ਟਰਾਂਸਪੋਰਟ ਵਿਭਾਗ ਨੇ ਰੇਤਾ-ਬਜਰੀ ਦੀ ਢੋਆ-ਢੁਆਈ ਦਾ ਰੇਟ ਤੈਅ ਕਰਨ ਵਾਸਤੇ ਬਾਕਾਇਦਾ ਨੋਟੀਫਿਕੇਸ਼ਨ ਵੀ ਜਾਰੀ ਕਰ ਦਿੱਤਾ ਹੈ।

ਸੂਤਰ ਦੱਸਦੇ ਹਨ ਕਿ ਪੰਜਾਬ ਸਰਕਾਰ ਵੱਲੋਂ ਜਿਹੜੀਆਂ ਖੱਡਾਂ 'ਚੋਂ ਰੇਤਾ ਟੈਕਸ ਸਮੇਤ 9.34 ਰੁਪਏ ਪ੍ਰਤੀ ਕਿਊਬਿਕ ਫੁੱਟ ਦਿੱਤਾ ਜਾਂਦਾ ਸੀ, ਉਹ ਲੋਕਾਂ ਨੂੰ 32 ਤੋਂ 35 ਰੁਪਏ ਪ੍ਰਤੀ ਕਿਊਬਿਕ ਫੁੱਟ ਤੱਕ ਮਿਲਦਾ ਸੀ। ਖਣਨ ਮਹਿਕਮਾ ਸਮਝਦਾ ਹੈ ਕਿ ਅਸਲ ਵਿਚ ਰੇਤੇ-ਬਜਰੀ ਵਿਚ ਵੱਡੀ ਲੁੱਟ ਟਰਾਂਸਪੋਰਟ ਰਾਹੀਂ ਹੁੰਦੀ ਹੈ, ਇਸ ਕਰ ਕੇ ਇਸ ਸਮੱਸਿਆ ਦਾ ਇਹ ਨਵਾਂ ਤੋੜ ਲੱਭਿਆ ਗਿਆ ਹੈ।

ਨੋਟੀਫਿਕੇਸ਼ਨ ਅਨੁਸਾਰ ਰੇਤਾ-ਬਜਰੀ ਦੀ ਦੋ ਕਿਲੋਮੀਟਰ ਤੱਕ ਦੀ ਢੋਆ-ਢੁਆਈ ਲਈ ਟਰਾਂਸਪੋਰਟਰ ਨੂੰ ਪ੍ਰਤੀ ਮੀਟਰਕ ਟਨ ਪਿੱਛੇ 84.92 ਰੁਪਏ ਮਿਲਣਗੇ ਅਤੇ 50 ਕਿਲੋਮੀਟਰ ਦੀ ਦੂਰੀ ਬਦਲੇ 349.82 ਰੁਪਏ ਪ੍ਰਤੀ ਟਨ ਮਿਲਣਗੇ। ਇਸੇ ਤਰ੍ਹਾਂ 100 ਕਿਲੋਮੀਟਰ ਦੀ ਦੂਰੀ ਦੇ 467.95 ਰੁਪਏ ਪ੍ਰਤੀ ਟਨ ਭਾੜਾ ਮਿਲੇਗਾ ਅਤੇ 150 ਕਿਲੋਮੀਟਰ ਦੂਰੀ ਦਾ ਭਾੜਾ 526.19 ਰੁਪਏ ਪ੍ਰਤੀ ਟਨ ਤੈਅ ਕੀਤਾ ਗਿਆ ਹੈ। ਇਸ ਤੋਂ ਇਲਾਵਾ 579.78 ਰੁਪਏ ਪ੍ਰਤੀ ਟਨ ਭਾੜਾ 200 ਕਿਲੋਮੀਟਰ ਦੀ ਦੂਰੀ ਦਾ ਨਿਸ਼ਚਿਤ ਕੀਤਾ ਗਿਆ ਹੈ। ਟਰਾਂਸਪੋਰਟਰ ਨੂੰ 300 ਕਿਲੋਮੀਟਰ ਦੀ ਦੂਰੀ ਦਾ ਕਿਰਾਇਆ 686.96 ਰੁਪਏ ਪ੍ਰਤੀ ਟਨ ਮਿਲੇਗਾ।

ਟਰਾਂਸਪੋਰਟਰਾਂ ਨੂੰ ਖਣਨ ਵਿਭਾਗ ਕੋਲ ਰਜਿਸਟਰੇਸ਼ਨ ਕਰਵਾਉਣੀ ਹੋਵੇਗੀ। ਢੋਆ-ਢੁਆਈ ਲਈ ਵਰਤੇ ਜਾਣ ਵਾਲੇ ਵਾਹਨਾਂ ਵਿਚ ਟਿੱਪਰ, ਟਰੱਕ ਅਤੇ ਟਰਾਲੇ ਆਦਿ ਸ਼ਾਮਲ ਹਨ। ਪੰਜਾਬ ਵਿਚ ਕਰੀਬ 6100 ਟਿੱਪਰ ਹਨ। ਖਣਨ ਮਹਿਕਮੇ ਵੱਲੋਂ ਕੈਬ ਦੀ ਤਰਜ਼ 'ਤੇ ਇਕ ਐਪ ਬਣਾਈ ਗਈ ਹੈ ਜਿਸ 'ਤੇ ਕੋਈ ਵੀ ਗਾਹਕ ਰੇਤਾ-ਬਜਰੀ ਦਾ ਆਨਲਾਈਨ ਆਰਡਰ ਕਰ ਸਕੇਗਾ। ਰਜਿਸਟਰਡ ਟਰੱਕਾਂ ਜਾਂ ਟਿੱਪਰਾਂ 'ਚੋਂ ਜੋ ਵੀ ਮੌਕੇ 'ਤੇ ਉਪਲਬਧ ਹੋਵੇਗਾ, ਉਸ ਨੂੰ ਆਰਡਰ ਦੇ ਦਿੱਤਾ ਜਾਵੇਗਾ। ਪੰਜਾਬ ਸਰਕਾਰ ਲਈ ਇਹ ਕੰਮ ਸੌਖਾ ਨਹੀਂ ਜਾਪਦਾ ਹੈ ਕਿਉਂਕਿ ਟਰਾਂਸਪੋਰਟਰ ਇਸ ਫੈਸਲੇ 'ਤੇ ਹੰਗਾਮਾ ਖੜ੍ਹਾ ਕਰ ਸਕਦੇ ਹਨ।

ਸਰਕਾਰੀ ਸੂਤਰ ਆਖਦੇ ਹਨ ਕਿ ਸਰਕਾਰ ਟਰਾਂਸਪੋਰਟ ਮਾਫੀਆ ਦੀ ਲੁੱਟ ਬੰਦ ਕਰਨ ਵਾਸਤੇ ਫੈਸਲੇ ਤੋਂ ਪਿੱਛੇ ਨਹੀਂ ਹਟੇਗੀ। ਵੱਡੀ ਚੁਣੌਤੀ ਹੁਣ ਇਸ ਭਾੜੇ ਨੂੰ ਲਾਗੂ ਕਰਵਾਉਣ ਦੀ ਹੋਵੇਗੀ। ਪੰਜਾਬ ਵਿਚ ਪਹਿਲਾਂ ਹੀ ਖਣਨ ਦਾ ਕੰਮ ਕਰੀਬ ਇਕ ਮਹੀਨੇ ਤੋਂ ਬੰਦ ਪਿਆ ਹੈ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਇਸ 'ਤੇ ਰੋਕ ਲਗਾਈ ਹੋਈ ਹੈ ਅਤੇ ਅਗਲੀ ਸੁਣਵਾਈ ਪਹਿਲੀ ਅਪਰੈਲ 2023 ਨੂੰ ਹੋਣੀ ਹੈ। ਪੰਜਾਬ ਵਿਚ ਰੇਤਾ-ਬਜਰੀ ਦੇ ਰੇਟ ਅਸਮਾਨੀ ਚੜ੍ਹੇ ਹੋਏ ਹਨ। ਖਾਸ ਕਰ ਕੇ ਪਿੰਡਾਂ ਦੇ ਵਿਕਾਸ ਪ੍ਰੋਜੈਕਟ ਇਸ ਮਹਿੰਗਾਈ ਦੀ ਭੇਟ ਚੜ੍ਹ ਗਏ ਹਨ। ਖਣਨ ਵਿਭਾਗ ਨੇ ਜ਼ਿਲ੍ਹਾ ਪੱਧਰ 'ਤੇ ਰੇਤੇ ਦੇ ਡੰਪ ਬਣਾਉਣ ਦਾ ਫੈਸਲਾ ਲਿਆ ਹੈ ਅਤੇ ਮੁਹਾਲੀ ਵਿਚ ਇਸ ਦੀ ਸ਼ੁਰੂਆਤ ਵੀ ਕੀਤੀ ਗਈ ਹੈ।

ਪੰਜਾਬ ਟਾਈਮਜ਼

ਸਨਿਚਰਵਾਰ, 31 ਦਸੰਬਰ 2022

# ਅਗਲੀ ਪੁਲਾਂਘ

ਇਸ ਅੰਕ ਨਾਲ 'ਪੰਜਾਬ ਟਾਈਮਜ਼' ਨੇ ਆਪਣੇ ਸਫ਼ਰ ਦੇ 23 ਵਰ੍ਹੇ ਮੁਕੰਮਲ ਕਰ ਲਏ ਹਨ ਅਤੇ 24ਵੇਂ ਵਰ੍ਹੇ ਅੰਦਰ ਪ੍ਰਵੇਸ਼ ਕਰ ਲਿਆ ਹੈ। ਲੇਖਕਾਂ-ਪਾਠਕਾਂ ਦੀ ਭਰਪੂਰ ਮੁਹੱਬਤ ਲੈਣ ਵਾਲਾ ਇਹ ਪਰਚਾ ਹੁਣ ਆਪਣੇ ਸਿਲਵਰ ਜੁਬਲੀ ਵਰ੍ਹੇ ਵੱਲ ਸਾਬਤ-ਕਦਮੀ ਪੈਰ ਵਧਾ ਰਿਹਾ ਹੈ। ਇਸ ਲੰਮੇ ਸਫ਼ਰ ਦਾ ਸਿਹਰਾ ਇਸ ਦੇ ਕਰਤਾ-ਧਰਤਾ ਅਤੇ ਰੂਹ-ਏ-ਰਵਾਂ (ਮਰਹੂਮ) ਸ. ਅਮੋਲਕ ਸਿੰਘ ਜੰਮੂ ਸਿਰ ਬੱਝਦਾ ਹੈ ਜਿਨ੍ਹਾਂ ਆਪਣਾ ਇਕ-ਇਕ ਪਲ ਪਰਚੇ ਨੂੰ ਪੈਰਾਂ ਸਿਰ ਕਰਨ ਦੇ ਲੇਖੇ ਲਾਇਆ। ਸ਼ੁਰੂਆਤੀ ਦੌਰ ਵਿਚ ਮੁਸ਼ਕਿਲਾਂ ਵੀ ਬਹੁਤ ਆਈਆਂ ਪਰ ਇਹ ਉਨ੍ਹਾਂ ਦੀ ਸ਼ਖਸੀਅਤ ਦਾ ਹੀ ਪ੍ਰਤਾਪ ਸੀ ਕਿ ਛੇਤੀ ਹੀ ਪਰਚੇ ਨੇ ਪੰਜਾਬੀ ਪੱਤਰਕਾਰੀ ਅਤੇ ਪੰਜਾਬੀ ਭਾਈਚਾਰੇ ਅੰਦਰ ਆਪਣਾ ਸਿਰ ਕੱਢ ਲਿਆ। ਫਿਰ ਤਾਂ ਇਕ-ਇਕ ਕਰਕੇ ਪਾਠਕ, ਲੇਖਕ ਅਤੇ ਹੋਰ ਕਦਰਦਾਨ ਜੁੜਦੇ ਗਏ ਤੇ ਇਉਂ 'ਪੰਜਾਬ ਟਾਈਮਜ਼' ਕਾਫਲੇ ਦਾ ਰੂਪ ਧਾਰ ਗਿਆ। ਇਹ ਅਸਲ ਵਿਚ ਇਸ ਕਾਫ਼ਲੇ ਦੀ ਹੀ ਤਾਕਤ ਅਤੇ ਹਿੰਮਤ ਹੈ ਕਿ ਸ. ਅਮੋਲਕ ਸਿੰਘ ਜੰਮੂ ਦੀ ਡੇਢ ਸਾਲ ਦੀ ਗੈਰ-ਮੌਜੂਦਗੀ ਦੇ ਬਾਵਜੂਦ ਪਰਚਾ ਹਰ ਹਫਤੇ ਆਪਣੇ ਪਿਆਰੇ ਅਤੇ ਸੁਘੜ ਪਾਠਕਾਂ ਦੇ ਦਰਾਂ 'ਤੇ ਲਗਾਤਾਰ, ਬਿਨਾ ਨਾਗਾ ਦਸਤਕ ਦੇ ਰਿਹਾ ਹੈ। ਦੋ ਸਾਲ ਪਹਿਲਾਂ ਕਰੋਨਾ ਦੇ ਕਹਿਰ ਕਰ ਕੇ ਲੌਕਡਾਊਨ ਕਾਰਨ ਪ੍ਰਿੰਟ ਮੀਡੀਆ ਨੂੰ ਡਾਢੀ ਸੱਟ ਤਾਂ ਵੱਜੀ ਸੀ ਪਰ ਕਦਰਦਾਨਾਂ ਦੇ ਪਿਆਰ ਦੀ ਬਦੌਲਤ ਇਨ੍ਹਾਂ ਔਖੇ ਦਿਨਾਂ ਦੌਰਾਨ ਵੀ 'ਪੰਜਾਬ ਟਾਈਮਜ਼' ਦਾ ਸਫ਼ਰ ਨਿਰਵਿਘਨ ਜਾਰੀਰਿਹਾ।ਇਹ ਉਹ ਦਿਨ ਸਨ ਜਦੋਂ ਕਰੋਨਾ ਦੇ ਖੌਫ ਕਾਰਨ ਪਰਚੇ ਦੀ ਛਪਾਈ ਬੰਦ ਕਰਨੀ ਪਈ ਸੀ ਪਰ ਹਰ ਹਫ਼ਤੇ ਇੰਟਰਨੈੱਟ ਰਾਹੀਂ ਆਪਣੇ ਪਾਠਕਾਂ ਨਾਲ ਰਾਬਤਾ ਲਗਾਤਾਰ ਰਿਹਾ।

ਹੁਣ ਭਾਵੇਂ ਕਰੋਨਾ ਦਾ ਪਹਿਲਾਂ ਵਾਲਾ ਕਹਿਰ ਨਹੀਂ ਰਿਹਾ ਪਰ ਇਹ ਵੀ ਸੱਚ ਹੈ ਕਿ ਛਪਾਈ ਅਤੇ ਇਸ਼ਤਿਹਾਰਾਂ ਦੇ ਪੱਖ ਤੋਂ ਹਾਲਾਤ ਪਹਿਲਾਂ ਵਾਲੇ ਨਹੀਂ ਰਹੇ। ਮੀਡੀਆ ਵੀ ਹੁਣ ਆਮ ਕਰ ਕੇ ਮਿਸ਼ਨ ਦੀ ਥਾਂ ਵਪਾਰਕ ਪਲੜੇ ਵੱਲ ਤੇਜ਼ੀ ਨਾਲ ਝੁਕਦਾ ਜਾਪ ਰਿਹਾ ਹੈ। ਇਸ ਦਾ ਵੱਡਾ ਕਾਰਨ ਇਹ ਹੈ ਕਿ ਇਸ ਖੇਤਰ ਵਿਚ ਹੁਣ ਕਾਰੋਬਾਰੀ ਤਬਕਾ ਵੀ ਆਣ ਸ਼ਾਮਿਲ ਹੋਇਆ ਹੈ। ਮੀਡੀਆ ਦੇ ਇਸ ਨਵੇਂ, ਕਾਰੋਬਾਰੀ ਨਜ਼ਰੀਏ ਨੇ ਇਸ ਨੂੰ ਮੁੱਢੋਂ-ਸੁੱਢੋਂ ਹੀ ਬਦਲਣਾ ਆਰੰਭ ਕਰ ਦਿੱਤਾ ਹੈ ਜਦਕਿ ਮਿਸ਼ਨ ਵਾਲੇ ਮੀਡੀਆ ਦਾ ਇਤਿਹਾਸ ਉਨ੍ਹਾਂ ਗਦਰੀਆਂ ਨਾਲ ਜੁੜਿਆ ਹੋਇਆ ਹੈ ਜਿਨ੍ਹਾਂ ਨੇ ਇਕ ਸਦੀ ਪਹਿਲਾਂ ਉਸ ਹਕੂਮਤ ਨੂੰ ਪਲਟਾਉਣ ਬਾਰੇ ਸੋਚਿਆ ਸੀ ਜਿਸ ਬਾਰੇ ਕਿਹਾ ਜਾਂਦਾ ਸੀ ਕਿ ਇਸ ਦੇ ਰਾਜ ਅੰਦਰ ਸੂਰਜ ਕਦੀ ਨਹੀਂ ਛੁਪਦਾ। ਉਦੋਂ ਗਦਰੀਆਂ ਨੇ ਆਪਣੀ ਸਿਆਸਤ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਆਪਣੀ ਸਿਆਸੀ ਸਰਗਰਮੀਆਂ ਤਾਂ ਕੀਤੀਆਂ ਹੀ, ਨਾਲ ਹੀ ਅਖਬਾਰਾਂ ਰਸਾਲਿਆਂ ਰਾਹੀਂ ਲੋਕ ਚੇਤਨਾ ਨੂੰ ਟੁੰਬਣ ਦਾ ਰਾਹ ਫੜਿਆ। ਅਸਲ ਵਿਚ ਇਨ੍ਹਾਂ ਗਦਰੀ ਜੁਝਾਰੂਆਂ ਨੂੰ 'ਸ਼ਬਦ' ਦੀ ਤਾਕਤ ਦਾ ਇਲਮ ਸੀ ਅਤੇ ਉਨ੍ਹਾਂ ਕੈਨੇਡਾ-ਅਮਰੀਕਾ ਦੀ ਧਰਤੀ ਤੋਂ ਪਰਚੇ ਛਾਪਣ ਦੀਆਂ ਵਿਉਂਤਾਂ ਬਣਾਈਆਂ।'ਪੰਜਾਬ ਟਾਈਮਜ਼' ਦਾ ਨਾਤ੍ਹਾ ਅਸਲ ਵਿਚ ਅਜਿਹੀ ਮਿਸ਼ਨਰੀ ਕਵਾਇਦ ਨਾਲ ਹੀ ਜੁੜਿਆ ਹੋਇਆ ਹੈ ਅਤੇ ਇਸ ਵਿਰਾਸਤ ਕਾਰਨ ਹੀ ਇਹ ਇੰਨਾ ਲੰਮਾ ਸਫ਼ਰ ਤੈਅ ਕਰਨ ਵਿਚ ਕਾਮਯਾਬ ਹੋਇਆ ਹੈ। ਇਹੀ ਕਾਰਨ ਹੈ ਕਿ ਸ. ਅਮੋਲਕ ਸਿੰਘ ਜੰਮੂ ਦੀ ਸਿਹਤ ਨਾਸਾਜ਼ ਹੋਣ ਦੇ ਬਾਵਜੂਦ 'ਪੰਜਾਬ ਟਾਈਮਜ਼' ਆਪਣੀ ਮੜਕ ਨਾਲ ਚੱਲਦਾ ਰਿਹਾ।

ਪਰਚਿਆਂ ਦੀ ਛਪਣ ਗਿਣਤੀ ਘਟਣ ਕਰ ਕੇ ਹੁਣ ਹਾਲਾਤ ਐਨ ਉਸੇ ਤਰ੍ਹਾਂ ਦੇ ਬਣ ਰਹੇ ਹਨ ਜਦੋਂ 23 ਵਰ੍ਹੇ ਪਹਿਲਾਂ 'ਪੰਜਾਬ ਟਾਈਮਜ਼' ਆਰੰਭ ਕੀਤਾ ਗਿਆ ਸੀ ਸਗੋਂ ਇਸ ਵਾਰ ਦਾ ਸੰਕਟ ਉਦੋਂ ਨਾਲੋਂ ਕਿਤੇ ਜ਼ਿਆਦਾ ਗਹਿਰਾ ਜਾਪਦਾ ਹੈ। ਉਸ ਵਕਤ ਪੱਤਰਕਾਰੀ ਦਾ ਖੇਤਰ ਬਾਹਾਂ ਖੋਲ੍ਹ ਕੇ ਤੁਹਾਨੂੰ ਉਡੀਕ ਰਿਹਾ ਸੀ ਅਤੇ 'ਪੰਜਾਬ ਟਾਈਮਜ਼' ਨੇ ਆਪਣੀ ਮਿਆਰੀ, ਨਿਆਰੀ ਅਤੇ ਸਭ ਲਈ ਸਾਂਝੀ ਪੇਸ਼ਕਾਰੀ ਰਾਹੀਂ ਆਪਣੀ ਥਾਂ ਬਣਾ ਲਈ ਸੀ। ਇਨ੍ਹਾਂ 23 ਵਰ੍ਹਿਆਂ ਦੌਰਾਨ 'ਪੰਜਾਬ ਟਾਈਮਜ਼' ਦਾ ਮਿਆਰ ਅਤੇ ਵਿਲੱਖਣਤਾ ਕਾਇਮ ਰੱਖਣ ਲਈ ਹਰ ਸੰਭਵ ਯਤਨ ਕੀਤਾ ਗਿਆ ਤੇ ਇਸ ਵਿਚ ਪਾਠਕਾਂ ਦੇ ਸਹਿਯੋਗ ਸਦਕਾ ਬਹੁਤ ਹੱਦ ਤੱਕ ਕਾਮਯਾਬ ਵੀ ਰਹੇ।

ਹੁਣ ਜੇਵੱਖ-ਵੱਖ ਪਰਚਿਆਂ ਦੀ ਛਪਣ ਗਿਣਤੀ ਅਤੇ ਇਸ਼ਤਿਹਾਰਾਂ 'ਤੇ ਤਰਦੀ ਜਿਹੀ ਨਿਗ੍ਹਾ ਵੀ ਮਾਰ ਲਈ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਕਿਨ੍ਹਾਂ ਹਾਲਾਤ ਨਾਲ ਜੂਝਣਾ ਪੈ ਰਿਹਾ ਹੈ। ਸੋਸ਼ਲ ਮੀਡੀਆ ਦੀ ਆਮਦ ਨੇ ਇਸ ਖੇਤਰ ਨੂੰ ਝਟਕਾ ਲਾਇਆ ਹੈ। ਇਸ ਤੋਂ ਪਹਿਲਾਂ ਵੱਖ-ਵੱਖ ਸਮਿਆਂ ਦੌਰਾਨ ਰੇਡੀਓ ਅਤੇ ਟੈਲੀਵਿਜ਼ਨ ਦੀ ਆਮਦ ਮੌਕੇ ਵੀ ਪ੍ਰਿੰਟ ਮੀਡੀਆ ਦੀ ਹੋਂਦ ਬਾਰੇ ਵੱਡੇ ਸਵਾਲ ਉੱਠਦੇ ਰਹੇ ਹਨ ਪਰ ਹੁਣ ਤੱਕ ਸਾਬਤ ਹੁੰਦਾ ਆਇਆ ਹੈ ਕਿ ਪ੍ਰਿੰਟ ਮੀਡੀਆ ਦਾ ਆਪਣਾ ਵੱਖਰਾ ਅਤੇ ਬੇਹੱਦ ਅਹਿਮ ਸਥਾਨ ਹੈ ਜਿਸ ਦੀ ਥਾਂ ਕੋਈ ਹੋਰ ਨਹੀਂ ਲੈ ਸਕਦਾ। ਅਜਿਹਾ ਹੋਇਆ ਵੀ ਹੈ। ਬੇਸ਼ੁਮਾਰ ਟੈਲੀਵਿਜ਼ਨ ਚੈਨਲ ਵੀ ਪ੍ਰਿੰਟ ਮੀਡੀਆ ਦੀ ਅਹਿਮੀਅਤ ਘਟਾ ਨਹੀਂ ਸਕੇ। ਉਂਝ, ਹੁਣ ਸੋਸ਼ਲ ਮੀਡੀਆ ਜਿਸ ਢੰਗ ਨਾਲ ਹਰ ਸ਼ਖਸ ਦੀ ਪਹੁੰਚ ਵਿਚ ਹੈ ਤਾਂ ਇਸ ਨੇ ਜ਼ਰੂਰ ਪ੍ਰਿੰਟ ਮੀਡੀਆ 'ਤੇ ਅਸਰ ਪਾਉਣਾ ਸ਼ੁਰੂ ਕੀਤਾ ਹੈ।ਇਸੇ ਕਰ ਕੇ ਕਈ ਕਹਿੰਦੇ-ਕਹਾਉਂਦੇ ਅਦਾਰੇ ਵੀ ਹੁਣ ਸੋਸ਼ਲ ਮੀਡੀਆ ਦੀਅਹਿਮੀਅਤ ਨੂੰ ਸਵੀਕਾਰ ਕਰ ਕੇ ਇਸ ਮੰਚ ਨੂੰ ਵਰਤਣ ਲੱਗੇ ਹਨ। ਪ੍ਰਿੰਟ ਮੀਡੀਆ ਨੂੰ ਪ੍ਰਣਾਏ ਕਈ ਅਦਾਰੇ ਅਜਿਹੇ ਵੀ ਹਨ ਜਿਹੜੇ ਆਪਣਾ ਮੁੱਖ ਕਾਰਜ ਜਾਰੀ ਰੱਖਦੇ ਹੋਏ ਸੋਸ਼ਲ ਮੀਡੀਆ ਉਤੇ ਵੀ ਆਪਣੀ ਹਾਜ਼ਰੀ ਲੁਆ ਰਹੇ ਹਨ। ਆਉਂਦੇ ਸਮੇਂ ਦੌਰਾਨ ਪਾਠਕਾਂ ਦਾ ਆਪਣਾ 'ਪੰਜਾਬ ਟਾਈਮਜ਼' ਵੀ ਹੁਣ ਅਗਲੀ ਪੁਲਾਂਘ ਪੁੱਟ ਰਿਹਾ ਹੈ ਅਤੇ ਨਵੇਂ ਸਾਲ ਵਿਚ ਪ੍ਰਵੇਸ਼ ਮੌਕੇ ਤਹੱਈਆ ਕਰਦਾ ਹੈ ਕਿ ਇਹ ਸ਼ਾਨਾਂਮੱਤਾ ਸਫ਼ਰ ਜਾਰੀ ਰੱਖਿਆ ਜਾਵੇਗਾ ਅਤੇ ਇਸ ਦੇ ਰੂਪ-ਸਰੂਪ ਵਿਚ ਹੋਰ ਨਿਖਾਰ ਲਿਆਂਦਾ ਜਾਵੇਗਾ।ਜ਼ਾਹਿਰ ਹੈ ਕਿ 'ਪੰਜਾਬ ਟਾਈਮਜ਼' ਦੀ ਪਹਿਲ ਮੀਡੀਆ ਵਾਲਾ ਮਿਸ਼ਨ ਜਾਰੀ ਰੱਖਣਾ ਹੈ ਅਤੇ ਨਾਲ ਹੀ ਗਦਰੀਆਂ ਦੀ ਵਿਰਾਸਤ ਵਾਲੀ ਚੇਤਨਾ ਲੋਕਾਈ ਤੱਕ ਪਹੁੰਚਾਉਣਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਪਲ ਡਾਢੇ ਸਫਾ ਇਤਿਹਾਸ ਵਾਲਾ ਹੋ ਗਏ...

*ਇਕ ਪਾਸੇ ਠਾਰੇ ਦੀਆਂ ਝੁੱਲੀਆਂ ਹਨੇਰੀਆਂ।*
*ਦੂਜੇ ਪਾਸੇ ਜ਼ਾਲਮਾਂ ਮਾਸੂਮ ਜ਼ਿੰਦਾਂ ਘੇਰੀਆਂ।*
*ਜ਼ੋਰ ਲਾ-ਲਾ ਥੱਕੇ ਹੋਈ ਹਾਕਮਾਂ ਦੀ ਹਾਰ ਦੇਖੋ,*
*ਸਾਬਤ ਕਦਮ ਨੰਨ੍ਹੇ ਦਿਲਾਂ 'ਚ ਦਲੇਰੀਆਂ।*
*ਪਲ ਡਾਢੇ ਸਫਾ ਇਤਿਹਾਸ ਵਾਲਾ ਹੋ ਗਏ।*
*ਵਿਰਾਸਤ ਦੀ ਪੈੜ ਉਤੇ ਪੈਰ-ਪੈਰ ਜੋ ਗਏ।*

# ਸੰਘਰਸ਼ਾਂ ਦੇ ਪਿੜ 'ਚ ਹੋਵੇਗੀ ਨਵੇਂ ਵਰ੍ਹੇ ਦੀ ਆਮਦ

ਸਾਲ 2022 ਆਪਣੇ ਆਖਰੀ ਘੰਟੇ ਗਿਣ ਰਿਹਾ ਹੈ ਤੇ ਦੁਨੀਆ ਦਾ ਵੱਡਾ ਹਿੱਸਾ 2023 ਨੂੰ 'ਜੀ ਆਇਆਂ' ਕਹਿਣ ਲਈ ਉਤਾਵਲਾ ਹੈ। ਬੀਤੇ ਵਰ੍ਹੇ ਦੀਆਂ ਕੁਝ ਯਾਦਾਂ ਅਤੇ ਨਵੇਂ ਵਰ੍ਹੇ ਲਈ ਲਏ ਸੁਪਨਿਆਂ ਦਾ ਸਾਡੇ ਮਨ ਵਿਚ ਘੁੰਮਣਾ ਸੁਭਾਵਿਕ ਹੈ। 2022 ਦੌਰਾਨ ਰੂਸ-ਯੂਕਰੇਨ ਜੰਗ ਸਮੇਤ ਦੁਨੀਆ ਭਰ 'ਚ ਵਾਪਰੀਆਂ ਕਈ ਵੱਡੀਆਂ-ਛੋਟੀਆਂ ਘਟਨਾਵਾਂ ਆਉਣ ਵਾਲੇ ਕਈ ਵਰ੍ਹੇ ਆਪਣੀ ਗਹਿਰੀ ਛਾਪ ਛੱਡਦੀਆਂ ਰਹਿਣਗੀਆਂ ਪਰ ਸਾਡੇ ਪੰਜਾਬੀਆਂ ਲਈ ਵੀ 2022 ਦਾ ਵਰ੍ਹਾ ਸੰਘਰਸ਼ੀ ਵਰ੍ਹਾ ਰਿਹਾ ਹੈ। ਇਸ ਸਾਲ ਪੰਜਾਬੀਆਂ ਨੇ ਕਈ ਪਾਸੇ ਇਤਿਹਾਸਕ ਤਬਦੀਲੀਆਂ ਨੂੰ ਛੂਹਿਆ ਹੈ।

ਪੰਜਾਬੀ ਭਾਈਚਾਰਾ ਇੱਕੋ ਸਮੇਂ ਕਈ ਮੁਹਿੰਮਾਂ ਜਾਰੀ ਰੱਖ ਰਿਹਾ ਹੈ। ਪੂਰੀ ਦੁਨੀਆ ਵਿਚ ਜਿੱਥੇ ਵੀ ਮਨੁੱਖੀ ਹੋਂਦ ਹੈ ਉੱਥੇ ਹੀ ਜਲ, ਜੰਗਲ ਤੇ ਜ਼ਮੀਨ ਮਨੁੱਖੀ ਹੋਂਦ ਦੀ ਬੁਨਿਆਦ ਹਨ। ਇਹ ਸਾਡੀ



ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com

ਪੰਜਾਬੀਆਂ ਦੀ ਚੇਤਨਾ ਹੀ ਕਹੀ ਜਾ ਸਕਦੀ ਹੈ ਕਿ ਵਾਤਾਵਰਨ, ਪਾਣੀ ਬਚਾਉਣ ਲਈ ਨਿੱਤਰੇ ਪੰਜਾਬੀ ਫਿਰੋਜ਼ਪੁਰ ਦੇ ਜ਼ੀਰਾ ਖੇਤਰ ਵਿਚ ਚੱਲ ਰਹੇ ਪੱਕੇ ਮੋਰਚੇ 'ਚ ਹੀ ਨਵੇਂ ਸਾਲ ਦੀ ਸਵੇਰ ਹੁੰਦੀ ਦੇਖਣਗੇ ਤੇ ਸਾਡੀ ਹੀ ਹਕੂਮਤ ਦੇ ਬੇਘਰ ਕੀਤੇ ਲਤੀਫਪੁਰਾ ਦੇ ਲੋਕ ਨਵੇਂ ਸਾਲ ਦੀ ਸਵੇਰ ਆਰਜ਼ੀ ਟੈਂਟਾਂ ਵਿਚੋਂ ਦੇਖਣਗੇ। ਖੈਰ! ਇਹ ਸੰਘਰਸ਼ ਸਾਡੀ ਚੇਤਨਾ, ਹੌਸਲਾ, ਦ੍ਰਿੜਤਾ ਵਧਾਉਂਦੇ ਹਨ ਤੇ ਸਾਡੀ ਸੋਝੀ ਨੂੰ ਚਾਰ ਚੰਨ ਲਾਉਂਦੇ ਹਨ।

ਆਉਣ ਵਾਲੇ ਸਮੇਂ ਵਿਚ ਅਸੀਂ ਜਦ ਵੀ 2022 ਨੂੰ ਯਾਦ ਕਰਾਂਗੇ ਤਾਂ 5 ਜਨਵਰੀ ਦੇ ਪੰਜਾਬ ਵਿਚੋਂ ਪ੍ਰਧਾਨ ਮੰਤਰੀ ਦੇ ਕਾਫਲੇ ਦੀ ਵਾਪਸੀ ਦੇ ਘਟਨਾਕ੍ਰਮ ਨੂੰ ਮਨਫੀ ਨਹੀਂ ਕਰ ਸਕਾਂਗੇ। ਬਠਿੰਡਾ ਹਵਾਈ ਅੱਡੇ ਤੱਕ ਹਵਾਈ ਸਫਰ ਅਤੇ ਬਾਅਦ ਵਿਚ ਸੜਕੀ ਰਸਤੇ ਫਿਰੋਜ਼ਪੁਰ ਨੂੰ ਨਿੱਕਲੇ ਪ੍ਰਧਾਨ ਮੰਤਰੀ ਦੇ ਕਾਫਲੇ ਦੀ ਵਾਪਸੀ ਦਾ ਵੱਖ-ਵੱਖ ਵਿਸ਼ਲੇਸ਼ਕਾਂ ਨੇ ਆਪੋ-ਆਪਣੇ ਹਿਸਾਬ ਨਾਲ ਵਿਸ਼ਲੇਸ਼ਣ ਕੀਤਾ ਹੈ ਪਰ ਕੌਮਾਂਤਰੀ ਪੱਧਰ 'ਤੇ ਇਹ ਘਟਨਾਕ੍ਰਮ ਨੂੰ ਸੂਬੇ ਵਿਚ ਮਜ਼ਬੂਤ ਕਿਸਾਨ ਲਹਿਰ ਨਾਲ ਜੋੜ ਕੇ ਦੇਖਿਆ ਗਿਆ। ਇਤਿਹਾਸਕ ਕਿਸਾਨ ਅੰਦੋਲਨ ਦਾ ਧੁਰਾ ਬਣੇ ਪੰਜਾਬੀਆਂ ਵੱਲੋਂ ਪ੍ਰਧਾਨ ਮੰਤਰੀ ਦੇ ਕਾਫਲੇ ਦਾ ਕੀਤਾ ਵਿਰੋਧ ਦੁਨੀਆ ਭਰ ਦੇ ਮੀਡੀਆ ਦਾ ਹਿੱਸਾ ਬਣਿਆ।

ਫਰਵਰੀ ਮਹੀਨਾ ਵੀ ਪੰਜਾਬੀਆਂ ਲਈ ਕਿਸੇ ਮੇਲੇ ਤੋਂ ਘੱਟ ਨਹੀਂ ਸੀ। ਇਸ ਮਹੀਨੇ ਪੰਜਾਬੀਆਂ ਨੇ ਪੰਜਾਬ ਦੀ ਸੱਤਾ 'ਤੇ ਪਿਛਲੇ ਕਈ ਦਹਾਕਿਆਂ ਤੋਂ ਕਾਬਜ਼ ਸ਼੍ਰੋਮਣੀ ਅਕਾਲੀ ਦਲ (ਬਾਦਲ), ਭਾਜਪਾ, ਕਾਂਗਰਸ ਵਰਗੀਆਂ ਰਵਾਇਤੀ ਪਾਰਟੀਆਂ ਨੂੰ ਹਰਾਉਣ ਲਈ ਵੋਟਾਂ ਪਾਈਆਂ। ਆਮ ਆਦਮੀ ਪਾਰਟੀ (ਆਪ) ਨੂੰ 92 ਸੀਟਾਂ ਮਿਲੀਆਂ ਪਰ ਹਕੀਕਤ ਇਹ ਹੈ ਕਿ ਪੰਜਾਬੀਆਂ ਨੇ 'ਆਪ' ਨੂੰ ਜਿਤਾਉਣ ਲਈ ਵੋਟਾਂ ਨਹੀਂ ਪਾਈਆਂ ਬਲਕਿ ਰਵਾਇਤੀ ਪਾਰਟੀਆਂ ਨੂੰ ਹਰਾਉਣ ਲਈ ਵੋਟਾਂ ਪਾਈਆਂ ਸਨ। ਪੰਜਾਬੀਆਂ ਨੇ ਨਵੀਂ ਪਾਰਟੀ ਦੀ ਸਰਕਾਰ ਬਣਨ ਦੀ ਖੁਸ਼ੀ ਘੱਟ ਮਨਾਈ ਲੇਕਿਨ ਪ੍ਰਕਾਸ਼ ਸਿੰਘ ਬਾਦਲ, ਕੈਪਟਨ ਅਮਰਿੰਦਰ ਸਿੰਘ, ਸੁਖਬੀਰ ਸਿੰਘ ਬਾਦਲ, ਚਰਨਜੀਤ ਸਿੰਘ ਚੰਨੀ, ਬਿਕਰਮ ਮਜੀਠੀਆ, ਨਵਜੋਤ ਸਿੱਧੂ, ਰਜਿੰਦਰ ਕੌਰ ਭੱਠਲ, ਜਗੀਰ ਕੌਰ, ਮਨਪ੍ਰੀਤ ਬਾਦਲ ਵਰਗੇ ਵੱਡੇ ਸਿਆਸੀ ਚੌਧਰੀਆਂ ਦੇ ਹਾਰਨ ਜ਼ਿਆਦਾ ਮਨਾਈ। ਜੇਕਰ ਪੰਜਾਬੀਆਂ ਨੇ 'ਆਪ' ਨੂੰ ਜਿਤਾਉਣ ਲਈ ਵੋਟਾਂ ਪਾਈਆਂ ਹੁੰਦੀਆਂ ਤਾਂ ਮੁੱਖ ਮੰਤਰੀ ਦੇ ਖੁਦ ਦੇ ਲੋਕ ਸਭਾ ਹਲਕੇ ਵਿਚ ਹੋਈ ਜ਼ਿਮਨੀ ਚੋਣ ਦੌਰਾਨ 'ਆਪ' ਬੁਰੀ ਤਰ੍ਹਾਂ ਹਾਰਦੀ ਨਾ। ਸਰਕਾਰ ਬਣਨ ਦੇ ਥੋੜ੍ਹੇ ਜਿਹੇ ਵਕਫੇ ਬਾਅਦ ਹੀ ਸਿਮਰਨਜੀਤ ਸਿੰਘ ਮਾਨ ਦੀ ਜਿੱਤ ਅਤੇ 'ਆਪ' ਦੀ ਹਾਰ ਇਸ ਸਾਲ ਦੀ ਅਹਿਮ ਘਟਨਾ ਹੋ ਨਿੱਬੜੀ।

2022 ਦੌਰਾਨ ਹੋਏ ਕਈ ਕਤਲਾਂ ਨੇ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲੀਆ ਨਿਸ਼ਾਨ ਲਗਾਈ ਰੱਖਿਆ। ਮਾਰਚ ਮਹੀਨੇ ਨਕੋਦਰ ਦੇ ਪਿੰਡ ਮੱਲ੍ਹੀਆਂ ਕਲਾਂ ਵਿਚ ਚੱਲ ਰਹੇ ਕਬੱਡੀ ਟੂਰਨਾਮੈਂਟ ਦੌਰਾਨ ਕੌਮਾਂਤਰੀ ਪੱਧਰ ਦੇ ਕਬੱਡੀ ਖਿਡਾਰੀ ਸੰਦੀਪ ਸਿੰਘ ਨੰਗਲ ਅੰਬੀਆਂ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਸੰਦੀਪ ਸਿੰਘ ਆਪਣੇ ਪਰਿਵਾਰ ਸਮੇਤ ਇੰਗਲੈਂਡ ਰਹਿ ਰਿਹਾ ਸੀ ਤੇ ਉਸ ਦੇ ਪਰਿਵਾਰ ਨੂੰ ਅੱਜ ਤੱਕ ਸਰਕਾਰ ਨਾਲ ਇਹ ਗਿਲਾ ਹੈ ਕਿ ਉਹਨਾਂ ਨੂੰ ਇਨਸਾਫ ਨਹੀਂ ਮਿਲਿਆ ਹੈ। ਪਿਛਲੇ ਦਿਨੀਂ ਸੋਸ਼ਲ ਮੀਡੀਆ ਰਾਹੀਂ ਮਰਹੂਮ ਸੰਦੀਪ ਸਿੰਘ ਦੀ ਪਤਨੀ ਨੇ ਪੁਲਿਸ ਅਫਸਰਾਂ 'ਤੇ ਕਈ ਤਰ੍ਹਾਂ



ਦੇ ਇਲਜ਼ਾਮ ਲਗਾਏ ਸਨ।

29 ਮਈ ਦੀ ਸ਼ਾਮ ਉੱਘੇ ਪੰਜਾਬੀ ਗਾਇਕ ਸ਼ੁਭਦੀਪ ਸਿੰਘ ਉਰਫ ਸਿੱਧੂ ਮੂਸੇਵਾਲਾ ਦਾ ਮਾਨਸਾ ਜ਼ਿਲ੍ਹੇ ਦੇ ਪਿੰਡ ਜਵਾਹਰਕੇ ਵਿਚ ਕਤਲ ਕਰ ਦਿੱਤਾ ਗਿਆ। ਇਸ ਕਤਲ ਦੀ ਗੂੰਜ ਦੁਨੀਆ ਭਰ ਵਿਚ ਸੁਣਾਈ ਦਿੱਤੀ। ਵਿਦੇਸ਼ ਬੈਠੇ ਕਥਿਤ ਗੈਂਗਸਟਰ ਗੋਲਡੀ ਬਰਾੜ ਅਤੇ ਜੇਲ੍ਹ ਵਿਚ ਬੰਦ ਲਾਰੈਂਸ ਬਿਸ਼ਨੋਈ ਨੇ ਇਸ ਕਤਲ ਦੀ ਕਥਿਤ ਜ਼ਿੰਮੇਵਾਰੀ ਲਈ। ਇਸ ਕਤਲ ਅਤੇ ਕਤਲ ਤੋਂ ਬਾਅਦ ਦੇ ਸਮੁੱਚੇ ਘਟਨਾਕ੍ਰਮ ਨੇ ਜਿੱਥੇ ਸੂਬਾ ਸਰਕਾਰ, ਜੇਲ੍ਹ ਪ੍ਰਬੰਧਾਂ, ਪੁਲਿਸ ਦੀ ਕਾਰਗੁਜ਼ਾਰੀ, ਖੁਫੀਆ ਤੰਤਰ ਦੀ ਪੋਲ ਖੋਲ੍ਹ ਦਿੱਤੀ, ਉੱਥੇ ਪੁਲਿਸ-ਸਿਆਸੀ-ਗੈਂਗਸਟਰ ਗੱਠਜੋੜ ਨੂੰ ਬੇਪਰਦ ਕਰ ਦਿੱਤਾ। ਮਾਨਸਾ ਪੁਲਿਸ ਦੀ ਹਿਰਾਸਤ ਤੋਂ ਫਰਾਰ ਹੋਏ ਗੈਂਗਸਟਰ ਦੀਪਕ ਟੀਨੂੰ ਦੇ ਮਾਮਲੇ ਤੋਂ ਇਹ ਸਪਸ਼ਟ ਹੋ ਗਿਆ ਸੀ ਕਿ 'ਆਪ' ਸਰਕਾਰ ਦੀ ਕਮਾਂਡ ਹੇਠਲੇ ਪੁਲਿਸ ਅਫਸਰਾਂ ਦੇ ਚਹੇਤੇ ਗੁੰਡੇ ਕਿਵੇਂ ਪੁਲਿਸ ਰਿਮਾਂਡ ਦੌਰਾਨ ਕਿਵੇਂ ਵਿਚਰ ਰਹੇ ਸਨ।

ਕੇਂਦਰ ਸਰਕਾਰ ਵੱਲੋਂ ਪੂਰੇ ਭਾਰਤ ਵਿਚ ਸੱਤ ਇੰਡਸਟਰੀਅਲ ਪਾਰਕ ਸਥਾਪਤ ਕਰਨ ਦੀ ਯੋਜਨਾ ਤਹਿਤ ਮੱਤੇਵਾਲਾ ਦੇ ਜੰਗਲ ਨਾਲ ਲੁਧਿਆਣਾ ਜ਼ਿਲ੍ਹੇ ਵਿਚ ਟੈਕਸਟਾਈਲ ਪਾਰਕ ਸਥਾਪਿਤ ਕਰਨ ਖਿਲਾਫ ਇਸ ਵਰ੍ਹੇ ਇੱਕ ਤਿੱਖਾ ਅੰਦੋਲਨ ਹੋਇਆ। ਕੇਂਦਰ ਤੇ ਸੂਬਾ ਸਰਕਾਰ ਵੱਲੋਂ ਇਸ ਪ੍ਰੋਜੈਕਟ ਲਈ ਸਾਂਝੇ ਤੌਰ 'ਤੇ ਜ਼ਮੀਨ ਐਕੁਆਇਰ ਕਰਨ ਦੀ ਯੋਜਨਾ ਤਹਿਤ ਪਹਿਲਾਂ ਪਿਛਲੀ ਕੈਪਟਨ ਸਰਕਾਰ ਨੇ ਵਿਰੋਧ ਦੇ ਬਾਵਜੂਦ ਜ਼ਮੀਨ ਦੀ ਨਿਸ਼ਾਨਦੇਹੀ ਕਰ ਕੇ ਐਕੁਆਇਰ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਤੇ ਫਿਰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਜ਼ਮੀਨ ਗ੍ਰਹਿਣ ਕਰਨ ਵਿਚ ਮੋਹਰੀ ਭੂਮਿਕਾ ਅਦਾ ਕਰਦਿਆਂ ਪੰਜਾਬ ਵਿਧਾਨ ਸਭਾ ਦੇ ਪਹਿਲੇ ਬਜਟ ਸੈਸ਼ਨ ਦੌਰਾਨ ਹੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਬੜੇ 'ਮਾਣ' ਨਾਲ ਕਿਹਾ ਕਿ 'ਇਸ ਪ੍ਰੋਜੈਕਟ ਲਈ 957.39 ਏਕੜ ਜ਼ਮੀਨ ਪੰਜਾਬ ਅਰਬਨ ਡਿਵੈਲਪਮੈਂਟ ਅਥਾਰਟੀ ਨੇ ਐਕੁਆਇਰ ਕਰ ਲਈ ਹੈ, ਬਾਕੀ ਰਹਿੰਦੀ ਜ਼ਮੀਨ ਵੀ ਜਲਦ ਹੀ ਲੈ ਲਈ ਜਾਵੇਗੀ'; ਮਤਲਬ ਸਾਫ ਸੀ ਕਿ ਜੇ ਸਖਤ ਵਿਰੋਧ ਨਾ ਹੁੰਦਾ ਤਾਂ ਭਗਵੰਤ ਮਾਨ ਨੇ ਸਨਅਤ ਲਵਾਉਣ ਦੀ ਤਿਆਰੀ ਖਿੱਚ ਲਈ ਸੀ। ਮੱਤੇਵਾੜਾ ਪ੍ਰੋਜੈਕਟ ਦੇ ਮਾਮਲੇ ਵਿਚ ਪੰਜਾਬੀਆਂ ਨੇ ਬਹੁਤ ਵੱਡਾ ਹੰਭਲਾ ਮਾਰਿਆ ਤੇ 'ਆਪ' ਸਰਕਾਰ ਨੂੰ ਪਿੱਛੇ ਮੁੜਨ ਲਈ ਮਜਬੂਰ ਕਰਦਿਆਂ ਪੰਜਾਬ ਦੀ ਧਰਤੀ, ਪਾਣੀ ਨੂੰ ਪਲੀਤ ਹੋਣ ਤੋਂ ਬਚਾਅ ਲਿਆ।

ਪਿਛਲੇ ਪੰਜ ਮਹੀਨੇ ਤੋਂ ਜ਼ੀਰਾ ਨੇੜਲੀ ਮਾਲਬਰੋਜ਼ ਸ਼ਰਾਬ ਫੈਕਟਰੀ ਖਿਲਾਫ ਪੰਜਾਬੀਆਂ ਦਾ ਅੰਦੋਲਨ ਜਿੱਤ ਦੇ ਨੇੜੇ ਪਹੁੰਚ ਚੁੱਕਾ ਹੈ। 'ਆਪ' ਸਰਕਾਰ ਸ਼ਰਾਬ ਕਾਰੋਬਾਰੀ ਅਤੇ ਅਕਾਲੀ ਦਲ ਦੇ ਸਾਬਕਾ ਵਿਧਾਇਕ ਦੀਪ ਮਲਹੋਤਰਾ ਦਾ ਪੱਖ ਪੂਰਨ ਦੀ ਕੋਈ ਕਸਰ ਬਾਕੀ ਨਹੀਂ ਛੱਡ ਰਹੀ। ਸਰਕਾਰ ਨੇ ਅਦਾਲਤ ਵਿਚ ਸ਼ਰਾਬ ਕਾਰੋਬਾਰੀ ਦਾ ਪੱਖ ਪੂਰਨ ਦੇ ਨਾਲ-ਨਾਲ ਸੰਘਰਸ਼ ਕਰ ਰਹੇ ਕਿਸਾਨ ਆਗੂਆਂ ਨੂੰ ਜ਼ਮੀਨਾਂ ਕੁਰਕ ਕਰਨ ਤੱਕ ਦੀਆਂ ਧਮਕੀਆਂ ਦਿੱਤੀਆ ਹਨ। ਲੋਕਾਂ ਨੇ ਏਕਤਾ ਦੇ ਜ਼ੋਰ 'ਤੇ ਜੇਲ੍ਹੀ ਡੱਕੇ ਸੰਘਰਸ਼ੀਸ਼ਲ ਲੋਕਾਂ ਨੂੰ ਰਿਹਾਅ ਕਰਵਾ ਲਿਆ ਹੈ ਤੇ ਹੁਣ ਇਹ ਸੰਘਰਸ਼ ਨਵੇਂ ਵਰ੍ਹੇ ਵਿਚ ਪ੍ਰਵੇਸ਼ ਕਰੇਗਾ।

ਜਲੰਧਰ ਦੇ ਲਤੀਫਪੁਰਾ 'ਚ ਕੜਕਦੀ ਠੰਢ ਦੌਰਾਨ ਪੁਲਿਸ ਜਬਰ ਨਾਲ ਬੇਘਰ ਕੀਤੇ ਲੋਕਾਂ ਦਾ ਮਾਮਲਾ ਵੀ ਇਸ ਵਰ੍ਹੇ ਦੀ ਕੌੜੀ ਯਾਦ ਬਣ ਰੜਕਦਾ ਰਹੇਗਾ। ਘਰ ਖਾਲ੍ਹੀ ਕਰਵਾਉਣ ਗਏ ਇੱਕ ਪੁਲਿਸ ਅਫਸਰ ਦੀਆਂ ਗਾਲਾਂ ਨੂੰ ਭਾਵੇਂ ਸੋਸ਼ਲ ਮੀਡੀਆ 'ਤੇ ਲੱਖ ਲਾਹਨਤਾਂ ਪੈ ਚੁੱਕੀਆਂ ਹਨ ਪਰ ਅਫਸੋਸ ਹੈ ਕਿ ਭਗਵੰਤ ਮਾਨ ਸਰਕਾਰ ਨੂੰ ਇਹ ਮਸਲਾ ਵੱਡਾ ਨਹੀਂ ਲੱਗਿਆ। ਲਤੀਫਪੁਰਾ ਦੇ ਉਜਾੜੇ ਦਾ ਸ਼ਿਕਾਰ ਬਣੇ ਲੋਕਾਂ 'ਚੋਂ ਜ਼ਿਆਦਾਤਰ ਪਰਿਵਾਰ 1947 'ਚ ਪਾਕਿਸਤਾਨ ਤੋਂ ਉਜਾੜੇ ਦਾ ਸੰਤਾਪ ਝੱਲ ਕੇ ਇੱਥੇ ਪਹੁੰਚੇ ਸਨ ਤੇ ਇੱਥੇ ਬੇਅਬਾਦ ਪਈ ਜਗ੍ਹਾ ਨੂੰ ਆਬਾਦ ਕਰ ਕੇ ਬੈਠੇ ਸਨ। ਜਦ ਲਤੀਫਪੁਰਾ ਦੇ ਆਸ-ਪਾਸ ਦਾ ਇਲਾਕਾ ਬਹੁਤ ਜ਼ਿਆਦਾ ਮਹਿੰਗਾ ਹੋ ਗਿਆ ਤਾਂ ਸਰਕਾਰ, ਜਲੰਧਰ ਇੰਪਰੂਵਮੈਂਟ ਟਰੱਸਟ ਤੇ ਭੂ-ਮਾਫੀਆ ਨੂੰ ਇਹ ਲੋਕ ਰੜਕਣ ਲੱਗ ਪਏ।

ਦਸੰਬਰ ਦੀ ਠੰਢ ਵਿਚ ਬਜ਼ੁਰਗਾਂ, ਔਰਤਾਂ, ਬੱਚਿਆਂ ਨੂੰ ਬੇਘਰ ਕਰਨਾ ਕਿਸੇ ਕਹਿਰ ਤੋਂ ਘੱਟ ਨਹੀਂ ਪਰ ਜਿੱਥੇ 'ਆਪ' ਸਰਕਾਰ ਨੂੰ ਲਾਹਨਤਾਂ ਪਾਉਣ ਦੀ ਲੋੜ ਹੈ ਉੱਥੇ ਲਤੀਫਪੁਰਾ ਦੇ ਬੇਘਰੇ ਲੋਕਾਂ ਦੀ ਬਾਂਹ ਫੜਨ ਵਾਲੇ ਦਾਨੀ ਸੱਜਣਾਂ ਅਤੇ ਬਹਾਦਰ ਪੰਜਾਬੀਆਂ ਦੀ ਤਾਰੀਫ ਕਰਨੀ ਵੀ ਬਣਦੀ ਹੈ ਜਿਨ੍ਹਾਂ ਨੇ ਦੁੱਖ ਦੀ ਘੜੀ ਵਿਚ ਉਜਾੜੇ ਦਾ ਸ਼ਿਕਾਰ ਲੋਕਾਂ ਦੀ ਬਾਂਹ ਫੜੀ।

2022 ਦੇ ਕੁਝ ਦਿਨ ਮੁੱਖ ਮੰਤਰੀ ਭਗਵੰਤ ਮਾਨ ਦਾ ਵਿਆਹ ਵੀ ਸੁਰਖੀ ਬਣਿਆ ਰਿਹਾ। ਭਗਵੰਤ ਮਾਨ ਵੱਲੋਂ ਸਿਹਤ ਮੰਤਰੀ ਵਿਜੇ ਸਿੰਗਲਾ ਨੂੰ ਰਿਸ਼ਵਤਖੋਰੀ ਦੇ ਮਾਮਲੇ ਵਿਚ ਫੜਨਾ ਤੇ ਬਾਅਦ ਵਿਚ ਉਸੇ ਦੀ ਸਰਕਾਰ ਦੌਰਾਨ ਵਿਜੇ ਸਿੰਗਲਾ ਦੀ ਮਹਿਮਾਨ ਨਿਵਾਜੀ ਕਿਸੇ ਚੁਟਕਲੇ ਤੋਂ ਘੱਟ ਨਹੀਂ। ਲੋਕਾਂ ਨੂੰ ਭ੍ਰਿਸ਼ਟਾਚਾਰ ਖਿਲਾਫ ਸ਼ਿਕਾਇਤ ਕਰਨ ਦੀ ਅਪੀਲ ਕਰਨ ਵਾਲੀ ਸਰਕਾਰ ਆਪਣੇ ਮੰਤਰੀ ਫੌਜਾ ਸਿੰਘ ਸਰਾਰੀ ਦੀ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਆਡੀਓ ਸਾਹਮਣੇ ਆਉਣ 'ਤੇ ਕੁਝ ਨਹੀਂ ਕਰ ਸਕੀ।

ਸੂਬਾ ਸਰਕਾਰ ਨੇ ਪੰਜਾਬ ਦੇ ਡੀਜੀਪੀ ਦੀ ਛੁੱਟੀ ਕਰ ਕੇ ਕਾਰਜਕਾਰੀ ਡੀਜੀਪੀ ਲਾਈ ਰੱਖਿਆ ਹੈ। ਹਰਿਆਣਾ ਵੱਲੋਂ ਨਵੀਂ ਵਿਧਾਨ ਸਭਾ ਬਿਲਡਿੰਗ ਲਈ ਚੰਡੀਗੜ੍ਹ ਵਿਚ ਜਗ੍ਹਾ ਮੰਗਣ 'ਤੇ ਸੂਬਾ ਸਰਕਾਰ ਦਾ ਉਦਾਰਵਾਦੀ ਰਵੱਈਆ ਚਰਚਾ 'ਚ ਰਿਹਾ। ਕੇਂਦਰੀ ਹਕੂਮਤ ਵੱਲੋਂ ਭਾਖੜਾ ਵਿਆਸ ਮੈਨੇਜਮੈਂਟ ਬੋਰਡ ਵਿਚੋਂ ਪੰਜਾਬ ਦੀ ਦਾਅਵੇਦਾਰੀ ਨੂੰ ਮਨਫੀ ਕਰਨਾ ਤੇ ਐਸ.ਵਾਈ.ਐਲ. ਦਾ ਮਸਲਾ ਚਰਚਾ 'ਚ ਰਹੇ। ਪਿਛਲੇ ਸਾਲਾਂ ਵਾਂਗ ਇਸ ਵਰ੍ਹੇ ਵੀ ਸਰਕਾਰ ਬੇਅਦਬੀ ਅਤੇ ਗੋਲੀਕਾਂਡ ਲਈ ਜ਼ਿੰਮੇਵਾਰਾਂ ਨੂੰ ਸਜ਼ਾਵਾਂ ਨਹੀਂ ਦੇ ਸਕੀ ਬਲਕਿ ਪੰਜਾਬ ਵਿਧਾਨ ਸਭਾ ਸਪੀਕਰ ਵੱਲੋਂ ਸਜ਼ਾ ਦੇਣ ਦਾ ਕੀਤਾ ਵਾਅਦਾ ਵਫਾ ਨਾ ਹੋਣਾ ਮੁੱਦਾ ਬਣਿਆ ਰਿਹਾ ਹੈ।

ਹਕੀਕਤ ਇਹ ਹੈ ਕਿ ਰਵਾਇਤੀ ਪਾਰਟੀਆਂ ਤੋਂ ਲੋਕਾਂ ਦਾ ਮੋਹ ਪਹਿਲਾਂ ਹੀ ਭੰਗ ਹੋ ਚੁੱਕਾ ਸੀ ਤੇ ਇਸ ਵਰ੍ਹੇ ਲੋਕਾਂ ਦਾ 'ਆਪ' ਤੋਂ ਵੀ ਮੋਹ ਭੰਗ ਹੋ ਚੁੱਕਾ ਹੈ ਕਿਉਂਕਿ ਇਸ ਸਰਕਾਰ ਨੇ ਆਮ ਲੋਕਾਂ ਨੂੰ ਕਿਸੇ ਵੀ ਕਿਸਮ ਦੀ ਰਾਹਤ ਨਹੀਂ ਦਿੱਤੀ। ਸਰਕਾਰ ਨੇ ਕੋਈ ਇਕ ਵੀ ਗਿਣਨਯੋਗ ਕੰਮ ਨੇਪਰੇ ਨਹੀਂ ਚਾੜ੍ਹਿਆ। ਇਸੇ ਕਰ ਕੇ ਸੰਘਰਸ਼ਸ਼ੀਲ ਕਿਸਾਨ, ਮਜ਼ਦੂਰ ਜਥੇਬੰਦੀਆਂ ਵੱਲ ਲੋਕਾਂ ਦਾ ਝੁਕਾਅ ਵਧਿਆ ਹੈ।

# ਹਿਰਾਸਤ ’ਚ ਤਸੀਹੇ: ਜੁਡੀਸ਼ੀਅਲ ਰਿਪੋਰਟ ਦੇ ਖੁਲਾਸੇ

ਬੂਟਾ ਸਿੰਘ ਮਹਿਮੂਦਪੁਰ
ਫੋਨ: +91-94634-74342

ਭਾਰਤ ਦੀ ਸੁਪਰੀਮ ਕੋਰਟ ਨੇ ਭਾਵੇਂ ਹਿਰਾਸਤ ਵਿਚ ਤਸੀਹਿਆਂ ਨੂੰ ‘ਕਾਨੂੰਨ ਦੇ ਰਾਜ ਵਾਲੇ ਸੱਭਿਆ ਸਮਾਜ ਅੰਦਰ ਸਭ ਤੋਂ ਘਿਨਾਉਣੇ ਜੁਰਮਾਂ ਵਿਚੋਂ ਇਕ’ ਕਰਾਰ ਦਿੱਤਾ ਹੈ ਪਰ ਕਿਉਂਕਿ ਹਿਰਾਸਤ ਵਿਚ ਕਤਲਾਂ ਤੇ ਤਸੀਹਿਆਂ ਦੀ ਰਾਜਕੀ ਤੇ ਰਾਜਸੀ ਪੁਸ਼ਤ ਪਨਾਹੀ ਕੀਤੀ ਜਾਂਦੀ ਹੈ, ਇਸ ਕਰ ਕੇ ਹਕੂਮਤ ਅਤੇ ਪੁਲਿਸ ਵੱਲੋਂ ਹਿਰਾਸਤੀ ਤਸੀਹਿਆਂ ਤੋਂ ਮੁੱਕਰਨਾ ਆਮ ਗੱਲ ਹੈ। ਪਿਛਲੇ ਦੋ ਸਾਲਾਂ ਵਿਚ ਪੁਲਿਸ ਅਤੇ ਜੁਡੀਸ਼ੀਅਲ ਹਿਰਾਸਤ ਵਿਚ 4484 ਮੌਤਾਂ ਦਰਜ ਹੋਈਆਂ। ਇਹ ਸਿਰਫ਼ ਸਰਕਾਰੀ ਅੰਕੜੇ ਹਨ, ਅਸਲ ਗਿਣਤੀ ਨਹੀਂ। ਆਮ ਤੌਰ ’ਤੇ ਤਸੀਹਿਆਂ ਦਾ ਸ਼ਿਕਾਰ ਹੋਏ ਲੋਕ ਹੋਰ ਜ਼ਿਆਦਾ ਖੱਜਲ-ਖੁਆਰੀ ਦੇ ਡਰੋਂ ਦੋਸ਼ੀ ਅਧਿਕਾਰੀਆਂ ਨੂੰ ਕਟਹਿਰੇ ’ਚ ਖੜ੍ਹਾ ਕਰਨ ਲਈ ਚਾਰਾਜੋਈ ਕਰਨ ਦੀ ਬਜਾਇ ਚੁੱਪ ਕਰ ਜਾਂਦੇ ਹਨ ਪਰ ਜਿਨ੍ਹਾਂ ਕੇਸਾਂ ਦੀ ਅਵਾਮੀ ਦਬਾਓ ਹੇਠ ਹਕੂਮਤ ਨੂੰ ਜਾਂਚ ਕਰਾਉਣੀ ਪੈਂਦੀ ਹੈ, ਉਨ੍ਹਾਂ ਵਿਚ ਹਮੇਸ਼ਾ ਹੀ ਐਸੇ ਤਸੀਹਿਆਂ ਦੀ ਤਸਦੀਕ ਹੁੰਦੀ ਹੈ। ਇਹ ਗੱਲ ਵੱਖਰੀ ਹੈ ਕਿ ਐਸੇ ਸਰਕਾਰੀ ਜਲਾਦਾਂ ਨੂੰ ਹਕੂਮਤੀ ਸਰਪ੍ਰਸਤੀ ਹੋਣ ਕਾਰਨ ਉਹ ਸਜ਼ਾ ਤੋਂ ਸਾਫ਼ ਬਚ ਜਾਂਦੇ ਹਨ।

ਅਜਿਹੇ ਹੀ ਤਸੀਹਿਆਂ ਦੀ ਤਸਦੀਕ ਪਿੱਛੇ ਜਿਹੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਬਣਾਈ ਜਾਂਚ ਕਮੇਟੀ ਨੇ ਕੀਤੀ ਹੈ। ਇਤਿਹਾਸਕ ਕਿਸਾਨ ਅੰਦੋਲਨ ਸਮੇਂ ਦੋ ਮਜ਼ਦੂਰ ਅਧਿਕਾਰ ਕਾਰਕੁਨਾਂ- ਸ਼ਿਵ ਕੁਮਾਰ ਅਤੇ ਨੌਦੀਪ ਕੌਰ ਨੂੰ ਹਰਿਆਣਾ ਪੁਲਿਸ ਵੱਲੋਂ ਗ੍ਰਿਫ਼ਤਾਰ ਕਰ ਕੇ ਅਤੇ ਗ਼ੈਰ-ਕਾਨੂੰਨੀ ਹਿਰਾਸਤ ’ਚ ਰੱਖ ਕੇ ਤਸੀਹੇ ਦਿੱਤੇ ਸਨ। ਮਾਰਚ 2021 ’ਚ ਸ਼ਿਵ ਕੁਮਾਰ ਦੇ ਪਿਤਾ ਵੱਲੋਂ ਪਾਈ ਪਟੀਸ਼ਨ ਦੀ ਸੁਣਵਾਈ ਕਰਦਿਆਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਇਸ ਕੇਸ ਦੀ ਜਾਂਚ ਪੰਚਕੂਲਾ ਦੇ ਜ਼ਿਲ੍ਹਾ ਤੇ ਸੈਸ਼ਨ ਜੱਜ ਪੰਚਕੂਲਾ ਦੀਪਕ ਗੁਪਤਾ ਨੂੰ ਸੌਂਪੀ ਸੀ। ਪਟੀਸ਼ਨ ਵਿਚ ਮੰਗ ਕੀਤੀ ਗਈ ਸੀ ਕਿ ਇਨ੍ਹਾਂ ਝੂਠੀਆਂ ਐੱਫ.ਆਈ.ਆਰ. ਦੀ ਆਜ਼ਾਦਾਨਾ ਜਾਂਚ ਕਰਾਈ ਜਾਵੇ ਅਤੇ ਗ਼ੈਰ-ਕਾਨੂੰਨੀ ਹਿਰਾਸਤ ’ਚ ਰੱਖਣ ਤੇ ਤਸੀਹੇ ਦੇਣ ਲਈ ਜ਼ਿੰਮੇਵਾਰ ਪੁਲਸ ਅਧਿਕਾਰੀਆਂ ਵਿਰੁੱਧ ਕਾਰਵਾਈ ਕੀਤੀ ਜਾਵੇ। ਇਸ ਰਿਪੋਰਟ ਨੇ ਹਰਿਆਣਾ ਸਰਕਾਰ, ਪੁਲਿਸ, ਡਾਕਟਰਾਂ ਅਤੇ ਮੈਜਿਸਟਰੇਟ ਨੂੰ ਕਟਹਿਰੇ ਵਿਚ ਖੜ੍ਹੇ ਕਰ ਦਿੱਤਾ ਹੈ। ਰਿਪੋਰਟ ਦੇ ਆਧਾਰ ’ਤੇ ਹਾਈਕੋਰਟ ਵਿਚ ਕੇਸ ਦੀ ਅਗਲੀ ਸੁਣਵਾਈ 27 ਜਨਵਰੀ ਨੂੰ ਕੀਤੀ ਜਾਵੇਗੀ।

12 ਜਨਵਰੀ 2021 ਦੀ ਰਾਤ ਨੂੰ ਹਰਿਆਣਾ ਪੁਲਿਸ ਨੇ ਸਿੰਘੂ ਬਾਰਡਰ ਉੱਪਰ ਮਜ਼ਦੂਰ ਅਧਿਕਾਰ ਸੰਗਠਨ ਦੇ ਤੰਬੂ ਵਿਚ ਘੁਸ ਕੇ ਉੱਥੋਂ ਨੌਦੀਪ ਕੌਰ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਨੌਦੀਪ ਕੌਰ ਨੂੰ ਕੁੰਡਲੀ ਥਾਣੇ ’ਚ ਲਿਜਾ ਕੇ ਬੇਰਹਿਮੀ ਨਾਲ ਤਸੀਹੇ ਦਿੱਤੇ ਗਏ ਅਤੇ ਉਨ੍ਹਾਂ ਦੋਵਾਂ ਦੇ ਖ਼ਿਲਾਫ਼ ਸੰਗੀਨ ਧਾਰਾਵਾਂ ਲਗਾ ਕੇ ਦੋ ਐੱਫ.ਆਈ.ਆਰ. ਦਰਜ ਕੀਤੀਆਂ ਗਈਆਂ। ਇਸ ਕੇਸ ਵਿਚ ਮਾਰੂ ਹਥਿਆਰਾਂ ਨਾਲ ਲੈਸ ਹੋਣ, ਗੈਰ-ਕਾਨੂੰਨੀ ਇਕੱਠ ਕਰਨ, ਦੰਗੇ ਕਰਨ, ਸਰਕਾਰੀ ਅਧਿਕਾਰੀਆਂ ’ਤੇ ਹਮਲਾ ਕਰਨ, ਗੁੰਡਾਗਰਦੀ, ਜਬਰੀ ਵਸੂਲੀ, ਲੁੱਟਖੋਹ, ਅਪਰਾਧਿਕ ਧਮਕੀਆਂ ਅਤੇ ਇਰਾਦਾ ਕਤਲ ਵਰਗੀਆਂ ਸੰਗੀਨ ਧਾਰਾਵਾਂ ਇਸ ਲਈ ਲਗਾਈਆਂ ਗਈਆਂ ਤਾਂ ਜੋ ਪੁਲਿਸ ਵੱਲੋਂ ਘੜੀ ਕਹਾਣੀ ਤੋਂ ਪ੍ਰਭਾਵਿਤ ਹੋ ਕੇ ਆਮ ਲੋਕ ਗ੍ਰਿਫ਼ਤਾਰੀ ਨੂੰ ਜਾਇਜ਼ ਮੰਨ ਲੈਣ ਅਤੇ ਨਾਲ ਹੀ ਹੱਕਾਂ ਲਈ ਲੜ ਰਹੇ ਮਜ਼ਦੂਰਾਂ ਨੂੰ ਆਗੂ ਰਹਿਤ ਅਤੇ ਦਹਿਸ਼ਤਜ਼ਦਾ ਕੀਤਾ ਜਾ ਸਕੇ।



ਇਹ ਝੂਠੀਆਂ ਐੱਫ.ਆਈ.ਆਰ. ਇਕ ਪੁਲਿਸ ਇੰਸਪੈਕਟਰ ਅਤੇ ਮੈਸਰਜ਼ ਲੈਕਮੇਕ ਕੰਪਨੀ ਦੇ ਅਕਾਊਂਟੈਂਟ ਦੇ ਬਿਆਨਾਂ ਨੂੰ ਆਧਾਰ ਬਣਾ ਕੇ ਲਿਖੀਆਂ ਗਈਆਂ ਜੋ ਮਜ਼ਦੂਰਾਂ ਦੀ ਤਨਖ਼ਾਹ ਨਹੀਂ ਦੇ ਰਹੀ ਸੀ ਅਤੇ ਇਹ ਦੋਵੇਂ ਆਗੂ ਮਜ਼ਦੂਰਾਂ ਨੂੰ ਉਨ੍ਹਾਂ ਦੇ ਹੱਕ ਦਿਵਾਉਣ ਲਈ ਲੜ ਰਹੇ ਸਨ। ਇਹ ਗ੍ਰਿਫ਼ਤਾਰੀ ਭਾਜਪਾ ਹਕੂਮਤ ਦੀ ਸ਼ਿਸ਼ਕੇਰੀ ਪੁਲਿਸ ਵੱਲੋਂ ਗ੍ਰਿਫ਼ਤਾਰੀਆਂ ਸੰਬੰਧੀ ਸੁਪਰੀਮ ਕੋਰਟ ਦੇ ਦਿਸ਼ਾ-ਨਿਰਦੇਸ਼ਾਂ ਦੀਆਂ ਸ਼ਰੇਆਮ ਧੱਜੀਆਂ ਉਡਾ ਕੇ ਕੀਤੀ ਗਈ; ਇੱਥੋਂ ਤੱਕ ਕਿ ਨੌਦੀਪ ਕੌਰ ਨੂੰ ਗ੍ਰਿਫ਼ਤਾਰ ਕੀਤੇ ਜਾਣ ਸਮੇਂ ਕੋਈ ਵੀ ਔਰਤ ਮੁਲਾਜ਼ਮ ਮੌਜੂਦ ਨਹੀਂ ਸੀ ਅਤੇ ਪੁਲਿਸ ਹਿਰਾਸਤ ਵਿਚ ਉਸ ਨੂੰ ਮਰਦ ਪੁਲਿਸ ਵਾਲਿਆਂ ਵੱਲੋਂ ਬੇਖ਼ੌਫ਼ ਹੋ ਕੇ ਜਿਨਸੀ ਤਸੀਹੇ ਦਿੱਤੇ ਗਏ। ਨੌਦੀਪ ਕੌਰ ਦੀ ਬੇਰਹਿਮੀ ਨਾਲ ਕੁੱਟਮਾਰ ਅਤੇ ਉਸ ਦੇ ਜਣਨ ਅੰਗਾਂ ਉੱਪਰ ਸੱਟਾਂ ਮਾਰਨਾ, ਉਸ ਨੂੰ ਦਹਿਸ਼ਤਜ਼ਦਾ ਕਰਨ ਲਈ ਗਿਣਿਆ-ਮਿੱਥਿਆ ਜਿਨਸੀ ਹਮਲਾ ਸੀ। ਨੌਦੀਪ ਕੌਰ ਨੂੰ ਦੋ ਹਫ਼ਤੇ ਤੱਕ ਕਰਨਾਲ ਜੇਲ੍ਹ ’ਚ ਜੁਡੀਸ਼ੀਅਲ ਹਿਰਾਸਤ ਵਿਚ ਰੱਖਿਆ ਗਿਆ। ਦੂਜੇ ਕਾਰਕੁਨ ਸ਼ਿਵ ਕੁਮਾਰ ਨੂੰ ਵੀ ਇਕ ਹਫ਼ਤਾ ਗ਼ੈਰ-ਕਾਨੂੰਨੀ ਹਿਰਾਸਤ ਵਿਚ ਰੱਖ ਕੇ ਤਸੀਹੇ ਦਿੱਤੇ ਗਏ। ਉਸ ਨੂੰ ਪਾਣੀ ’ਚ ਡੁਬੋ ਕੇ ਅਤੇ ਪੈਰਾਂ ਦੀਆਂ ਤਲੀਆਂ, ਲੱਤਾਂ-ਬਾਹਾਂ ਅਤੇ ਸਿਰ ਉੱਪਰ ਡੰਡੇ ਮਾਰ ਕੇ ਤਸੀਹੇ ਦਿੱਤੇ ਗਏ। ਇਕ ਹਫ਼ਤੇ ਦੀ ਗ਼ੈਰ-ਕਾਨੂੰਨੀ ਹਿਰਾਸਤ ਤੋਂ ਬਾਅਦ ਉਸ ਨੂੰ ਮੈਜਿਸਟਰੇਟ ਦੇ ਸਾਹਮਣੇ ਪੇਸ਼ ਕੀਤਾ ਗਿਆ ਅਤੇ ਫਿਰ 10 ਦਿਨਾਂ ਦੇ ਰਿਮਾਂਡ ਤੋਂ ਬਾਅਦ ਜੇਲ੍ਹ ਭੇਜ ਦਿੱਤਾ ਗਿਆ। ਦੋਵਾਂ ਨੂੰ ਬਹੁਤ ਮੁਸ਼ਕਿਲ ਨਾਲ ਜ਼ਮਾਨਤ ਮਿਲੀ ਅਤੇ ਸ਼ਿਵ ਕੁਮਾਰ ਦੇ ਹੱਥਾਂ-ਪੈਰਾਂ ਦੇ ਨਹੁੰ ਬੁਰੀ ਤਰ੍ਹਾਂ ਤੋੜੇ ਹੋਣ ਅਤੇ ਤਸੀਹਿਆਂ ਦੇ ਹੋਰ ਜ਼ਖ਼ਮਾਂ ਦੇ ਬਾਵਜੂਦ ਮੈਜਿਸਟਰੇਟ ਉਸ ਦਾ ਪੁਲਿਸ ਰਿਮਾਂਡ ਦਿੰਦਾ ਰਿਹਾ।

ਜਸਟਿਸ ਗੁਪਤਾ ਵੱਲੋਂ ਇਕ ਔਰਤ ਆਈ.ਪੀ.ਐੱਸ. ਅਧਿਕਾਰੀ, ਜੁਡੀਸ਼ੀਅਲ ਮੈਜਿਸਟਰੇਟ, ਮੈਡੀਕਲ ਅਫ਼ਸਰਾਂ, ਪੀੜਤ ਵਿਅਕਤੀ ਅਤੇ ਪੁਲਿਸ ਸਮੇਤ 15 ਵਿਅਕਤੀਆਂ ਤੋਂ ਪੁੱਛਗਿੱਛ ਕੀਤੀ ਗਈ। ਰਿਪੋਰਟ ਨੇ ਸਪਸ਼ਟ ਤੌਰ ’ਤੇ ਨੋਟ ਕੀਤਾ ਹੈ ਕਿ ਸਬੂਤ ਸ਼ਿਵ ਕੁਮਾਰ ਦੀ ਗ਼ੈਰ-ਕਾਨੂੰਨੀ ਗ੍ਰਿਫ਼ਤਾਰੀ, ਗ਼ੈਰ-ਕਾਨੂੰਨੀ ਹਿਰਾਸਤ ਅਤੇ ਹਿਰਾਸਤ ਵਿਚ ਤਸੀਹੇ ਦੇਣ ਦੀ ਤਸਦੀਕ ਕਰਦੇ ਹਨ। ਰਿਪੋਰਟ ਇਹ ਵੀ ਤਸਦੀਕ ਕਰਦੀ ਹੈ ਕਿ 16 ਜਨਵਰੀ 2021 ਤੋਂ ਲੈ ਕੇ 23 ਜਨਵਰੀ 2021 ਤੱਕ ਗ਼ੈਰ-ਕਾਨੂੰਨੀ ਪੁਲਿਸ ਹਿਰਾਸਤ ਦੌਰਾਨ ਅਤੇ ਫਿਰ 23/24 ਜਨਵਰੀ 2021 ਦਰਮਿਆਨ ਦੀ ਰਾਤ ਤੋਂ ਲੈ ਕੇ 2 ਫਰਵਰੀ 2021 ਤੱਕ ਮੈਜਿਸਟਰੇਟ ਵੱਲੋਂ ਦਿੱਤੇ ਪੁਲਿਸ ਰਿਮਾਂਡ ਦੌਰਾਨ ਸ਼ਿਵ ਕੁਮਾਰ ਨੂੰ ਬੁਰੀ ਤਰ੍ਹਾਂ ਤਸੀਹੇ ਦਿੱਤੇ ਗਏ। ਗੌਰਮਿੰਟ ਮੈਡੀਕਲ ਕਾਲਜ ਅਤੇ ਹਸਪਤਾਲ (ਜੀ.ਐਮ.ਸੀ.ਐਚ.) ਚੰਡੀਗੜ੍ਹ ਵੱਲੋਂ ਤਿਆਰ ਕੀਤੀ ਮੈਡੀਕਲ ਜਾਂਚ ਰਿਪੋਰਟ ਦੇ ਹਵਾਲੇ ਨਾਲ ਜਸਟਿਸ ਦੀਪਕ ਗੁਪਤਾ ਨੇ ਸਿੱਟਾ ਕੱਢਿਆ ਕਿ ਸ਼ਿਵ ਕੁਮਾਰ ਦੇ ਸਰੀਰ ਦੇ ਵੱਖ-ਵੱਖ ਹਿੱਸਿਆਂ, ਖੱਬੇ ਤੇ ਸੱਜੇ ਪੱਟ, ਸੱਜੀ ਤੇ ਖੱਬੀ ਲੱਤ ਅਤੇ ਸੱਜੇ ਗੁੱਟ ਉੱਪਰ ਸੱਟਾਂ ਦੇ ਅੱਠ ਨਿਸ਼ਾਨ ਸਨ। ਖੱਬੇ ਹੱਥ ਦੇ ਅੰਗੂਠੇ ਅਤੇ ਉਂਗਲਾਂ ਦੇ ਨਹੁੰ ਤਸੀਹਿਆਂ ਨਾਲ ਨੀਲੇ ਹੋ ਚੁੱਕੇ ਹਨ। ਜਸਟਿਸ ਗੁਪਤਾ ਨੇ ਇਹ ਵੀ ਨੋਟ ਕੀਤਾ ਕਿ ਸ਼ਿਵ ਕੁਮਾਰ ਨੂੰ ਪੁਲਿਸ ਨੇ 16 ਜਨਵਰੀ ਨੂੰ ਚੁੱਕਿਆ ਸੀ ਅਤੇ 23 ਜਨਵਰੀ 2021 ਤੱਕ ਉਸ ਨੂੰ ਗ਼ੈਰ-ਕਾਨੂੰਨੀ ਹਿਰਾਸਤ ਵਿਚ ਰੱਖਿਆ ਗਿਆ। ਉਸ ਦੀ ਗ੍ਰਿਫ਼ਤਾਰੀ ਰਸਮੀ ਤੌਰ ’ਤੇ ਅਗਲੇ ਦਿਨ ਪੌਣੇ ਨੌਂ ਵਜੇ ਦਿਖਾਈ ਗਈ। ਜਦੋਂ 20 ਫਰਵਰੀ ਨੂੰ ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ ਚੰਡੀਗੜ੍ਹ ਵਿਖੇ ਸ਼ਿਵ ਕੁਮਾਰ ਦਾ ਡਾਕਟਰੀ ਮੁਆਇਨਾ ਕੀਤਾ ਗਿਆ, ਉਸ ਤੋਂ ਪਹਿਲਾਂ ਉਸ ਦਾ 24 ਜਨਵਰੀ ਤੋਂ ਲੈ ਕੇ 2 ਫਰਵਰੀ 2021 ਤੱਕ ਪੰਜ ਵਾਰ ਡਾਕਟਰੀ ਮੁਆਇਨਾ ਕੀਤਾ ਜਾ ਚੁੱਕਾ ਸੀ ਪਰ ਮੁਆਇਨਾ ਕਰਨ ਵਾਲੇ ਡਾਕਟਰਾਂ- ਸਰਕਾਰੀ ਹਸਪਤਾਲ ਦੇ ਡਾਕਟਰ ਜਾਂ ਸੋਨੀਪਤ ਦੇ ਡਾਕਟਰਾਂ ਜਾਂ ਜੇਲ੍ਹ ਦੇ ਡਾਕਟਰ- ਵਿਚੋਂ ਕਿਸੇ ਨੇ ਵੀ ਆਪਣੀ ਡਿਊਟੀ ਨਹੀਂ ਨਿਭਾਈ। ਇਹ ਸਾਰੇ ਪੁਲਿਸ ਅਧਿਕਾਰੀਆਂ ਦੀਆਂ ਹਦਾਇਤਾਂ ਅਨੁਸਾਰ ਡਾਕਟਰੀ ਜਾਂਚ ਰਿਪੋਰਟਾਂ ਬਣਾਉਂਦੇ ਰਹੇ ਅਤੇ ਕਿਸੇ ਨੇ ਵੀ ਤਸੀਹਿਆਂ ਦੇ ਜ਼ਖ਼ਮਾਂ ਦੀ ਰਿਪੋਰਟ ਨਹੀਂ ਕੀਤੀ। ਲਿਹਾਜ਼ਾ, ਇਹ ਜਾਂਚ ਰਿਪੋਰਟ ਬੇਕਸੂਰਾਂ ਨੂੰ ਹਿਰਾਸਤ ਵਿਚ ਤਸੀਹੇ ਦੇਣ ਵਿਚ ਪੁਲਿਸ ਅਧਿਕਾਰੀਆਂ, ਮੈਡੀਕਲ ਅਫ਼ਸਰਾਂ ਅਤੇ ਸੋਨੀਪਤ ’ਚ ਤਾਇਨਾਤ ਤਤਕਾਲੀ ਜੁਡੀਸ਼ੀਅਲ ਮੈਜਿਸਟਰੇਟ ਦੀ ਮਿਲੀਭੁਗਤ ਦਾ ਖ਼ੁਲਾਸਾ ਕਰਦੀ ਹੈ। ਜਾਂਚ ਅਨੁਸਾਰ ਕੁੰਡਲੀ ਥਾਣੇ ਦਾ ਤਤਕਾਲੀ ਥਾਣਾ ਮੁਖੀ ਰਵੀ, ਸਬ ਇੰਸਪੈਕਟਰ ਐੱਸ. ਸਿੰਘ ਅਤੇ ਹੋਰ ਪੁਲਿਸ ਮੁਲਾਜ਼ਮ ਸ਼ਿਵ ਕੁਮਾਰ ਨੂੰ ਤਸੀਹੇ ਦੇਣ ਅਤੇ ਸੀ.ਆਈ.ਏ. ਸੋਨੀਪਤ ਦਾ ਇੰਚਾਰਜ ਇੰਸਪੈਕਟਰ ਰਵਿੰਦਰ ਉਸ ਨੂੰ ਗ਼ੈਰ-ਕਾਨੂੰਨੀ ਹਿਰਾਸਤ ਵਿਚ ਰੱਖਣ ਦਾ ਦੋਸ਼ੀ ਹੈ।

ਹਰਿਆਣਾ ਪੁਲਿਸ ਦੇ ਇਸ ਵਹਿਸ਼ੀ ਹਮਲੇ ਦੇ ਪਿਛੋਕੜ ’ਚ ਫੈਕਟਰੀਆਂ ਦੇ ਮਜ਼ਦੂਰਾਂ ਦਾ ਸੰਘਰਸ਼ ਸੀ। ਜਨਵਰੀ 2021 ਵਿਚ, ਜਦੋਂ ਦਿੱਲੀ ਦੇ ਬਾਰਡਰਾਂ ਉੱਪਰ ਲੱਖਾਂ ਕਿਸਾਨ ਤਿੰਨ ਖੇਤੀ ਕਾਨੂੰਨ ਵਾਪਸ ਕਰਾਉਣ ਲਈ ਡਟੇ ਹੋਏ ਸਨ ਅਤੇ ਕੇਂਦਰ ਦੀ ਮੋਦੀ ਸਰਕਾਰ ਤੇ ਹਰਿਆਣੇ ਦੀ ਖੱਟਰ ਸਰਕਾਰ ਬੁਰੀ ਤਰ੍ਹਾਂ ਬੌਖਲਾਈ ਹੋਈ ਸੀ, ਉਸ ਸਮੇਂ ਹੀ ਸੋਨੀਪਤ ਦੇ ਕੁੰਡਲੀ ਉਦਯੋਗਿਕ ਖੇਤਰ ਵਿਚ ਮਜ਼ਦੂਰ ਤਾਲਾਬੰਦੀ ਦੇ ਬਕਾਏ ਲੈਣ ਲਈ ਫੈਕਟਰੀ ਦੇ ਗੇਟ ’ਤੇ ਅੰਦੋਲਨ ਕਰ ਰਹੇ ਸਨ। ਮੈਨੇਜਮੈਂਟ ਦੇ ਗੁੰਡਿਆਂ ਨੇ ਮਜ਼ਦੂਰ ਆਗੂ ਨੌਦੀਪ ਕੌਰ ਦੀ ਅਗਵਾਈ ’ਚ ਫੈਕਟਰੀ ਦੇ ਬਾਹਰ ਇਕੱਠੇ ਹੋ ਕੇ ਮਜ਼ਦੂਰੀ ਦੀ ਮੰਗ ਕਰ ਰਹੇ ਮਜ਼ਦੂਰਾਂ ਉੱਪਰ ਹਮਲਾ ਕਰ ਦਿੱਤਾ। ਮਜ਼ਦੂਰਾਂ ਨੂੰ ਦਹਿਸ਼ਤਜ਼ਦਾ ਕਰਨ ਲਈ ਕਈ ਹਵਾਈ ਫਾਇਰ ਵੀ ਕੀਤੇ ਗਏ। ਜਦੋਂ 12 ਜਨਵਰੀ ਨੂੰ ਮਜ਼ਦੂਰ ਅਤੇ ਉਨ੍ਹਾਂ ਦੇ ਆਗੂ ਫੈਕਟਰੀ ਦੇ ਗੇਟ ’ਤੇ ਪਹੁੰਚੇ ਤਾਂ ਕੁੰਡਲੀ ਥਾਣੇ ਦੀ ਪੁਲਿਸ ਬੁਲਾ ਲਈ ਗਈ। ਪੁਲਿਸ ਨੇ ਮਜ਼ਦੂਰਾਂ ਨੂੰ ਖਦੇੜਨ ਲਈ ਲਾਠੀਚਾਰਜ ਕਰ ਦਿੱਤਾ ਤਾਂ ਰੋਹ ਵਿਚ ਆਏ ਮਜ਼ਦੂਰਾਂ ਨੇ ਭੈਭੀਤ ਹੋਣ ਦੀ ਬਜਾਇ ਪੁਲਿਸ ਦਾ ਡਟ ਕੇ ਵਿਰੋਧ ਕੀਤਾ। ਇਸ ਦੌਰਾਨ ਦੋਵਾਂ ਧਿਰਾਂ ਦੇ ਕਈ ਲੋਕ ਜ਼ਖ਼ਮੀ ਹੋ ਗਏ। ਇਕ ਪੁਲਿਸ ਵਾਲੇ ਦੇ ਵੀ ਸੱਟਾਂ ਲੱਗੀਆਂ। ਕਿਸਾਨ ਅੰਦੋਲਨ ਦੇ ਪ੍ਰਭਾਵ ਕਾਰਨ ਹਰਿਆਣਾ ਸਰਕਾਰ ਅਤੇ ਪੁਲਿਸ ਨੂੰ ਮਜ਼ਦੂਰ ਅੰਦੋਲਨ ਦੇ ਜ਼ੋਰ ਫੜਨ ਦਾ ਡਰ ਸੀ, ਇਸ ਲਈ ਇਸ ਟਕਰਾਓ ਦੇ ਬਹਾਨੇ ਪੁਲਿਸ ਨੇ ਅੰਦੋਲਨ ਨੂੰ ਦਬਾਉਣ ਲਈ ਪਹਿਲਾਂ ਨੌਦੀਪ ਕੌਰ ਨੂੰ ਅਤੇ ਫਿਰ ਸ਼ਿਵ ਕੁਮਾਰ ਨੂੰ ਗ੍ਰਿਫ਼ਤਾਰ ਕਰ ਲਿਆ।

ਇਹ ਦੋਵਾਂ ਆਗੂਆਂ ਦਾ ਅਸਲ ‘ਜੁਰਮ’ ਇਹ ਸੀ ਕਿ ਉਹ ਕੁੰਡਲੀ ਉਦਯੋਗਿਕ ਖੇਤਰ ਵਿਚ ਫੈਕਟਰੀਆਂ ਦੇ ਮਾਲਕਾਂ/ਮੈਨੇਜਮੈਂਟਾਂ ਵੱਲੋਂ ਮਜ਼ਦੂਰਾਂ ਦੀ ਲੁੱਟ-ਖਸੁੱਟ, ਬਕਾਇਆ ਤਨਖ਼ਾਹਾਂ, ਔਰਤ ਮਜ਼ਦੂਰਾਂ ਦੇ ਸੋਸ਼ਣ ਦੇ ਮੁੱਦੇ ਉਠਾ ਰਹੇ ਸਨ। ਜਥੇਬੰਦ ਨਾ ਹੋਣ ਕਾਰਨ ਕਾਨੂੰਨੀ ਹੱਕਾਂ ਤੋਂ ਵਿਰਵੇ ਬੇਵੱਸ ਮਜ਼ਦੂਰ ਠੇਕੇ ’ਤੇ ਕੰਮ ਕਰਦੇ ਹਨ; ਖ਼ਾਸਕਰ ਲੌਕਡਾਊਨ ਦਾ ਫ਼ਾਇਦਾ ਉਠਾ ਕੇ ਮੈਨੇਜਮੈਂਟਾਂ ਨੇ ਉਨ੍ਹਾਂ ਨੂੰ ਬੰਧੂਆ ਮਜ਼ਦੂਰ ਬਣਾ ਕੇ ਕੰਮ ਕਰਵਾਇਆ ਅਤੇ ਉਨ੍ਹਾਂ ਦੀਆਂ ਤਨਖ਼ਾਹਾਂ ਵੀ ਦੱਬ ਲਈਆਂ। ਗ੍ਰਹਿ ਮੰਤਰਾਲੇ ਦੀਆਂ ਹਦਾਇਤਾਂ ਦੇ ਬਾਵਜੂਦ ਤਨਖ਼ਾਹਾਂ ਨਹੀਂ ਦਿੱਤੀਆਂ ਗਈਆਂ। ਮਾਲਕਾਂ ਅਤੇ ਠੇਕੇਦਾਰਾਂ ਨੇ ਲੇਬਰ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਇਸ ਖੇਤਰ ’ਚ ‘ਕੁੰਡਲੀ ਇੰਡਸਟ੍ਰੀਅਲ ਐਸੋਸੀਏਸ਼ਨ’ ਬਣਾ ਰੱਖੀ ਹੈ ਜਿਸ ਕੋਲ ‘ਕਵਿਕ ਰਿਸਪੌਂਸ ਟੀਮ’ ਨਾਮ ਦੀ ਕਾਨੂੰਨੀ ਗੁੰਡਾ ਫੋਰਸ ਹੈ ਜਿਸ ਦੀ ਮਦਦ ਨਾਲ ਮਜ਼ਦੂਰਾਂ ਨੂੰ ਦਹਿਸ਼ਤਜ਼ਦਾ ਕਰ ਕੇ ਉਨ੍ਹਾਂ ਤੋਂ ਮਨਮਰਜ਼ੀ ਅਨੁਸਾਰ ਲੱਕ-ਤੋੜ ਕੰਮ ਕਰਾਇਆ ਜਾਂਦਾ ਹੈ। ਇਸ ‘ਕਾਨੂੰਨੀ’ ਗੈਂਗ ਦਾ ਇੱਕੋ-ਇਕ ਮਨੋਰਥ ਮਜ਼ਦੂਰਾਂ ਨੂੰ ਡਰਾਉਣਾ ਧਮਕਾਉਣਾ ਅਤੇ ਕਰੂਰਤਾ ਤੇ ਹਿੰਸਾ ਰਾਹੀਂ ਐਸੇ ਟਰੇਡ ਯੂਨੀਅਨ ਕਾਰਕੁਨਾਂ ਨੂੰ ਯੂਨੀਅਨ ਬਣਾਉਣ ਤੋਂ ਰੋਕਣਾ ਹੈ ਜੋ ਮਜ਼ਦੂਰਾਂ ਨੂੰ ਉਨ੍ਹਾਂ ਦੇ ਕਾਨੂੰਨੀ ਹੱਕਾਂ ਬਾਰੇ ਜਾਗਰੂਕ ਕਰਦੇ ਹਨ। ਲੌਕਡਾਊਨ ਦੌਰਾਨ ਹਜ਼ਾਰਾਂ ਪਰਵਾਸੀ ਮਜ਼ਦੂਰਾਂ ਨੇ ਇਕੱਠੇ ਹੋ ਕੇ ਹਰਿਆਣਾ ਸਰਕਾਰ ਵੱਲੋਂ ਐਲਾਨ ਕੀਤੇ ਰਾਸ਼ਨ ਦੀ ਵੰਡ ਯਕੀਨੀ ਬਣਾਉਣ ਲਈ ਆਵਾਜ਼ ਉਠਾਈ। ਮਜ਼ਦੂਰ ਅਧਿਕਾਰ ਸੰਗਠਨ ਵੱਲੋਂ ਮਜ਼ਦੂਰਾਂ ਨੂੰ ਜਥੇਬੰਦ ਕਰਨਾ ਮੈਨੇਜਮੈਂਟ ਨੂੰ ਬਹੁਤ ਚੁਭਦਾ ਸੀ ਜਿਨ੍ਹਾਂ ਨੂੰ ਦਬਾਉਣ ਲਈ ਫੈਕਟਰੀਆਂ ’ਚ ਰੱਖੇ ਗੁੰਡਿਆਂ ਦੇ ਨਾਲ ਨਾਲ ਹਿੰਦੂ ਜਾਗ੍ਰਿਤੀ ਮੰਚ ਨਾਂ ਦਾ ਹਿੰਦੂਤਵੀ ਗਰੁੱਪ ਵੀ ਸਰਗਰਮ ਹੋਇਆ ਅਤੇ ਇਨ੍ਹਾਂ ਵੱਲੋਂ ਮਜ਼ਦੂਰਾਂ ਦੀਆਂ ਮੀਟਿੰਗਾਂ ਉੱਪਰ ਇਹ ਕਹਿ ਕੇ ਹਮਲੇ ਕੀਤੇ ਗਏ ਕਿ ਦੇਸ਼ਧ੍ਰੋਹੀ ਅਨਸਰ ਕੁੰਡਲੀ ਉਦਯੋਗਿਕ ਖੇਤਰ ਦਾ ਅਮਨ-ਅਮਾਨ ਭੰਗ ਕਰਨਾ ਚਾਹੁੰਦੇ ਹਨ।

ਜਿਸ ਮੁਲਕ ’ਚ ਸਟੇਟ ਝੂਠੇ ਮੁਕਾਬਲਿਆਂ ਅਤੇ ਹਿਰਾਸਤ ’ਚ ਤਸੀਹਿਆਂ ਨਾਲ ਕਤਲਾਂ ਦੀ ਰਾਜਕੀ ਪੁਸ਼ਤਪਨਾਹੀ ਕਰ ਰਿਹਾ ਹੋਵੇ ਅਤੇ ਹਿਰਾਸਤ ਦੌਰਾਨ ਔਰਤਾਂ ਨਾਲ ਬਲਾਤਕਾਰ ਕਰਨ ਤੇ ਉਨ੍ਹਾਂ ਦੇ ਗੁਪਤ ਅੰਗਾਂ ਵਿਚ ਪੱਥਰ ਤੁੰਨਣ ਵਾਲੇ ਪੁਲਿਸ ਅਫ਼ਸਰਾਂ ਨੂੰ ‘ਪੁਲਿਸ ਬਹਾਦਰੀ ਸਨਮਾਨ’ ਅਤੇ ਵਿਸ਼ੇਸ਼ ਤਰੱਕੀਆਂ ਦੇ ਕੇ ਸਨਮਾਨਿਆ ਜਾਵੇ, ਉੱਥੇ ਐਸੇ ਤਸੀਹਿਆਂ ਦਾ ਵਰਤਾਰਾ ਹੈਰਾਨੀਜਨਕ ਨਹੀਂ। ਸਵਾਲ ਤਾਂ ਇਹ ਹੈ ਕਿ ਭਾਰਤ ਦੇ ਲੋਕ ਇਸ ਬਾਰੇ ਜਾਗਰੂਕ ਹੋ ਕੇ ਇਸ ਨੂੰ ਠੱਲ੍ਹ ਪਾਉਣ ਲਈ ਕਦੋਂ ਉੱਠਣਗੇ?

# ਬਜਟ ਤੋਂ ਸਿੱਖੇ ਸਬਕ

ਟੀ.ਐੱਨ. ਨੈਨਾਨ

ਮੁਲਕ ਦੀ ਵਿੱਤ ਮੰਤਰੀ ਵਜੋਂ ਇਹ ਨਿਰਮਲਾ ਸੀਤਾਰਾਮਨ ਦੇ ਕਾਰਜ ਕਾਲ ਦਾ ਚੌਥਾ ਵਰ੍ਹਾ ਹੈ। ਬਜਟ ਬਣਾਉਣ ਬਾਰੇ ਉਨ੍ਹਾਂ ਦੀ ਪਹੁੰਚ ਵਿਚ ਆਈ ਤਬਦੀਲੀ ਜ਼ਿਕਰਯੋਗ ਹੈ ਜੋ 2019 ਵਿਚ ਉਤਸ਼ਾਹੀ ਸ਼ੁਰੂਆਤ ਤੋਂ ਹੁਣ ਯਥਾਰਥਵਾਦੀ ਹੋ ਗਈ ਹੈ। ਉਨ੍ਹਾਂ ਦੇ ਕਾਰਜ ਕਾਲ ਦੀ ਸ਼ੁਰੂਆਤ ਇੱਕ ਤਰ੍ਹਾਂ ਦੀ ਅਗਨੀ ਪ੍ਰੀਖਿਆ ਨਾਲ ਹੋਈ ਜਦੋਂ ਅੰਕੜੇ ਮੂਲੋਂ ਗ਼ਲਤ ਸਾਬਿਤ ਹੋਏ। ਕੋਵਿਡ-19 ਆਉਣ ਤੋਂ ਪਹਿਲਾਂ ਹੀ ਆਏ ਆਰਥਿਕ ਮੰਦਵਾੜੇ ਅਤੇ ਕਾਰਪੋਰੇਟ ਟੈਕਸ ਦਰਾਂ ਨੂੰ ਅਣਕਿਆਸੇ ਢੰਗ ਨਾਲ ਘਟਾਉਣ ਦੇ ਐਲਾਨ ਕਾਰਨ ਟੈਕਸਾਂ ਰਾਹੀਂ ਇਕੱਠਾ ਹੋਇਆ ਮਾਲੀਆ 18.4% ਘੱਟ ਸੀ। ਜ਼ਾਹਿਰ ਹੈ ਕਿ ਕੁਝ ਦਿਨਾਂ ਮਗਰੋਂ ਆਪਣੇ ਅਮਲੇ-ਫੈਲੇ ਸਮੇਤ ਪ੍ਰਧਾਨ ਮੰਤਰੀ ਦੇ ਅਮਰੀਕਾ ਦੌਰੇ ਅਤੇ ਇਸ ਦੌਰਾਨ ਕਾਰਪੋਰੇਟ ਅਦਾਰਿਆਂ ਦੇ ਮੁਖੀਆਂ ਨਾਲ ਹੋਣ ਵਾਲੀਆਂ ਮੁਲਾਕਾਤਾਂ ਕਾਰਨ ਕਾਰਪੋਰੇਸ਼ਨ ਟੈਕਸ ਦਰਾਂ ਘਟਾਉਣ ਦਾ ਐਲਾਨ ਕੀਤਾ ਗਿਆ ਸੀ। ਇਸ ਦੇ ਸਿੱਟੇ ਵਜੋਂ ਸਾਲ ਦੇ ਅਖੀਰ ਵਿਚ 4.6 ਫ਼ੀਸਦ ਵਿੱਤੀ ਘਾਟਾ ਰਿਪੋਰਟ ਹੋਇਆ ਜੋ ਬਜਟ ਵਿਚ ਦਰਸਾਏ 3.4 ਫ਼ੀਸਦ ਤੋਂ ਵੱਧ ਸੀ।

ਅਗਲੇ ਸਾਲ ਵੀ ਹਾਲਾਤ ਬਿਹਤਰ ਨਹੀਂ ਹੋਏ ਕਿਉਂ ਜੋ ਕੋਵਿਡ-19 ਦੇ ਅਸਰ ਨੇ ਕੁੱਲ ਘਰੇਲੂ ਉਤਪਾਦ (ਜੀ.ਡੀ.ਪੀ.) ਕਾਫ਼ੀ ਘਟਾ ਦਿੱਤਾ। ਕਾਰਪੋਰੇਟ ਟੈਕਸ ਮਾਲੀਆ 17.8 ਫ਼ੀਸਦ ਘਟਿਆ ਅਤੇ ਵਸਤਾਂ ਤੇ ਸੇਵਾਵਾਂ ਕਰ (ਜੀ.ਐੱਸ.ਟੀ.) ਤੋਂ 8.3 ਫ਼ੀਸਦ ਘੱਟ ਮਾਲੀਆ ਇਕੱਠਾ ਹੋਇਆ। ਦਿਲਚਸਪ ਗੱਲ ਇਹ ਹੈ ਕਿ ਵਿੱਤ ਮੰਤਰੀ ਨੇ ਹਤਾਸ਼ ਮਾਹੌਲ ਵਿਚ ਵੀ ਮੌਕਾ ਦੇਖਿਆ। ਉਨ੍ਹਾਂ ਫ਼ੈਸਲਾ ਕੀਤਾ ਕਿ ਹੋਰ ਬੁਰੀਆਂ ਖ਼ਬਰਾਂ ਦੇ ਢੇਰ ਲਾਈ ਜਾਣ ਨਾਲ ਕੁਝ ਨਹੀਂ ਸੰਵਰਨਾ ਅਤੇ ਉਨ੍ਹਾਂ ਨੇ ਵਿੱਤੀ ਘਾਟੇ ਦੇ ਅੰਕੜਿਆਂ ਬਾਰੇ ਥੋਕ ਵਿਚ ਖ਼ਬਰਾਂ ਛਪਣੀਆਂ ਰੋਕ ਦਿੱਤੀਆਂ। ਆਮਦਨ ਖ਼ਰਚ ਦੇ ਚਿੱਠੇ ਵਿਚੋਂ ਬਾਹਰ ਰੱਖੇ ਰਿਣ ਨੂੰ ਸਰਕਾਰੀ ਕਾਗਜ਼ਾਂ ਵਿਚ ਸ਼ਾਮਲ ਕਰਨ ਨਾਲ ਵਿੱਤੀ ਘਾਟਾ ਦੁੱਗਣਾ ਭਾਵ 9.2 ਫ਼ੀਸਦੀ ਹੋ ਗਿਆ ਪਰ ਸਰਕਾਰ ਦੇ ਲੇਖੇ-ਜੋਖੇ ਕਰਨ ਦੇ ਢੰਗ-ਤਰੀਕਿਆਂ ਵਿਚ ਵਿਸ਼ਵਾਸ ਵਧ ਗਿਆ।

ਆਪਣੇ ਪੇਸ਼ ਕੀਤੇ ਤੀਜੇ ਬਜਟ ਵਿਚ ਵਿੱਤ ਮੰਤਰੀ ਸੀਤਾਰਾਮਨ ਨੇ ਸੰਕੇਤ ਦਿੱਤਾ ਸੀ ਕਿ ਉਨ੍ਹਾਂ ਨੇ ਬਜਟ ਬਣਾਉਂਦਿਆਂ ਸੰਭਵ ਤੋਂ ਵੱਧ ਕਿਆਫ਼ੇ ਲਾਉਣ ਦੀ ਗ਼ਲਤੀ ਮਹਿਸੂਸ ਕਰ ਲਈ ਸੀ। ਪਹਿਲੇ ਸਾਲਾਂ ਦੇ ਉਲਟ ਉਨ੍ਹਾਂ ਨੇ 2021-22 ਦੇ ਬਜਟ ਵਿਚ ਯੋਗ ਜਾਪਦੇ ਮਾਲੀਆ ਅੰਕੜਿਆਂ ਸਬੰਧੀ ਹੀ ਯੋਜਨਾ ਬਣਾਈ। ਸਿੱਟਾ ਇਹ ਨਿਕਲਿਆ ਕਿ ਮੂਲ ਰੂਪ ਵਿਚ ਦਰਸਾਏ ਗਏ ਅੰਕੜਿਆਂ ਨਾਲੋਂ 13.4 ਫ਼ੀਸਦ ਵੱਧ ਮਾਲੀਆ ਇਕੱਠਾ ਹੋਇਆ। ਇਸ ਨੇ ਟੈਕਸ ਤੋਂ ਇਲਾਵਾ ਹੋਰ ਸਾਧਨਾਂ ਰਾਹੀਂ ਇਕੱਠੇ ਹੋਏ ਘੱਟ ਮਾਲੀਏ ਦਾ ਪ੍ਰਭਾਵ ਖ਼ਤਮ ਕਰਨ ਅਤੇ ਸਰਕਾਰ ਵੱਲੋਂ ਕੋਵਿਡ-19 ਸਬੰਧੀ ਦਿੱਤੀਆਂ ਜਾਂਦੀਆਂ ਰਿਆਇਤਾਂ ਜਿਵੇਂ ਗ਼ਰੀਬ ਲੋਕਾਂ ਨੂੰ ਮੁਫ਼ਤ ਅਨਾਜ ਦੇਣਾ ਜਾਰੀ ਰੱਖਣ ਵਿਚ ਮਦਦ ਕੀਤੀ। ਉਸ ਸਾਲ ਦੇ ਅੰਤ ਵਿਚ ਹੋਇਆ ਵਿੱਤੀ ਘਾਟਾ ਅੰਦਾਜ਼ਿਆਂ ਦੇ ਨੇੜੇ-ਤੇੜੇ ਹੀ ਸੀ।

ਇਸ ਸਾਲ ਵੀ ਉਹੀ ਕਾਰਗੁਜ਼ਾਰੀ ਦੁਹਰਾਏ ਜਾਣ ਦੀ ਸੰਭਾਵਨਾ ਹੈ। ਪੈਟਰੋਲੀਅਮ ਪਦਾਰਥਾਂ ਉੱਤੇ ਟੈਕਸ ਘਟਾਉਣ ਦੇ ਬਾਵਜੂਦ ਟੈਕਸਾਂ ਰਾਹੀਂ ਬਜਟ ਅਨੁਮਾਨਾਂ ਤੋਂ ਕਾਫ਼ੀ ਵੱਧ ਮਾਲੀਆ ਇਕੱਠਾ ਹੋ ਰਿਹਾ ਹੈ। ਖ਼ਰਚਿਆਂ ਵਾਲੇ ਪਾਸੇ ਦੇਖੀਏ ਤਾਂ ਸਬਸਿਡੀਆਂ ’ਤੇ ਖ਼ਰਚ ਇੱਕ ਵਾਰ ਫਿਰ ਕਾਫ਼ੀ ਵਧ ਗਏ ਹਨ। ਇਸ ਦੇ ਦੋ ਕਾਰਨ ਹਨ: ਯੂਕਰੇਨ ਜੰਗ ਦੇ ਸਿੱਟੇ ਵਜੋਂ ਖਾਦਾਂ ਦੀਆਂ ਵਧੀਆਂ ਕੀਮਤਾਂ ਜੋ ਕਿਸਾਨਾਂ ਤੋਂ ਨਹੀਂ ਵਸੂਲੀਆਂ ਜਾ ਰਹੀਆਂ ਅਤੇ ਸਰਕਾਰ ਦਾ ਮੁਫ਼ਤ ਅਨਾਜ ਸਪਲਾਈ ਜਾਰੀ ਰੱਖਣ ਦਾ ਫ਼ੈਸਲਾ।

ਵਿੱਤ ਮੰਤਰੀ ਦੇ ਸੰਸਦ ਵਿਚ ਦਿੱਤੇ ਬਿਆਨ ਦੀ ਮੰਨੀਏ ਤਾਂ ਉਨ੍ਹਾਂ ਦੀ ਬਜਟ ਵਿਚ ਦਿੱਤੀ ਤਜਵੀਜ਼ ਮੁਤਾਬਿਕ ਵਿੱਤੀ ਘਾਟਾ ਕੁੱਲ ਘਰੇਲੂ ਉਤਪਾਦ ਦਾ 6.4 ਫ਼ੀਸਦ ਹੋਵੇਗਾ। ਪਿਛਲੇ ਦੋਵਾਂ ਸਾਲਾਂ ਦੌਰਾਨ ਵਾਜਿਬ ਖਾਕਾ ਉਲੀਕੇ ਜਾਣ ਨੇ ਗ਼ੈਰ-ਯੋਜਨਾਬੱਧ ਖ਼ਰਚਿਆਂ ਵਾਲੇ ਉਥਲ-ਪੁਥਲ ਦੇ ਸਮਿਆਂ ਵਿਚ ਉਨ੍ਹਾਂ ਨੂੰ ਸ਼ਰਮਿੰਦਗੀ ਤੋਂ ਬਚਾ ਲਿਆ। ਅਖ਼ਬਾਰੀ ਖ਼ਬਰਾਂ ਤੋਂ ਇਹੀ ਕਿਆਸ ਲਾਇਆ ਜਾ ਸਕਦਾ ਹੈ ਕਿ ਅਗਲੇ ਸਾਲ ਲਈ ਪੇਸ਼ ਕੀਤੇ ਜਾਣ ਵਾਲੇ ਬਜਟ ਵਿਚ ਟੈਕਸ ਮਾਲੀਆ ਵਾਧਾ ਢੁੱਕਵਾਂ ਹੀ ਦੱਸਿਆ ਜਾਵੇਗਾ।

ਟੈਕਸ ਨੀਤੀ ਦੀਆਂ ਸ਼ਰਤਾਂ ਤਹਿਤ ਕਾਰਪੋਰੇਸ਼ਨ ਟੈਕਸ ਦਰਾਂ ਹੁਣ ਲਗਭਗ ਕੌਮਾਂਤਰੀ ਮਾਪਦੰਡਾਂ ਦੇ ਬਰਾਬਰ ਹਨ ਜਦੋਂਕਿ ਆਮ ਨਾਲੋਂ ਬਹੁਤ ਵੱਧ ਆਮਦਨ ਵਾਲਿਆਂ ਲਈ ਸਿਖਰਲੀਆਂ ਆਮਦਨ ਕਰ ਦਰਾਂ ਵਿਚ ਵਾਧਾ ਕੀਤਾ ਗਿਆ ਹੈ। ਦੋਵੇਂ ਓਨੀਆਂ ਹਨ ਜਿੰਨੀਆਂ ਹੋਣੀਆਂ ਚਾਹੀਦੀਆਂ ਹਨ। ਜੀ.ਐੱਸ.ਟੀ. ਅਤੇ ਮਿਊਚਲ ਫੰਡਾਂ ਤੋਂ ਹੋਣ ਵਾਲੇ ਲਾਭ (ਕੈਪੀਟਲ ਗੇਨਜ਼) ਉੱਤੇ ਟੈਕਸ ਦਰਾਂ ਕਾਫ਼ੀ ਜ਼ਿਆਦਾ ਰਹਿਣ ਦੀ ਸੰਭਾਵਨਾ ਹੈ। ਆਗਾਮੀ ਬਜਟ ਅਤੇ ਜੀ.ਐੱਸ.ਟੀ. ਕੌਂਸਲ ਦੀ ਮੀਟਿੰਗ ਵਿਚ ਇਨ੍ਹਾਂ ਮੁੱਦਿਆਂ ਉੱਤੇ ਤਵੱਜੋ ਦਿੱਤੇ ਜਾਣ ਦੀ ਸੰਭਾਵਨਾ ਨਹੀਂ ਜਾਪਦੀ। ਇਉਂ ਬਜਟ ਬਣਾਉਣ ਦਾ ਕੰਮ ਅਧੂਰਾ ਹੀ ਹੋਵੇਗਾ ਅਤੇ ਟੈਕਸ ਦਰਾਂ ਲਗਾਤਾਰ ਘਟਦੀਆਂ ਵਧਦੀਆਂ ਰਹਿਣਗੀਆਂ।

ਵਿੱਤੀ ਘਾਟਾ ਬਹੁਤ ਜ਼ਿਆਦਾ ਭਾਵ 6.5 ਫ਼ੀਸਦ ਰਹੇਗਾ ਜੋ ਕੋਵਿਡ-19 ਮਹਾਮਾਰੀ ਤੋਂ ਪਹਿਲਾਂ ਵਿੱਤੀ ਸੰਕਟ ਵਾਲੇ 2009-10 ਦੇ ਵਰ੍ਹੇ ਦੌਰਾਨ ਸੀ। ਰੱਖਿਆ, ਸਿੱਖਿਆ ਅਤੇ ਸਿਹਤ ਸੰਭਾਲ ਲਈ ਵਡੇਰੇ ਬਜਟ ਮੁਹੱਈਆ ਕਰਦਿਆਂ ਵਿੱਤੀ ਘਾਟੇ ਨੂੰ ਘਟਾਉਣਾ ਚੁਣੌਤੀ ਹੈ। ਤੱਥ ਇਹ ਹੈ ਕਿ ਭਾਰਤ ਦੀਆਂ ਸਰਕਾਰਾਂ ਤੋਂ ਕੀਤੀਆਂ ਗਈਆਂ ਮੰਗਾਂ ਲਈ ਦੇਸ਼ ਦਾ ਬਜਟ ਬਹੁਤ ਛੋਟਾ ਹੈ। ਇਸ ਲਈ ਸਬਸਿਡੀਆਂ ਅਤੇ ਮੁਫ਼ਤ ਸਹੂਲਤਾਂ (ਜਿਵੇਂ ਮੁਫ਼ਤ ਅਨਾਜ) ਵਿਚ ਕਟੌਤੀ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਹੈ ਜੋ ਕੋਵਿਡ-19 ਦੌਰਾਨ ਬਹੁਤ ਵਧ ਗਈਆਂ। ਇਸ ਨਾਲ ਵਿੱਤੀ ਘਾਟਾ 6% ਤੋਂ ਘੱਟ ਹੋਣਾ ਚਾਹੀਦਾ ਹੈ ਜੋ ਵਧੇ ਜਨਤਕ ਕਰਜ਼ੇ ਦੇ ਮੱਦੇਨਜ਼ਰ ਵੀ ਬਹੁਤ ਜ਼ਿਆਦਾ ਹੈ। ਵਾਧੂ ਖ਼ਰਚ ਨਵੇਂ ਮਾਲੀਏ ਰਾਹੀਂ ਕੀਤੇ ਜਾਣੇ ਚਾਹੀਦੇ ਹਨ ਜਿਹੜਾ ਜੀ.ਐੱਸ.ਟੀ. ਦੀਆਂ ਵੱਖ ਵੱਖ ਦਰਾਂ ਵਿਚ ਸਮਤੋਲ ਪੈਦਾ ਕਰਦਿਆਂ ਔਸਤ ਜੀ.ਐੱਸ.ਟੀ. ਨੂੰ ਵਧਾਉਣ ਤੋਂ ਮਿਲੇਗਾ।

# ਵੱਡੀ ਕਹਾਣੀਕਾਰ ਤੇ ਉੱਚੀ ਇਨਸਾਨ ਸੁਖਵੰਤ ਕੌਰ ਮਾਨ

**ਕਲਮਾਂ ਵਾਲੀਆਂ**

***ਪਿੰਡ ਪਿਥੋ ਦੇ ਜੰਮਪਲ ਅਤੇ ਆਪਣੀ ਬਹੁਤੀ ਹਯਾਤੀ ਮੁਲਕ ਦੀ ਰਾਜਧਾਨੀ ਦਿੱਲੀ ਵਿਚ ਲੰਘਾਉਣ ਵਾਲੇ ਮਿਸਾਲੀ ਲਿਖਾਰੀ ਗੁਰਬਚਨ ਸਿੰਘ ਭੁੱਲਰ ਦਾ ਪੰਜਾਬੀ ਸਾਹਿਤ ਜਗਤ ਵਿਚ ਆਪਣਾ ਰੰਗ ਹੈ। ਉਨ੍ਹਾਂ ਆਪਣੇ ਪਲੇਠੇ ਨਾਵਲ 'ਇਹੁ ਜਨਮੁ ਤੁਮਹਾਰੇ ਲੇਖੇ' ਨਾਲ ਇਕੋ ਡਗੇ 'ਤੇ ਪਿੰਡ ਲੁੱਟਣ ਵਰਗਾ ਕ੍ਰਿਸ਼ਮਾ ਵੀ ਕੀਤਾ ਹੈ। ਪਿਛਲੇ ਕੁਝ ਸਮੇਂ ਤੋਂ ਉਹ ਵਾਰਤਕ ਪੁਸਤਕਾਂ ਦਾ ਢੇਰ ਲਾ ਰਹੇ ਹਨ। ਪੁਸਤਕਾਂ ਦਾ ਇਹ ਅਜਿਹਾ ਢੇਰ ਹੈ ਜਿਸ ਅੰਦਰ ਰਚਨਾਵਾਂ ਹੀਰੇ-ਮੋਤੀਆਂ ਵਾਂਗ ਪਰੋਈਆਂ ਮਿਲਦੀਆਂ ਹਨ। ਫਲਸਰੂਪ, ਉਨ੍ਹਾਂ ਦੀਆਂ ਲਿਖਤਾਂ ਪਾਠਕਾਂ ਦੇ ਜ਼ਿਹਨ ਅੰਦਰ ਸਹਿਜੇ ਹੀ ਲਹਿ-ਲਹਿ ਜਾਂਦੀਆਂ ਹਨ। 'ਪੰਜਾਬ ਟਾਈਮਜ਼' ਲਈ ਉਨ੍ਹਾਂ ਔਰਤ ਲਿਖਾਰੀਆਂ ਦੀ ਲੜੀ 'ਕਲਮਾਂ ਵਾਲੀਆਂ' ਨਾਂ ਹੇਠ ਭੇਜੀ ਹੈ, ਜਿਸ ਵਿਚ ਸਾਹਿਤ ਦੇ ਨਾਲ-ਨਾਲ ਜ਼ਿੰਦਗੀ ਦੇ ਹੋਰ ਬਹੁਤ ਸਾਰੇ ਪੱਖਾਂ ਬਾਰੇ ਗੱਲਾਂ-ਬਾਤਾਂ ਬਹੁਤ ਸਲੀਕੇ ਨਾਲ ਕੀਤੀਆਂ ਗਈਆਂ ਹਨ। ਇਹ ਲੜੀ ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ। ਇਸ ਲੜੀ ਦੇ ਸੱਤਵੇਂ ਪੂਰ ਵਿਚ ਉੱਘੀ ਕਹਾਣੀਕਾਰ ਸੁਖਵੰਤ ਕੌਰ ਮਾਨ ਬਾਰੇ ਗੱਲਾਂ ਹਨ।***



ਗੁਰਬਚਨ ਸਿੰਘ ਭੁੱਲਰ
ਫੋਨ: +9180763-63058

ਸੁਖਵੰਤ ਕੌਰ ਮਾਨ ਨਾਲ ਮੇਰੀ ਜਾਣ-ਪਛਾਣ ਜਦੋਂ ਹੋ ਜਾਣੀ ਚਾਹੀਦੀ ਸੀ, ਉਸ ਨਾਲੋਂ ਬਹੁਤ ਪਿਛੇਤੀ ਹੋਈ। ਕਿੰਨਾ ਹੀ ਚਿਰ ਮੈਂ ਰਸਾਲਿਆਂ ਵਿਚ ਛਪੀਆਂ ਉਹਦੀਆਂ ਕਹਾਣੀਆਂ ਅਨਪੜ੍ਹੀਆਂ ਛਡਦਾ ਰਿਹਾ। ਰਸਾਲਿਆਂ ਵਾਲੇ ਤਾਂ ਉਹਦੀਆਂ ਕਹਾਣੀਆਂ ਛਾਪ ਦਿੰਦੇ, ਪਰ ਉਨ੍ਹਾਂ ਦਾ ਜ਼ਿਕਰ ਹੋਰ ਕਿਤੇ ਘੱਟ ਹੀ ਹੁੰਦਾ ਸੀ। ਕਥਿਤ ਆਲੋਚਕ ਤੇ ਵਿਦਵਾਨ ਤਾਂ ਉਹਦਾ ਜ਼ਿਕਰ ਨਾ ਕਰਨ ਦੀ ਸਹੁੰ ਅੰਤ ਤੱਕ ਪੂਰੇ ਸਿਦਕ ਨਾਲ ਨਿਭਾਉਂਦੇ ਰਹੇ।

ਫੇਰ ਕਿਤੇ ਉਹਦੀ ਕਹਾਣੀ 'ਖ਼ੁਸ਼ੀ' ਛਪੀ। ਉਹਦੇ ਸਿਰਲੇਖ ਨੇ ਮੈਨੂੰ ਉਤਸੁਕ ਕੀਤਾ, ਦੇਖਾਂ ਇਸ ਕੁੜੀ ਦਾ 'ਖ਼ੁਸ਼ੀ' ਦਾ ਕੀ ਰੂਪ ਹੈ, ਕੀ ਅਰਥ ਹੈ, ਕੀ ਪੈਮਾਨਾ ਹੈ, ਕੀ ਸੰਕਲਪ ਹੈ! ਕਹਾਣੀ ਪੜ੍ਹਨੀ ਤਾਂ ਸ਼ੁਰੂ ਕੀਤੀ ਮੈਂ ਉਹਦਾ ਮੋਟਾ-ਮੋਟਾ ਸਾਰ ਜਾਣਨ ਦੀ ਨੀਤ ਨਾਲ, ਪਰ ਪਤਾ ਹੀ ਨਾ ਲੱਗਿਆ, ਕਦੋਂ ਮੈਂ ਉਸ ਵਿਚ ਡੂੰਘਾ ਉੱਤਰ ਗਿਆ ਤੇ ਹਰ ਫ਼ਿਕਰਾ ਗਹੁ ਨਾਲ ਵਾਚਣ ਲੱਗ ਪਿਆ। ਕਹਾਣੀ ਸਮਾਪਤ ਹੋਈ ਤਾਂ ਮੈਂ ਸੰਤੁਸ਼ਟੀ ਦਾ ਲੰਮਾ ਸਾਹ ਲਿਆ ਤੇ ਆਪਣੇ ਆਪ ਨੂੰ ਕਿਹਾ, ਉਇ ਬੰਦਿਆ! ਤੂੰ ਇਸ ਕਹਾਣੀਕਾਰ ਦੀਆਂ ਕਹਾਣੀਆਂ ਅਨਪੜ੍ਹੀਆਂ ਛਡਦਾ ਰਿਹਾ! ਉਹ ਦਿਨ ਸੋ ਉਹ ਦਿਨ ਤੇ ਉਹ ਕਹਾਣੀ ਸੋ ਉਹ ਕਹਾਣੀ, ਮੈਂ ਸੁਖਵੰਤ ਦਾ ਪੱਕਾ ਪਾਠਕ ਬਣ ਗਿਆ।

ਇਸ ਇਕ ਕਹਾਣੀ ਨੇ ਮੈਨੂੰ ਚਾਨਣ ਕਰ ਦਿੱਤਾ ਕਿ ਉਸ ਕਹਾਣੀ-ਲੇਖਿਕਾ ਦਾ ਆਗਮਨ ਹੋ ਗਿਆ ਹੈ ਜਿਸ ਦੀ ਪੰਜਾਬੀ ਸਾਹਿਤ ਨੂੰ ਲੋੜ ਸੀ। ਉਸ ਤੋਂ ਪਹਿਲਾਂ ਦੀਆਂ ਸਿਰਫ਼ ਤਿੰਨ ਕਹਾਣੀ-ਲੇਖਿਕਾਵਾਂ ਗਿਣਨਜੋਗ ਸਨ, ਅੰਮ੍ਰਿਤਾ ਪ੍ਰੀਤਮ, ਅਜੀਤ ਕੌਰ ਤੇ ਦਲੀਪ ਕੌਰ ਟਿਵਾਣਾ। ਅੰਮ੍ਰਿਤਾ ਦਾ ਸਰੋਕਾਰ ਔਰਤ ਦਾ ਤਨ-ਮਨ ਸੀ, ਔਰਤ ਦੇ ਸਮਾਜਕ-ਆਰਥਿਕ ਸਰੋਕਾਰ ਉਹਦੀ ਸੀਮਾ ਤੋਂ ਬਾਹਰ ਰਹਿ ਜਾਂਦੇ ਸਨ। ਅਜੀਤ ਕੌਰ ਨੇ ਵੀ ਆਰੰਭ ਇਸੇ ਭਾਂਤ ਦੀਆਂ ਕਹਾਣੀਆਂ ਨਾਲ ਕੀਤਾ ਪਰ ਫੇਰ ਉਹਨੇ ਆਪਣਾ ਵਿਸ਼ਿਆਂ ਦਾ ਕਲਾਵਾ ਕੁਝ ਖੁੱਲ੍ਹਾ ਕਰ ਲਿਆ। ਦਲੀਪ ਕੌਰ ਟਿਵਾਣਾ ਬਹੁਤ ਪਹਿਲਾਂ ਕਹਾਣੀ ਲਿਖਣਾ ਛੱਡ ਕੇ ਨਾਵਲ ਨਾਲ ਜੁੜ ਗਈ।

'ਖ਼ੁਸ਼ੀ' ਵਿਚ ਕਥਾ-ਵਾਰਤਾ ਥੋੜ੍ਹੇ ਜਿਹੇ ਜੀਆਂ ਵਾਲੇ ਇਕ ਸਾਧਾਰਨ ਕਿਸਾਨ ਪਰਿਵਾਰ ਦੀ ਸੀ, ਪਰ ਉਸ ਵਿਚ ਸਮੋਈ ਹੋਈ ਕਹਾਣੀ ਕਿਸਾਨੀ ਜੀਵਨ ਉੱਤੇ ਵੱਡਾ ਅਸਰ ਪਾਉਣ ਵਾਲੀਆਂ 'ਹਰੀ ਕ੍ਰਾਂਤੀ' ਦੇ ਨਾਂ ਨਾਲ ਜਾਣੀਆਂ ਜਾਂਦੀਆਂ ਤਬਦੀਲੀਆਂ ਦੀ ਸੀ। ਪੰਜਾਬ ਦੇ ਮੁੱਖ ਧੰਦੇ, ਖੇਤੀ ਵਿਚ ਤੇ ਇਸ ਕਰਕੇ ਪੰਜਾਬੀ ਸਮਾਜ ਵਿਚ ਇਹ ਤਬਦੀਲੀਆਂ ਉਸ ਸਮੇਂ ਤੇਜ਼ੀ ਨਾਲ ਵਾਪਰ ਰਹੀਆਂ ਸਨ। ਪ੍ਰੰਪਰਾਈ ਸੋਚ ਵਾਲੀ ਪੀੜ੍ਹੀ ਇਨ੍ਹਾਂ ਤਬਦੀਲੀਆਂ ਨੂੰ ਸ਼ੱਕ ਦੀ ਨਜ਼ਰ ਨਾਲ ਦੇਖ ਰਹੀ ਸੀ ਪਰ ਨਵੀਂ ਪੀੜ੍ਹੀ ਬੜੀ ਸਹਿਜਤਾ ਨਾਲ ਉਨ੍ਹਾਂ ਅਨੁਸਾਰ ਢਲ ਰਹੀ ਸੀ। ਸਮਕਾਲੀ ਸਮਾਜਕ-ਆਰਥਿਕ ਤਬਦੀਲੀਆਂ ਦੀ ਸੁਖਵੰਤ ਦੀ ਸਮਝ ਤਾਂ ਡੂੰਘੀ ਹੈ ਹੀ ਸੀ, ਉਹਦੀ ਕਲਾ ਇਸ ਗੱਲ ਵਿਚ ਉਜਾਗਰ ਹੁੰਦੀ ਸੀ ਕਿ ਪੂਰੀ ਕਹਾਣੀ ਵਿਚ ਕੋਈ ਸ਼ਬਦ ਤੱਕ ਅਜਿਹਾ ਨਹੀਂ ਸੀ ਜੋ 'ਹਰੀ ਕ੍ਰਾਂਤੀ' ਵੱਲ ਸਿੱਧਾ ਸੰਕੇਤ ਕਰਦਾ ਹੋਵੇ।

ਇਕ ਮਿੱਤਰ ਨੂੰ ਉਹਦਾ ਨੰਬਰ ਪੁੱਛਿਆ ਤਾਂ ਉਹਦਾ ਕਹਿਣਾ ਸੀ ਕਿ ਉਹ ਫੋਨ ਰਾਹੀਂ, ਖਾਸ ਕਰ ਕੇ ਜੇ ਓਪਰੇ ਬੰਦੇ ਦਾ ਹੋਵੇ, ਸਹਿਜਤਾ ਨਾਲ ਗੱਲਬਾਤ ਕਰ ਨਹੀਂ ਸਕਦੀ। ਉਹਨੇ ਉਹਦੀ ਇਸ ਅਹੁਰ ਦੀ ਕੁਝ ਵਿਆਖਿਆ ਵੀ ਕੀਤੀ। ਉਹਨੇ ਮੈਨੂੰ ਸਿਰਨਾਵਾਂ ਦੇ ਦਿੱਤਾ ਤੇ ਮੈਂ 'ਖ਼ੁਸ਼ੀ' ਕਹਾਣੀ ਵਾਲੀ ਵਾਰਤਾ ਲਿਖ ਕੇ ਸਾਡੇ ਸਾਹਿਤਕ ਮਾਹੌਲ ਬਾਰੇ, ਖਾਸ ਕਰ ਕੇ ਆਲੋਚਨਾ ਬਾਰੇ ਆਪਣਾ ਗਿਲਾ ਸਾਂਝਾ ਕੀਤਾ, ਜਿਥੇ ਇਹੋ ਜਿਹੀਆਂ ਰਚਨਾਵਾਂ ਵੀ ਦਬ ਕੇ ਰਹਿ ਜਾਂਦੀਆਂ ਹਨ! ਉਹਦੀ ਕਹਾਣੀ ਦੀ ਵਡਿਆਈ ਕਰ ਕੇ ਮੈਂ ਲਿਖਿਆ ਕਿ ਉਹਨੂੰ ਆਪਣੀ ਰਚਨਾਤਮਿਕ ਸਮਰੱਥਾ ਦੀ ਪੂਰੀ ਵਰਤੋਂ ਕਰਦੇ ਰਹਿਣਾ ਚਾਹੀਦਾ ਹੈ।

"ਭੁੱਲਰ ਜੀ" ਦੇ ਸੰਬੋਧਨ ਨਾਲ ਉਹਦਾ ਜਵਾਬ ਨਾਪਿਆ-ਤੋਲਿਆ ਹੋਇਆ ਸੀ। ਉਹਨੇ ਲਿਖਿਆ ਸੀ, "ਮੈਂ ਆਪਣੀ ਰਚਨਾਤਮਿਕ ਸਮਰੱਥਾ ਬਾਰੇ ਅਜੇ ਸਪੱਸ਼ਟ ਨਹੀਂ ਹਾਂ ਕਿਉਂਕਿ ਕਿਸੇ ਸਿਆਣੇ ਸਮਕਾਲੀ ਕਹਾਣੀਕਾਰ ਜਾਂ ਆਲੋਚਕ ਨੇ ਮੇਰੀਆਂ ਕਹਾਣੀਆਂ ਬਾਰੇ ਕਦੀ ਮੈਨੂੰ ਕੁਝ ਦੱਸਿਆ ਨਹੀਂ। ਦਰ-ਅਸਲ ਸਾਡੀ ਆਲੋਚਨਾ ਦਾ ਹਾਲ ਸਾਡੇ ਸਾਹਿਤ ਨਾਲੋਂ ਵੀ ਮਾੜਾ ਹੈ। ਆਲੋਚਕ ਹੋਣਾ ਔਖਾ ਹੈ ਕਿਉਂਕਿ ਪਹਿਲਾਂ ਉਹਨੂੰ ਸਾਹਿਤ ਦੀ ਸਮਝ ਹੋਣੀ ਜ਼ਰੂਰੀ ਹੈ ਜੋ ਸਾਹਿਤ ਪੜ੍ਹਿਆਂ ਆਉਂਦੀ ਹੈ ਤੇ ਸਾਹਿਤ ਇਹ ਲੋਕ ਪੜ੍ਹਦੇ ਨਹੀਂ।"

ਮੈਂ ਲਿਖਿਆ, "ਮੈਂ 'ਖ਼ੁਸ਼ੀ' ਪੜ੍ਹ ਕੇ ਸੋਚਿਆ ਸੀ, ਆਪਣੀ ਨਜ਼ਰੋਂ ਲੰਘੀ ਤੁਹਾਡੀ ਹਰ ਕਹਾਣੀ ਦੀ ਚਰਚਾ ਤੁਹਾਡੇ ਨਾਲ ਉਸੇ ਤਰ੍ਹਾਂ ਕਰਿਆ ਕਰਾਂਗਾ ਜਿਵੇਂ ਹੋਰ ਕਈ ਦੋਸਤਾਂ ਨਾਲ ਉਨ੍ਹਾਂ ਦੀ ਰਚਨਾ ਪੜ੍ਹ ਕੇ ਕਰਦਾ ਹਾਂ। ਪਰ ਤੁਹਾਡੇ ਨਾਲ ਅਜਿਹੀ ਚਰਚਾ ਕਰਨ ਲਈ ਜੋ 'ਸਿਆਣੇ ਸਮਕਾਲੀ ਕਹਾਣੀਕਾਰ' ਦੀ ਸ਼ਰਤ ਤੁਸੀਂ ਰੱਖੀ ਹੈ, ਮੈਂ ਉਹ ਪੂਰੀ ਨਹੀਂ ਕਰਦਾ।"

ਉਹਦਾ ਉੱਤਰ ਸੀ, "ਭੁੱਲਰ ਭਾਈ, ਤੁਸੀਂ ਕਹਾਣੀ ਵਿਚ ਤਾਂ ਕੁਝ ਅਲੋਕਾਰ ਕਰਦੇ ਹੀ ਹੋ, ਚਿੱਠੀ ਵਿਚ ਵੀ ਕਰ ਦਿਖਾਇਆ। ਸਿਆਣੇ ਬੰਦੇ ਨੂੰ ਆਪਣੀ ਸਿਆਣਪ ਦੇ ਕਿਸੇ ਸਰਟੀਫ਼ੀਕੇਟ ਦੀ ਲੋੜ ਨਹੀਂ ਹੁੰਦੀ।"

ਇਸ ਪਿੱਛੋਂ ਚਿੱਠੀ-ਪੱਤਰ ਰਾਹੀਂ ਸਾਡਾ ਸਾਹਿਤਕ ਸੰਪਰਕ ਅਕਸਰ ਹੁੰਦਾ ਰਿਹਾ। ਕਈ ਸਾਲ ਮਗਰੋਂ ਮੇਰੀ ਕਹਾਣੀ ਸੰਬੰਧੀ ਇਹ ਸ਼ਬਦ ਉਹਨੇ ਜਸਬੀਰ ਭੁੱਲਰ ਨੂੰ ਦਿੱਤੀ ਇੰਟਰਵਿਊ ਵਿਚ ਪੰਜਾਬੀ ਕਹਾਣੀਕਾਰਾਂ ਬਾਰੇ ਆਪਣਾ ਨਜ਼ਰੀਆ ਪੇਸ਼ ਕਰਦਿਆਂ ਵੀ ਕਹੇ, "ਗੁਰਬਚਨ ਸਿੰਘ ਭੁੱਲਰ ਕੁਝ ਅਲੋਕਾਰ ਗੱਲ ਕਰ ਦਿੰਦਾ ਹੈ!" ਪੰਜਾਬ ਆਰਟ ਕੌਂਸਲ ਦੀ ਬਣਾਈ ਵਿਉਂਤ ਅਨੁਸਾਰ ਤਿਆਰ ਕੀਤੀਆਂ ਗਈਆਂ ਵੱਖ-ਵੱਖ ਵਿਧਾਵਾਂ ਦੀਆਂ ਕਈ ਅਜਿਹੀਆਂ ਪੁਸਤਕਾਂ ਵਿਚੋਂ ਇਕ ਜਸਬੀਰ ਭੁੱਲਰ ਦੀਆਂ ਕੀਤੀਆਂ ਹੋਈਆਂ ਦਸ ਕਹਾਣੀਕਾਰਾਂ ਨਾਲ ਲੰਮੀਆਂ ਇੰਟਰਵਿਊਆਂ ਦਾ ਸੰਗ੍ਰਹਿ 'ਲਿਖਣ ਵੇਲਾ' ਸੀ। ਉਸ ਵਿਚ ਸੁਖਵੰਤ ਦੀ ਇੰਟਰਵਿਊ ਵੀ ਸੀ। ਇਕ ਤਾਂ ਇਹ ਇੰਟਰਵਿਊ ਇਸ ਕਰਕੇ ਅਹਿਮ ਹੈ ਕਿ ਇਸ ਵਿਚ ਉਹਨੇ ਸਾਹਿਤ ਬਾਰੇ ਬਹੁਤ ਡੂੰਘੀਆਂ ਗੱਲਾਂ ਕੀਤੀਆਂ ਹਨ ਤੇ, ਦੂਜੇ, ਮੈਨੂੰ ਲਗਦਾ ਹੈ ਕਿ ਇਹ ਸ਼ਾਇਦ ਉਸ ਨਾਲ ਕੀਤੀ ਗਈ ਇਕੋ-ਇਕ ਬਹੁਪੱਖੀ ਤੇ ਭਰਪੂਰ ਇੰਟਰਵਿਊ ਹੋਵੇ।

ਇੰਗਲੈਂਡ-ਵਾਸੀ ਕਹਾਣੀਕਾਰ ਸਵਰਗੀ ਰਘੁਬੀਰ ਢੰਡ ਦੇ ਮਨ ਵਿਚ ਚਾਅ ਉਠਿਆ ਕਿ ਉਹਦੀਆਂ, ਮੇਰੀਆਂ, ਮੋਹਨ ਭੰਡਾਰੀ, ਗੁਰਦੇਵ ਸਿੰਘ ਰੁਪਾਣਾ, ਵਰਿਆਮ ਸਿੰਘ ਸੰਧੂ ਅਤੇ ਇਕ ਹੋਰ ਲੇਖਕ—ਜਿਸ ਦਾ ਨਾਂ ਲੈਣਾ ਮੈਨੂੰ ਚੰਗਾ ਨਹੀਂ ਲਗਦਾ—ਦੀਆਂ ਪ੍ਰਤੀਨਿਧ ਕਹਾਣੀਆਂ ਲੈ ਕੇ ਇਕ ਸੰਗ੍ਰਹਿ ਛਾਪਿਆ ਜਾਵੇ। ਉਸ ਛੇਵੇਂ ਨੂੰ ਛੱਡ ਕੇ ਬਾਕੀ ਸਭ ਢੰਡ ਦਾ ਸੁਝਾਅ ਸੁਣ ਕੇ ਖ਼ੁਸ਼ ਹੋਏ, ਪਰ ਉਹਨੇ ਨਾ ਸਿਰਫ਼ ਇਕ ਸੁਹਿਰਦ ਸਮਕਾਲੀ ਦੀ ਇਸ ਨਿਰੋਲ ਸਾਹਿਤਕ, ਦੋਸਤਾਨਾ ਤੇ ਨਿਰਸੁਆਰਥ ਵਿਉਂਤ ਵਿਚੋਂ ਕੀੜੇ ਹੀ ਕੱਢੇ, ਸਗੋਂ ਕਿਹਾ ਕਿ ਤੁਸੀਂ ਵੱਖਰੀ ਧਾਰਾ ਵਾਲੇ ਚਾਰੇ ਕਿਤਾਬ ਛਾਪਦੇ ਰਹੋ, ਮੈਂ ਤੇ ਵਰਿਆਮ ਸੰਧੂ ਤਾਂ ਵੱਖਰੀ ਸਾਹਿਤਕ ਧਾਰਾ ਦੇ ਪ੍ਰਤੀਨਿਧ ਹਾਂ, ਅਸੀਂ ਤੁਹਾਡੇ ਨਾਲ ਨਹੀਂ ਛਪਣਾ!

ਉਹ ਹੋਰਾਂ ਕੋਲ ਇਹ ਵੀ ਕਹਿੰਦਾ ਫਿਰਿਆ ਕਿ ਮੈਂ ਆਪਣੇ ਨਾਲੋਂ ਛੋਟੇ ਕਹਾਣੀਕਾਰਾਂ ਨਾਲ ਨਹੀਂ ਛਪਣਾ ਚਾਹੁੰਦਾ। ਮੈਨੂੰ ਇਸ ਸਵੈਥਾਪੇ ਮਹਾਨ ਕਹਾਣੀਕਾਰ ਦਾ ਵਰਿਆਮ ਸਿੰਘ ਸੰਧੂ ਦੀ ਪ੍ਰਤੀਨਿਧਤਾ ਕਰਨਾ ਬੜਾ ਅਜੀਬ ਲੱਗਿਆ। ਸ਼ਾਇਦ ਉਹ ਆਪਣੇ ਅੱਧੇ ਅਸਮਾਨ ਦੀ ਵੱਟ



ਵਰਿਆਮ ਨਾਲ ਸਾਂਝੀ ਹੋਣ ਕਰਕੇ ਉਸ ਉੱਤੇ ਕੁਝ ਵਧੇਰੇ ਹੀ ਮੇਰ ਕਰ ਗਿਆ ਸੀ। ਉਹਨੂੰ ਇਹ ਅਹਿਸਾਸ ਨਹੀਂ ਸੀ ਕਿ ਕੁਝ ਦੋਸਤੀਆਂ, ਲੋਕਾਂ ਨਾਲ ਉਹਦੇ ਹੋਛੇ ਸੰਬੰਧਾਂ ਦੇ ਉਲਟ, ਖਰੀਆਂ ਤੇ ਗਹਿਰੀਆਂ ਵੀ ਹੁੰਦੀਆਂ ਹਨ। ਮੈਂ ਵਰਿਆਮ ਨਾਲ ਗੱਲ ਕੀਤੀ ਤਾਂ ਉਹਨੇ ਇਹ ਚਿੱਠੀ ਲਿਖ ਕੇ ਮਾਮਲਾ ਸਪੱਸ਼ਟ ਕਰ ਦਿੱਤਾ, "ਤੁਸੀਂ ਮੇਰੀ ਕੋਈ ਵੀ ਕਹਾਣੀ, ਕਦੀ ਵੀ, ਕਿਸੇ ਵੀ ਰੂਪ ਵਿਚ, ਬਿਨਾਂ-ਪੁੱਛਿਆਂ ਵਰਤ ਸਕਦੇ ਹੋ।"

ਖ਼ੈਰ, ਆਖ਼ਰ ਨੌਜਵਾਨ ਕਹਾਣੀਕਾਰ (ਸਵਰਗੀ) ਨਰਿੰਦਰ ਭੁੱਲਰ ਨੇ ਸਾਡੇ ਪੰਜਾਂ ਨਾਲ ਮੇਰੇ ਸੁਝਾਅ ਅਨੁਸਾਰ ਛੇਵੀਂ ਸੁਖਵੰਤ ਕੌਰ ਮਾਨ ਨੂੰ ਸ਼ਾਮਲ ਕਰ ਕੇ ਤੇ ਸਭਨਾਂ ਦੀਆਂ ਦੋ-ਦੋ ਕਹਾਣੀਆਂ ਲੈ ਕੇ 'ਨੁਹਾਰ' ਨਾਂ ਹੇਠ ਪੁਸਤਕ ਪ੍ਰਕਾਸ਼ਿਤ ਕਰਵਾ ਦਿੱਤੀ। ਮੈਂ ਨਰਿੰਦਰ ਨੂੰ ਕਿਹਾ, ਉਹ ਸੁਖਵੰਤ ਦੀ ਕਹਾਣੀ 'ਖ਼ੁਸ਼ੀ' ਤਾਂ ਜ਼ਰੂਰ ਲਵੇ, ਦੂਜੀ ਉਹ ਆਪ ਚੁਣ ਲਵੇ। ਦੂਜੀ ਕਹਾਣੀ, ਉਹਨੇ ਆਪ ਚੁਣੀ ਜਾਂ ਸੁਖਵੰਤ ਤੋਂ ਮੰਗੀ, 'ਚੂਹਾ' ਸੀ। ਇਹ ਪਹਿਲਾਂ ਪਤਾ ਨਹੀਂ ਕਿਥੇ ਛਪੀ ਸੀ, ਮੈਂ ਇਥੇ ਹੀ ਪੜ੍ਹੀ। ਇਸ ਨੇ ਮੈਨੂੰ ਦੂਹਰੀ ਹੈਰਾਨੀ ਵਿਚ ਪਾਇਆ—ਇਕ ਤਾਂ ਇਹਦਾ ਸਰੀਰਕ ਮੇਲ ਦਾ ਵਿਸ਼ਾ ਤੇ, ਦੂਜੇ, ਉਹਦੇ ਨਿਭਾਅ ਦੀ ਸੂਖਮਤਾ। ਕਿਸੇ ਵੱਡੀ ਘਟਨਾ ਨੂੰ ਅਪੂਰਤੀ ਦਾ ਕਾਰਨ ਬਣਾਏ ਬਿਨਾਂ ਨਿੱਕੀਆਂ-ਨਿੱਕੀਆਂ ਕਈ ਘਟਨਾਵਾਂ ਨਾਲ ਉਹਨੇ ਦਰਸਾਇਆ ਸੀ ਕਿ ਸਾਡੇ ਸਮਾਜਕ ਮਾਹੌਲ ਵਿਚ ਕਾਮ ਵਰਗੇ ਇਕ ਕੁਦਰਤੀ ਜਜ਼ਬੇ ਦੀ ਪੂਰਤੀ ਵੀ ਸੌਖਾ ਜਾਂ ਸਹਿਜ ਕਾਰਜ ਨਹੀਂ! ਇਹ ਕਹਾਣੀ ਉਹਦੇ ਨਾਲ ਵਿਚਾਰਨੀ ਮੈਨੂੰ ਠੀਕ ਨਾ ਲੱਗੀ। ਸ਼ਾਇਦ ਅਸੀਂ ਅਜੇ ਇਕ ਦੂਜੇ ਨੂੰ ਏਨਾ ਨਹੀਂ ਸੀ ਜਾਣਦੇ।

ਇਕ ਦਿਨ ਮੈਂ ਸੰਤੋਖ ਸਿੰਘ ਧੀਰ ਨੂੰ ਪੁੱਛਿਆ, "ਸੁਖਵੰਤ ਕੌਰ ਮਾਨ ਦਾ ਪਤਾ ਵੀ ਮੋਹਾਲੀ ਦਾ ਹੈ। ਕਿੰਨੀ ਕੁ ਦੂਰ ਹੈ ਉਹਦਾ ਘਰ?"

ਉਨ੍ਹਾਂ ਨੇ ਦੱਸਿਆ, "ਐਹ ਨੇੜੇ ਹੀ ਹੈ। ਭਾਵੇਂ ਬੰਦਾ ਪੈਦਲ ਚਲਿਆ ਜਾਵੇ।"

ਅਸੀਂ, ਮੈਂ ਤੇ ਮੇਰੀ ਸਾਥਣ ਗੁਰਚਰਨ, ਚਲੇ ਗਏ। ਉਹਦੀ ਭੈਣ ਨੇ ਗੇਟ ਖੋਲ੍ਹਿਆ ਤੇ ਸਾਨੂੰ ਬਿਠਾ ਕੇ ਸੁਖਵੰਤ ਨੂੰ ਦੱਸਣ ਚਲੀ ਗਈ। ਉਹਨੇ ਆਉਂਦਿਆਂ ਕਈ ਮਿੰਟ ਲਾ ਦਿੱਤੇ। ਆਈ ਤਾਂ ਮਿਲ ਕੇ ਬਹੁਤ ਖ਼ੁਸ਼ ਹੋਈ ਪਰ ਅਸਹਿਜ ਜਿਹੀ ਬੈਠੀ ਦਿੱਸੀ, ਕੰਬਦੀ ਹੋਈ, ਜਿਸ ਕਾਂਬੇ ਵਿਚ ਕਦੀ-ਕਦੀ ਉਹਦੇ ਸਰੀਰ ਨੂੰ ਝਟਕਾ ਜਿਹਾ ਵੀ ਲਗਦਾ। ਤਾਂ ਵੀ ਉਹ ਖਰੇ ਪੰਜਾਬੀ ਸਵਾਗਤੀ ਸ਼ਬਦ ਬੋਲੀ, "ਅੱਜ ਤਾਂ ਬਹੁਤਾ ਹੀ ਚੰਗਾ ਦਿਨ ਚੜ੍ਹਿਆ ਹੈ!" ਫੋਨ ਦਾ ਨੰਬਰ ਦੇਣ ਵਾਲੇ ਮਿੱਤਰ ਨੇ ਉਹਦੀ ਅਹੁਰ ਬਾਰੇ ਠੀਕ ਹੀ ਦੱਸਿਆ ਸੀ। ਪਰ ਮਗਰੋਂ ਜਿਉਂ-ਜਿਉਂ ਸਾਡਾ ਮੇਲ-ਜੋਲ ਵਧਿਆ, ਉਹਦੀ ਅਸਹਿਜਤਾ ਦਾ ਇਹ ਸਮਾਂ ਘਟਦਾ ਗਿਆ।

ਕੁਝ ਸਮੇਂ ਵਿਚ ਸਹਿਜ ਹੋ ਕੇ ਉਹਨੇ ਪੁੱਛਿਆ, "ਤੁਸੀਂ ਕਿਧਰੋਂ ਆਏ?"

ਮੈਂ ਕਿਹਾ, "ਸਿੱਧੇ ਦਿੱਲੀ ਤੋਂ। ਤੁਹਾਨੂੰ ਮਿਲਣ।"

ਉਹ ਕਹਿੰਦੀ, "ਇਹ ਤਾਂ ਸੱਚ ਨਹੀਂ ਲਗਦਾ।"

ਮੈਂ ਕਿਹਾ, "ਬੱਸ ਸਾਮਾਨ ਧੀਰ ਜੀ ਦੇ ਘਰ ਰੱਖਿਆ ਹੈ।"

ਉਹ ਹੱਸੀ, "ਦੇ ਦਿੱਤਾ ਨਾ ਆਪਣੀ ਕਹਾਣੀ ਵਰਗਾ ਮੋੜ!" ਤੇ ਫੇਰ ਉਹ ਗੁਰਚਰਨ ਨੂੰ ਸੰਬੋਧਿਤ ਹੋਈ, "ਇਹ ਘਰੇ ਵੀ ਗੱਲ ਨੂੰ ਇਉਂ ਹੀ ਮੋੜ ਦੇ ਦਿੰਦੇ ਨੇ?"

ਗੁਰਚਰਨ ਮੁਸਕਰਾ ਪਈ। ਮੈਂ ਆਖਿਆ, "ਸੁਖਵੰਤ, ਤੁਸੀਂ ਮੈਨੂੰ ਤੁਸੀਂ ਨਾ ਕਹੋ। ਮੈਨੂੰ ਅਜੀਬ ਜਿਹਾ ਲਗਦਾ ਹੈ।"

ਉਹਨੇ ਦਲੀਲ ਦਿੱਤੀ, "ਤੁਸੀਂ ਵੀ ਤਾਂ ਮੈਨੂੰ ਤੁਸੀਂ ਕਹਿ ਰਹੇ ਹੋ।"

ਮੈਂ ਕਾਰਨ ਲੱਭਿਆ, "ਤੁਸੀਂ ਮੈਥੋਂ 58 ਦਿਨ ਵੱਡੇ ਹੋ।"

ਗੁਰਚਰਨ ਨੇ ਨਿਆਂ ਕੀਤਾ, "ਸੱਚ ਤਾਂ ਇਹ ਹੈ, ਤੁਸੀਂ ਦੋਵੇਂ ਹੀ ਇਕ ਦੂਜੇ ਨੂੰ ਤੁਸੀਂ ਕਹਿੰਦੇ ਓਪਰੇ ਲਗਦੇ ਹੋ।"

ਅਸੀਂ ਸਾਰੇ ਹੱਸ ਪਏ ਅਤੇ ਮੈਂ ਤੇ ਉਹ ਓਪਰਾਪਨ ਛੱਡ ਕੇ ਇਕ ਦੂਜੇ ਨੂੰ ਤੂੰ ਆਖਣ ਲਈ ਸਹਿਮਤ ਹੋ ਗਏ। ਪਰ ਉਹਨੇ ਇਹ ਸਹਿਮਤੀ ਝੱਟ ਹੀ ਤੋੜ ਦਿੱਤੀ। ਉਹ ਬੋਲੀ, "ਤੁਹਾਨੂੰ...ਤੈਨੂੰ...ਮੇਰੀਆਂ ਕਹਾਣੀਆਂ...ਬਈ ਮੈਥੋਂ ਨਹੀਂ ਤੁਹਾਨੂੰ ਤੂੰ ਆਖਿਆ ਜਾਂਦਾ। ਮੇਰੇ ਮਨ ਵਿਚ ਤੁਹਾਡਾ ਜੋ ਪ੍ਰਭਾਵ ਬਣਿਆ ਹੋਇਆ ਹੈ, ਤੂੰ ਉਹਦੇ ਮੇਚ ਨਹੀਂ ਬੈਠਦਾ!...ਹਾਂ, ਤਾਂ ਮੈਂ ਪੁੱਛ ਰਹੀ ਸੀ ਤੁਹਾਨੂੰ ਮੇਰੀਆਂ ਕਹਾਣੀਆਂ ਕਿਸ ਪੱਖੋਂ ਚੰਗੀਆਂ ਲੱਗੀਆਂ?"

ਮੈਂ ਕਿਹਾ, "ਵਿਸ਼ਿਆਂ ਦੀ ਮੌਲਕਤਾ ਸਦਕਾ! ਤੇਰੀਆਂ...ਹਾਂ, ਮੈਂ ਵੀ ਤੇਰੇ ਵਾਂਗ ਸਪੱਸ਼ਟ ਕਰ ਦਿਆਂ, ਪਹਿਲਾਂ ਦੇ ਖ਼ਤ-ਪੱਤਰੀ ਦੇ ਪਿਛੋਕੜ ਦੇ ਸਹਾਰੇ ਪਹਿਲੀ ਵਾਰ ਮਿਲ ਕੇ ਹੀ ਤੂੰ ਮੇਰੇ ਵਾਸਤੇ ਏਨੀ ਆਪਣੀ ਹੋ ਗਈ ਹੈਂ ਕਿ ਮੈਥੋਂ ਹੁਣ ਤੈਨੂੰ ਤੁਸੀਂ ਨਹੀਂ ਕਿਹਾ ਜਾਣਾ!"

"ਵਧੀਆ ਗੱਲ ਹੈ! ਤੁਸੀਂ ਮੈਨੂੰ ਤੂੰ ਕਹੋ, ਮੈਂ ਤੁਹਾਨੂੰ ਤੁਸੀਂ ਕਹਾਂਗੀ!" ਉਹਨੇ ਨਿਬੇੜਾ ਕੀਤਾ। ਤੇ ਸਾਡੇ ਇਹ ਸੰਬੋਧਨ ਸਾਰੀ ਉਮਰ ਨਿਭੇ।

ਮੈਂ ਗੱਲ ਦੀ ਲੜੀ ਫੜੀ, "ਮੈਂ ਕਹਿ ਰਿਹਾ ਸੀ, ਤੇਰੀਆਂ ਕਹਾਣੀਆਂ ਮੈਨੂੰ ਇਸ ਕਰਕੇ ਚੰਗੀਆਂ ਲਗਦੀਆਂ ਹਨ ਕਿਉਂਕਿ ਉਹ ਕਿਸੇ ਵਰਗੀਆਂ ਨਹੀਂ। ਮੇਰੇ ਲਈ ਸਭ ਤੋਂ ਤਸੱਲੀ ਵਾਲੀ ਗੱਲ ਇਹ ਹੈ ਕਿ ਤੇਰੀਆਂ ਕਹਾਣੀਆਂ ਤੈਥੋਂ ਪਹਿਲਾਂ ਹੋਈਆਂ ਦੋਵਾਂ ਇਸਤਰੀ ਕਹਾਣੀਕਾਰਾਂ, ਅੰਮ੍ਰਿਤਾ ਤੇ ਅਜੀਤ ਕੌਰ ਦੀ ਲੀਹ 'ਤੇ ਨਹੀਂ ਤੁਰੀਆਂ।"

"ਜਦੋਂ ਮੈਨੂੰ ਲੱਗਿਆ, ਮੈਂ ਕਹਾਣੀਆਂ ਲਿਖਣੀਆਂ ਹਨ, ਮੈਂ ਆਪਣੇ ਤੋਂ ਪਹਿਲਾਂ ਦੀ ਪੀੜ੍ਹੀ ਦੇ, ਜਿਨ੍ਹਾਂ ਨੂੰ ਅਸੀਂ ਮੋਢੀ ਕਹਾਣੀਕਾਰ ਆਖਦੇ ਹਾਂ, ਬੜੇ ਗਹੁ ਨਾਲ ਪੜ੍ਹੇ। ਹਰ ਇਕ ਦੀਆਂ ਕੁਝ ਕਹਾਣੀਆਂ ਚੰਗੀਆਂ ਵੀ ਲੱਗੀਆਂ। ਪਰ ਮੇਰੇ ਅੰਦਰਲੇ ਨੇ ਦੱਸਿਆ, ਇਨ੍ਹਾਂ ਵਿਚੋਂ ਕਿਸੇ ਵਰਗਾ ਲਿਖਣਾ ਮੇਰਾ ਰਾਹ ਨਹੀਂ। ਬੱਸ ਇਕ ਵਿਰਕ ਮੈਨੂੰ ਧਰਤੀ ਨਾਲ ਜੁੜਿਆ ਹੋਇਆ ਦਿੱਸਿਆ।"

"ਅੰਮ੍ਰਿਤਾ ਤੇ ਅਜੀਤ ਕੌਰ?"

"ਮੈਂ ਉਨ੍ਹਾਂ ਨੂੰ ਔਰਤਾਂ ਹੋਣ ਸਦਕਾ ਦੂਜਿਆਂ ਨਾਲੋਂ ਅਲਹਿਦਾ ਕਰ ਕੇ ਨਹੀਂ ਦੇਖਿਆ। ਉਹ ਮੇਰੀ ਪ੍ਰੇਰਨਾ ਵੀ ਨਹੀਂ ਬਣ ਸਕੀਆਂ। ਔਰਤ ਹੋਣ ਦੇ ਆਧਾਰ ਉੱਤੇ ਮੈਂ ਉਨ੍ਹਾਂ ਨੂੰ ਵੱਧ ਨੰਬਰ ਨਹੀਂ ਸੀ ਦੇ ਸਕਦੀ। ਉਨ੍ਹਾਂ ਵਾਲੀ ਸੋਚ ਮੇਰੀ ਸੋਚ ਨਹੀਂ ਸੀ। ਮੈਨੂੰ ਲੇਖਕ ਵਜੋਂ ਬਾਕੀ ਸਭ ਕੁਝ ਭੁੱਲ-ਭੁਲਾ ਕੇ ਸਿਰਫ਼ ਔਰਤ ਹੋਣ ਦਾ ਰੋਣਾ ਰੋਈ ਜਾਣਾ ਵਾਰਾ ਨਹੀਂ ਸੀ ਖਾਂਦਾ। ਨਾ ਮੈਂ ਕਾਮ ਦੀ ਚਾਸ਼ਨੀ ਵਿਚ ਡੁੱਬੀਆਂ ਹੋਈਆਂ ਕਹਾਣੀਆਂ ਲਿਖ ਸਕਦੀ ਸੀ ਜਿਨ੍ਹਾਂ ਨੂੰ ਪੜ੍ਹ ਕੇ ਪਾਠਕ ਸੁਆਦ-ਸੁਆਦ ਹੋ ਜਾਣ ਤੇ ਨਾ ਮੈਂ ਜ਼ੁਲਮ ਦੀ ਚੱਕੀ ਵਿਚ ਪਿਸਦੀ ਔਰਤ ਤੱਕ ਸੀਮਤ ਰਹਿ ਸਕਦੀ ਸੀ।"

ਵਿਚ ਚਾਹ ਆ ਗਈ। ਉਹਨੇ ਭੈਣ ਨੂੰ ਚੌਥੀ ਪਿਆਲੀ ਵਿਚ ਚਾਹ ਪਾਉਣ ਤੋਂ ਰੋਕਿਆ, "ਮੈਂ ਹੁਣੇ ਤਾਂ ਪੀਤੀ ਹੈ। ਤੰਗ ਕਰੇਗੀ..."

ਮਗਰੋਂ ਪਤਾ ਲੱਗਿਆ, ਕਿਸੇ ਸਾਹਮਣੇ ਖਾਂਦਿਆਂ-ਪੀਂਦਿਆਂ ਉਹਦੇ ਹੱਥ ਕੰਬਣ ਲਗਦੇ, ਚੀਜ਼ ਡੁੱਲ੍ਹ-ਡਿੱਗ ਵੀ ਪੈਂਦੀ ਤੇ ਉਹ ਬਹੁਤ ਪਰੇਸ਼ਾਨ ਹੁੰਦੀ। ਉਹਦਾ ਜੀਵਨ "ਤੰਦਰੁਸਤ ਤਨ ਵਿਚ ਤੰਦਰੁਸਤ ਮਨ" ਨੂੰ ਗ਼ਲਤ ਸਿੱਧ ਕਰਦਾ ਸੀ। ਉਹਦਾ ਤਨ ਕੰਬਦਾ, ਡੋਲਦਾ ਤੇ ਝਟਕੇ ਖਾਂਦਾ ਪਰ ਮਨ ਨਵੀਆਂ-ਨਰੋਈਆਂ, ਚੜ੍ਹਦੀ ਕਲਾ ਦੀਆਂ ਗੱਲਾਂ ਕਰਦਾ। ਲੰਮੇ ਵਾਹ ਵਿਚ ਅਨੇਕ ਵਾਰ ਮਨ ਵਿਚ ਆਇਆ, ਉਹਤੋਂ ਉਹ ਕਾਰਨ ਪੁੱਛਾਂ ਜਿਸ ਨੇ ਉਹਨੂੰ ਇਸ ਹਾਲਤ ਵਿਚ ਪਾ ਦਿੱਤਾ ਸੀ। ਪਰ ਇਹ ਸੋਚ ਕੇ ਆਪੇ ਹੀ ਰੁਕਣਾ ਪੈਂਦਾ ਕਿ ਉਹ ਕੋਈ ਘਟਨਾ ਕਿੰਨੀ ਭਿਆਨਕ ਹੋਵੇਗੀ ਤੇ ਉਹਦਾ ਦੁਬਾਰਾ ਉਸ ਵਿਚੋਂ ਲੰਘਣਾ ਵੀ ਕੋਈ ਘੱਟ ਭਿਆਨਕ ਨਹੀਂ ਹੋਣ ਲੱਗਿਆ।

*(ਬਾਕੀ ਅਗਲੇ ਸਫੇ 'ਤੇ)*

*(ਪਿਛਲੇ ਸਫੇ ਦਾ ਬਾਕੀ)*

ਉਹ ਖੁੱਲ੍ਹੀਆਂ ਜ਼ਮੀਨਾਂ ਵਾਲੇ ਸਰਦਾਰਾਂ ਦੀ ਧੀ ਸੀ। ਉਪਜਾਊ ਖੇਤਾਂ ਤੇ ਭਰਵੀਆਂ ਫ਼ਸਲਾਂ ਵਿਚਕਾਰ ਜੰਮੀ-ਪਲੀ, ਵੱਡੀ ਹੋਈ। ਖੇਤਾਂ ਤੇ ਫਸਲਾਂ ਜਿਹਾ ਨਿਰਛਲ ਹੀ ਉਹਦਾ ਸੁਭਾਅ ਸੀ। ਪਰ ਜ਼ਿੰਦਗੀ ਵਿਚ ਕਿਸੇ ਪੜਾਅ ਉੱਤੇ ਕਈ ਦਬਾਅ ਪਏ, ਕਈ ਭੈੜੇ ਵਰਤਾਉ ਹੋਏ। ਉਹ ਕਹਿੰਦੀ ਸੀ, ਇਸ ਔਕੜ ਵਿਚੋਂ ਨਿੱਕਲਣ ਦਾ ਇਕ ਰਾਹ ਮੈਨੂੰ ਕਹਾਣੀਆਂ ਲਿਖਣਾ ਦਿੱਸਿਆ।

ਹੁਣ ਕੋਲੋਂ ਗੁਰਚਰਨ ਬੋਲ ਪਈ, "ਪਰ, ਭੈਣ ਜੀ, ਉਨ੍ਹਾਂ ਨੇ ਔਰਤਾਂ ਦੀਆਂ ਸਮੱਸਿਆਵਾਂ ਦੀ ਗੱਲ ਕੀਤੀ ਹੈ..."

ਸੁਖਵੰਤ ਦਾ ਉੱਤਰ ਸੀ, "ਸਿਰਫ਼ ਔਰਤ ਹੋਣ ਦੇ ਦੁੱਖ ਰੋਣਾ ਸਾਹਿਤ ਦਾ ਇਕੋ-ਇਕ ਵਿਸ਼ਾ ਨਹੀਂ ਹੋ ਸਕਦਾ, ਇਹ ਇਕ ਵਿਸ਼ਾ ਹੋ ਸਕਦਾ ਐ। ਇਹ ਵੀ ਇਕੱਲੀ ਔਰਤ ਦਾ ਨਹੀਂ, ਸਮਾਜ ਦਾ ਮੁੱਦਾ ਹੈ, ਮਰਦਾਂ-ਔਰਤਾਂ ਸਮੇਤ ਸਭ ਇਨਸਾਨਾਂ ਦਾ। ਔਰਤਾਂ ਇਕੱਲੀਆਂ, ਸਭ ਮਰਦਾਂ ਨੂੰ ਆਪਣੇ ਵਿਰੁੱਧ ਖੜ੍ਹਾ ਕਰ ਕੇ, ਇਹ ਲੜਾਈ ਨਹੀਂ ਲੜ ਸਕਦੀਆਂ। ਹੋ ਸਕਦਾ ਹੈ, ਮੈਂ ਮਰਦ ਦੀ ਚੌਧਰ ਵਾਲੇ ਸਮਾਜ ਵਿਚ ਔਰਤ ਹੋਣ ਦੇ ਦੁੱਖ ਉਨ੍ਹਾਂ ਦੋਵਾਂ ਨਾਲੋਂ ਵੱਧ ਭੋਗੇ ਹੋਣ, ਪਰ ਸਾਹਿਤ ਨੂੰ ਸਿਰਫ਼ ਆਪਣੇ ਰੋਣ-ਧੋਣ ਦਾ ਸਾਧਨ ਬਣਾਉਣਾ ਮੈਨੂੰ ਠੀਕ ਨਹੀਂ ਲਗਦਾ।"

ਉਹਨੇ ਜਸਬੀਰ ਭੁੱਲਰ ਵਾਲ਼ੀ ਇੰਟਰਵਿਊ ਵਿਚ ਵੀ ਕਿਹਾ ਸੀ, "ਜਦੋਂ ਹੁਣ ਵੀ ਕੋਈ ਔਰਤਾਂ ਦਾ ਵੱਖਰਾ ਕਹਾਣੀ-ਦਰਬਾਰ ਸਜਾਇਆ ਜਾਂਦਾ ਏ ਤਾਂ ਮੈਨੂੰ ਕੋਫ਼ਤ ਜਿਹੀ ਹੁੰਦੀ ਏ। ਮੈਨੂੰ ਤਾਂ ਲੇਖਿਕਾ ਸ਼ਬਦ ਤੋਂ ਵੀ ਚਿੜ ਏ। ਜਦੋਂ ਅਸੀਂ ਲਿਖਦੇ ਹਾਂ ਤਾਂ ਬੱਸ ਲਿਖਦੇ ਹਾਂ। ਉਸ ਵਿਚ ਔਰਤ-ਮਰਦ ਦਾ ਕੀ ਸਵਾਲ ਹੋਇਆ।"

ਅਸੀਂ ਆਗਿਆ ਲਈ। ਉਹਨੇ ਡੋਲਦੇ ਜਿਹੇ ਹੱਥਾਂ ਨਾਲ ਗੇਟ ਬੰਦ ਕੀਤਾ ਤੇ ਬੋਲੀ, "ਜਦੋਂ ਦਿੱਲੀ ਤੋਂ ਮੈਨੂੰ ਮਿਲਣ ਆਉ, ਬੈਗ ਧੀਰ ਦੇ ਘਰ ਰੱਖ ਕੇ ਸਿੱਧੇ ਆ ਜਾਣਾ।"


ਉਸ ਪਿੱਛੋਂ, ਸੱਚੀਉਂ ਹੀ, ਅਸੀਂ ਮੋਹਾਲੀ ਗਏ ਕਦੀ ਉਹਨੂੰ ਮਿਲੇ ਬਿਨਾਂ ਨਹੀਂ ਸੀ ਆਏ। ਪਹਿਲੀ ਮਿਲਣੀ ਵਿਚ ਬਣਿਆ ਮੇਰਾ ਇਹ ਵਿਚਾਰ ਹਰ ਮਿਲਣੀ ਵਿਚ ਹੋਰ ਪੱਕਾ ਹੁੰਦਾ ਗਿਆ ਕਿ ਉਹ ਕਹਾਣੀਆਂ ਹੀ ਚੰਗੀਆਂ ਨਹੀਂ ਸੀ ਲਿਖਦੀ, ਸਮਾਜ ਬਾਰੇ, ਸਾਹਿਤ ਬਾਰੇ ਉਹਦੀ ਸੂਝ ਬਹੁਤ ਬਰੀਕ ਤੇ ਨਿੱਖਰਵੀਂ ਸੀ। ਜਦੋਂ ਕੋਈ ਓਪਰਾਪਨ ਰਹਿ ਹੀ ਨਾ ਗਿਆ, ਮੈਂ ਪੜ੍ਹਨ ਦੇ ਸਮੇਂ ਤੋਂ ਮਨ ਵਿਚ ਅਟਕੀ ਕਹਾਣੀ 'ਚੂਹਾ' ਬਾਰੇ ਗੱਲ ਛੇੜ ਲਈ, "ਤੈਨੂੰ ਸਿੱਧੇ ਸਰੀਰਕ ਮੇਲ ਦਾ ਵਿਸ਼ਾ ਲੈਂਦਿਆਂ ਸੰਕੋਚ ਨਹੀਂ ਹੋਇਆ?"

"ਨਹੀਂ। ਕਾਮ ਇਕ ਕੁਦਰਤੀ ਜਜ਼ਬਾ ਹੈ ਜਿਸ ਨੂੰ ਹਊਆ ਬਣਾ ਦਿੱਤਾ ਗਿਆ ਹੈ। ਲੇਖਕ ਦੇ ਨਾਤੇ ਇਸ ਬਾਰੇ ਲਿਖਣ ਤੋਂ ਮੈਨੂੰ ਕੋਈ ਸੰਕੋਚ ਨਹੀਂ ਹੋਇਆ। ਸਰੀਰਕ ਮੇਲ ਕੇਂਦਰੀ ਗੱਲ ਹੋਣ ਦੇ ਬਾਵਜੂਦ ਮੇਰੀ ਉਸ ਕਹਾਣੀ ਦਾ ਵਿਸ਼ਾ ਨਹੀਂ। ਮੇਰਾ ਵਿਸ਼ਾ ਇਸ ਸਹਿਜ ਜਜ਼ਬੇ ਦੁਆਲੇ ਖੜ੍ਹੀ ਕਰ ਦਿੱਤੀ ਗਈ ਅਸਹਿਜਤਾ ਹੈ। ਮੁੰਡੇ ਤੇ ਕੁੜੀ ਨੂੰ, ਖਾਸ ਕਰ ਕੇ ਕੁੜੀ ਨੂੰ ਖਾਹਮਖਾਹ ਕਿੰਨੀ ਪਰੇਸ਼ਾਨੀ ਵਿਚੋਂ ਲੰਘਣਾ ਪੈਂਦਾ ਹੈ।"

"ਲੇਖਕ ਵਜੋਂ ਤੇਰੇ ਮਨ ਵਿਚ ਇਹ ਨਹੀਂ ਆਇਆ ਕਿ ਕੋਈ ਗੁਆਂਢੀ ਇਕੱਲੇ ਰਹਿੰਦੇ ਮੁੰਡੇ ਦੀਆਂ ਪੌੜੀਆਂ ਚੜ੍ਹਦੀ ਕੁੜੀ ਨੂੰ ਟੋਕ ਦਿੰਦਾ ਕਿ..."

"ਇਉਂ ਕਹਾਣੀ ਬੜਬੋਲੀ ਹੋ ਜਾਂਦੀ। ਨਾਲੇ ਮੇਰਾ ਨਿਸ਼ਾਨਾ ਡਰ ਦਾ ਕਾਰਨ ਦਿਖਾਉਣਾ ਨਹੀਂ ਸੀ, ਕਾਰਨ ਤੋਂ ਬਿਨਾਂ ਡਰ ਦਿਖਾਉਣਾ ਸੀ। ਸੱਚਮੁੱਚ ਦੇ ਡਰ ਤੋਂ ਡਰਨ ਨਾਲ ਕੋਈ ਗੱਲ ਨਹੀਂ ਬਣਦੀ। ਮੇਰਾ ਉਦੇਸ਼ ਤਾਂ ਇਹ ਸੀ ਕਿ ਡਰਨ ਦਾ ਕੋਈ ਕਾਰਨ ਨਹੀਂ ਪਰ ਕੁੜੀ-ਮੁੰਡੇ ਦੇ ਮਿਲਣ ਦੁਆਲੇ ਸਮਾਜ ਨੇ ਅਜਿਹਾ ਮਾਹੌਲ ਸਿਰਜਿਆ ਹੋਇਆ ਹੈ ਜਿਸ ਵਿਚ ਡਰਨ ਦੇ ਕਾਰਨ ਤੋਂ ਬਿਨਾਂ ਹੀ ਡਰ ਭਰਿਆ ਹੋਇਆ ਹੈ।"

ਜਸਬੀਰ ਵਾਲ਼ੀ ਇੰਟਰਵਿਊ ਵਿਚ ਮੁਹੱਬਤ ਬਾਰੇ ਪੁੱਛੇ ਗਏ ਇਕ ਸਵਾਲ ਦੇ ਜਵਾਬ ਵਿਚ ਪਹਿਲਾਂ ਤਾਂ ਉਹ ਮੁਹੱਬਤ ਦੀ ਅਨੋਖੀ ਦਰਜੇਬੰਦੀ ਕਰਦੀ ਹੈ, "ਮੁਹੱਬਤ ਦਾ ਜਜ਼ਬਾ ਸਾਡੇ ਸਾਹ ਘੁੱਟਵੇਂ ਸਮਾਜ ਵਿਚ ਨਾ ਸਹਿਜ ਰਹਿ ਜਾਂਦਾ ਏ, ਨਾ ਕੁਦਰਤੀ। ਡਰ, ਭੈ ਤੇ ਸਮਾਜ ਵੱਲੋਂ ਲਾਏ ਅੰਕੁਸ਼ ਅਧੀਨ ਜਾਂ ਤਾਂ ਇਹ ਬਹੁਤ ਨੱਪਿਆ ਜਾਂਦਾ ਏ ਜਾਂ ਬਾਗ਼ੀ ਹੋ ਜਾਂਦਾ ਏ ਤੇ ਭਬੂਕਾ ਮਾਰ ਕੇ ਮੱਚ ਖਲੋਂਦਾ ਏ ਤੇ ਕੁਰਾਹੇ ਪੈ ਜਾਂਦਾ ਏ। ਦੋਵੇਂ ਹਾਲਤਾਂ ਗ਼ੈਰ-ਕੁਦਰਤੀ ਨੇ। ਇਸੇ ਲਈ ਇਹ ਸਮਾਜ ਤੇ ਮਨੁੱਖ ਲਈ ਸਿਰ-ਦਰਦੀ ਬਣ ਜਾਂਦਾ ਏ।... ਪਰ ਸਮਝ ਨਹੀਂ ਆਉਂਦੀ ਕਿ ਸਵਾਲ ਕਰਨ ਸਮੇਂ ਤੁਹਾਡੇ ਮੀਟਰ ਮੁਤਾਬਕ ਇਹ ਮੁਹੱਬਤ ਸਾਡੀਆਂ ਪ੍ਰੇਮ-ਗਾਥਾਵਾਂ ਵਿਚਲੀ ਹੈ ਜਾਂ ਸਾਧਾਰਨ ਕੁੜੀਆਂ ਦੀ ਮੁੰਡਿਆਂ ਉੱਤੇ ਮਰ ਮਿਟਣ ਵਾਲੀ ਜਾਂ ਕਮਲਿਆਂ ਵਾਲੀ?"




**ਸੁਖਵੰਤ ਕੌਰ ਮਾਨ ਦੀਆਂ ਪੁਸਤਕਾਂ 'ਮੋਹ-ਮਿੱਟੀ' ਅਤੇ 'ਚਾਦਰ ਹੇਠਲਾ ਮੁਖੜਾ ਦੇ ਸਰਵਰਕ।**

'ਮੁਹੱਬਤ' ਤੋਂ ਤੁਰ ਕੇ ਉਹ ਕਾਮ ਦੀ ਗੱਲ ਕਰਨ ਲਗਦੀ ਹੈ ਤੇ ਬੜੀ ਸਹਿਜਤਾ ਨਾਲ ਬੇਸੰਕੋਚ ਆਪਣੇ ਵਿਚਾਰ ਦਸਦੀ ਜਾਂਦੀ ਹੈ। ਆਪਣੀ ਗੱਲ ਸਪੱਸ਼ਟ ਕਰਨ ਲਈ ਉਹ ਮਿਸਾਲ ਆਪਣੀ ਇਸੇ ਕਹਾਣੀ 'ਚੂਹਾ' ਦੀ ਦਿੰਦੀ ਹੈ, "ਮੈਂ ਫ਼ਰਾਇਡ ਵਾਂਗ ਕਾਮ ਦੇ ਜਜ਼ਬੇ ਨੂੰ ਜੀਵਨ ਦਾ ਕੇਂਦਰ ਬਿੰਦੂ ਨਹੀਂ ਮੰਨਦੀ। ਨਾ ਹੀ ਕਾਮ-ਅਪੂਰਤੀ ਨਾਲ ਕੋਈ ਮਰਦਾ ਵੇਖਿਆ ਏ। ਫਿਰ ਵੀ ਇਸ ਦੀ ਪੂਰਤੀ ਬਹੁਤ ਜ਼ਰੂਰੀ ਏ। ਮੈਂ ਕਾਮ ਜਾਂ ਪਿਆਰ ਬਾਰੇ ਓਸ਼ੋ-ਰਜਨੀਸ਼ ਨਾਲ ਜ਼ਿਆਦਾ ਸਹਿਮਤ ਹਾਂ। ਇਸ ਦਾ ਕੁਦਰਤੀ ਤੇ ਸਹਿਜ ਨਿਕਾਸ ਹੋਣਾ ਚਾਹੀਦਾ ਏ। ਨਹੀਂ ਤਾਂ ਇਹ ਕੁੰਠਾ ਦਾ ਰੂਪ ਧਾਰਨ ਕਰ ਲੈਂਦਾ ਏ ਤੇ ਮਨੁੱਖ ਦੀ ਇਹਦੇ ਤੋਂ ਮੁਕਤੀ ਨਹੀਂ ਹੁੰਦੀ। ਇਸੇ ਕਰਕੇ ਮਨੁੱਖ ਇਕ ਭਟਕਣਾ ਦੇ ਆਲਮ ਵਿਚ ਰਹਿੰਦਾ ਏ ਤੇ ਹੋਰ ਵਡੇਰੇ ਤੇ ਮਹਾਨ ਕੰਮ ਨਹੀਂ ਛੋਹ ਸਕਦਾ। ਇਸ ਵਿਚੋਂ ਮਾਨਸਿਕ ਤੌਰ ਉੱਤੇ ਜਿੰਨਾ ਛੇਤੀ ਕੋਈ ਨਿੱਕਲ ਜਾਏ, ਓਨਾ ਹੀ ਸਿਆਣਾ ਹੋ ਕੇ ਨਿੱਕਲਦਾ ਹੈ। ਕਹਾਣੀ 'ਚੂਹਾ' ਵਿਚਲੀ ਕੁੜੀ ਕਾਮ-ਭੁੱਖ ਦੀ ਸਤਾਈ ਹੋਈ ਕਿੰਨੇ ਡਰ-ਭੈ ਤੇ ਸੰਤਾਪ ਵਿਚੋਂ ਗੁਜ਼ਰਦੀ ਏ, ਕਿਉਂਕਿ ਸਮਾਜ ਵਿਚ ਅਣ-ਵਿਆਹੇ ਲੋਕਾਂ ਲਈ ਕੋਈ ਇਹੋ ਜਿਹੀ ਖੁੱਲ੍ਹ ਨਹੀਂ।"

ਉਹ ਅੰਮ੍ਰਿਤਾ ਤੇ ਅਜੀਤ ਕੌਰ ਵਾਲੇ ਸੀਮਤ ਨਾਰੀਵਾਦੀ ਵਿਸ਼ਾ-ਕਲਾਵੇ ਨੂੰ ਅਪਰਵਾਨ ਕਰਦਿਆਂ ਪੰਜਾਬੀ ਲੇਖਿਕਾਵਾਂ ਵਿਚੋਂ ਸਹੀ ਅਰਥਾਂ ਵਿਚ ਪਹਿਲੀ ਕਹਾਣੀਕਾਰ ਬਣੀ। ਜਿਉਂ-ਜਿਉਂ ਮੈਂ ਉਹਨੂੰ ਪੜ੍ਹਿਆ, ਰਚਨਾਕਾਰ ਵਜੋਂ ਉਹਦਾ ਕੱਦ ਮੇਰੀ ਪਾਠਕੀ ਨਜ਼ਰ ਵਿਚ ਵਧਦਾ ਹੀ ਗਿਆ। ਉਹਦੀ ਹਰ ਨਵੀਂ ਰਚਨਾ ਉਹਦੀਆਂ ਪਹਿਲੀਆਂ ਰਚਨਾਵਾਂ ਨਾਲੋਂ ਵੱਖਰੀ ਹੁੰਦੀ ਤੇ ਕੁਝ ਨਵਾਂ ਲੈ ਕੇ ਆਉਂਦੀ। ਲਿਖੇ ਉਹਨੇ ਨਾਵਲ ਵੀ ਤੇ ਲਿਖਿਆ ਬਾਲ-ਸਾਹਿਤ ਵੀ, ਪਰ ਪਾਠਕਾਂ ਨੇ ਜਾਣਿਆ ਬਹੁਤਾ ਉਹਨੂੰ ਕਹਾਣੀਕਾਰ ਵਜੋਂ ਹੀ। ਉਹ ਅੰਮ੍ਰਿਤਾ ਤੇ ਅਜੀਤ ਕੌਰ ਤੋਂ ਹੀ ਵੱਖਰੀ ਹੋ ਕੇ ਨਹੀਂ ਤੁਰੀ, ਉਸ ਤੋਂ ਮਗਰੋਂ ਦੀ ਕੋਈ ਕਹਾਣੀਕਾਰ ਵੀ ਉਹਦੇ ਮਿਆਰ ਦੀਆਂ ਕਹਾਣੀਆਂ ਨਹੀਂ ਲਿਖ ਸਕੀ।

**(ਚੱਲਦਾ)**

---

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

# ਪੰਜਾਬ ਸੰਕਟ ਦੀ ਚਿੰਤਾ

ਖਾਲਸਾ ਕਾਲਜ ਅੰਮ੍ਰਿਤਸਰ ਦੇ ਪੰਜਾਬੀ ਵਿਭਾਗ ਨੇ ਪੰਜਾਬ ਦੇ ਵਰਤਮਾਨ ਸੰਕਟ ਨਾਲ ਜੁੜੇ ਮਸਲਿਆਂ ਨੂੰ ਪਛਾਣਦੀ ਤੇ ਇਨ੍ਹਾਂ ਦੀ ਦਵਾ ਦਾਰੂ ਲੱਭਦੀ ਇਕ ਵਡਮੁੱਲੀ ਪੁਸਤਕ ਨਵੇਂ ਸਾਲ ਦੇ ਤੋਹਫੇ ਵਜੋਂ ਤਿਆਰ ਕੀਤੀ ਹੈ। ਇਸ ਵਿਚ ਡੇਢ ਦਰਜਨ ਜਾਣੇ-ਪਛਾਣੇ ਤੇ ਸਮਰੱਥ ਲੇਖਕਾਂ ਦੇ ਲੇਖ ਹਨ ਜਿਨ੍ਹਾਂ ਵਿਚ ਪੰਜਾਬ ਨੂੰ ਦਰਪੇਸ਼ ਗਹਿਰ ਗੰਭੀਰ ਮਸਲਿਆਂ ਦੀ ਚਰਚਾ ਕੀਤੀ ਗਈ ਹੈ। ਇਸ ਵਿਚ ਸੁੱਚਾ ਸਿੰਘ ਗਿੱਲ, ਅਮਰਜੀਤ ਗਰੇਵਾਲ, ਦਵਿੰਦਰ ਸ਼ਰਮਾ, ਸੁਮੇਲ ਸਿੰਘ ਸਿਧੂ, ਰਾਜਿੰਦਰਪਾਲ ਬਰਾੜ, ਭਾਈ ਹਰਿਸਿਮਰਨ ਸਿੰਘ, ਪ੍ਰੇਮ ਮਾਨ ਤੇ ਪਰਮਜੀਤ ਢੀਂਗਰਾ ਵਰਗੇ ਹੋਰ ਕਈ ਲੇਖਕ ਸ਼ਾਮਲ ਹਨ। ਸੰਪਾਦਨ ਦੀ ਜ਼ਿੰਮੇਵਾਰੀ ਡਾ. ਮਹਿਲ ਸਿੰਘ ਤੇ ਡਾ. ਆਤਮ ਸਿੰਘ ਰੰਧਾਵਾ ਨੇ ਨਿਭਾਈ ਹੈ। ਇਨ੍ਹਾਂ ਵਿਚ ਹਰੀ ਕ੍ਰਾਂਤੀ ਤੋਂ ਪਿੱਛੋਂ ਉਦਯੋਗ, ਰੁਜ਼ਗਾਰ ਤੇ ਵਿਉਪਾਰ ਵਿਚ ਆਈ ਖੜੋਤ ਨੂੰ ਵਿਚਾਰਿਆ ਗਿਆ ਹੈ। ਪਾਠਕਾਂ ਦੇ ਧਰਵਾਸ ਲਈ ਪ੍ਰੋ. ਪੂਰਨ ਸਿੰਘ ਦੇ ਹੇਠ ਲਿਖੇ ਬੋਲਾਂ ਦੀ ਸ਼ਰਨ ਲੈ ਕੇ ਸੁਰਜੀਤ ਪਾਤਰ ਦਾ ਪੱਲਾ ਵੀ ਫੜਿਆ ਗਿਆ ਹੈ। ਪਹਿਲਾਂ ਪ੍ਰੋ. ਪੂਰਨ ਸਿੰਘ:

ਪੰਜਾਬ ਨਾ ਹਿੰਦੂ ਨਾ ਮੁਸਲਮਾਨ
ਪੰਜਾਬ ਜੀਉਂਦਾ ਗੁਰੂ ਦੇ ਨਾਮ 'ਤੇ।

ਪਾਤਰ ਦੇ ਬੋਲ ਵੀ ਸਰਲ ਸਪੱਸ਼ਟ ਹਨ:

ਇਹ ਪੰਜਾਬ ਕੋਈ ਨਿਰਾ ਜੁਗਰਾਫੀਆ ਨਹੀਂ,
ਇਹ ਇੱਕ ਰੀਤ, ਇੱਕ ਗੀਤ, ਇਤਿਹਾਸ ਵੀ ਹੈ।
ਗੁਰੂਆਂ, ਰਿਸ਼ੀਆਂ ਤੇ ਸੂਫੀਆਂ ਸਿਰਜਿਆ ਏ,
ਇਹ ਇਕ ਫਲਸਫਾ, ਸੋਚ, ਅਹਿਸਾਸ ਵੀ ਹੈ।
ਕਿੰਨੇ ਝੱਖੜਾਂ, ਤੂਫਾਨਾਂ 'ਚੋਂ ਲੰਘਿਆ ਏ,
ਇਹਦਾ ਮੁੱਖੜਾ ਕੁੱਝ ਉਦਾਸ ਵੀ ਹੈ।
ਇਕ ਦਿਨ ਸ਼ਾਨ ਇਸਦੀ ਸੂਰਜ ਵਾਂਗ ਚਮਕੂ,
ਮੇਰੀ ਆਸ ਵੀ ਹੈ, ਅਰਦਾਸ ਵੀ ਹੈ।


ਅਮਰਜੀਤ ਗਰੇਵਾਲ ਨੇ ਕਿਸਾਨੀ ਸੰਘਰਸ਼ ਦੀਆਂ ਪਰਤਾਂ ਫਰੋਲਦਿਆਂ ਵਲੀ ਕੰਧਾਰੀ ਕਾਰਪੋਰੇਟਾਂ ਨੂੰ ਨਕਾਰ ਕੇ ਏਥੋਂ ਦੇ ਵਸਨੀਕਾਂ ਤੇ ਸਰਕਾਰਾਂ ਤੋਂ ਭਿਖਾਰੀ ਸੋਚ ਨਕਾਰ ਕੇ ਦਾਤੇ ਤੇ ਦਾਤਾਰ ਬਣਨ ਦੀ ਮੰਗ ਕੀਤੀ ਹੈ। ਸੁੱਚਾ ਸਿੰਘ ਗਿੱਲ ਨੇ ਖੇਤੀ ਦੇ ਬਦਲਵੇਂ ਮਾਡਲਾਂ ਦਾ ਸੁਝਾਅ ਦਿੱਤਾ ਹੈ। ਦਵਿੰਦਰ ਸ਼ਰਮਾ ਨੇ ਵੀ ਵਧੇਰੇ ਲਾਗਤ ਤੇ ਉਤਪਾਦਨ ਵਾਲੇ ਸੰਘਣੀ ਖੇਤੀ ਸਿਧਾਂਤ ਤੋਂ ਕਿਨਾਰਾਕਸ਼ੀ ਕਰਨ ਦੀ ਅਪੀਲ ਕੀਤੀ ਹੈ। ਸੁਮੇਲ ਸਿਧੂ ਨੇ ਪੰਜਾਬ ਦੇ ਦਰਿਆਵਾਂ ਵਿਚ ਘਟ ਰਹੇ ਪਾਣੀਆਂ ਦੀ ਚਿੰਤਾ ਜਤਾਈ ਹੈ। ਰਾਜਿੰਦਰਪਾਲ ਬਰਾੜ ਨੇ ਵਾਤਾਵਰਨ, ਸਿਹਤ, ਸਿੱਖਿਆ ਤੇ ਰੁਜ਼ਗਾਰ ਵਿਚ ਆਏ ਨਿਘਾਰ ਦਾ ਹਵਾਲਾ ਦੇ ਕੇ ਲੋਕਤੰਤਰ ਪ੍ਰਣਾਲੀ ਨੂੰ ਸੁਚੇਤ ਹੋਣ ਦੀ ਅਪੀਲ ਕੀਤੀ ਹੈ।

ਇਹ ਵੀ ਹਦਾਇਤ ਕੀਤੀ ਹੈ ਕਿ ਏਸ ਮਾਰਗ ਤੁਰਦਿਆਂ ਧੱਕੇਸ਼ਾਹੀ ਤੇ ਹਿੰਸਾ ਤੋਂ ਮੁਕਤ ਰਹਿਣ ਦੀ ਲੋੜ ਹੈ ਨਹੀਂ ਤਾਂ ਲੋਕਤੰਤਰੀ ਤਾਣਾ-ਬਾਣਾ ਖੇਰੂੰ-ਖੇਰੂੰ ਹੋ ਸਕਦਾ ਹੈ। ਭਾਈ ਹਰਿਸਿਮਰਨ ਸਿੰਘ ਨੇ ਕੁਦਰਤੀ ਜੈਵਿਕ ਖੇਤੀ ਨੂੰ ਅਪਨਾਉਣ ਤੇ ਬੀਜ-ਬਿਜਾਈ ਜਾਂ ਗੁਡ-ਗੁਡਾਈ ਸਮੇਂ ਰਸਾਇਣ ਦੀ ਵਰਤੋਂ ਕਰਨ ਤੋਂ ਵਰਜਣ ਦਾ ਬੀੜਾ ਚੁੱਕਿਆ ਹੈ। ਪ੍ਰੇਮ ਮਾਨ ਨੇ ਇਹੀਓ ਨੁਕਤਾ ਸਮਝਾਉਣ ਲਈ ਗੁਰਬਾਣੀ ਦੀ ਸ਼ਰਨ ਲਈ ਹੈ। ਉਂਝ ਸਾਰੇ ਲੇਖਕ ਖੇਤੀ ਨੂੰ ਪੰਜਾਬ ਸੰਕਟ ਦਾ ਧੁਰਾ ਮੰਨਦੇ ਹਨ ਤੇ ਏਸ ਪਾਸੇ ਖਾਸ ਧਿਆਨ ਦੇਣ ਦੀ ਲੋੜ ਹੈ। ਖਾਲਸਾ ਕਾਲਜ ਅੰਮ੍ਰਿਤਸਰ ਦੇ ਪੰਜਾਬੀ ਅਧਿਐਨ ਵਿਭਾਗ ਵਲੋਂ ਇਸ ਗੰਭੀਰ ਵਿਸ਼ੇ ਨੂੰ ਉਭਾਰਨ ਦਾ ਸਵਾਗਤ ਕਰਨਾ ਬਣਦਾ ਹੈ।

ਜਾਂਦੇ ਜਾਂਦੇ ਇਹ ਵੀ ਦੱਸ ਦਿਆਂ ਕਿ ਪੰਜਾਬ ਸੰਕਟ ਦੀ ਚਿੰਤਾ ਕੇਵਲ ਅੰਮ੍ਰਿਤਸਰੀਆਂ ਨੂੰ ਹੀ ਨਹੀਂ ਚੰਡੀਗੜ੍ਹ ਦੇ ਲੋਕਗੀਤ ਪ੍ਰਕਾਸ਼ਨ ਨੂੰ ਵੀ ਹੈ ਜਿਸ ਨੇ ਦੋ-ਚਾਰ ਮਹੀਨੇ ਪਹਿਲਾਂ 'ਸਪਤ-ਸਿੰਧੂ ਪੰਜਾਬ' ਨਾਂ ਦੀ ਵੱਡ-ਆਕਾਰੀ ਪੁਸਤਕ ਵਿਚ ਦਰਜਨ ਤੋਂ ਵੱਧ ਬੁੱਧੀਜੀਵੀਆਂ ਦੇ ਵਿਚਾਰ ਪੇਸ਼ ਕੀਤੇ ਹਨ। ਉਹ ਵਾਲੀ ਰਚਨਾ ਵੀ ਸਪਤ-ਸਿੰਧੂ ਵਾਸੀਆਂ ਨੂੰ ਜਾਗ੍ਰਤ ਕਰਨ ਵਾਲੀ ਹੈ, ਭਾਵੇਂ ਉਹ ਪਾਕਿਸਤਾਨ ਦੇ ਬਾਸ਼ਿੰਦੇ ਹਨ, ਹਰਿਆਣਾ, ਹਿਮਾਚਲ ਜਾਂ ਏਧਰਲੇ ਪੰਜਾਬ ਦੇ। ਸਮੁੱਚੇ ਪੰਜਾਬੀ ਭਾਈਚਾਰੇ ਨੂੰ ਜਾਗਣ ਦੀ ਲੋੜ ਹੈ।

### *ਦੇਸਾਂ ਪ੍ਰਦੇਸਾਂ ਦੇ ਸੜਕ ਹਾਦਸੇ*

ਜਿਵੇਂ ਜਿਵੇਂ ਮੋਟਰ ਗੱਡੀਆਂ ਦੀ ਵਰਤੋਂ ਵਧ ਰਹੀ ਹੈ ਦੁਨੀਆ ਭਰ ਵਿਚ ਸੜਕ ਹਾਦਸੇ ਵੀ ਵਧ ਰਹੇ ਹਨ। 'ਸੜਕ ਹਾਦਸੇ ਤੇ ਟਰੈਫਿਕ 2021' ਦੀ ਸਾਲਾਨਾ ਰਿਪੋਰਟ ਅਨੁਸਾਰ ਇਕੱਲੇ ਪੰਜਾਬ ਸੂਬੇ ਵਿਚ 2021 ਦੌਰਾਨ ਹਰ ਰੋਜ਼ ਤੇਰਾਂ ਬੰਦਿਆਂ ਦੀ ਜਾਨ ਚਲੀ ਗਈ ਸੀ। ਜਿਹੜੀ 2020 ਨਾਲੋਂ 17.7% ਵੱਧ ਹੈ। ਕੁੱਲ ਮਿਲਾ ਕੇ 5,871 ਹਾਦਸੇ ਹੋਏ ਜਿਨ੍ਹਾਂ ਵਿਚ 4,581 ਵਿਅਕਤੀ ਮਾਰੇ ਗਏ ਤੇ 2,032 ਜ਼ਖਮੀ ਹੋਏ। ਹਾਦਸਿਆਂ ਦਾ ਮੁੱਖ ਕਾਰਨ ਤੇਜ਼-ਰਫਤਾਰੀ ਤੇ ਉਲਟ ਪਾਸੇ ਦੀ ਡਰਾਈਵਿੰਗ ਦੱਸਿਆ ਗਿਆ ਹੈ। ਹਾਦਸਿਆਂ ਦਾ ਸ਼ਿਕਾਰ ਹੋਣ ਵਾਲਿਆਂ ਦੀ ਉਮਰ ਵੀ 18 ਤੋਂ 45 ਸਾਲ ਨੋਟ ਕੀਤੀ ਗਈ ਹੈ। ਕੇਵਲ ਪੰਜਾਬ ਹੀ ਨਹੀਂ ਅਜਿਹੀਆਂ ਰਿਪੋਰਟਾਂ ਦੂਜੇ ਮੁਲਕਾਂ ਤੋਂ ਵੀ ਚੰਗੀਆਂ ਨਹੀਂ ਮਿਲ ਰਹੀਆਂ। ਕਾਰਨ ਉਥੇ ਵੀ ਗੱਡੀਆਂ ਦੀ ਗਿਣਤੀ ਵਧਣਾ ਹੀ ਦੱਸਿਆ ਗਿਆ। 14 ਦਸੰਬਰ ਨੂੰ ਕੈਲੀਫੋਰਨੀਆ ਦੇ ਸੈਕਰਾਮੈਂਟੋ ਸ਼ਹਿਰ ਤੋਂ ਇਕ ਅਤਿਅੰਤ ਭਿਆਨਕ ਹਾਦਸੇ ਦੀ ਖ਼ਬਰ ਮਿਲੀ। ਤਿੰਨ ਗੋਰੇ ਤੇ ਇਕ ਪੰਜਾਬੀ ਇਕੋ ਕਾਰ ਵਿਚ ਸਫਰ ਕਰ ਰਹੇ ਸਨ। ਕਿਸੇ ਕਾਰਨ ਚਾਲਕ ਕੋਲੋਂ ਕਾਰ ਬੇਕਾਬੂ ਹੋ ਗਈ ਤੇ ਇਕ ਰੁਖ ਨਾਲ ਟਕਰਾਉਂਦੇ ਸਾਰ ਇਸਨੂੰ ਅੱਗ ਲੱਗ ਗਈ।



**ਸੈਕਰਾਮੈਂਟੋ ਸੜਕ ਹਾਦਸੇ 'ਚ ਮਾਰੇ ਗਏ ਹੈਰੀ ਦੀ ਆਪਣੇ ਪਰਿਵਾਰ ਨਾਲ ਫਾਈਲ ਫੋਟੋ।**

ਅੱਗ ਏਨੀ ਤੇਜ਼ ਸੀ ਕਿ ਪਲਾਂ ਛਿਣਾਂ ਵਿਚ ਹੀ ਗੱਡੀ ਵੀ ਸੜ ਗਈ ਤੇ ਸਵਾਰੀਆਂ ਵੀ ਲੂਹੀਆਂ ਗਈਆਂ। ਜਾਨੋਂ ਮਰਨ ਵਾਲੇ ਤਿੰਨੋ ਗੋਰੇ 55 ਤੋਂ 65 ਸਾਲ ਦੀ ਉਮਰ ਦੇ ਸਨ ਤੇ ਪੰਜਾਬੀ ਕੇਵਲ 45 ਵਰ੍ਹਿਆਂ ਦਾ। ਪੰਜਾਬੀ ਦੀ ਪਛਾਣ ਕੰਵਰ ਹਰਪ੍ਰੀਤ ਸਿੰਘ ਪੰਨੂ ਉਰਫ ਹੈਰੀ ਵਜੋਂ ਹੋਈ ਹੈ ਜਿਸਦਾ ਜੱਦੀ ਪੁਸ਼ਤੀ ਪਿੰਡ ਤਰਨਤਾਰਨ ਜ਼ਿਲ੍ਹੇ ਦਾ ਨੌਸ਼ਹਿਰਾ ਪੰਨੂਆ ਹੈ। ਉਹ 20-22 ਸਾਲ ਪਹਿਲਾਂ ਕੈਲੀਫੋਰਨੀਆ ਗਿਆ ਸੀ। ਉਸਦਾ ਇਕ ਬੇਟਾ 17 ਸਾਲ ਦਾ ਹੈ ਜਿਹੜਾ ਉਸਦੀ ਪਹਿਲੀ ਪਤਨੀ ਤੋਂ ਹੈ। ਦੂਜੇ ਦੋਵੇਂ ਬੱਚੇ ਤਿੰਨ ਸਾਲ ਤੋਂ ਘੱਟ ਉਮਰ ਦੇ ਹਨ ਜਿਹੜੇ ਉਹਦੀ ਦੂਜੀ ਪਤਨੀ ਤੋਂ ਹਨ। ਦੂਜੀ ਪਤਨੀ ਦੇ ਮਾਪੇ ਜਰਮਨ ਮੂਲ ਦੇ ਹਨ। ਨਿਸ਼ਚੇ ਹੀ ਹੈਰੀ ਦੇ ਮਾਪਿਆਂ ਤੇ ਸਹੁਰਿਆਂ ਦਾ ਦੁੱਖ ਹਿਰਦੇਵੇਧਕ ਹੈ। ਸਾਰੇ ਅੰਗੀ ਸੰਗੀ ਭਾਣਾ ਮੰਨਣ ਦਾ ਦਿਲਾਸਾ ਦੇ ਕੇ ਸਮਾਂ ਵੇਖਣ ਦੀ ਅਰਦਾਸ ਕਰ ਰਹੇ ਹਨ। ਦੁਨੀਆ ਭਰ ਦੇ ਦੇਸ਼ਾਂ ਵਿਚ ਵਾਪਰ ਰਹੇ ਅਜਿਹੇ ਹਾਦਸੇ ਪਰਵਾਨ ਕਰੇ ਬਿਨਾਂ ਕੋਈ ਚਾਰਾ ਵੀ ਨਹੀਂ। ਜਿਉਂ ਜਿਉਂ ਨਵੀਆਂ ਕਾਢਾਂ ਵਧ ਰਹੀਆਂ ਹਨ ਹਰ ਚੀਜ਼ ਦੀ ਰਫਤਾਰ ਵਧ ਰਹੀ ਹੈ। ਤੇਜ਼ ਰਫਤਾਰੀ ਅਜਿਹੇ ਰੋਗਾਂ ਦੀ ਜੜ੍ਹ ਹੈ। ਲੰਘੀ 19 ਦਸੰਬਰ ਨੂੰ ਧੁੰਦ ਕਾਰਨ ਸ਼੍ਰੀ ਮੁਕਤਸਰ ਸਾਹਿਬ ਤੇ ਪਟਿਆਲਾ ਜ਼ਿਲ੍ਹਿਆਂ ਵਿਚ ਇਕ ਦਰਜਨ ਵਾਹਨ ਆਪਸ ਵਿਚ ਟਕਰਾ ਗਏ ਜਿਨ੍ਹਾਂ ਵਿਚ ਤਿੰਨ ਵਿਅਕਤੀ ਜਾਨ ਤੋਂ ਮਾਰੇ ਗਏ। ਕਰੀਏ ਤਾਂ ਕੀ ਕਰੀਏ!

**ਅੰਤਿਕਾ**

-ਮਿਰਜ਼ਾ ਗਾਲਿਬ-

ਕੋਈ ਉਮੀਦ ਬਰ ਨਹੀਂ ਆਤੀ, ਕੋਈ ਸੂਰਤ ਨਜ਼ਰ ਨਹੀਂ ਆਤੀ।
**ਆਗੇ ਆਤੀ ਥੀ ਹਾਲ-ਏ-ਦਿਲ ਪਰ ਹੰਸੀ, ਅਬ ਕਿਸੀ ਬਾਤ ਪਰ ਨਹੀਂ ਆਤੀ।**

# ਸਾਂਝਾ ਪੰਜਾਬ ਅਤੇ ਚੌਧਰੀ ਛੋਟੂ ਰਾਮ

*ਕਿਸਾਨ ਹਲਕਿਆਂ ਵਿਚ ਚੌਧਰੀ ਛੋਟੂ ਰਾਮ (24 ਨਵੰਬਰ 1881-9 ਜਨਵਰੀ 1945) ਦਾ ਨਾਂ ਬੜੇ ਮਾਣ ਨਾਲ ਲਿਆ ਜਾਂਦਾ ਹੈ। ਉਨ੍ਹਾਂ ਕਾਸ਼ਤਕਾਰਾਂ ਦੇ ਹੱਕ ਵਿਚ ਕਈ ਅਜਿਹੇ ਕਾਨੂੰਨ ਪਾਸ ਕਰਵਾਏ ਜਿਨ੍ਹਾਂ ਨਾਲ ਕਿਸਾਨਾਂ ਨੂੰ ਤੁਰੰਤ ਪ੍ਰਭਾਵ ਨਾਲ ਰਾਹਤ ਮਿਲੀ। ਨੌਜਵਾਨ ਲਿਖਾਰੀ ਲਖਵਿੰਦਰ ਜੌਹਲ ਧੱਲੇਕੇ ਨੇ ਆਪਣੇ ਇਸ ਲੇਖ ਵਿਚ ਉਨ੍ਹਾਂ ਦੇ ਜੀਵਨ ਅਤੇ ਕੰਮਾਂ ਬਾਰੇ ਵਿਸਥਾਰ ਸਹਿਤ ਖੁਲਾਸਾ ਕੀਤਾ ਹੈ।*

ਅੱਠ-ਨੌਂ ਕੁ ਸਾਲ ਪਹਿਲਾਂ ਹਰਿਆਣਾ ਦੇ ਸਿਰਸਾ ਜ਼ਿਲ੍ਹੇ ਦੇ ਧੁਰ ਦੱਖਣ ਵਾਲੇ ਪਾਸੇ ਇੱਕ ਪਿੰਡ ਦੇ ਬਾਹਰਵਾਰ ਹਿੰਦੀ ਵਿਚ 'ਚੌਧਰੀ ਛੋਟੂ ਰਾਮ' ਦੇ ਨਾਂ 'ਤੇ ਬਣੇ ਹਾਈ ਸਕੂਲ ਦਾ ਨਾਮ ਪੜ੍ਹਿਆ। ਉਦੋਂ ਪਤਾ ਨਹੀਂ ਸੀ ਕਿ ਇਸ ਨਾਂ ਦਾ ਬੰਦਾ ਆਖਿਰ ਸੀ ਕੌਣ? ਬਾਅਦ ਵਿਚ ਪਤਾ ਲੱਗਾ ਕਿ ਚੌਧਰੀ ਛੋਟੂ ਰਾਮ ਹਰਿਆਣਾ ਦੇ ਹੀ ਨਹੀਂ ਬਲਕਿ ਵੰਡ ਤੋਂ ਪਹਿਲਾਂ ਵਾਲੇ ਸਾਂਝੇ ਪੰਜਾਬ ਦੇ ਮਹਾਨ ਕਿਸਾਨ ਆਗੂ ਸਨ। ਦੁੱਖ ਦੀ ਗੱਲ ਹੈ ਕਿ ਸਾਂਝੇ ਪੰਜਾਬ ਦੇ ਇਸ ਨਾਇਕ ਬਾਰੇ ਪੰਜਾਬ ਦੇ ਸਕੂਲਾਂ ਵਿਚ ਕਦੇ ਕੁਝ ਪੜ੍ਹਾਇਆ ਨਹੀਂ ਗਿਆ। ਉਹ ਕਿਸਾਨਾਂ ਦੇ ਹੱਕ ਦੀ ਗੱਲ ਕਰਨ ਵਾਲੇ ਸਨ ਅਤੇ ਮਜ਼ਹਬ ਦੇ ਨਾਂ 'ਤੇ ਪੰਜਾਬ ਦੀ ਵੰਡ ਦੇ ਵੱਡੇ ਵਿਰੋਧੀਆਂ ਵਿਚੋਂ ਸਨ।

ਚੌਧਰੀ ਛੋਟੂ ਰਾਮ ਦਾ ਜਨਮ 24 ਨਵੰਬਰ 1881 ਨੂੰ ਵਰਤਮਾਨ ਹਰਿਆਣਾ ਦੇ ਜ਼ਿਲ੍ਹਾ ਰੋਹਤਕ ਦੇ ਪਿੰਡ ਗੜ੍ਹੀ ਸਾਂਪਲਾ ਵਿਚ ਮਾਤਾ ਸਰਲਾ ਦੇਵੀ ਅਤੇ ਪਿਤਾ ਸੁਖੀ ਰਾਮ ਦੇ ਘਰ ਹੋਇਆ। ਮਾਪਿਆਂ ਨੇ ਨਾਂ ਰਾਮ ਰਛਪਾਲ ਰੱਖਿਆ ਸੀ ਪਰ ਘਰ ਵਿਚ ਸਭ ਤੋਂ ਛੋਟਾ ਬੱਚਾ ਹੋਣ ਕਰ ਕੇ ਨਾਂ 'ਛੋਟੂ ਰਾਮ' ਪੈ ਗਿਆ। ਉਨ੍ਹਾਂ ਮੁੱਢਲੀ ਪੜ੍ਹਾਈ ਸਾਂਪਲਾ ਦੇ ਪ੍ਰਾਇਮਰੀ ਸਕੂਲ ਤੋਂ ਕੀਤੀ। ਅੱਗੇ ਮਿਡਲ ਦੀ ਪੜ੍ਹਾਈ ਲਈ ਪਿੰਡ ਤੋਂ ਬਾਰਾਂ ਮੀਲ ਦੂਰ ਝੱਜਰ ਦੇ ਸਕੂਲ ਵਿਚ ਦਾਖਲਾ ਲਿਆ ਅਤੇ 1899 ਵਿਚ ਮਿਡਲ ਕਰ ਲਈ। ਮੈਟ੍ਰਿਕ ਕਲਾਸਾਂ ਵਿਚ ਦਾਖਲੇ ਲਈ ਪੈਸਿਆਂ ਦੀ ਤੰਗੀ ਸੀ। ਆਪਣੇ ਪੁੱਤਰ ਦੀ ਅੱਗੇ ਪੜ੍ਹਨ ਦੀ ਇੱਛਾ ਦੇਖ ਕੇ ਪਿਤਾ ਸੁਖੀ ਰਾਮ ਨੇ ਕਰਜ਼ਾ ਲੈਣ ਲਈ ਸੋਚਿਆ। ਦੋਵੇਂ ਪਿਓ ਪੁੱਤ ਸਾਂਪਲਾ ਦੇ ਹੀ ਸ਼ਾਹੂਕਾਰ ਘਾਸੀ ਰਾਮ ਕੋਲ ਪਹੁੰਚੇ। ਸ਼ਾਹੂਕਾਰ ਨੇ ਕਰਜ਼ਾ ਤਾਂ ਕੀ ਦੇਣਾ ਸੀ ਬਲਕਿ ਦੋਵਾਂ ਨੂੰ ਬੋਲ-ਕੁਬੋਲ ਵੀ ਕਹੇ। ਬਾਅਦ ਵਿਚ ਚਾਚਾ ਰਾਜਾ ਰਾਮ ਦੀ ਮਦਦ ਨਾਲ ਛੋਟੂ ਰਾਮ ਨੂੰ ਦਿੱਲੀ ਦੇ ਸੇਂਟ ਸਟੀਵਨਜ਼ ਕ੍ਰਿਸਚੀਅਨ ਮਿਸ਼ਨ ਹਾਈ ਸਕੂਲ ਵਿਚ ਦਾਖਲਾ ਮਿਲ ਗਿਆ। ਇੱਥੋਂ ਉਨ੍ਹਾਂ 1901 ਵਿਚ ਪਹਿਲੇ ਦਰਜੇ ਵਿਚ ਮੈਟ੍ਰਿਕ ਕੀਤੀ। ਦੋ ਸਾਲ ਬਾਅਦ 1903 ਵਿਚ ਸੇਂਟ ਸਟੀਵਨਜ਼ ਕਾਲਜ ਤੋਂ ਇੰਟਰ (ਐੱਫ.ਏ.) ਵੀ ਕਰ ਲਈ।



**ਲਖਵਿੰਦਰ ਜੌਹਲ ਧੱਲੇਕੇ**
**ਫੋਨ: +91-98159-59476**

ਛੋਟੂ ਰਾਮ ਅੱਗੇ ਪੜ੍ਹਨਾ ਚਾਹੁੰਦੇ ਸਨ ਪਰ ਪੈਸੇ ਦੀ ਤੰਗੀ ਕਾਰਨ ਪਿੰਡ ਵਾਪਸ ਆ ਗਏ। ਇੱਕ ਦਿਨ ਗਾਜ਼ੀਆਬਾਦ ਦੇ ਰੇਲਵੇ ਸਟੇਸ਼ਨ 'ਤੇ ਛੋਟੂ ਰਾਮ ਦੀ ਮੁਲਾਕਾਤ ਸੇਠ ਛੱਜੂ ਰਾਮ ਨਾਲ ਹੋਈ। ਸੇਠ ਛੱਜੂ ਰਾਮ ਉੱਪਰ ਛੋਟੂ ਰਾਮ ਦੀਆਂ ਗੱਲਾਂ ਦਾ ਇਸ ਕਦਰ ਅਸਰ ਹੋਇਆ ਕਿ ਉਨ੍ਹਾਂ ਨੇ ਛੋਟੂ ਰਾਮ ਨਾਲ ਉਨ੍ਹਾਂ ਦੀ ਹਰ ਤਰ੍ਹਾਂ ਦੀ ਮਾਲੀ ਮਦਦ ਕਰਨ ਦਾ ਵਾਅਦਾ ਕੀਤਾ। ਬਾਅਦ ਵਿਚ ਛੋਟੂ ਰਾਮ ਦੀ ਅਗਲੀ ਸਾਰੀ ਪੜ੍ਹਾਈ ਦਾ ਖਰਚਾ ਛੱਜੂ ਰਾਮ ਨੇ ਚੁੱਕਿਆ। ਉਹ ਸੇਠ ਛੱਜੂ ਰਾਮ ਨੂੰ 'ਧਰਮ ਪਿਤਾ' ਮੰਨਣ ਲੱਗ ਪਏ। 1905 ਵਿਚ ਸੇਂਟ ਸਟੀਵਨਜ਼ ਕਾਲਜ ਤੋਂ ਬੀ.ਏ. ਪਾਸ ਕਰਨ ਤੋਂ ਬਾਅਦ ਉਨ੍ਹਾਂ ਨੂੰ ਰਿਆਸਤ ਕਾਲਾਕੰਕਰ ਦੇ ਰਾਜਾ ਰਾਮਪਾਲ ਦੇ ਨਿੱਜੀ ਸਕੱਤਰ ਵਜੋਂ ਨੌਕਰੀ ਮਿਲ ਗਈ। ਰਾਜੇ ਦੇ ਪੱਤਰ ਵਿਹਾਰ ਦਾ ਸਾਰਾ ਕੰਮ ਛੋਟੂ ਰਾਮ ਸੰਭਾਲਦੇ ਸਨ। ਉਨ੍ਹਾਂ ਰਿਆਸਤ ਦੇ ਅਖ਼ਬਾਰ 'ਹਿੰਦੁਸਤਾਨ' ਦਾ ਸੰਪਾਦਨ ਵੀ ਕੀਤਾ। ਬਾਅਦ ਵਿਚ ਕੁਝ ਸਮਾਂ ਭਰਤਪੁਰ ਰਿਆਸਤ ਵਿਚ ਵੀ ਨੌਕਰੀ ਕੀਤੀ। 1911 ਵਿਚ ਆਗਰਾ ਲਾਅ ਕਾਲਜ ਤੋਂ ਐੱਲ.ਐੱਲ.ਬੀ. ਦੀ ਡਿਗਰੀ ਪਹਿਲੇ ਦਰਜੇ ਵਿਚ ਹਾਸਲ ਕੀਤੀ ਅਤੇ ਆਗਰੇ ਵਿਚ ਹੀ ਵਕਾਲਤ ਸ਼ੁਰੂ ਕੀਤੀ। ਇੱਥੇ ਉਹ ਗਰੀਬ ਅਤੇ ਕਰਜ਼ਈ ਕਿਸਾਨਾਂ ਦੇ ਮੁਕੱਦਮੇ ਬਿਨਾ ਫੀਸ ਲੜਦੇ ਰਹੇ ਤੇ ਸਾਰੀ ਜ਼ਿੰਦਗੀ ਇੰਝ ਹੀ ਕੀਤਾ। ਆਗਰੇ ਵਿਚ ਦੀਵਾਨੀ ਅਤੇ ਫ਼ੌਜਦਾਰੀ ਮੁਕੱਦਮਿਆਂ ਵਿਚ ਆਪਣੇ ਨਾਂ ਦੀ ਧਾਕ ਜਮਾਉਣ ਤੋਂ ਤਕਰੀਬਨ ਸਾਲ ਬਾਅਦ ਰੋਹਤਕ ਆ ਗਏ। ਇੱਥੇ ਵੀ ਉਹ ਵਕੀਲ ਵਜੋਂ ਪ੍ਰਸਿੱਧ ਰਹੇ। ਉਹ ਖੁਦ ਕਿਸਾਨ ਪਰਿਵਾਰ ਤੋਂ ਹੋਣ ਕਰ ਕੇ ਕਿਸਾਨਾਂ ਨਾਲ ਇੰਨੇ ਘੁਲ ਮਿਲ ਜਾਂਦੇ ਕਿ ਕਈ ਵਾਰ ਦੋਵਾਂ ਧੜਿਆਂ ਦਾ ਫੈਸਲਾ ਅਦਾਲਤੋਂ ਬਾਹਰ ਹੀ ਕਰਵਾ ਦਿੰਦੇ।

ਛੋਟੂ ਰਾਮ ਦੇ ਯਤਨਾਂ ਨਾਲ 1913 ਵਿਚ ਜ਼ਿਲ੍ਹੇ ਦਾ ਪਹਿਲਾ ਹਾਈ ਸਕੂਲ (ਜਾਟ ਹਾਈ ਸਕੂਲ) ਖੋਲ੍ਹਿਆ ਗਿਆ। 1916 ਵਿਚ ਆਮ ਲੋਕਾਂ ਤੱਕ ਆਪਣੀ ਗੱਲ ਪਹੁੰਚਾਉਣ ਲਈ ਉਨ੍ਹਾਂ ਹਫਤਾਵਾਰੀ ਅਖ਼ਬਾਰ 'ਜਾਟ ਗਜ਼ਟ' ਸ਼ੁਰੂ ਕੀਤਾ। ਪਿੰਡਾਂ ਦੀਆਂ ਸੱਥਾਂ ਵਿਚ ਇਸ ਵਿਚ ਲਿਖੇ ਲੇਖ ਅਤੇ ਹੋਰ ਮਸਲੇ ਕਿਸਾਨ ਪੜ੍ਹਦੇ ਤੇ ਵਿਚਾਰਾਂ ਕਰਦੇ, ਇਸ ਤਰ੍ਹਾਂ ਕਿਸਾਨ ਛੋਟੂ ਰਾਮ ਦੇ ਪ੍ਰਸ਼ੰਸਕ ਬਣਦੇ ਗਏ। ਆਰਥਿਕ ਤੰਗੀ ਕਾਰਨ ਕੁਝ ਸਮਾਂ ਅਖ਼ਬਾਰ ਬੰਦ ਵੀ ਕਰਨਾ ਪਿਆ ਪਰ ਬਾਅਦ ਵਿਚ ਕਾਫੀ ਚੰਦਾ ਇਕੱਠਾ ਹੋਣ ਕਰ ਕੇ ਦੁਬਾਰਾ ਸ਼ੁਰੂ ਹੋ ਗਿਆ। ਪੰਜਾਬ ਵੰਡ ਤੱਕ ਵੀ ਇਹ ਅਖ਼ਬਾਰ ਪੰਜਾਬ ਦੇ ਕੋਨੇ ਕੋਨੇ ਵਿਚ ਪੜ੍ਹਿਆ ਜਾਂਦਾ ਸੀ।

ਛੋਟੂ ਰਾਮ ਤਨੋ-ਮਨੋ, ਸਮਾਜਿਕ ਅਤੇ ਭਾਈਚਾਰਕ ਤੌਰ 'ਤੇ ਗਰੀਬ ਕਿਸਾਨਾਂ ਅਤੇ ਹੋਰ ਪੇਂਡੂ ਵਰਗਾਂ ਦੀ ਭਲਾਈ ਦੇ ਕੰਮਾਂ ਵਿਚ ਜੁੱਟ ਗਏ। ਪਹਿਲੇ ਵਿਸ਼ਵ ਯੁੱਧ ਦੌਰਾਨ ਉਨ੍ਹਾਂ ਰੋਹਤਕ ਦੇ ਫ਼ੌਜੀ ਭਰਤੀ ਦਫਤਰ ਵਿਚ ਕੰਮ ਸੰਭਾਲਿਆ ਅਤੇ ਜ਼ਿਲ੍ਹੇ ਵਿਚੋਂ ਬਾਈ ਹਜ਼ਾਰ ਤੋਂ ਵੀ ਵੱਧ ਨੌਜਵਾਨ ਫੌਜ ਵਿਚ ਭਰਤੀ ਕਰਵਾਏ। ਇਸ ਲਈ ਅੰਗਰੇਜ਼ ਸਰਕਾਰ ਨੇ ਉਨ੍ਹਾਂ ਨੂੰ ਪੱਛਮੀ ਪੰਜਾਬ ਦੇ ਮਿੰਟਗੁਮਰੀ ਜ਼ਿਲ੍ਹੇ ਵਿਚ ਚਾਰ ਮੁਰੱਬੇ ਜ਼ਮੀਨ ਅਲਾਟ ਕੀਤੀ ਪਰ ਉਨ੍ਹਾਂ ਸਰਕਾਰ ਅੱਗੇ ਸ਼ਰਤ ਰੱਖੀ ਕਿ ਤਿੰਨ ਹਜ਼ਾਰ ਏਕੜ ਜ਼ਮੀਨ ਪਹਿਲਾਂ ਦਲਿਤ ਵਰਗ ਦੇ ਕੰਮੀ ਅਤੇ ਬੇਜ਼ਮੀਨੇ ਲੋਕਾਂ ਲਈ ਮੁਫ਼ਤ ਅਲਾਟ ਕੀਤੀ ਜਾਵੇ। ਇਹ ਸ਼ਰਤ ਸਰਕਾਰ ਨੇ ਮੰਨ ਲਈ, ਇਸ ਤਰ੍ਹਾਂ ਸਦੀਆਂ ਦੇ ਦੱਬੇ ਕੁਚਲੇ ਲੋਕਾਂ ਨੂੰ ਅੱਗੇ ਵਧਣ ਦਾ ਮੌਕਾ ਮਿਲਿਆ। ਛੋਟੂ ਰਾਮ ਪਹਿਲਾਂ ਕਾਂਗਰਸ ਪਾਰਟੀ ਨਾਲ ਜੁੜੇ ਹੋਏ ਸਨ। 1920 ਵਿਚ ਮਹਾਤਮਾ ਗਾਂਧੀ ਦੇ ਅਸਹਿਯੋਗ ਅੰਦੋਲਨ ਵੇਲੇ ਕਲਕੱਤਾ ਦੇ ਸਮਾਗਮ ਵਿਚ ਕਾਂਗਰਸ ਨੇ ਮਤਾ ਪਾਸ ਕੀਤਾ ਕਿ ਭਾਰਤੀ ਲੋਕ ਅੰਗਰੇਜ਼ਾਂ ਵੱਲੋਂ ਮਿਲੇ ਮਾਣ ਸਨਮਾਨ ਤਿਆਗ ਦੇਣ, ਨੌਕਰੀਆਂ ਤੋਂ ਅਸਤੀਫ਼ੇ ਦੇ ਦੇਣ, ਸਰਕਾਰੀ ਵਿੱਦਿਅਕ ਅਦਾਰਿਆਂ ਦਾ ਬਾਈਕਾਟ ਕਰਨ, ਸਰਕਾਰ ਨੂੰ ਕਿਸੇ ਵੀ ਕਿਸਮ ਦਾ ਕਰ ਅਦਾ ਨਾ ਕਰਨ। ਇਸੇ ਮਤੇ ਵਿਚ ਹੀ ਕਿਸਾਨਾਂ ਨੂੰ ਕਿਹਾ ਗਿਆ ਕਿ ਉਹ ਜ਼ਮੀਨਾਂ ਤੇ ਕੋਈ ਫਸਲ ਨਾ ਬੀਜਣ ਅਤੇ ਸਰਕਾਰ ਨੂੰ ਮਾਮਲਾ ਨਾ ਦੇਣ। ਮਤੇ ਦੇ ਇਸ ਭਾਗ ਦਾ ਛੋਟੂ ਰਾਮ ਨੇ ਡੱਟ ਕੇ ਵਿਰੋਧ ਕੀਤਾ ਕਿਉਂਕਿ ਅੰਗਰੇਜ਼ ਸਰਕਾਰ ਕਿਸਾਨਾਂ ਨੂੰ ਮੁਜ਼ਾਰੇ ਅਤੇ ਆਪਣੇ ਆਪ ਨੂੰ ਜ਼ਮੀਨਾਂ ਦੀ ਮਾਲਕ ਸਮਝਦੀ ਸੀ। ਮਾਮਲਾ ਜਾਂ ਕਰ ਅਦਾ ਨਾ ਕਰਨ ਬਦਲੇ ਉਹ ਕਿਸੇ ਵੀ ਸਮੇਂ ਜ਼ਮੀਨਾਂ ਕੁਰਕ ਕਰ ਸਕਦੀ ਸੀ। ਬੋਲੀ ਲੱਗਦੀਆਂ ਇਨ੍ਹਾਂ ਜ਼ਮੀਨਾਂ ਦੇ ਮਾਲਕ ਬਾਅਦ ਵਿਚ ਸ਼ਾਹੂਕਾਰਾਂ ਅਤੇ ਹੋਰ ਭ੍ਰਿਸ਼ਟ ਲੋਕਾਂ ਨੇ ਹੀ ਬਣਨਾ ਸੀ। ਕਾਂਗਰਸ ਦੇ ਵਰਕਰ ਜਾਂ ਲੀਡਰ ਜ਼ਿਆਦਾਤਰ ਸ਼ਹਿਰੀ ਤਬਕੇ ਦੇ ਸਨ ਜੋ ਪੇਂਡੂਆਂ ਜਾਂ ਕਿਸਾਨਾਂ ਦੀਆਂ ਸਮੱਸਿਆਵਾਂ ਤੋਂ ਅਣਜਾਣ ਸਨ ਅਤੇ ਛੋਟੂ ਰਾਮ ਦੇ ਵਿਚਾਰਾਂ ਨੂੰ ਸਮਝ ਨਹੀਂ ਸਨ ਰਹੇ। ਇਸ ਦੌਰਾਨ ਹੀ ਉਨ੍ਹਾਂ ਕਾਂਗਰਸ ਨੂੰ ਅਲਵਿਦਾ ਕਹਿ ਦਿੱਤੀ।



1921 ਵਿਚ ਪੰਜਾਬ ਕੌਂਸਲ ਦੀਆਂ ਚੋਣਾਂ ਵਿਚ ਉਹ ਆਜ਼ਾਦ ਉਮੀਦਵਾਰ ਵਜੋਂ ਖੜ੍ਹੇ ਹੋਏ ਅਤੇ ਚੋਣ ਹਾਰ ਗਏ। ਅਗਲੀਆਂ ਚੋਣਾਂ ਤੱਕ ਉਨ੍ਹਾਂ ਨੂੰ ਪੰਜਾਬ ਦੇ ਕਿਸਾਨਾਂ ਦੀਆਂ ਮੁਸ਼ਕਿਲਾਂ ਨੂੰ ਹੋਰ ਨੇੜਿਓਂ ਜਾਣਨ ਦਾ ਮੌਕਾ ਮਿਲਿਆ। 1923 ਦੀਆਂ ਚੋਣਾਂ ਵਿਚ ਉਹ ਵੱਡੇ ਫਰਕ ਨਾਲ ਜਿੱਤ ਗਏ। ਇਸੇ ਸਾਲ ਉਨ੍ਹਾਂ ਦਾ ਮੇਲ ਫ਼ਜ਼ਲ-ਏ-ਹੁਸੈਨ ਅਤੇ ਸਿਕੰਦਰ ਹਯਾਤ ਖਾਨ ਨਾਲ ਹੋਇਆ। ਇਨ੍ਹਾਂ ਸਾਰਿਆਂ ਨੇ ਰਲ ਕੇ 'ਨੈਸ਼ਨਲ ਯੂਨੀਅਨਿਸਟ ਪਾਰਟੀ' ਬਣਾ ਲਈ ਜੋ ਬਾਅਦ ਵਿਚ 'ਜ਼ਿਮੀਂਦਾਰਾ ਲੀਗ' ਦੇ ਨਾਂ ਨਾਲ ਵੀ ਮਸ਼ਹੂਰ ਹੋਈ। ਇਸ ਪਾਰਟੀ ਦਾ ਕਿਸੇ ਧਰਮ ਨਾਲ ਕੋਈ ਲੈਣਾ ਦੇਣਾ ਨਹੀਂ ਸੀ। 'ਸਭ ਦੇ ਆਰਥਿਕ ਹਿੱਤਾਂ ਦੀ ਰਾਖੀ' ਇਸ ਪਾਰਟੀ ਦਾ ਨਾਅਰਾ ਸੀ। ਤਿੰਨਾਂ ਧਰਮਾਂ ਦੇ ਲੋਕ ਇਸ ਪਾਰਟੀ ਨਾਲ ਜੁੜ ਗਏ। 'ਜਾਟ ਗਜ਼ਟ' ਇਸ ਪਾਰਟੀ ਦਾ ਬੁਲਾਰਾ ਬਣ ਗਿਆ ਜਿਸ ਨਾਲ ਪੰਜਾਬ ਦੇ ਆਮ ਕਿਸਾਨਾਂ ਨੂੰ ਇਸ ਪਾਰਟੀ ਨਾਲ ਜੁੜਨ ਦਾ ਮੌਕਾ ਮਿਲਿਆ। ਫ਼ਜ਼ਲ ਹੁਸੈਨ ਦੇ ਸਹਿਯੋਗ ਨਾਲ 22 ਸਤੰਬਰ 1924 ਨੂੰ ਚੌਧਰੀ ਛੋਟੂ ਰਾਮ ਨੇ ਪੰਜਾਬ ਦੇ ਖੇਤੀਬਾੜੀ ਤੇ ਉਦਯੋਗ ਮੰਤਰੀ ਵਜੋਂ ਸਹੁੰ ਚੁੱਕੀ।

1925 ਵਿਚ ਸਿੱਖਿਆ ਮਹਿਕਮਾ ਵੀ ਇਨ੍ਹਾਂ ਨੂੰ ਮਿਲ ਗਿਆ। ਇਸ ਤਰ੍ਹਾਂ ਤਿੰਨ ਮਹਿਕਮਿਆਂ ਦੇ ਅਨੇਕਾਂ ਕੰਮ ਛੋਟੂ ਰਾਮ ਨੇ ਕੀਤੇ। 1937 ਪੰਜਾਬ ਦੀਆਂ ਸੂਬਾਈ ਚੋਣਾਂ ਦੇ ਐਲਾਨ ਤੋਂ ਤੁਰੰਤ ਬਾਅਦ ਚੌਧਰੀ ਛੋਟੂ ਰਾਮ ਚੋਣ ਮੁਹਿੰਮ ਵਿਚ ਜੁੱਟ ਗਏ। ਆਵਾਜਾਈ ਦੇ ਸੀਮਤ ਸਾਧਨ ਹੋਣ ਦੇ ਬਾਵਜੂਦ ਉਨ੍ਹਾਂ ਪੰਜਾਬ ਦਾ ਕੋਨਾ ਕੋਨਾ ਗਾਹ ਦਿੱਤਾ। ਉਹ ਜਿੱਥੇ ਵੀ ਜਾਂਦੇ, ਧੜੱਲੇ ਨਾਲ ਭਾਸ਼ਣ ਦਿੰਦੇ। ਛੋਟੂ ਰਾਮ ਦੀ ਮਿਹਨਤ ਸਦਕਾ ਯੂਨੀਅਨਿਸਟ ਪਾਰਟੀ 175 ਵਿਚੋਂ 95 ਸੀਟਾਂ ਨਾਲ ਜਿੱਤ ਗਈ। ਕਾਂਗਰਸ ਨੂੰ 18, ਅਕਾਲੀ ਦਲ ਨੂੰ 10 ਸੀਟਾਂ ਮਿਲੀਆਂ ਅਤੇ ਆਜ਼ਾਦ ਉਮੀਦਵਾਰ 51 ਸੀਟਾਂ ਤੋਂ ਜਿੱਤੇ। ਮੁਸਲਿਮ ਲੀਗ ਸਿਰਫ ਇੱਕ ਸੀਟ ਹਾਸਲ ਕਰ ਸਕੀ। ਪੰਜਾਬ ਦੇ ਪ੍ਰੀਮੀਅਰ (ਉਸ ਸਮੇਂ ਮੁੱਖ ਮੰਤਰੀ ਨੂੰ ਪ੍ਰੀਮੀਅਰ ਕਿਹਾ ਜਾਂਦਾ ਸੀ) ਸਿਕੰਦਰ ਹਯਾਤ ਖਾਨ ਬਣੇ ਅਤੇ ਚੌਧਰੀ ਛੋਟੂ ਰਾਮ ਨੂੰ ਮਾਲ ਮਹਿਕਮਾ ਮਿਲਿਆ। ਇਸੇ ਸਾਲ ਉਨ੍ਹਾਂ ਦੀਆਂ ਪਿਛਲੀਆਂ ਸੇਵਾਵਾਂ ਨੂੰ ਦੇਖਦੇ ਹੋਏ ਅੰਗਰੇਜ਼ ਸਰਕਾਰ ਨੇ ਉਨ੍ਹਾਂ ਨੂੰ 'ਸਰ' ਦੀ ਉਪਾਧੀ ਦਿੱਤੀ।

ਵੀਹਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਤੱਕ ਵੀ ਕਿਸਾਨਾਂ ਦੀ ਭਲਾਈ ਲਈ ਕੋਈ ਪੱਕਾ ਕਾਨੂੰਨ ਨਹੀਂ ਸੀ। ਸ਼ਾਹੂਕਾਰ ਵਰਗ ਕਿਸਾਨਾਂ ਨੂੰ ਮਨਮਰਜ਼ੀ ਦੇ ਵਿਆਜ 'ਤੇ ਕਰਜ਼ਾ ਦਿੰਦੇ ਸਨ। ਅਨਪੜ੍ਹ ਕਿਸਾਨ ਕੋਈ ਹਿਸਾਬ ਕਿਤਾਬ ਵੀ ਨਹੀਂ ਸਨ ਰੱਖਦੇ ਤੇ ਸ਼ਾਹੂਕਾਰ ਨਾ ਹੀ ਉਨ੍ਹਾਂ ਨੂੰ ਕਦੇ ਕੁਝ ਦੱਸਦੇ ਸਨ। ਜਦੋਂ ਮੌਕਾ ਮਿਲਦਾ, ਕਿਸਾਨ ਦਾ ਘਰ, ਜ਼ਮੀਨ, ਘਰੇਲੂ ਸਮਾਨ ਅਤੇ ਹੋਰ ਮਾਲ ਡੰਗਰ ਕੁਰਕੀ ਕਰਵਾ ਕੇ ਉਸ 'ਤੇ ਕਬਜ਼ਾ ਕਰ ਲੈਂਦੇ। ਇੱਥੋਂ ਤੱਕ ਕਿ ਹੋਰ ਕਿਰਤੀਆਂ ਤੋਂ ਵੀ ਰੋਜ਼ੀ-ਰੋਟੀ ਕਮਾਉਣ ਵਾਲੇ ਸਾਧਨ ਵੀ ਖੋਹ ਕੇ ਲੈ ਜਾਂਦੇ। ਇਸ ਵਿਚ ਭ੍ਰਿਸ਼ਟ ਅਫਸਰ ਸ਼ਾਹੂਕਾਰਾਂ ਦਾ ਪੂਰਾ ਸਾਥ ਦਿੰਦੇ। ਜਦੋਂ ਛੋਟੂ ਰਾਮ ਨੇ ਕਿਸਾਨਾਂ ਦੇ ਹੱਕਾਂ ਦੀ ਗੱਲ ਕਰਨੀ ਸ਼ੁਰੂ ਕੀਤੀ ਤਾਂ ਕਿਸਾਨਾਂ ਨੂੰ ਲੱਗਾ ਕਿ ਹੁਣ ਕੋਈ ਉਨ੍ਹਾਂ ਦੀ ਸਾਰ ਲੈਣ ਵਾਲਾ ਆ ਗਿਆ ਹੈ। ਛੋਟੂ ਰਾਮ ਦੀ ਅਗਵਾਈ ਵਿਚ ਉਹ ਯੂਨੀਅਨਿਸਟ ਪਾਰਟੀ/ਜ਼ਿਮੀਂਦਾਰਾ ਲੀਗ ਦੇ ਝੰਡੇ ਹੇਠ ਇਕੱਠੇ ਹੋਣ ਲੱਗੇ। ਛੋਟੂ ਰਾਮ ਨੇ 1930-1945 ਦੇ ਸਾਲਾਂ ਦੌਰਾਨ ਕਿਸਾਨ ਭਲਾਈ ਦੇ 22 ਐਕਟ ਅਤੇ ਹੋਰ ਬਿੱਲ ਅੰਗਰੇਜ਼ਾਂ ਕੋਲੋਂ ਪਾਸ ਕਰਵਾਏ ਅਤੇ ਇਨ੍ਹਾਂ ਨੂੰ ਲਾਗੂ ਕਰਵਾਉਣ ਲਈ ਆਪਣੇ ਅੰਤਲੇ ਸਮੇਂ ਤੱਕ ਦਿਨ ਰਾਤ ਇੱਕ ਕਰ ਦਿੱਤਾ।

1930 ਵਿਚ ਕਿਸਾਨਾਂ ਸਿਰ ਚੜ੍ਹੇ ਕਰਜ਼ੇ ਦੀ ਸਮੱਸਿਆ ਹੱਲ ਕਰਨ ਲਈ 'ਦਿ ਪੰਜਾਬ ਰੈਗੂਲੇਸ਼ਨ ਆਫ ਅਕਾਊਂਟਸ ਐਕਟ-1930' ਬਣਵਾਇਆ। ਇਸ ਵਿਚ ਹਰ ਕਿਸਾਨ ਦੇ ਖਾਤੇ ਬਾਰੇ ਪੂਰੀ ਜਾਣਕਾਰੀ ਦੇ ਕੇ ਛਿਮਾਹੀ ਸਰਕਾਰੀ ਨਿਰੀਖਣ ਕਰਵਾਉਣਾ ਜ਼ਰੂਰੀ ਕਰ ਦਿੱਤਾ। 1934 ਵਿਚ 'ਦਿ ਪੰਜਾਬ ਰਿਲੀਫ ਆਫ ਇਨਡੈਬਟੇਡਨੈੱਸ ਐਕਟ-1934' ਰਾਹੀਂ ਕਿਸਾਨਾਂ ਨੂੰ ਕਰਜ਼ੇ ਤੋਂ ਰਾਹਤ ਦਿਵਾਈ। ਇਸ ਵਿਚ 'ਦਾਮ ਦੁੱਪਟ' ਨੀਤੀ ਨਾਲ ਮੂਲ ਰਾਸ਼ੀ ਨਾਲੋਂ ਦੁੱਗਣਾ ਵਿਆਜ ਭਰ ਦੇਣ 'ਤੇ ਖਾਤਾ ਬੰਦ ਹੋ ਜਾਣਾ ਸੀ। ਮਾਲ ਡੰਗਰ ਤੇ ਖੇਤੀ ਸੰਦਾਂ ਦੀ ਕੁਰਕੀ ਅਤੇ ਕਿਸਾਨਾਂ ਦੀ ਗ੍ਰਿਫ਼ਤਾਰੀ ਉੱਤੇ ਰੋਕ ਲਗਾ ਦਿੱਤੀ। ਇਨ੍ਹਾਂ ਵਿਚੋਂ ਸਭ ਤੋਂ ਪਹਿਲੇ ਕਾਨੂੰਨ ਦੇ ਪਾਸ ਹੋਣ ਮਗਰੋਂ ਪੰਜਾਬ ਵਿਚ ਕਈ ਥਾਈਂ ਸ਼ਾਹੂਕਾਰਾਂ ਵੱਲੋਂ ਵਹੀਆਂ-ਖਾਤੇ ਸਾੜਨ ਦਾ ਜ਼ਿਕਰ ਵੀ ਮਿਲਦਾ ਹੈ। ਛੋਟੂ ਰਾਮ ਦੇ ਪਾਸ ਕਰਵਾਏ ਕਾਨੂੰਨਾਂ ਵਿਚੋਂ ਇੱਕ ਦਾ ਨਾਂ 'ਦਿ ਪੰਜਾਬ ਰੈਸਟੀਟਿਊਸ਼ਨ ਆਫ ਮਾਰਗੇਜ਼ਡ ਲੈਂਡ ਐਕਟ-1938' ਸੀ। ਇਸ ਐਕਟ ਦੇ ਪਾਸ ਹੁੰਦੇ ਹੀ 8 ਜੂਨ 1901 ਤੋਂ ਲੈ ਕੇ 1938 ਤੱਕ ਸ਼ਾਹੂਕਾਰ ਕੋਲ ਗਹਿਣੇ ਪਈ ਜ਼ਮੀਨ ਅਸਲ ਮਾਲਕ ਦੀ ਹੋ ਜਾਣੀ ਸੀ। ਇਸ ਜ਼ਮੀਨ ਨੂੰ ਜੇ ਗਹਿਣੇ ਪਏ 20 ਸਾਲ ਹੋ ਗਏ ਹੋਣ ਅਤੇ ਸ਼ਾਹੂਕਾਰ ਦੋ ਦਹਾਕੇ ਜਾਂ ਇਸ ਤੋਂ ਵੀ ਵੱਧ ਸਮਾਂ ਇਸ ਜ਼ਮੀਨ ਦੀ ਆਮਦਨ ਖਾ ਚੁੱਕਿਆ ਹੈ ਤਾਂ ਉਸ ਨੂੰ ਇਸ ਜ਼ਮੀਨ 'ਤੇ ਕਬਜ਼ਾ ਰੱਖਣ ਦਾ ਹੱਕ ਨਹੀਂ ਸੀ। ਅਸਲ ਮਾਲਕ ਨੇ ਆਪਣੀ ਜ਼ਮੀਨ ਦਾ ਵੇਰਵਾ ਸਾਦੇ ਕਾਗਜ਼ 'ਤੇ ਲਿਖ ਕੇ ਡਿਪਟੀ ਕਮਿਸ਼ਨਰ ਨੂੰ ਅਰਜ਼ੀ ਦੇਣੀ ਹੁੰਦੀ ਸੀ। ਨਿਸ਼ਚਿਤ ਸਮੇਂ ਵਿਚ ਇਸ ਦੀ ਪੜਤਾਲ ਪਿੱਛੋਂ ਇਹ ਜ਼ਮੀਨ ਅਸਲ ਮਾਲਕ ਦੀ ਹੋ ਜਾਣੀ ਸੀ। ਕਿਸਾਨ ਨੂੰ ਪੱਲਿਓਂ ਕੋਈ ਖਰਚ ਨਹੀਂ ਕਰਨਾ ਪੈਂਦਾ ਸੀ। ਨਤੀਜਾ ਇਹ ਹੋਇਆ ਕਿ 8 ਲੱਖ 35 ਹਜ਼ਾਰ ਏਕੜ/ਕਿੱਲੇ/ਵਿੱਘੇ ਤੇ ਕੱਚੇ ਵਿੱਘੇ ਜਿਸ ਦੀ ਆਮਦਨੀ ਵੀਹ ਸਾਲ ਜਾਂ ਉਸ ਤੋਂ ਵੀ ਵੱਧ ਸਮੇਂ ਤੋਂ ਸ਼ਾਹੂਕਾਰ ਕੇਵਲ 4 ਲੱਖ 13 ਹਜ਼ਾਰ ਰੁਪਏ ਕਰਜ਼ਾ ਦੇ ਕੇ ਖਾਂਦੇ ਰਹੇ ਸਨ, ਇਹੀ ਜ਼ਮੀਨ 3 ਲੱਖ 65 ਹਜ਼ਾਰ ਕਿਸਾਨਾਂ ਨੂੰ ਮੁਫ਼ਤ ਵਿਚ ਵਾਪਸ ਮਿਲ ਗਈ। ਪਾਕਿਸਤਾਨੀ ਪੰਜਾਬ ਦੇ 'ਦਿ ਲੈਂਡ ਅਲਾਈਨੇਸ਼ਨ ਆਫ ਲੈਂਡ ਐਕਟ-1900' ਅਤੇ ਇਸ ਵਿਚ ਚੌਧਰੀ ਛੋਟੂ ਰਾਮ ਦੀਆਂ ਕਰਵਾਈਆਂ ਤਰਮੀਮਾਂ ਹੁਣ ਵੀ ਸ਼ਾਮਲ ਹਨ।

ਸਰ ਛੋਟੂ ਰਾਮ ਨੇ ਕਿਸਾਨ ਭਲਾਈ ਫੰਡ ਵੀ ਬਣਾਇਆ। ਇਸ ਵਿਚੋਂ ਹੜ੍ਹਾਂ, ਸੋਕਿਆਂ ਅਤੇ ਹੋਰ ਕਿਸੇ ਨੁਕਸਾਨ ਨਾਲ ਖਰਾਬ ਹੋਈ ਫਸਲ ਦੇ ਮਾਲਕ ਕਿਸਾਨਾਂ ਨੂੰ ਕੁਝ ਰਾਹਤ ਮਿਲਣ ਲੱਗੀ। ਇਸ ਫੰਡ ਵਿਚੋਂ ਹੀ ਪੇਂਡੂ ਵਰਗ ਦੇ ਕਿਸਾਨ ਅਤੇ ਹੋਰ ਵਰਗਾਂ ਦੇ ਬੱਚਿਆਂ ਲਈ ਵਜ਼ੀਫਾ ਵੀ ਸ਼ੁਰੂ ਹੋਇਆ। ਭੌਤਿਕ ਵਿਗਿਆਨ ਵਿਚ ਨੋਬੇਲ ਪੁਰਸਕਾਰ ਹਾਸਲ ਕਰਨ ਵਾਲੇ ਪਾਕਿਸਤਾਨੀ ਡਾ. ਅਬਦੁਸ ਸਲਾਮ ਇਸੇ ਵਜ਼ੀਫ਼ੇ ਨਾਲ ਵਿਦੇਸ਼ ਵਿਚ ਉੱਚ ਵਿੱਦਿਆ ਹਾਸਲ ਕਰ ਸਕੇ। ਅਗਸਤ 1995 ਵਿਚ ਸਰ ਛੋਟੂ ਰਾਮ ਦੀ 50ਵੀਂ ਬਰਸੀ ਮੌਕੇ ਡਾ. ਅਬਦੁਸ ਸਲਾਮ ਨੇ ਪਾਕਿਸਤਾਨ ਦੇ ਅੰਗਰੇਜ਼ੀ ਅਖ਼ਬਾਰ 'ਡਾਅਨ' ਵਿਚ ਉਨ੍ਹਾਂ ਨੂੰ ਸ਼ਰਧਾਂਜਲੀ ਵੀ ਦਿੱਤੀ।

1925 ਵਿਚ ਜਦੋਂ ਉਹ ਸਿੱਖਿਆ ਮੰਤਰੀ ਸਨ ਤਾਂ ਲੜਕੀਆਂ ਦੀ ਸਿੱਖਿਆ ਲਈ ਉਨ੍ਹਾਂ ਨੇ ਕਈ 'ਗੁਰੂਕੁਲ' ਖੁੱਲ੍ਹਵਾਏ। ਉਸ ਸਮੇਂ ਕਿਸਾਨ ਪਰਿਵਾਰਾਂ ਦੀਆਂ ਔਰਤਾਂ ਨੂੰ ਕਾਨੂੰਨ ਮੁਤਾਬਕ ਕਾਸ਼ਤਕਾਰ ਦਾ ਦਰਜਾ ਨਹੀਂ ਮਿਲਦਾ ਸੀ। ਜੇ ਕਿਸੇ ਕਿਸਾਨ ਦੀ ਮੌਤ ਹੋ ਜਾਣੀ ਤਾਂ ਉਸ ਦੀ ਘਰਵਾਲੀ ਦਾ ਘਰ 'ਤੇ ਵੀ ਕੋਈ ਹੱਕ ਨਹੀਂ ਸੀ ਰਹਿ ਜਾਂਦਾ ਸੀ। ਉਨ੍ਹਾਂ ਨੇ ਔਰਤਾਂ ਨੂੰ ਕਾਸ਼ਤਕਾਰ ਦਾ ਕਾਨੂੰਨੀ ਦਰਜਾ ਦਿਵਾ ਕੇ ਹਜ਼ਾਰਾਂ ਪਰਿਵਾਰਾਂ ਨੂੰ ਸੜਕ 'ਤੇ ਆਉਣ ਤੋਂ ਬਚਾਇਆ।

ਪਹਿਲਾਂ ਕਿਸਾਨਾਂ ਦੀ ਫਸਲ ਨੂੰ ਮੰਡੀਆਂ ਵਿਚ ਆੜ੍ਹਤੀਏ ਅਤੇ ਵਪਾਰੀ ਜਾਣ-ਬੁੱਝ ਕੇ ਅਤੇ ਮਨਮਰਜ਼ੀ ਦੇ ਮੁੱਲ 'ਤੇ ਖਰੀਦ ਲੈਂਦੇ ਸਨ। ਕਿਸਾਨਾਂ ਦੀ ਇਹ ਲੁੱਟ ਰੋਕਣ ਲਈ ਉਨ੍ਹਾਂ 1939 ਵਿਚ 'ਦਿ ਪੰਜਾਬ ਐਗਰੀਕਲਚਰਲ ਪ੍ਰੋਡਿਊਸ ਮਾਰਕਿਟਿੰਗ ਐਕਟ' ਪਾਸ ਕਰਾਇਆ। ਇਸ ਰਾਹੀਂ ਜਿਣਸ ਦਾ ਪੂਰਾ ਬਣਦਾ ਮੁੱਲ ਦਿਵਾਉਣ ਲਈ ਮਾਰਕੀਟ ਕਮੇਟੀਆਂ ਬਣਾਈਆਂ ਗਈਆਂ। ਅਨਾਜ ਦੀ ਖੁੱਲ੍ਹੀ ਬੋਲੀ ਲਾਉਣਾ ਅਤੇ ਕਿਸਾਨਾਂ ਨੂੰ ਸਹੂਲਤਾਂ ਦੇਣਾ ਇਸ ਦੇ ਮੁੱਖ ਕਾਰਜ ਸਨ। ਕਿਸਾਨਾਂ ਨੂੰ ਉਨ੍ਹਾਂ ਦੀ ਜਿਣਸ ਦੇ ਮਿਲਦੇ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਦੀ ਸ਼ੁਰੂਆਤ ਕਰਨ ਵਾਲੇ ਵੀ ਸਰ ਛੋਟੂ ਰਾਮ ਹੀ ਸਨ। ਜਦੋਂ ਦੂਜੀ ਸੰਸਾਰ ਜੰਗ ਸਮੇਂ ਵਾਇਸਰਾਇ ਲਾਰਡ ਵੇਵਲ ਨੇ ਭਾਰਤ ਦੇ ਸਾਰੇ ਸੂਬਿਆਂ ਦੇ ਖੇਤੀਬਾੜੀ

*(ਬਾਕੀ ਅਗਲੇ ਸਫੇ 'ਤੇ)*

*1925 ਵਿਚ ਜਦੋਂ ਉਹ ਸਿੱਖਿਆ ਮੰਤਰੀ ਸਨ ਤਾਂ ਲੜਕੀਆਂ ਦੀ ਸਿੱਖਿਆ ਲਈ ਉਨ੍ਹਾਂ ਨੇ ਕਈ 'ਗੁਰੂਕੁਲ' ਖੁੱਲ੍ਹਵਾਏ। ਉਸ ਸਮੇਂ ਕਿਸਾਨ ਪਰਿਵਾਰਾਂ ਦੀਆਂ ਔਰਤਾਂ ਨੂੰ ਕਾਨੂੰਨ ਮੁਤਾਬਕ ਕਾਸ਼ਤਕਾਰ ਦਾ ਦਰਜਾ ਨਹੀਂ ਮਿਲਦਾ ਸੀ। ਜੇ ਕਿਸੇ ਕਿਸਾਨ ਦੀ ਮੌਤ ਹੋ ਜਾਣੀ ਤਾਂ ਉਸ ਦੀ ਘਰਵਾਲੀ ਦਾ ਘਰ 'ਤੇ ਵੀ ਕੋਈ ਹੱਕ ਨਹੀਂ ਸੀ ਰਹਿ ਜਾਂਦਾ ਸੀ। ਉਨ੍ਹਾਂ ਨੇ ਔਰਤਾਂ ਨੂੰ ਕਾਸ਼ਤਕਾਰ ਦਾ ਕਾਨੂੰਨੀ ਦਰਜਾ ਦਿਵਾ ਕੇ ਹਜ਼ਾਰਾਂ ਪਰਿਵਾਰਾਂ ਨੂੰ ਸੜਕ 'ਤੇ ਆਉਣ ਤੋਂ ਬਚਾਇਆ। ਪਹਿਲਾਂ ਕਿਸਾਨਾਂ ਦੀ ਫਸਲ ਨੂੰ ਮੰਡੀਆਂ ਵਿਚ ਆੜ੍ਹਤੀਏ ਅਤੇ ਵਪਾਰੀ ਜਾਣ-ਬੁੱਝ ਕੇ ਅਤੇ ਮਨਮਰਜ਼ੀ ਦੇ ਮੁੱਲ 'ਤੇ ਖਰੀਦ ਲੈਂਦੇ ਸਨ। ਕਿਸਾਨਾਂ ਦੀ ਇਹ ਲੁੱਟ ਰੋਕਣ ਲਈ ਉਨ੍ਹਾਂ 1939 ਵਿਚ 'ਦਿ ਪੰਜਾਬ ਐਗਰੀਕਲਚਰਲ ਪ੍ਰੋਡਿਊਸ ਮਾਰਕਿਟਿੰਗ ਐਕਟ' ਪਾਸ ਕਰਾਇਆ। ਇਸ ਰਾਹੀਂ ਜਿਣਸ ਦਾ ਪੂਰਾ ਬਣਦਾ ਮੁੱਲ ਦਿਵਾਉਣ ਲਈ ਮਾਰਕੀਟ ਕਮੇਟੀਆਂ ਬਣਾਈਆਂ ਗਈਆਂ। ਅਨਾਜ ਦੀ ਖੁੱਲ੍ਹੀ ਬੋਲੀ ਲਾਉਣਾ ਅਤੇ ਕਿਸਾਨਾਂ ਨੂੰ ਸਹੂਲਤਾਂ ਦੇਣਾ ਇਸ ਦੇ ਮੁੱਖ ਕਾਰਜ ਸਨ। ਕਿਸਾਨਾਂ ਨੂੰ ਉਨ੍ਹਾਂ ਦੀ ਜਿਣਸ ਦੇ ਮਿਲਦੇ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਦੀ ਸ਼ੁਰੂਆਤ ਕਰਨ ਵਾਲੇ ਵੀ ਸਰ ਛੋਟੂ ਰਾਮ ਹੀ ਸਨ।*




*ਚੌਧਰੀ ਛੋਟੂ ਰਾਮ ਦੀ ਯਾਦ ਵਿਚ 1995 ਵਿਚ ਜਾਰੀ ਡਾਕ ਟਿਕਟ।*

# ਯੂਕਰੇਨ ਜੰਗ ਵਿਚ ਕਿਸ ਦੇ ਹਿਤ ਭਾਰੂ

ਯੂਕਰੇਨ ਜੰਗ ਦਾ ਸੇਕ ਯੂਰਪੀ ਦੇਸ਼ਾਂ ਦੀਆਂ ਬਰੂਹਾਂ ਟੱਪ ਕੇ ਦੁਨੀਆ ਭਰ ਵਿਚ ਫੈਲ ਰਿਹਾ ਹੈ। ਇਸ ਜੰਗ ਨੇ ਆਲਮੀ ਪੱਧਰ 'ਤੇ ਗੈਸ, ਤੇਲ ਤੇ ਭੋਜਨ ਪਦਾਰਥਾਂ ਦੀਆਂ ਕੀਮਤਾਂ ਵਿਚ ਵੱਡਾ ਉਛਾਲ ਪੈਦਾ ਕੀਤਾ ਹੈ। ਕਰੋਨਾ ਵਾਇਰਸ ਦੇ ਸਦਮੇ ਤੋਂ ਉਭਰ ਰਹੇ ਸੰਸਾਰ ਅੱਗੇ ਨਵੀਆਂ ਚੁਣੌਤੀਆਂ ਖੜ੍ਹੀਆਂ ਕੀਤੀਆਂ ਹਨ। ਕੋਵਿਡ-19 ਸਮੇਂ ਤੋਂ ਸਪਲਾਈ ਚੇਨ ਦੀਆਂ ਰੁਕਾਵਟਾਂ ਕਾਰਨ ਢੋਆ-ਢੁਆਈ ਦੀਆਂ ਲਾਗਤਾਂ ਵਧ ਗਈਆਂ। ਆਵਾਜਾਈ ਦਾ ਮਹਿੰਗਾ ਹੋਣਾ, ਮਿਡਲ ਈਸਟ ਵਿਚ ਸੋਕੇ ਵਰਗੀ ਹਾਲਤ ਕਰ ਕੇ ਖੇਤੀਬਾੜੀ ਪੈਦਾਵਾਰ ਘਟਣਾ, ਆਲਮੀ ਤਪਸ਼, ਜਲਵਾਯੂ ਤਬਦੀਲੀਆਂ, ਯੂਰਪ ਵਿਚ ਸਰਦ ਰੁੱਤ ਸ਼ੁਰੂ ਹੋਣਾ, ਰੂਸ ਉੱਪਰ ਆਰਥਿਕ ਪਾਬੰਦੀਆਂ ਆਦਿ ਕਰ ਕੇ ਇਸ ਦਾ ਪ੍ਰਭਾਵ ਯੂਰਪ ਅਤੇ ਮੱਧ ਪੂਰਬ ਤੋਂ ਸ਼ੁਰੂ ਹੋ ਕੇ ਸੰਸਾਰ ਆਰਥਿਕਤਾ ਉਤੇ ਪੈਣਾ ਸ਼ੁਰੂ ਹੋ ਗਿਆ। ਯੂਕਰੇਨ ਜੰਗ ਨੇ ਸੰਸਾਰ ਦੇ ਭੂ-ਸਿਆਸੀ ਅਤੇ ਆਰਥਿਕ ਸਮੀਕਰਨਾਂ ਨੂੰ ਤੀਬਰਤਾ ਨਾਲ ਬਦਲ ਦਿੱਤਾ ਹੈ। ਜੰਗ ਨੇ ਜਿੱਥੇ ਸੰਸਾਰਵਿਆਪੀ ਮਹਿੰਗਾਈ, ਗਲੋਬਲ ਭੋਜਨ ਅਤੇ ਊਰਜਾ ਸੰਕਟ ਵਧਾ ਦਿੱਤਾ ਉੱਥੇ ਇਸ ਨੇ ਮੱਧ ਪੂਰਬ, ਕੇਂਦਰੀ ਤੇ ਦੱਖਣੀ ਏਸ਼ੀਆ ਖਿੱਤੇ ਅੰਦਰ ਵੱਡੀਆਂ ਚੁਣੌਤੀਆਂ ਤੇ ਤਣਾਅ ਪੈਦਾ ਕੀਤਾ ਹੈ ਜਿਸ ਦੇ ਨੇੜ ਭਵਿੱਖ ਵਿਚ ਘਾਤਕ ਨਤੀਜੇ ਦੇਖਣ ਨੂੰ ਮਿਲ ਸਕਦੇ ਹਨ।



ਮਨਦੀਪ
ਵ੍ਹੱਟਸਐਪ: +5493813389246

ਲੰਮੀ ਜੰਗ ਅਤੇ ਉਪਰੋਂ ਸਰਦ ਮੌਸਮ ਕਾਰਨ ਯੂਰਪ ਅੰਦਰ ਊਰਜਾ ਸੰਕਟ ਤੇ ਮਹਿੰਗਾਈ ਵਧਣ ਨਾਲ ਲੋਕਾਂ ਅੰਦਰ ਸਰਕਾਰਾਂ ਖਿਲਾਫ ਰੋਸ ਲਗਾਤਾਰ ਵਧ ਰਿਹਾ ਹੈ। ਮੱਧ ਪੂਰਬ ਲਈ ਭੋਜਨ ਪਦਾਰਥਾਂ ਦੀ ਘਾਟ ਅਤੇ ਮਹਿੰਗਾਈ ਵੱਡੀ ਸਮੱਸਿਆ ਬਣ ਕੇ ਉੱਭਰ ਰਹੀ ਹੈ। ਮੌਸਮੀ ਤਬਦੀਲੀਆਂ ਕਾਰਨ ਚਾਲੂ ਵਰ੍ਹੇ ਦੌਰਾਨ ਮੱਧ ਪੂਰਬ ਦੇ ਕੁਝ ਮੁਲਕਾਂ ਵਿਚ ਅਨਾਜ ਦੀਆਂ ਲੋੜਾਂ ਪਿਛਲੇ ਸਾਲ ਨਾਲੋਂ ਵਧ ਗਈਆਂ। ਰੂਸ ਤੇ ਯੂਕਰੇਨ ਕਣਕ ਬਰਾਮਦ ਕਰਨ ਵਾਲੇ ਦੁਨੀਆ ਦੇ ਪੰਜਵੇਂ ਵੱਡੇ ਬਰਾਮਦਕਾਰ ਹਨ। ਜੰਗ ਕਰ ਕੇ ਇਸ ਸਾਲ ਯੂਕਰੇਨ ਵਿਚ ਫਸਲੀ ਪੈਦਾਵਾਰ ਹੇਠ ਰਕਬਾ ਘਟਣ ਅਤੇ ਮੰਗ ਵਧਣ ਕਰ ਕੇ ਕਣਕ ਦੀਆਂ ਕੀਮਤਾਂ ਵਿਚ ਅਪਰੈਲ ਮਹੀਨੇ ਤੱਕ 35% ਦਾ ਵਾਧਾ ਹੋਇਆ। ਮਿਸਰ, ਤੁਰਕੀ, ਟਿਊਨੇਸ਼ੀਆ, ਇਰਾਨ ਸਮੇਤ ਅਨੇਕਾਂ ਮੁਲਕ ਰੂਸ ਅਤੇ ਯੂਕਰੇਨ ਤੋਂ ਕਣਕ ਤੇ ਕਣਕ ਤੋਂ ਬਣੇ ਉਤਪਾਦ ਦਰਾਮਦ ਕਰਦੇ ਹਨ। ਭੋਜਨ ਪਦਾਰਥਾਂ ਦੀ ਕਮੀ ਅਤੇ ਮਾਰਕਿਟ ਦੀ ਅਰਾਜਕਤਾ ਨੇ ਹਾਲਾਤ ਹੋਰ ਮੁਸ਼ਕਿਲ ਕਰ ਦਿੱਤੇ ਹਨ।

ਅਮਰੀਕਾ ਦੀ ਅਗਵਾਈ ਵਾਲਾ ਸਾਮਰਾਜੀ ਤਾਕਤਾਂ ਦਾ ਸਾਂਝਾ ਗੱਠਜੋੜ (ਨਾਟੋ) ਯੂਕਰੇਨ ਦੀ ਧਰਤੀ 'ਤੇ ਅਸਿੱਧੀ ਜੰਗ ਲੜ ਰਿਹਾ ਹੈ। ਇਸ ਜੰਗ ਵਿਚ ਸਿੱਧੇ ਤੌਰ 'ਤੇ ਅਮਰੀਕਾ ਦਾ ਇਕ ਵੀ ਫੌਜੀ ਸ਼ਾਮਲ ਨਹੀਂ। ਅਮਰੀਕਾ ਸਿੱਧੇ ਰੂਪ ਵਿਚ ਯੂਕਰੇਨ ਦੀ ਮਦਦ ਕਰ ਕੇ ਇਸ ਜੰਗ ਨੂੰ ਰੂਸ ਬਨਾਮ ਨਾਟੋ ਬਣਾਉਣ ਤੋਂ ਕਤਰਾਉਂਦਾ ਹੈ। ਇਸ ਲਈ ਯੂਕਰੇਨ ਦੇ ਵਾਰ ਵਾਰ ਕਹਿਣ 'ਤੇ ਵੀ ਅਮਰੀਕਾ ਅਤੇ ਨਾਟੋ ਮੁਲਕ ਸਿੱਧੇ ਰੂਪ ਵਿਚ ਯੂਕਰੇਨ ਦੀ ਮਦਦ ਨਹੀਂ ਕਰ ਰਹੇ ਜਿਸ ਤੋਂ ਯੂਕਰੇਨੀ ਰਾਸ਼ਟਰਪਤੀ ਵਲਾਦੀਮੀਰ ਜ਼ੇਲਿੰਸਕੀ ਖਫਾ ਹੈ। ਵਧ ਰਹੇ ਲੋਕ ਰੋਹ ਕਾਰਨ ਯੂਰਪੀ ਯੂਨੀਅਨ ਦੇ ਪੱਛਮੀ ਖੇਮੇ ਦੇ ਕਈ ਮੁਲਕਾਂ ਅੰਦਰ ਜੰਗ ਨੂੰ ਲੈ ਕੇ ਆਪਸੀ ਵਿਰੋਧ ਖੜ੍ਹੇ ਹੋ ਰਹੇ ਹਨ ਤੇ ਉਹ ਹੌਲੀ ਹੌਲੀ ਪੈਰ ਪਿੱਛੇ ਖਿੱਚ ਰਹੇ ਹਨ। ਯੂਕਰੇਨ ਨੇ ਅਮਰੀਕਾ ਨੂੰ ਉਸ ਦੇ ਸਭ ਤੋਂ ਐਡਵਾਂਸ ਡਰੋਨ ਮੁਹੱਈਆ ਕਰਵਾਉਣ ਦੀ ਮਿੰਨਤ ਕੀਤੀ ਜਿਸ ਤੋਂ ਅਮਰੀਕਾ ਨੇ ਇਨਕਾਰ ਕਰ ਦਿੱਤਾ। ਦੂਜਾ, ਪਿਛਲੇ ਸਮੇਂ ਦੌਰਾਨ ਵਾਪਰੇ ਕੁਝ ਘਟਨਾਕ੍ਰਮ ਦਿਖਾਉਂਦੇ ਹਨ ਕਿ ਅਮਰੀਕਾ ਜ਼ੇਲਿੰਸਕੀ ਉੱਤੇ ਪੂਤਿਨ ਨਾਲ ਗੱਲਬਾਤ ਲਈ ਜ਼ੋਰ ਪਾ ਰਿਹਾ ਹੈ। ਸਤੰਬਰ ਵਿਚ ਅਮਰੀਕੀ ਅਧਿਕਾਰੀ ਬਲਿੰਕਨ ਅਤੇ ਅਮਰੀਕੀ ਰਾਸ਼ਟਰੀ ਸੁਰੱਖਿਆ ਸਲਾਹਕਾਰ ਜੇਕ ਸੁਲੀਵਾਨ ਦਾ ਅਚਾਨਕ ਯੂਕਰੇਨ ਦੀ ਰਾਜਧਾਨੀ ਕੀਵ ਦਾ ਦੌਰਾ ਇਨ੍ਹਾਂ ਯਤਨਾਂ ਦਾ ਹਿੱਸਾ ਹੈ। ਰੂਸ ਨੂੰ ਫੌਜੀ ਤੇ ਆਰਥਿਕ ਤੌਰ 'ਤੇ ਕਮਜ਼ੋਰ ਕਰਨ ਅਤੇ ਆਪਣੀਆਂ ਸਾਮਰਾਜਵਾਦੀ ਇਛਾਵਾਂ ਤਹਿਤ ਪਿਛਲੇ ਕਈ ਦਹਾਕਿਆਂ ਤੋਂ ਅਮਰੀਕਾ ਭਾਵੇਂ ਰੂਸ ਦੁਆਲੇ 14 ਨਾਟੋ ਮੁਲਕਾਂ ਰਾਹੀਂ ਘੇਰਾਬੰਦੀ ਕਰ ਰਿਹਾ ਹੈ ਪਰ ਹਾਲ ਦੀ ਘੜੀ ਉਸ ਦਾ ਮੁੱਖ ਦੁਸ਼ਮਣ ਚੀਨ ਹੈ। ਅਮਰੀਕਾ ਏਸ਼ੀਆ ਵਿਚ ਭਾਰਤ-ਚੀਨ ਸਰਹੱਦੀ ਵਿਵਾਦ ਵਧਾਉਣ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦੇਵੇਗਾ। ਇਸ ਲਈ ਰੂਸ ਖਿਲਾਫ ਯੂਕਰੇਨ ਨਾਲ ਸਿੱਧੀ ਜੰਗ ਦਾ ਹਿੱਸਾ ਬਣਨ ਦੀ ਬਜਾਇ ਅਮਰੀਕਾ ਯੂਕਰੇਨ ਨਾਲ ਸਿਰਫ ਹਥਿਆਰਾਂ ਦਾ 'ਕਾਰੋਬਾਰ' ਅਤੇ ਜੰਗੀ ਤਬਾਹੀ ਵਿਚ ਮਾਰੇ ਤੇ ਉਜਾੜੇ ਜਾ ਰਹੇ ਯੂਕਰੇਨੀ ਲੋਕਾਂ ਨੂੰ 'ਰਾਹਤ' ਦੇਣ ਲਈ ਸਿਰਫ 'ਲੋਨ' ਮੁਹੱਈਆ ਕਰਵਾ ਰਿਹਾ ਹੈ। ਇਉਂ ਯੂਕਰੇਨੀ ਲੋਕਾਂ ਉਤੇ ਇਹ ਵਿਦੇਸ਼ੀ ਕਰਜ਼ ਦਹਾਕਿਆਂ ਤੱਕ ਜੀਅ ਦਾ ਜੰਜਾਲ ਬਣਿਆ ਰਹੇਗਾ।

ਨਪੋਲੀਅਨ ਦੇ ਕਹੇ ਮੁਤਾਬਕ, ਯੁੱਧ ਸਾਰੀਆਂ ਸਮੀਕਰਨਾਂ ਵਿਚੋਂ ਸਭ ਤੋਂ ਗੁੰਝਲਦਾਰ ਹੈ ਪਰ ਨਵੰਬਰ ਦੀਆਂ ਘਟਨਾਵਾਂ ਨੂੰ ਆਉਣ ਵਾਲੇ ਦਿਨਾਂ ਵਿਚ ਯੂਕਰੇਨ ਜੰਗ ਪ੍ਰਤੀ ਸੰਸਾਰ ਸਾਮਰਾਜੀ ਤਾਕਤਾਂ ਦੇ ਸਮੀਕਰਨ, ਰੁਖ ਤੇ ਨੀਤੀ ਲਈ ਕਾਫੀ ਮਹੱਤਵਪੂਰਨ ਕਿਹਾ ਜਾ ਸਕਦਾ ਹੈ। ਆਮ ਤੌਰ 'ਤੇ ਜੰਗ ਦੌਰਾਨ ਦੁਨੀਆ ਦੇ ਸਭ ਤੋਂ ਉੱਨਤ ਤੇ ਨਵੀਨ ਤਕਨੀਕੀ ਹਥਿਆਰਾਂ ਦੀ ਅਜ਼ਮਾਇਸ਼ ਕੀਤੀ ਜਾਂਦੀ ਹੈ ਪਰ ਇਸ ਜੰਗ ਦੌਰਾਨ ਅਮਰੀਕਾ ਅਤੇ ਰੂਸ, ਦੋਵੇਂ ਤਾਕਤਾਂ ਅਜੇ ਤੱਕ ਇਨ੍ਹਾਂ ਬੇਹੱਦ ਘਾਤਕ ਉੱਚ ਤਕਨੀਕੀ ਹਥਿਆਰਾਂ, ਰਡਾਰ, ਡਰੋਨ, ਪਰਮਾਣੂ ਤੇ ਹੋਰ ਖਤਰਨਾਕ ਜੈਵਿਕ ਹਥਿਆਰਾਂ ਦੀ ਵਰਤੋਂ ਤੋਂ ਗੁਰੇਜ਼ ਕਰ ਰਹੀਆਂ ਹਨ। ਦੂਜਾ ਖੇਰਸਨ ਵਿਚੋਂ ਰੂਸ ਦੇ ਪਿੱਛੇ ਹਟਣ ਦੀ ਯੁੱਧਨੀਤੀ ਅਤੇ ਅਮਰੀਕੀ ਅਧਿਕਾਰੀਆਂ ਦੀ ਯੂਕਰੇਨ ਫੇਰੀ ਦੌਰਾਨ ਦੋਹਾਂ ਪਾਸਿਆਂ ਤੋਂ ਗੱਲਬਾਤ ਦੇ ਆਸਾਰ ਦੇਖਣ ਨੂੰ ਮਿਲੇ ਹਨ। ਤੀਜਾ, ਨਵੰਬਰ ਵਿਚ ਦੱਖਣ ਪੂਰਬੀ ਏਸ਼ੀਆ ਵਿਚ ਅਮਰੀਕੀ ਸਾਮਰਾਜੀਆਂ ਵੱਲੋਂ ਚੀਨ ਨੂੰ ਘੇਰਨ ਲਈ ਤਿੰਨ ਅਹਿਮ ਮੀਟਿੰਗਾਂ (ਕੰਬੋਡੀਆ ਦੇ ਨਾਮ ਪੇਨ੍ਹ ਵਿਚ ਐਸੋਸੀਏਸ਼ਨ ਆਫ ਸਾਊਥ-ਈਸਟ ਏਸ਼ੀਅਨ ਨੇਸ਼ਨਜ਼, ਇੰਡੋਨੇਸ਼ੀਆ ਦੇ ਬਾਲੀ ਸ਼ਹਿਰ ਵਿਚ ਜੀ-20 ਅਤੇ ਥਾਈਲੈਂਡ ਦੇ ਬੈਂਕਾਕ ਵਿਚ ਏਸ਼ੀਆ-ਪੈਸਿਫਿਕ ਇਕੋਨੋਮਿਕ ਕੋਆਪਰੇਸ਼ਨ) ਹੋਈਆਂ ਹਨ। ਇਨ੍ਹਾਂ ਮੀਟਿੰਗਾਂ ਵਿਚ ਦੱਖਣੀ-ਪੂਰਬੀ ਮੁਲਕਾਂ ਦੀ ਕਤਾਰਬੰਦੀ ਕਰ ਕੇ ਚੀਨ ਦੁਆਲੇ ਘੇਰਾਬੰਦੀ ਦੀ ਨੀਤੀ ਸਾਹਮਣੇ ਆਈ ਹੈ। ਇਨ੍ਹਾਂ ਮੀਟਿੰਗਾਂ ਵਿਚ ਅਮਰੀਕਾ ਨੇ ਤਾਇਵਾਨ ਜਿੱਥੇ ਪਹਿਲਾਂ ਹੀ ਚੀਨ-ਤਾਇਵਾਨ ਵਿਚਕਾਰ ਤਣਾਅ ਹੈ, ਦੇ ਨਾਲ ਨਾਲ ਸਿੰਗਾਪੁਰ, ਆਸਟਰੇਲੀਆ ਤੇ ਫਿਲਪੀਨਜ਼ ਨੂੰ ਚੀਨ ਖਿਲਾਫ ਵਰਤਣ ਲਈ ਮੋਹਰੇ ਬਣਾਇਆ ਹੈ। ਅਮਰੀਕਾ ਨੇ ਕੁਝ ਮਹੀਨਿਆਂ ਵਿਚ ਚੀਨ ਦੇ ਦੱਖਣੀ ਸਮੁੰਦਰੀ ਹਿੱਸੇ ਵਾਲੇ ਦੇਸ਼ ਫਿਲਪੀਨਜ਼ ਜਿੱਥੇ ਉਸ ਦਾ ਫੌਜੀ ਅੱਡਾ ਵੀ ਹੈ, ਨਾਲ ਕਈ ਸਮਝੌਤੇ ਕੀਤੇ ਹਨ। ਹਿੰਦ ਪ੍ਰਸ਼ਾਂਤ ਮਹਾਂਸਾਗਰ ਰਾਹੀਂ ਚੀਨ ਨੂੰ ਘੇਰਨ ਲਈ ਵੀ ਅਮਰੀਕਾ ਯਤਨਸ਼ੀਲ ਹੈ। ਪਿਛਲੇ ਦਹਾਕੇ ਤੋਂ ਚੀਨ ਦਾ ਏਸ਼ੀਆ 'ਚ ਵਪਾਰ ਅਤੇ ਪ੍ਰਭਾਵ ਵਧ ਰਿਹਾ ਹੈ। ਇਸ ਨੂੰ ਠੱਲ੍ਹਣ ਲਈ ਰੂਸ ਤੋਂ ਬਾਅਦ ਅਮਰੀਕਾ ਦਾ ਅਗਲਾ ਨਿਸ਼ਾਨਾ ਦੱਖਣੀ-ਪੂਰਬੀ ਏਸ਼ੀਆ ਵਿਚ ਅਸ਼ਾਂਤੀ ਫੈਲਾਉਣਾ ਹੈ।





*ਲੰਡਨ ਵਿਚ ਜੰਗ ਖਿਲਾਫ ਰੋਸ ਵਿਖਾਵੇ ਦੀ ਝਲਕ।*

ਮੌਜੂਦਾ ਸਮੇਂ ਵਿਚ ਗਹਿਰੇ ਸੰਕਟ ਵੱਲ ਵਧ ਰਹੀ ਗਲੋਬਲ ਆਰਥਿਕਤਾ ਦਾ ਸੰਕਟ ਕੋਈ ਪਹਿਲਾ ਜਾਂ ਆਖਰੀ ਸੰਕਟ ਨਹੀਂ ਬਲਕਿ ਇਹ ਸੰਕਟਾਂ ਦੀ ਇੱਕ ਹੋਰ ਕੜੀ ਹੈ। ਸੰਸਾਰ ਵਿਚ ਇਹ ਰੁਝਾਨ ਹੈ ਕਿ ਸਾਮਰਾਜੀ ਮੁਲਕ ਭੁੱਖ, ਗਰੀਬੀ, ਜੰਗ ਤੇ ਮਹਿੰਗਾਈ ਦੀਆਂ ਅਲਾਮਤਾਂ ਨਾਲ ਅੱਗੇ ਵਧ ਰਹੇ ਗਲੋਬਲ ਆਰਥਿਕ ਸੰਕਟ ਦਾ ਬੋਝ ਦੁਨੀਆ ਦੇ ਕਮਜ਼ੋਰ ਮੁਲਕਾਂ ਅਤੇ ਦੁਨੀਆ ਭਰ ਦੀ ਮਿਹਨਤਕਸ਼ ਜਮਾਤ ਉੱਪਰ ਲੱਦ ਰਹੇ ਹਨ; ਭਾਵ, ਸੰਕਟ ਵੰਡ ਕਰ ਰਹੇ ਹਨ। ਵਿਕਸਿਤ ਪੂੰਜੀਵਾਦੀ ਦੇਸ਼ਾਂ ਦੇ ਕੇਂਦਰੀ ਬੈਂਕ ਵਿਆਜ ਦਰਾਂ ਵਧਾ ਰਹੇ ਹਨ। ਅਮਰੀਕੀ ਕੇਂਦਰੀ ਬੈਂਕਾਂ ਦੀਆਂ ਵਿਆਜ ਦਰਾਂ 3.75% ਤੱਕ ਅੱਪੜ ਗਈਆਂ ਹਨ। ਦਰਾਂ ਵਧਣ ਨਾਲ ਅਮਰੀਕਾ ਦੇ ਕਰਜ਼ਦਾਰ ਦੇਸ਼ ਜੋ ਪਹਿਲਾਂ ਹੀ ਗਹਿਰੇ ਆਰਥਿਕ ਸੰਕਟ ਨਾਲ ਜੂਝ ਰਹੇ ਹਨ, ਵਿਚ ਕਰਜ਼ ਅਦਾਇਗੀ ਰਕਮ ਵਿਚ ਬੇਤਹਾਸ਼ਾ ਵਾਧਾ, ਵਪਾਰਕ ਦਰਾਂ ਤੇ ਦਰਾਮਦ ਲਾਗਤਾਂ ਵਿਚ ਵਾਧਾ ਅਤੇ ਸਥਾਨਕ ਮੁਦਰਾ ਸੰਕਟ ਖੜ੍ਹਾ ਹੋ ਰਿਹਾ ਹੈ। ਅਮਰੀਕਾ ਅੰਦਰ ਮਹਿੰਗਾਈ ਅਤੇ ਉੱਚੀਆਂ ਵਿਆਜ ਦਰਾਂ ਕਾਰਨ ਲੋਕ ਰੋਹ ਵਧ ਰਿਹਾ ਹੈ। ਅਮਰੀਕੀ ਵੋਟਰਾਂ ਲਈ ਜੰਗ ਨਾਲੋਂ ਮਹਿੰਗਾਈ ਵੱਡੀ ਸਮੱਸਿਆ ਹੈ। ਮਹਿੰਗਾਈ ਨੂੰ ਲੈ ਕੇ ਲੋਕ ਰੋਹ ਦੀ ਇਹ ਕਾਂਗ ਰੂਸ ਅਤੇ ਯੂਰਪ ਵਿਚ ਵੀ ਫੈਲ ਰਹੀ ਹੈ। ਆਈ.ਐਮ.ਐਫ. ਦੇ ਸਾਬਕਾ ਅਰਥ ਸ਼ਾਸਤਰੀ ਮੌਰਿਸ ਓਬਸਟਫੀਲਡ ਦੀ ਚਿਤਾਵਨੀ ਕਿ ਭੋਜਨ ਦੀਆਂ ਵਧਦੀਆਂ ਕੀਮਤਾਂ ਸਮਾਜਿਕ ਅਸ਼ਾਂਤੀ ਪੈਦਾ ਕਰ ਸਕਦੀਆਂ ਹਨ, ਦੇ ਚਿੰਨ੍ਹ ਉੱਘੜ ਰਹੇ ਹਨ।

ਯੂਕਰੇਨ ਜੰਗ ਸਾਮਰਾਜਵਾਦੀ ਇੱਛਾਵਾਂ ਤਹਿਤ ਲੜੀ ਜਾ ਰਹੀ ਪੂੰਜੀਵਾਦੀ ਹਿੱਤਾਂ ਦੇ ਆਪਸੀ ਵਿਰੋਧ ਦੀ ਜੰਗ ਹੈ। ਇਸ ਦਾ ਮਕਸਦ ਯੂਕਰੇਨੀ ਕੌਮ ਦੀ ਬੰਦਖਲਾਸੀ ਜਾਂ ਪ੍ਰਭੂਸੱਤਾ ਦੀ ਰਾਖੀ ਨਹੀਂ ਬਲਕਿ ਸਾਮਰਾਜੀ ਪਸਾਰਵਾਦੀ ਆਰਥਿਕ-ਸਿਆਸੀ ਮੰਤਵ ਦੀ ਪੂਰਤੀ ਹੈ। ਦੁਨੀਆ ਪਹਿਲਾਂ ਵਰਗੀ ਨਹੀਂ ਰਹੀ ਜਦੋਂ ਅਮਰੀਕਾ ਇਕਲੌਤੀ ਪਰਮਾਣੂ ਸ਼ਕਤੀ ਸੀ। ਅੱਜ ਵੱਡੀ ਤਦਾਦ ਵਿਚ ਪਰਮਾਣੂ ਹਥਿਆਰ ਵਿਕਸਿਤ ਹੋ ਚੁੱਕੇ ਹਨ ਅਤੇ ਜਿਸ ਤੇਜ਼ੀ ਨਾਲ ਮੁਨਾਫੇ ਤੇ ਚੌਧਰ ਦੀ ਹਲਕ ਵਧ ਰਹੀ ਹੈ, ਇਹ ਜੰਗ ਕੁਲ ਆਲਮ, ਧਰਤੀ 'ਤੇ ਵਸਦੀ ਮਨੁੱਖਤਾ ਨੂੰ ਧਮਕੀ ਸਮਾਨ ਹੈ। ਜਿੱਥੇ ਇਹ ਅੱਜ ਯੂਕਰੇਨੀ ਲੋਕਾਂ ਲਈ ਘਾਤਕ ਤੇ ਤਬਾਹਕੁਨ ਸਾਬਤ ਹੋ ਰਹੀ ਹੈ ਉੱਥੇ ਇਸ ਦੇ ਅਸਰ ਕੁੱਲ ਆਲਮ ਲਈ ਵੀ ਘਾਤਕ ਹਨ। ਇਹ 'ਲੋਕਤੰਤਰੀ' ਅਮਰੀਕਾ ਤੇ ਉਸ ਦੇ ਨਾਟੋ ਸੰਗੀਆਂ ਅਤੇ 'ਤਾਨਾਸ਼ਾਹ' ਰੂਸ-ਚੀਨ ਵਿਚਕਾਰ ਜੰਗ ਹੈ। ਇਨ੍ਹਾਂ ਵਿਚੋਂ ਕੋਈ ਵੀ ਸਾਮਰਾਜੀ ਮੁਲਕ ਮਨੁੱਖਤਾ ਲਈ ਜੰਗ ਨਹੀਂ ਲੜ ਰਿਹਾ।

ਇਸ ਜੰਗ ਦੌਰਾਨ ਅਮਰੀਕਾ ਨੇ ਰੂਸ ਦੇ ਯੂਰਪ ਵਿਚ ਵਪਾਰ ਨੂੰ ਸੱਟ ਮਾਰਨ ਅਤੇ ਆਪਣੇ ਵਪਾਰਕ ਹਿੱਤ ਵਧਾਉਣ ਲਈ ਯੂਕਰੇਨ ਨੂੰ ਅੱਗੇ ਲਾ ਕੇ ਰੂਸ ਉੱਤੇ ਆਰਥਿਕ ਰੋਕਾਂ ਲਾਈਆਂ। ਰੂਸ ਉੱਤੇ ਪਾਬੰਦੀਆਂ ਮੜ੍ਹ ਕੇ ਇਸ ਨੇ ਹਥਿਆਰਾਂ, ਕਰਜ਼ਿਆਂ ਅਤੇ ਯੂਰਪੀ ਤੇ ਦੱਖਣੀ-ਪੂਰਬੀ ਮੁਲਕਾਂ ਨਾਲ ਵਪਾਰ ਰਾਹੀਂ ਮੋਟੇ ਮੁਨਾਫੇ ਕਮਾਏ। ਦੂਜੇ ਪਾਸੇ ਰੂਸ ਨੇ ਤੁਰਕੀ, ਚੀਨ, ਭਾਰਤ, ਜਪਾਨ, ਸਪੇਨ, ਬ੍ਰਾਜ਼ੀਲ ਆਦਿ ਅਨੇਕਾਂ ਮੁਲਕਾਂ ਨਾਲ ਵਪਾਰ ਵਿਚ ਚੋਖਾ ਵਾਧਾ ਕੀਤਾ। ਉਧਰ ਚੀਨ ਨੇ ਮੱਧ-ਪੂਰਬ, ਦੱਖਣੀ-ਕੇਂਦਰੀ ਏਸ਼ੀਆ ਅਤੇ ਲਾਤੀਨੀ ਅਮਰੀਕਾ ਦੇ ਅਮਰੀਕੀ ਸਾਮਰਾਜ ਵਿਰੋਧੀ ਮੁਲਕਾਂ ਨਾਲ ਆਪਣੀ ਮੰਡੀ ਦਾ ਵਿਸਥਾਰ ਕੀਤਾ।

ਜਿੱਥੇ ਕੁੱਲ ਸੰਸਾਰ ਜੰਗ ਦੀ ਮਾਰ ਝੱਲ ਰਿਹਾ ਹੈ ਉੱਥੇ ਯੂਕਰੇਨ ਦੇ ਨਿਰਦੋਸ਼ ਲੋਕ ਸਿੱਧੇ ਅਤੇ ਤਿੱਖੇ ਹਮਲਿਆਂ ਹੇਠ ਜੀਅ ਰਹੇ ਹਨ। ਸਤੰਬਰ 2022 ਦੇ ਯੂਕਰੇਨ ਦੇ ਸਰਕਾਰੀ ਅੰਕੜਿਆਂ ਮੁਤਾਬਕ ਜੰਗ ਦੌਰਾਨ ਮਹਿੰਗਾਈ ਦੀ ਦਰ 24.6% ਅਤੇ ਕੱਚੇ ਭੋਜਨ ਪਦਾਰਥਾਂ ਦੀਆਂ ਕੀਮਤਾਂ ਵਿਚ 40.9% ਦਾ ਵਾਧਾ ਹੋਇਆ ਹੈ। ਸੰਯੁਕਤ ਰਾਸ਼ਟਰ ਦੇ ਖੁਰਾਕ ਤੇ ਖੇਤੀਬਾੜੀ ਸੰਗਠਨ ਮੁਤਾਬਕ 2022 ਵਿਚ ਜੰਗ ਕਾਰਨ ਯੂਕਰੇਨ ਦੀ 30% ਖੇਤੀ ਯੋਗ ਜ਼ਮੀਨ ਬਿਨਾ ਬੀਜੇ ਅਤੇ ਬਿਨਾ ਕਟਾਈ ਦੇ ਖਾਲੀ ਰਹਿ ਜਾਵੇਗੀ। ਇਸ ਦਾ ਅਸਰ ਯੂਕਰੇਨ ਦੀ ਆਰਥਿਕਤਾ 'ਤੇ ਪਵੇਗਾ, ਨਾਲ ਹੀ ਆਉਣ ਵਾਲੇ ਦਿਨਾਂ ਵਿਚ ਗਲੋਬਲ ਭੋਜਨ ਉਤਪਾਦਾਂ ਦੀਆਂ ਕਮੀ ਅਤੇ ਕੀਮਤਾਂ ਵੀ ਹੋਰ ਵੱਧ ਮਾਰ ਕਰਨਗੀਆਂ। ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰਾਂ ਦੇ ਹਾਈ ਕਮਿਸ਼ਨ ਮੁਤਾਬਕ 11 ਦਸੰਬਰ 2022 ਤੱਕ ਯੂਕਰੇਨ ਵਿਚ 6755 ਨਾਗਰਿਕਾਂ ਦੀ ਮੌਤ ਹੋ ਚੁੱਕੀ ਹੈ। ਇਸ ਤੋਂ ਇਲਾਵਾ ਜੰਗ ਦੌਰਾਨ ਨਸ਼ਾ ਮਾਫੀਆ ਅਤੇ ਸਾਈਬਰ ਅਪਰਾਧ ਸਿਖਰਾਂ 'ਤੇ ਹੈ। ਯੂਕਰੇਨੀ ਆਰਥਿਕ ਮੰਤਰਾਲੇ ਮੁਤਾਬਕ ਜੰਗ ਦੌਰਾਨ ਕਰੀਬ 50 ਲੱਖ ਲੋਕ ਨੌਕਰੀਆਂ ਗੁਆ ਕੇ ਬੇਰੁਜ਼ਗਾਰਾਂ ਦੀ ਕਤਾਰ ਵਿਚ ਲੱਗ ਗਏ ਹਨ। ਯੂਕਰੇਨੀ ਰਾਸ਼ਟਰੀ ਬੈਂਕ ਦੇ ਅੰਦਾਜ਼ੇ ਮੁਤਬਕ 11% ਧੰਦੇ ਬੰਦ ਹੋ ਚੁੱਕੇ ਹਨ ਅਤੇ ਅੱਧੇ ਤੋਂ ਵੱਧ ਧੰਦੇ ਸਮਰੱਥਾ ਤੋਂ ਘੱਟ ਕੰਮ ਕਰ ਰਹੇ ਹਨ। ਯੂਨਾਨੀ ਦਾਰਸ਼ਨਿਕ ਐਸਕੇਲਸ ਦਾ ਕਥਨ ਹੈ ਕਿ 'ਜੰਗ ਵਿਚ ਪਹਿਲੀ ਮੌਤ ਸੱਚ ਦੀ ਹੁੰਦੀ ਹੈ।' ਇਹ ਕਥਨ ਯੂਕਰੇਨ ਜੰਗ 'ਤੇ ਢੁੱਕਦਾ ਹੈ। ਯੂਕਰੇਨ ਵਿਚ ਰੂਸੀ ਤੇ ਪੱਛਮੀ ਮੀਡੀਆ ਅਤੇ ਹੈਕਟਿਵਿਸਟਾਂ ਦੇ ਕਈ ਗਰੁੱਪ ਸਰਗਰਮ ਹਨ ਜੋ ਸਿਆਸੀ ਮੁਫਾਦਾਂ ਤਹਿਤ ਝੂਠ ਦਾ ਵਪਾਰ ਕਰ ਰਹੇ ਹਨ। ਇਰਾਨ, ਇਰਾਕ, ਅਫਗਾਨਿਸਤਾਨ, ਸੀਰੀਆ ਵਿਚ ਜੰਗੀ ਤਬਾਹੀ ਦੇ ਤੱਥਾਂ ਤੋਂ ਜ਼ਾਹਿਰ ਹੈ ਕਿ ਜੰਗ ਕਾਰਨ ਯੂਕਰੇਨ ਅੰਦਰ ਹੋਈ ਤਬਾਹੀ ਤੇ ਜਾਨੀ-ਮਾਲੀ ਨੁਕਸਾਨ ਦੀ ਭਰਪਾਈ ਕਈ ਪੀੜ੍ਹੀਆਂ ਤੱਕ ਨਹੀਂ ਹੋਣੀ।

# ਸਾਂਝਾ ਪੰਜਾਬ ਅਤੇ ਚੌਧਰੀ ਛੋਟੂ ਰਾਮ

*(ਪਿਛਲੇ ਸਫੇ ਦੀ ਬਾਕੀ)*

ਮੰਤਰੀਆਂ ਦੀ ਮੀਟਿੰਗ ਬੁਲਾਈ ਤਾਂ ਉਸ ਨੇ ਭਾਰਤ ਤੋਂ ਵਿਦੇਸ਼ ਭੇਜੀ ਜਾਣ ਵਾਲੀ ਕਣਕ ਦਾ ਮੁੱਲ ਛੇ ਰੁਪਏ ਮਣ ਰੱਖਣਾ ਚਾਹਿਆ ਪਰ ਮੰਡੀ ਵਿਚ ਕਣਕ ਦਸ ਰੁਪਏ ਮਣ ਵਿਕ ਰਹੀ ਸੀ। ਇਸ ਤੋਂ ਪਹਿਲਾਂ ਸਰਕਾਰ ਬੰਗਾਲ ਦੇ ਕਿਸਾਨਾਂ ਕੋਲੋਂ ਚੌਲ ਬਹੁਤ ਸਸਤੇ ਭਾਅ ਖਰੀਦ ਚੁੱਕੀ ਸੀ ਅਤੇ 30 ਲੱਖ ਬੰਗਾਲੀ ਭੁੱਖਮਰੀ ਦਾ ਸ਼ਿਕਾਰ ਹੋ ਗਏ ਸਨ। ਛੋਟੂ ਰਾਮ ਇਸ ਤੋਂ ਚੰਗੀ ਤਰ੍ਹਾਂ ਜਾਣੂ ਸੀ। ਉਹ ਪੰਜਾਬ ਨੂੰ ਬੰਗਾਲ ਵਾਲੇ ਹਾਲਾਤ ਵਿਚ ਕਿਸੇ ਵੀ ਕੀਮਤ 'ਤੇ ਧੱਕਣਾ ਨਹੀਂ ਚਾਹੁੰਦੇ ਸਨ। ਉਨ੍ਹਾਂ ਵਾਇਸਰਾਇ ਨੂੰ ਕਿਹਾ ਕਿ ਪੰਜਾਬ ਤੋਂ ਕਣਕ ਦਾ ਦਾਣਾ ਵੀ 10 ਰੁਪਏ ਮਣ ਤੋਂ ਘੱਟ ਕੀਮਤ ਮਿਲੇ ਬਗੈਰ ਬਾਹਰ ਨਹੀਂ ਜਾਵੇਗਾ ਅਤੇ ਜੇ ਧੱਕਾ ਕੀਤਾ ਗਿਆ ਤਾਂ ਪੰਜਾਬੀ ਆਪਣੀ ਖੜ੍ਹੀ ਫਸਲ ਨੂੰ ਅੱਗ ਲਾ ਦੇਣਗੇ। ਵਾਇਸਰਾਇ ਅੱਗ ਬਬੂਲਾ ਹੋ ਕੇ ਉੱਠ ਕੇ ਚਲਾ ਗਿਆ ਅਤੇ ਪੰਜਾਬ ਦੇ ਗਵਰਨਰ ਨੂੰ ਹੁਕਮ ਦਿੱਤਾ ਕਿ ਛੋਟੂ ਰਾਮ ਤੋਂ ਮੰਤਰੀ ਦਾ ਪਦ ਵਾਪਸ ਲੈ ਲਿਆ ਜਾਵੇ ਪਰ ਗਵਰਨਰ ਨੇ ਵਾਇਸਰਾਇ ਨੂੰ ਸਲਾਹ ਦਿੱਤੀ ਕਿ ਜੇ ਅਜਿਹਾ ਹੋਇਆ ਤਾਂ ਪੰਜਾਬ ਹੀ ਨਹੀਂ ਬਲਕਿ ਬਾਹਰ ਵੀ ਗੜਬੜ ਹੋ ਜਾਵੇਗੀ। ਅੰਗਰੇਜ਼ ਸਰਕਾਰ ਨੂੰ ਕਣਕ 10 ਰੁਪਏ ਮਣ ਹੀ ਖਰੀਦਣੀ ਪਈ।

ਮੁਸਲਮਾਨਾਂ ਲਈ ਵੱਖਰੇ ਮੁਲਕ ਦੀ ਮੰਗ ਕਰਨ ਵਾਲੀ ਮੁਸਲਿਮ ਲੀਗ ਅਤੇ ਇਸ ਦੇ ਨੇਤਾ ਮੁਹੰਮਦ ਅਲੀ ਜਿਨਾਹ ਨੂੰ ਮੁਸਲਿਮ ਬਹੁਗਿਣਤੀ ਸੂਬੇ ਪੰਜਾਬ ਵਿਚ ਧਰਮ ਨਿਰਪੱਖ ਪਾਰਟੀ 'ਯੂਨੀਅਨਿਸਟ ਪਾਰਟੀ/ਜ਼ਿਮੀਂਦਾਰਾ ਲੀਗ' ਦੇ ਸੱਤਾ ਵਿਚ ਆਉਣਾ ਹਜ਼ਮ ਨਹੀਂ ਹੋ ਰਿਹਾ ਸੀ। ਉਹ ਵੱਖਰੇ ਮੁਲਕ ਦੀ ਮੰਗ ਦੇ ਰਾਹ ਵਿਚ ਸਰ ਛੋਟੂ ਰਾਮ ਨੂੰ ਵੱਡਾ ਰੋੜਾ ਸਮਝਦਾ ਸੀ। ਫ਼ਜ਼ਲ ਹੁਸੈਨ ਅਤੇ ਸਿਕੰਦਰ ਹਿਆਤ ਖਾਨ ਨੂੰ ਵਰਗਲਾਉਣ ਵਿਚ ਉਹ ਪੂਰੀ ਤਰ੍ਹਾਂ ਅਸਫਲ ਹੋ ਗਿਆ ਸੀ। ਨਤੀਜੇ ਵਜੋਂ ਉਸ ਨੇ ਸਰ ਛੋਟੂ ਰਾਮ ਨੂੰ ਵਰਗਲਾਉਣਾ ਚਾਹਿਆ। 'ਮਮਦੋਟ ਵਿਲਾ' ਵਿਚ ਦੋਹਾਂ ਲੀਡਰਾਂ ਦਰਮਿਆਨ ਮੀਟਿੰਗ ਰੱਖੀ ਗਈ। ਜਿਨਾਹ ਨੇ ਸਰ ਛੋਟੂ ਰਾਮ ਨੂੰ ਪੰਜਾਬ ਦੀ ਵਜ਼ਾਰਤ ਵਿਚ ਬਹੁਗਿਣਤੀ ਮੁਸਲਮਾਨ ਮੈਂਬਰਾਂ ਦੇ ਹਵਾਲੇ ਤੋਂ ਉਨ੍ਹਾਂ ਨੂੰ ਮੁਸਲਿਮ ਲੀਗ ਨਾਲ ਮਿਲ ਕੇ ਚੱਲਣ ਦੀ ਸਲਾਹ ਦਿੱਤੀ। ਇਹ ਲਾਲਚ ਵੀ ਦਿੱਤਾ ਕਿ ਮੁਸਲਿਮ ਲੀਗ ਦੀ ਸਰਕਾਰ ਵਿਚ ਉਨ੍ਹਾਂ ਦੇ ਮੰਤਰੀ ਪਦ ਦਾ ਅਹੁਦਾ ਬਰਕਰਾਰ ਰਹੇਗਾ ਪਰ ਛੋਟੂ ਰਾਮ ਨੇ ਸਾਫ ਇਨਕਾਰ ਕਰਦੇ ਹੋਏ ਕਿਹਾ ਕਿ ਪੰਜਾਬ ਵਿਚ ਯੂਨੀਅਨਿਸਟ ਸਰਕਾਰ ਹਿੰਦੂ, ਮੁਸਲਮਾਨ ਅਤੇ ਸਿੱਖਾਂ ਦੀ ਸਾਂਝੀ ਸਰਕਾਰ ਹੈ। ਜੇ ਕੁਝ ਮੁਸਲਮਾਨ ਮੈਂਬਰ ਸਾਡੇ ਵਿਰੋਧ ਵਿਚ ਚਲੇ ਵੀ ਜਾਣ ਤਾਂ ਓਨੇ ਹੀ ਹੋਰ ਵਿਰੋਧੀ ਮੈਂਬਰ ਸਾਡੇ ਨਾਲ ਆ ਜਾਣਗੇ। ਸਾਡੀ ਸਰਕਾਰ ਟੁੱਟਣ ਦੀ ਬਜਾਇ ਹੋਰ ਮਜ਼ਬੂਤ ਹੋਵੇਗੀ। ਜਿਨਾਹ ਨੇ ਦੋ ਵਾਰ ਸਰ ਛੋਟੂ ਰਾਮ ਨਾਲ ਮੁਲਾਕਾਤ ਕੀਤੀ। ਦੂਜੀ ਵਾਰ ਜਿਨਾਹ ਨੇ ਹਾਂ ਜਾਂ ਨਾਂਹ ਵਿਚ ਜਵਾਬ ਮੰਗਿਆ ਤਾਂ ਛੋਟੂ ਰਾਮ ਨੇ ਮੇਜ਼ 'ਤੇ ਮੁੱਕਾ ਮਾਰ ਕੇ ਠੋਕਵਾਂ ਜਵਾਬ ਦਿੱਤਾ। ਜਿਨਾਹ ਨੂੰ ਇੰਨੇ ਕੋਰੇ ਜਵਾਬ ਦੀ ਆਸ ਨਹੀਂ ਸੀ। ਉਸ ਤੋਂ ਬਾਅਦ ਉਹ ਹਰ ਜਗ੍ਹਾ ਸਰ ਛੋਟੂ ਰਾਮ ਬਾਰੇ ਜ਼ਹਿਰ ਉਗਲਣ ਲੱਗਾ। ਸਰ ਛੋਟੂ ਰਾਮ ਨੇ ਉਸ ਨੂੰ ਚੌਵੀ ਘੰਟੇ ਦੇ ਵਿਚ ਵਿਚ ਪੰਜਾਬ ਤੋਂ ਬਾਹਰ ਜਾਣ ਦਾ ਹੁਕਮ ਦੇ ਦਿੱਤਾ ਅਤੇ ਜਿਨਾਹ ਅਗਲੇ ਹੀ ਦਿਨ ਕਸ਼ਮੀਰ ਪਹੁੰਚ ਗਿਆ।

ਫ਼ਜ਼ਲ-ਏ-ਹੁਸੈਨ ਅਤੇ ਸਿਕੰਦਰ ਹਯਾਤ ਖਾਨ ਦੀ ਮੌਤ ਤੋਂ ਬਾਅਦ ਯੂਨੀਅਨਿਸਟ ਪਾਰਟੀ ਦੀ ਸਾਰੀ ਜ਼ਿੰਮੇਵਾਰੀ ਹੁਣ ਸਰ ਛੋਟੂ ਰਾਮ ਦੇ ਸਿਰ ਸੀ। ਪੰਜਾਬ ਵਿਚ ਫਿਰਕੂ ਤਾਕਤਾਂ ਭਾਰੀ ਹੋ ਰਹੀਆਂ ਸਨ। ਅਜਿਹੇ ਨਾਜ਼ੁਕ ਦੌਰ ਵਿਚ ਸਰ ਛੋਟੂ ਰਾਮ ਨੇ ਖਿਜ਼ਰ ਹਯਾਤ ਖਾਨ ਟਿਵਾਣਾ ਨੂੰ ਪੰਜਾਬ ਦਾ ਪ੍ਰੀਮੀਅਰ ਬਣਾਇਆ। ਪਾਰਟੀ ਦੇ ਕਈ ਲੀਡਰਾਂ ਦੇ ਮੁੰਡੇ ਮੁਸਲਿਮ ਲੀਗ ਵੱਲ ਹੋ ਗਏ। ਸਿਕੰਦਰ ਹਯਾਤ ਖਾਨ ਦਾ ਲੜਕਾ ਸ਼ੌਕਤ ਹਯਾਤ ਖਾਨ ਵੀ ਮੁਸਲਿਮ ਲੀਗ ਦੀ ਹਮਾਇਤ ਕਰਨ ਲੱਗਾ ਪਰ ਖਿਜ਼ਰ ਨੇ ਉਸ ਨੂੰ ਆਪਣੀ ਵਜ਼ਾਰਤ ਵਿਚ ਮੰਤਰੀ ਬਣਾ ਲਿਆ ਤਾਂ ਜੋ ਉਹ ਇਸ ਪਾਸੇ ਹੀ ਰਹੇ। ਉਹ ਵਜ਼ਾਰਤ ਦੇ ਸਾਰੇ ਭੇਤ ਜਿਨਾਹ ਨੂੰ ਦੇਣ ਲੱਗ ਪਿਆ। ਆਖਿਰ ਸਰ ਛੋਟੂ ਰਾਮ ਅਤੇ ਖਿਜ਼ਰ ਨੇ ਉਸ ਨੂੰ ਬਾਹਰ ਦਾ ਰਾਹ ਦਿਖਾ ਦਿੱਤਾ। ਜੋ ਹਿੰਦੂ ਤੇ ਸਿੱਖ ਨੇਤਾ ਪਹਿਲਾਂ ਛੋਟੂ ਰਾਮ ਦੇ ਖਿਲਾਫ ਸਨ, ਉਹ ਸਰ ਛੋਟੂ ਰਾਮ ਦੀ ਸ਼ਰਨ ਵਿਚ ਆ ਗਏ। ਫਿਰਕੂ ਆਧਾਰ 'ਤੇ ਪੰਜਾਬ ਵੰਡ ਦੀ ਵਿਰੋਧੀ ਬੱਸ ਹੁਣ ਯੂਨੀਅਨਿਸਟ ਪਾਰਟੀ ਹੀ ਸੀ। ਇਨ੍ਹੀਂ ਦਿਨੀਂ ਸਰ ਛੋਟੂ ਰਾਮ ਦੀ ਸਿਹਤ ਖਰਾਬ ਰਹਿਣ ਲੱਗ ਪਈ। ਡਾਕਟਰਾਂ ਨੇ ਆਰਾਮ ਦੀ ਸਲਾਹ ਦਿੱਤੀ ਪਰ ਉਹ ਪੰਜਾਬ ਦੇ ਕੋਨੇ ਕੋਨੇ ਵਿਚ ਜਾ ਕੇ ਤਕਰੀਰਾਂ ਕਰਦੇ ਅਤੇ ਲੋਕਾਂ ਨੂੰ ਸਮਝਾਉਂਦੇ ਕਿ ਇਕੱਠੇ ਰਹਿਣ ਵਿਚ ਹੀ ਸਭ ਦਾ ਭਲਾ ਹੈ।

ਉੱਤਰੀ ਭਾਰਤ ਨੂੰ ਰੌਸ਼ਨ ਕਰਨ ਵਾਲਾ ਭਾਖੜਾ ਡੈਮ ਅਸਲ ਵਿਚ ਸਰ ਛੋਟੂ ਰਾਮ ਦੀ ਹੀ ਦੇਣ ਹੈ। ਆਜ਼ਾਦੀ ਤੋਂ ਬਾਅਦ ਨਵੀਆਂ ਬਣੀਆਂ ਸਰਕਾਰਾਂ ਨੇ ਇਸ ਦਾ ਸਿਹਰਾ ਵੀ ਆਪਣੇ ਸਿਰ ਸਜਾ ਲਿਆ। ਭਾਖੜਾ ਡੈਮ ਯੋਜਨਾ ਨੂੰ ਲੈ ਕੇ 1944 ਵਿਚ ਪੰਜਾਬ ਸਰਕਾਰ ਅਤੇ ਰਿਆਸਤ ਬਿਲਾਸਪੁਰ ਵਿਚ ਲਿਖਤੀ ਸਮਝੌਤਾ ਸਰ ਛੋਟੂ ਰਾਮ ਦੇ ਯਤਨਾਂ ਨਾਲ ਹੀ ਸਿਰੇ ਚੜ੍ਹਿਆ ਸੀ। ਸਮਝੌਤੇ ਦੀ ਹਰ ਸ਼ਰਤ ਕਲਮਬੱਧ ਕਰ ਕੇ ਅੰਤਿਮ ਰੂਪ ਵਿਚ 8 ਜਨਵਰੀ, 1945 ਨੂੰ ਸਰ ਛੋਟੂ ਰਾਮ ਨੇ ਇਸ ਉੱਤੇ ਦਸਤਖ਼ਤ ਕੀਤੇ ਪਰ ਇਸ ਯੋਜਨਾ ਦੇ ਕਰਤਾ-ਧਰਤਾ ਸਰ ਛੋਟੂ ਰਾਮ ਦੀ ਅਗਲੇ ਹੀ ਦਿਨ 9 ਜਨਵਰੀ ਦੀ ਸਵੇਰ ਨੂੰ ਲਾਹੌਰ ਵਿਚ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ। ਉਨ੍ਹਾਂ ਦੀ ਮੌਤ ਤੋਂ ਬਾਅਦ ਯੂਨੀਅਨਿਸਟ ਪਾਰਟੀ ਦਾ ਪਤਨ ਸ਼ੁਰੂ ਹੋ ਗਿਆ। ਫਿਰਕੂ ਤਾਕਤਾਂ ਦਿਨੋ-ਦਿਨ ਭਾਰੂ ਪੈਂਦੀਆਂ ਗਈਆਂ। ਸਰ ਛੋਟੂ ਰਾਮ ਦਾ ਦਿੱਲੀ ਤੋਂ ਰਾਵਲਪਿੰਡੀ ਤੱਕ ਪੰਜਾਬ ਨੂੰ ਇੱਕ ਰੱਖਣ ਦਾ ਸੁਪਨਾ ਚੂਰ ਚੂਰ ਹੋ ਗਿਆ। ਮੁਸਲਿਮ ਲੀਗ ਨੇ ਖਿਜ਼ਰ ਦੀ ਸਰਕਾਰ ਦੇ ਪੈਰ ਨਾ ਲੱਗਣ ਦਿੱਤੇ ਅਤੇ ਪੰਜਾਬ ਦੀ ਵੰਡ ਦਾ ਰਾਹ ਪੱਧਰ ਹੋ ਗਿਆ। ਵਰਤਮਾਨ ਚੜ੍ਹਦੇ ਲਹਿੰਦੇ ਪੰਜਾਬ, ਹਰਿਆਣਾ ਅਤੇ ਹਿਮਾਚਲ ਵਿਚ ਅੱਜ ਵੀ ਕਈ ਪੁਰਾਣੇ ਬਜ਼ੁਰਗਾਂ ਨੂੰ ਛੋਟੂ ਰਾਮ ਦੀਆਂ ਬਹੁਤੀਆਂ ਗੱਲਾਂ, ਕਿੱਸੇ ਕਹਾਣੀਆਂ ਵਾਂਗ ਯਾਦ ਹਨ। ਲੋਕ ਅੱਜ ਵੀ ਉਨ੍ਹਾਂ ਨੂੰ ਦੀਨਬੰਧੂ, ਰਹਿਬਰ-ਏ-ਆਜ਼ਮ ਅਤੇ ਕਿਸਾਨਾਂ ਦੇ ਮਸੀਹਾ ਵਜੋਂ ਯਾਦ ਕਰਦੇ ਹਨ।

# ਤੀਲ੍ਹਾ-ਤੀਲ੍ਹਾ ਜੋੜ ਕੇ ਬਣੀ 'ਦਫਤਰ' ਦੀ ਕਹਾਣੀ

**ਸਾਬਕਾ ਆਈ.ਪੀ.ਐਸ. ਅਫਸਰ ਅਤੇ ਉੱਘੇ ਲਿਖਾਰੀ ਗੁਰਪ੍ਰੀਤ ਸਿੰਘ ਤੂਰ ਨੇ ਆਪਣੀ ਨਵੀਂ ਕਿਤਾਬ 'ਦਫਤਰ' ਰਾਹੀਂ ਸਰਕਾਰ ਅਤੇ ਸਰਕਾਰੀ ਦਫਤਰ ਦੀ ਅੰਦਰਲੀਆਂ ਗੱਲਾਂ ਸਾਂਝੀਆਂ ਕੀਤੀਆਂ ਹਨ।**

## ਕਲਾ ਪਰਿਕਰਮਾ

**ਗੁਰਪ੍ਰੀਤ ਸਿੰਘ ਤੂਰ**

ਸਰਕਾਰੀ ਨੌਕਰੀ ਕਰਦਿਆਂ ਜਰਾਇਮ ਪੇਸ਼ਾ ਲੋਕਾਂ ਨਾਲ ਮੇਰਾ ਸਿੱਧਾ ਪੈਂਦਾ ਰਿਹਾ। ਹਰ ਜੁਰਮ ਦੀ ਮੈਂ ਤਹਿ ਤੱਕ ਜਾਣ ਦੀ ਕੋਸ਼ਿਸ਼ ਕਰਦਾ। ਸਕੂਲ ਵਿਦਿਆਰਥੀਆਂ ਵਾਂਗ ਲੇਖਾਂ ਵਾਲੀ ਵੱਡੀ ਲਕੀਰਾਂ ਵਾਲੀ ਕਾਪੀ ਹਮੇਸ਼ਾ ਆਪਣੇ ਕੋਲ ਰੱਖਦਾ। ਕੋਈ ਜੁਰਮ ਹੋ ਜਾਂਦਾ, ਖ਼ੁਦ ਮੌਕੇ 'ਤੇ ਜਾਂਦਾ, ਉਸ ਕਾਪੀ ਦੇ ਖੱਬੇ ਪਾਸੇ ਉਸ ਦਾ ਵਿਸਥਾਰ ਲਿਖਦਾ। ਸ਼ਾਮ ਜਾਂ ਰਾਤ ਨੂੰ ਅਪਰਾਧੀਆਂ ਨਾਲ ਵਿਸਥਾਰਪੂਰਵਕ ਗੱਲਬਾਤ ਕਰਦਾ ਅਤੇ ਉਹ ਜਾਣਕਾਰੀ ਉਸ ਦੇ ਬਰਾਬਰ ਸੱਜੇ ਪੰਨੇ 'ਤੇ ਲਿਖਦਾ। ਇਸ ਸਦੀ ਦੇ ਸ਼ੁਰੂ ਵਿਚ ਹੀ ਅਜਿਹੀਆਂ ਲਿਖਤਾਂ ਨੂੰ ਫਰੋਲਦਿਆਂ ਮੈਨੂੰ ਮਹਿਸੂਸ ਹੋਣ ਲੱਗਾ ਕਿ ਨਸ਼ਿਆਂ ਦਾ ਸੇਵਨ ਅਤੇ ਵਪਾਰ ਪ੍ਰਾਂਤ ਲਈ ਵੱਡੀ ਮੁਸੀਬਤ ਬਣ ਰਹੇ ਹਨ। ਇਸ ਵਿਸ਼ੇ 'ਤੇ ਮੇਰਾ ਮਨ ਕੇਂਦਰਿਤ ਹੋਣ ਲੱਗਾ। ਇਸ ਧੰਦੇ ਵਿਚ ਫਸ ਰਹੇ ਬੇਰੁਜ਼ਗਾਰ ਨੌਜਵਾਨ ਅਤੇ ਗਰੀਬੀ ਦੀ ਲਾਈਨ ਤੋਂ ਹੇਠਾਂ ਡਿੱਗਦੇ ਲੋਕ ਮੇਰੀ ਹਮਦਰਦੀ ਦਾ ਕਾਰਨ ਬਣਦੇ। ਇਸ ਵਿਸ਼ੇ 'ਤੇ ਮੈਨੂੰ ਅਥਾਹ ਜਾਣਕਾਰੀ ਮਿਲਣ ਲੱਗੀ। ਇਹੋ ਜਾਣਕਾਰੀ ਮੇਰੀ ਫਿਕਰਮੰਦੀ ਦਾ ਕਾਰਨ ਵੀ ਬਣਦੀ ਗਈ।

ਇਸ ਫਿਕਰਮੰਦੀ ਨੂੰ ਦੂਰ ਕਰਨ ਲਈ ਮੈਂ ਅਖ਼ਬਾਰਾਂ ਵਿਚ ਲੇਖ ਲਿਖਣ ਲੱਗਾ, ਵਿਸ਼ੇ ਦੀ ਜਾਣਕਾਰੀ ਨੇ ਇਸ ਦੀ ਹਾਮੀ ਭਰੀ ਅਤੇ ਸੁਘੜ ਸਿਆਣੇ ਪਾਠਕ ਦੀਵੇ ਵਿਚ ਬੂੰਦ-ਬੂੰਦ ਤੇਲ ਪਾਉਂਦੇ ਰਹੇ। ਉਨ੍ਹਾਂ ਨੇ ਹੀ ਇਸ ਨੂੰ ਛਪਵਾਉਣ ਦਾ ਸੁਝਾਓ ਦਿੱਤਾ। ਅੱਧੀਆਂ ਜਿਹੀਆਂ ਲਿਖਤਾਂ ਅਤੇ ਓਨਾ ਕੁ ਹੋਰ ਲਿਖ ਲੈਂਦਾ। ਇਵੇਂ ਤਿੰਨ ਕਿਤਾਬਾਂ 'ਸੰਭਲੋ ਪੰਜਾਬ' (2010), 'ਜੀਵੇ ਜਵਾਨੀ' (2014) ਅਤੇ 'ਅੱਲੜ ਉਮਰਾਂ ਤਲਖ ਸੁਨੇਹੇ' (2018) ਹੋਂਦ ਵਿਚ ਆਈਆਂ।

ਟਰੇਨ ਵਾਲਾ ਕਾਂਟਾ ਬਦਲਣ ਵਾਂਗ ਨੌਕਰੀ ਦੇ ਆਖਰੀ ਢਾਈ-ਤਿੰਨ ਵਰ੍ਹੇ ਮੇਰੀ ਬਦਲੀ ਪ੍ਰਾਂਤ ਹੈੱਡ-ਕੁਆਰਟਰ ਦੇ ਪ੍ਰਸ਼ਾਸਨਿਕ ਵਿੰਗ ਵਿਚ ਹੋ ਗਈ ਸੀ। ਇੱਥੇ ਬੈਠਿਆਂ ਮੇਰਾ ਇਹ ਵਿਸ਼ਵਾਸ ਪੱਕਾ ਹੋਇਆ ਕਿ ਸੂਬੇ ਦੀ ਖੁਸ਼ਹਾਲੀ ਵਿਚ ਲੋਕ ਸੇਵਕਾਂ (ਪਬਲਿਕ ਸਰਵੈਂਟਸ) ਦੀ ਅਹਿਮ ਭੂਮਿਕਾ ਹੁੰਦੀ ਹੈ। ਫੀਲਡ ਵਿਚ ਨੌਕਰੀ ਕਰਦਿਆਂ ਆਪਣੇ ਲੋਕਾਂ ਦੇ ਦੁੱਖਾਂ ਨੂੰ ਮੈਂ ਨੇੜਿਓਂ ਦੇਖਿਆ, ਉਨ੍ਹਾਂ ਨੂੰ ਖੁੱਲ੍ਹ ਕੇ ਮਿਲਿਆ। ਇਲਾਕੇ ਵਿਚ ਸਫ਼ਰ ਕਰਦਿਆਂ ਚੁਰਸਤੇ ਅਤੇ ਸੱਥਾਂ 'ਚ ਬੈਠੇ ਲੋਕਾਂ ਕੋਲ ਮੈਂ ਅਕਸਰ ਰੁਕ ਜਾਂਦਾ। ਸਫ਼ਰ ਕਰਦਿਆਂ ਮੈਦਾਨ ਵਿਚ ਖੇਡਦੇ ਖਿਡਾਰੀਆਂ ਕੋਲੋਂ ਮੈਂ ਬਿਨਾ ਮਿਲੇ ਲੰਘ ਹੀ ਨਹੀਂ ਸਕਿਆ।

2015 ਵਿਚ ਇੱਕ ਸ਼ਾਮ ਮੈਂ ਅੰਮ੍ਰਿਤਸਰ ਤੋਂ ਵਾਪਸ ਗੁਰਦਾਸਪੁਰ ਮੁੜਦਿਆਂ ਇੱਕ ਸਕੂਲ ਦੇ ਮੈਦਾਨ ਵਿਚ ਫੁੱਟਬਾਲ ਖੇਡਦੇ ਮੁੰਡਿਆਂ ਕੋਲ ਰੁਕਿਆ। ਜਦੋਂ ਸਕੂਲ ਵਿਚ ਦਾਖਲ ਹੋਣ ਲੱਗਾ ਤਾਂ ਮੇਰਾ ਇੱਕ ਸਹਾਇਕ ਪਿੱਛੋਂ ਭੱਜਦਾ ਆਇਆ ਤੇ ਕਹਿਣ ਲੱਗਾ ਕਿ ਇਹ ਅੰਮ੍ਰਿਤਸਰ ਜ਼ਿਲ੍ਹੇ ਦਾ ਇਲਾਕਾ ਹੈ। ਉਦੋਂ ਮੈਂ ਮਹਿਸੂਸ ਕੀਤਾ ਕਿ ਖੇਡ ਮੈਦਾਨ ਵਿਚ ਖੇਡਦੇ ਖਿਡਾਰੀਆਂ ਦਾ ਕੋਈ ਇਲਾਕਾ ਨਹੀਂ ਹੁੰਦਾ। ਖੇਡਾਂ ਖੇਡਦੇ ਨੌਜਵਾਨ ਨਸ਼ਿਆਂ ਦੇ ਜਾਲ ਵਿਚ ਕਿਵੇਂ ਫਸ ਜਾਂਦੇ ਹਨ, ਅਜਿਹੀਆਂ ਕਈ ਗੱਲਾਂ ਮੈਂ ਉਨ੍ਹਾਂ ਨਾਲ ਕਰਨ ਦੀ ਕੋਸ਼ਿਸ਼ ਕਰਦਾ।

ਇੱਥੋਂ ਮੈਨੂੰ ਸਰਕਾਰੀ ਨੌਕਰੀਆਂ ਦੀ ਅਹਿਮੀਅਤ ਅਤੇ ਸਰਕਾਰੀ ਮੁਲਾਜ਼ਮਾਂ ਦੇ ਯੋਗਦਾਨ ਦੀਆਂ ਸੰਭਾਵਨਾਵਾਂ ਦਾ ਦ੍ਰਿਸ਼ ਦਿਖਾਈ ਦੇਣ ਲੱਗਾ। ਮੈਂ ਸੋਚਿਆ, ਕਾਸ਼! ਸਰਕਾਰੀ ਮੁਲਾਜ਼ਮ ਲੋਕ ਸੇਵਾ ਦੇ ਪਰਦੇ 'ਤੇ ਸਰਕਾਰੀ ਖਜ਼ਾਨੇ ਵਿਚੋਂ ਲਏ ਇੱਕ-ਇੱਕ ਸਿੱਕੇ ਦਾ ਮੇਲ ਜੋੜਨ। ਇਵੇਂ ਹਰ ਕੋਈ ਨਹੀਂ ਰੁਕ ਸਕਦਾ ਤੇ ਇਸ ਤਰ੍ਹਾਂ ਹਰ ਕੋਈ ਗੱਲਾਂ ਨਹੀਂ ਕਰ ਸਕਦਾ, ਅਜਿਹੀਆਂ ਭਾਵਨਾਵਾਂ ਨੇ ਮੈਨੂੰ ਇਸ ਲਿਖਤ ਲਈ ਪ੍ਰੇਰਿਆ। ਸਰਕਾਰੀ ਨੌਕਰੀਆਂ ਦੀ ਅਹਿਮੀਅਤ ਤੇ ਸੁੱਖ-ਸਹੂਲਤਾਂ ਅਤੇ ਲੋਕਾਂ ਦੀ ਗੁਰਬਤ ਭਰੀ ਜ਼ਿੰਦਗੀ ਦੇ ਲੰਮੇ-ਚੌੜੇ ਫਾਸਲੇ ਨੇ ਮੈਨੂੰ ਇਹ ਲਿਖਤ ਲਿਖਣ ਲਈ ਪ੍ਰਪੱਕ ਕੀਤਾ।

'ਦਫਤਰ' ਕਿਤਾਬ ਦੇ ਦੋ ਪਾਠ 'ਸਰਕਾਰੀ ਨੌਕਰੀਆਂ-ਭ੍ਰਿਸ਼ਟਾਚਾਰ' ਅਤੇ 'ਸਰਕਾਰੀ ਨੌਕਰੀਆਂ-ਰਾਜਨੀਤਿਕ ਪ੍ਰਭਾਵ' ਮੈਨੂੰ ਚੁਣੌਤੀ ਵਾਂਗ ਮਹਿਸੂਸ ਹੋਏ। ਨੌਕਰੀ ਕਰਦਿਆਂ ਰਾਜਨੀਤਿਕ ਪ੍ਰਭਾਵ ਦਾ ਦਰਿਆ, ਸਮੇਂ ਨੇ ਮੈਨੂੰ ਡੂੰਘੇ ਪਾਸਿਓਂ ਲੰਘਾਇਆ, ਇਸ ਲਈ ਇਹ ਪਾਠ ਲਿਖਦਿਆਂ ਮੈਨੂੰ ਕੋਈ ਮੁਸ਼ਕਿਲ ਨਹੀਂ ਹੋਈ। ਭ੍ਰਿਸ਼ਟਾਚਾਰ ਬਾਰੇ ਮੈਂ ਵਾਰ-ਵਾਰ ਲਿਖਣ ਦੀ ਕੋਸ਼ਿਸ਼ ਕੀਤੀ ਪਰ ਇਹ ਪਾਠ ਮੇਰੀ ਪਕੜ ਵਿਚ ਨਹੀਂ ਆਇਆ। ਇਹ ਪਾਠ ਬਹੁਤ ਸਮਾਂ ਲੈ ਕੇ ਵੀ ਮੈਨੂੰ ਖਾਲੀ ਹੱਥ ਛੱਡ ਗਿਆ। ਇਸ ਪਾਠ ਨੂੰ ਮੈਂ ਇਸ ਲਿਖਤ ਵਿਚੋਂ ਮਨਫ਼ੀ ਕੀਤਾ ਅਤੇ ਪਾਠਕਾਂ ਦੀ ਨਿੱਜੀ ਜਾਣਕਾਰੀ ਤੇ ਕਲਪਨਾ ਦੇ ਸਹਾਰੇ ਛੱਡ ਦਿੱਤਾ ਹੈ।


ਪਹਿਲੀਆਂ ਕਿਤਾਬਾਂ ਦਾ ਵੱਡਾ ਹਿੱਸਾ ਅਖ਼ਬਾਰਾਂ ਵਿਚ ਛਪਿਆ ਹੁੰਦਾ ਤੇ ਇਸ ਤਰ੍ਹਾਂ ਉਹ ਲਿਖਤਾਂ ਕਿਤਾਬ ਦੇ ਰੂਪ ਵਿਚ ਆਉਣ ਤੋਂ ਪਹਿਲਾਂ ਹੀ ਪਾਠਕਾਂ ਦੀ ਕਸਵੱਟੀ ਦੇ ਬੂਹੇ 'ਚੋਂ ਲੰਘ ਚੁੱਕੀਆ ਹੁੰਦੀਆਂ ਸਨ। ਅਜਿਹਾ ਮਾਣ ਇਸ ਲਿਖਤ ਕੋਲ ਨਹੀਂ ਹੈ। ਪਹਿਲੀਆਂ ਕਿਤਾਬਾਂ ਕੋਲ ਵਿਸ਼ੇ ਦਾ ਅਥਾਹ ਭੰਡਾਰ ਸੀ, ਮਨ ਦੀ ਸਮਰੱਥਾ ਤੋਂ ਬਾਹਰ ਡਿੱਗਦੀ ਜਾਣਕਾਰੀ ਸੀ ਲੇਕਿਨ ਇਸ ਲਿਖਤ ਲਈ ਮੈਂ ਤੀਲ੍ਹਾ-ਤੀਲ੍ਹਾ ਇਕੱਠਾ ਕੀਤਾ ਹੈ। ਕੋਈ ਆਜੜੀ ਜਿਵੇਂ ਦਿਨ ਛਿਪੇ ਘਰ ਵਾਪਸ ਮੁੜਨ ਲੱਗਿਆ, ਸ਼ਾਮ ਦਾ ਚੁੱਲ੍ਹਾ ਬਾਲਣ ਲਈ ਚੁਗ-ਚੁਗ ਕੇ ਇਕੱਠੇ ਕੀਤੇ ਝਾੜੀਆਂ-ਝਾਫੇ ਮੋਢੇ ਮਾਰ ਲੈਂਦਾ ਹੈ, ਸੇਵਾ-ਮੁਕਤੀ ਸਮੇਂ ਇਸ ਕਿਤਾਬ ਨਾਲ ਮੇਰਾ ਇਹੋ ਜਿਹਾ ਹੀ ਰਿਸ਼ਤਾ ਹੈ।




'ਦਫਤਰ' ਕਿਤਾਬ ਦਾ ਮੁਖੜਾ।


ਲੇਖਕ ਗੁਰਪ੍ਰੀਤ ਸਿੰਘ ਤੂਰ




ਗੁਰਪ੍ਰੀਤ ਸਿੰਘ ਤੂਰ ਦੀਆਂ ਕੁਝ ਹੋਰ ਕਿਤਾਬਾਂ ਦੇ ਮੁਖੜੇ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 7 ਜਨਵਰੀ 2022 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-567



*ਵਾਂਗ ਖੋਤੇ ਦੇ ਢੋਹ ਢੋਹ ਕੇ ਨਿੱਤ, ਇਕ ਦਿਨ ਗੱਡੀ ਚੜ੍ਹ ਜਾਣਾ ਹੈ,
ਬੰਨ੍ਹ ਗੱਠੜੀਆਂ ਨਿੱਤ ਰੱਖਦਾਂ ਜੋ, ਇਕ ਵੀ ਨਾ.ਲ ਨਹੀਂ ਜਾਣਾ ਹੈ।
ਜਦੋਂ ਸਾਹਾਂ ਵਾ.ਲੀ ਡੋਰੀ ਟੁੱਟਣੀ, ਯਮਦੂਤਾਂ ਝਪਟ ਕੇ ਲੈ ਜਾਣਾ ਹੈ,
ਹੱਥ ਮ.ਲਦਾ ਫਿਰ ਰਹਿ ਜਾਏਂਗਾ, ਅੰਤ ਅਮਲਾਂ ਸਾਥ ਨਿਭਾਣਾ ਹੈ।*

## ਕੈਪਸ਼ਨ ਮੁਕਾਬਲਾ-565



ਮਨੁੱਖਤਾ ਦੇ ਵਿਕਾਸ ਵਿਚ,
ਔਰਤ ਮਾਤਾ ਮਮਤਾ,
ਪਾਣੀ ਪਿਤਾ ਸਮਾਨ।
ਮਨੁੱਖਤਾ ਦੇ ਪਰਉਪਕਾਰੀ,
ਦੋਵਾਂ ਦਾ ਵੱਡਾ ਯੋਗਦਾਨ।
ਘੜੇ 'ਚੋਂ ਪਾਣੀ ਡੁੱਲ ਰਿਹਾ,
ਔਰਤ ਗਿਰੀ ਪਈ,
ਰੇਤ ਦੀ ਮੂਰਤੀ ਬਣਾਈ,
ਕਲਾਕਾਰ ਹੈ ਮਹਾਨ।
ਦੋਨਾਂ ਬਿਨਾਂ ਕੁਦਰਤ ਅਧੂਰੀ,
ਸਿੰਘ ਤੂਰ ਦਾ ਸਲਾਮ!
***-ਅਮਰਜੀਤ ਸਿੰਘ ਤੂਰ***
***ਪਿੰਡ ਕੁਲਬੁਰਛਾਂ (ਪਟਿਆਲਾ)***
***ਫੋਨ: 98784-69639***

---

ਕਲਾਕਾਰ ਨੂੰ ਚੇਤਾ ਆਇਆ,
ਨਦੀ ਕਿਨਾਰੇ ਜਾ ਕੇ।
ਕੱਚੇ ਘੜੇ 'ਤੇ ਤਰਿਆ ਸੀ ਕੋਈ,
ਜਾਨ ਦੀ ਬਾਜ਼ੀ ਲਾ ਕੇ।
ਖਿਆਲੀ ਤਸਵੀਰਾਂ ਸਾਹਮਣੇ ਆਈਆਂ,
ਹੱਥ ਹਰਕਤ ਵਿਚ ਆਏ।
ਰੇਤੇ ਨਾਲ ਕਲਾਕਾਰੀ ਕਰ ਕੇ,
ਹੂਬਹੂ ਦੋਵੇਂ ਬਣਾਏ।
***-ਗੁਰਦੇਵ ਸਿੰਘ ਢਪਾਲੀ***
***ਗੁਰੂ ਤੇਗ ਬਹਾਦਰ ਨਗਰ, ਬਠਿੰਡਾ***
***ਫੋਨ: 94176-49275***

---

ਕਲਾਕਾਰ ਨੂੰ ਫੁਰਨਾ ਫੁਰਿਆ
ਰੇਤ ਦੀ ਢੇਰੀ ਲਈ।
ਛੂਹ ਪੋਟਿਆਂ ਦੀ ਜਾਦੂ ਕੀਤਾ
ਜਾਨ ਹੈ ਉਸ ਵਿਚ ਪਾਈ।
ਹੁਸਨ ਦੇ ਐਸੇ ਨਕਸ਼ ਉਘਾੜੇ
ਦੇਖਣ ਆਵੇ ਕੁੱਲ ਲੋਕਾਈ।
***-ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ : +91 98783-37222***

---

ਕਲਾਕਾਰ ਨੂੰ ਫ਼ਰਨਾ ਫ਼ੁਰਿਆ,
ਵੱਲ ਸਮੁੰਦਰ ਆਇਆ।
ਥਲਿਓਂ ਗਿੱਲੀ ਰੇਤਾ ਕੱਢ ਕੇ,
ਰਾਣੀ ਦਾ ਬੁੱਤ ਬਣਾਇਆ।
ਘੜੇ 'ਚ ਰੱਖਿਆ ਪਾ ਕੇ ਪਾਣੀ,
ਸੱਜੀ ਬਾਂਹ ਦੀ ਓਟ ਲਗਾਈ।
ਗੂੜ੍ਹੀ ਨੀਂਦਰ ਸੁੱਤੀ ਰਾਣੀ,
ਸੁੱਧ ਬੁੱਧ ਰਹੀ ਨਾ ਕਾਈ।
ਦਰਸ਼ਕਾਂ ਪੁਲ ਤਾਰੀਫਾਂ ਦੇ ਬੰਨ੍ਹੇ,
ਫੋਟੋ ਨੈੱਟ 'ਤੇ ਪਾਈ।
ਖੁੱਲ੍ਹੇ ਗੱਫ਼ੇ ਦਰਸ਼ਕਾਂ ਦਿੱਤੇ,
ਆਖਣ ਧੰਨ ਹੈ ਤੇਰੀ ਕਮਾਈ।
***-ਮਾਸਟਰ ਪ੍ਰੀਤਮ ਸਿੰਘ ਲੰਮੇ***
***ਫੋਨ: 1-925-325-2486***

---

ਬੱਲੇ ਓਏ ਕਾਰੀਗਰਾ,
ਕੱਢ ਦਿੱਤੇ ਵੱਟ ਕਲਾ ਦੇ
ਦੂਰੋਂ ਦੇਖਿਆਂ ਲੱਗੇ,
ਸੱਚੀਂ ਮੁੱਚੀਂ ਅਸਲ ਨਾਰ।
ਜੋ ਰੱਖ ਸਰਹਾਣਾ ਘੜੇ ਦਾ
ਸੂਰਜ ਧੁੱਪ ਹੈ ਸੇਕ ਰਹੀ
ਸੁਹੱਪਣ ਪੱਖੋਂ ਵੀ ਰੱਜ ਕੇ
ਸੋਹਣੀ ਦਿਸੇ
ਖਿੱਚੇ ਆਉਂਦੇ ਜੋ ਸਲਾਹੁੰਦੇ ਕਲਾ ਨੂੰ
ਲੈ ਲੈ ਸੈਲਫੀਆਂ
ਮਨ ਪ੍ਰਚਾਵਾ ਕਰਦੇ।
***-ਦਰਸ਼ਨ ਪਾਲ ਦੋਸਾਂਝ***

*To Advertise with Punjab Times Call:*
*847-359-0746*
*E-mail:punjabtimes1@gmail.com*

# ਸ਼ਹੀਦੀ ਹਫ਼ਤੇ ਨੂੰ ਸਮਰਪਿਤ ਕਵਿਤਾਵਾਂ

## ਲੋਥਾਂ ਉੱਤੇ ਲੋਥਾਂ ਸੂਰਮਿਆਂ ਨੇ ਚਾੜ੍ਹੀਆਂ

ਮੈਦਾਨ ਵਿਚ ਅਜੀਤ ਸਿੰਘ ਜਾ ਕੇ ਵੜਦਾ
ਸੂਰਮੇ ਦੇ ਮੂਹਰੇ ਨਾ ਕੋਈ ਵੈਰੀ ਅੜਦਾ
ਗੰਤ ਕੇ ਵਾਂਗ ਤਲਵਾਰ ਫੇਰਦਾ
ਗਿੱਦੜਾਂ ਤੋਂ ਡਰੇ ਨਾ ਉਹ ਪੁੱਤ ਸ਼ੇਰ ਦਾ
ਵੈਰੀਆਂ ਮੂਹਰੇ ਅੜੇ ਵਾਂਗ ਪਹਾੜੀਆਂ
ਲੋਥਾਂ ਉੱਤੇ ਲੋਥਾਂ ਸੂਰਮਿਆਂ ਨੇ ਚਾੜ੍ਹੀਆਂ।

ਮੈਦਾਨ ਵਿਚ ਸੂਰਮਾ ਜੁਝਾਰ ਆ ਗਿਆ
ਵੈਰੀਆਂ ਉੱਤੇ ਜਿਓਂ ਘਟਾ ਛਾ ਗਈਆਂ
ਖਿੱਚ ਖਿੱਚ ਕੇ ਜੁਆਨ ਮਾਰੇ ਤੀਰ ਨੂੰ
ਦੂਜੇ ਪਾਰ ਜਾ ਕੇ ਕਹਿੰਦਾ ਮਿਲ ਵੀਰ ਨੂੰ
ਲੁਕਦੇ ਫਿਰਨ ਵੈਰੀ ਵਿਚ ਝਾੜੀਆਂ
ਲੋਥਾਂ ਉੱਤੇ ਲੋਥਾਂ ਸੂਰਮਿਆਂ ਨੇ ਚਾੜ੍ਹੀਆਂ।

ਮੈਦਾਨ ਵਿਚ ਆ ਗਏ ਕੁਝ ਹੋਰ ਸਿੰਘ ਜੀ
ਵੈਰੀਆਂ ਦੇ ਕਹਿੰਦੇ ਦੇਣੇ ਕੱਢ ਵਿੰਗ ਜੀ
ਮਾਰ ਦੇਣੇ ਸਾਰੇ ਨਹੀਂ ਕੋਈ ਛੱਡਣਾ
ਮੈਦਾਨ ਵਿੱਚ ਖਾਲਸੇ ਦਾ ਝੰਡਾ ਗੱਡਣਾ
ਜਾਣ ਨਹੀਂ ਦੇਣੇ ਇਹ ਗੱਲਾਂ ਕਰਨ ਮਾੜੀਆਂ
ਲੋਥਾਂ ਉੱਤੇ ਲੋਥਾਂ ਸੂਰਮਿਆਂ ਨੇ ਚਾੜ੍ਹੀਆਂ।

ਅੱਗੇ ਵਧ ਵਧ ਸੂਰਮੇ ਕਰਨ ਵਾਰ ਬਈ
ਵੈਰੀ ਨੂੰ ਮਨਾਉਣੀ ਕਹਿੰਦੇ ਅੱਜ ਹਾਰ ਬਈ
ਸਿਰ ਨੂੰ ਝੁਕਾ ਕੇ ਸਿੰਘਾ ਕਾਹਦਾ ਜਿਉਣ ਓਏ
ਦੂਜੇ ਪਾਰ ਜਾ ਕੇ ਕਹਿੰਦੇ ਪਾਣੀ ਪੀਣਾ ਓਏ
ਵੱਢ ਵੱਢ ਲਾਉਣ ਢੇਰ ਦਿਉਲ ਜਿਵੇਂ ਵੱਢੇ ਹਾੜੀਆਂ
ਲੋਥਾਂ ਉੱਤੇ ਲੋਥਾਂ ਸੂਰਮਿਆਂ ਨੇ ਚਾੜ੍ਹੀਆਂ।

*-ਮੇਜਰ ਦਿਉਲ*
*ਫ਼ੋਨ: (559) 274-2431*

---

## ਗੋਬਿੰਦ ਦੇ ਲਾਲ

ਬਲਿਦਾਨ ਤੁਸੀਂ ਨਾ ਕਦੇ ਭੁਲਾਓ।
ਚੇਤਾ ਉਨ੍ਹਾਂ ਦਾ ਲੈ ਆਓ।
ਜਿਹੜੇ ਨੀਹਾਂ ਵਿਚ ਚਿਣੇ ਸੀ,
ਨਾ ਹੌਸਲੇ ਗਏ ਮਿਣੇ ਸੀ।

ਸ਼ੇਰਾਂ ਵਾਂਗੂੰ ਜਿਹੜੇ ਗੱਜੇ,
ਦੁਸ਼ਮਣ ਡਰਦਾ ਅੱਗੇ ਭੱਜੇ।
ਸਿੱਖ ਧਰਮ ਦੇ ਜੋ ਨਗੀਨੇ,
ਦੁਸ਼ਮਣ ਤਾਈਂ ਆਉਣ ਪਸੀਨੇ।

ਗੱਲ ਸਿਆਣੀ ਕਰਦੇ ਸੀ ਜੋ,
ਨਾਹੀਂ ਪਾਣੀ ਭਰਦੇ ਸੀ ਜੋ।
ਚਿਹਰੇ ਉੱਤੇ ਨੂਰ ਇਲਾਹੀ,
ਜ਼ਾਲਮ ਨੂੰ ਸੀ ਗੱਲ ਸਮਝਾਈ।

ਬਾਲ ਬੜੇ ਸਨ ਉਹ ਗਿਆਨੀ,
ਮਾਤ ਗਈ ਸੀ ਖਾ ਜਵਾਨੀ।
ਤਨ ਤੋਂ ਭਾਵੇਂ ਬਾਲ ਜਿਹੇ ਸਨ,
ਬਲਦੀ ਪਰ ਮਸ਼ਾਲ ਜਿਹੇ ਸਨ।

ਜ਼ਾਲਮ ਨੂੰ ਨਾ ਉੱਤਰ ਆਇਆ
ਨਾਲ ਦਲੀਲਾਂ ਚੁੱਪ ਕਰਾਇਆ।
ਉਮਰੋਂ ਨਿੱਕੇ ਦਿੱਖੇ ਸਨ ਉਹ
ਦਸਮੇਸ਼ ਪਿਤਾ ਤੋਂ ਸਿੱਖੇ ਸਨ ਉਹ।

ਵੱਡੇ ਵੱਡੇ ਸਨ ਘਬਰਾਏ,
ਉਹ ਗੋਬਿੰਦ ਦੇ ਲਾਲ ਕਹਾਏ।

ਉਨ੍ਹਾਂ ਵਰਗੇ ਬਣੀਏ ਸਾਰੇ
ਬਣੀਏ ਸਭ ਦੀ ਅੱਖ ਦੇ ਤਾਰੇ।

ਉਨ੍ਹਾਂ ਨੂੰ ਨਿੱਤ ਸੀਸ ਝੁਕਾਈਏ
ਦੱਸੇ ਰਾਹ 'ਤੇ ਚਲਦੇ ਜਾਈਏ।



*-ਹਰਦੀਪ ਬਿਰਦੀ*
*ਫੋਨ: 90416-00900*

---

## ਕ੍ਰਿਸਮਿਸ ਤੇ ਸਿੱਖ ਇਤਿਹਾਸ

ਪਈਆਂ ਬਰਫ਼ਾਂ 'ਚ ਪਿੰਡਾ ਜਦ ਠਰਨ ਲੱਗੇ
ਠੰਡੇ ਬੁਰਜਾਂ ਦੀ ਠੰਡ ਨੂੰ ਯਾਦ ਕਰਿਓ
snowman ਜਦ ਬੱਚੇ ਬਣਾਉਣ ਲੱਗੇ
ਉੱਸਰੀ ਲਾਲਾਂ 'ਤੇ ਕੰਧ ਨੂੰ ਯਾਦ ਕਰਿਓ।

ਬੈਠੇ ਜਦੋਂ ਵੀ ਬੀਚ ਦੇ ਕੰਢਿਆਂ 'ਤੇ
ਉਦੋਂ ਸਰਸਾ ਦੇ ਕੰਢੇ ਵੀ ਯਾਦ ਕਰਿਓ
ਤੁਸੀਂ ਫੁੱਲਾਂ ਦੀ ਜਦੋਂ ਵੀ ਸੇਜ ਮਾਣੀ
ਮਾਛੀਵਾੜੇ ਦੇ ਕੰਡੇ ਵੀ ਯਾਦ ਕਰਿਓ।

ਬੱਸ ਅੱਡੇ 'ਤੇ ਖੜ੍ਹਿਆਂ ਠੰਢ ਲੱਗੀ
ਮਾਤਾ ਗੁਜਰੀ ਦੇ ਦਰਦ ਨੂੰ ਯਾਦ ਕਰਿਓ
ਘਰਾਂ ਕਾਰਾਂ 'ਤੇ ਚੱਕ ਲੋ ਲੋਅਨ ਹੱਸ ਕੇ
ਦਸਮ ਪਿਤਾ ਦੇ ਕਰਜ਼ ਨੂੰ ਯਾਦ ਕਰਿਓ।
ਜਦੋਂ ਘੇਰਿਆ ਦੁੱਖਾਂ ਨੇ ਆਣ ਬੋਨੂੰ
ਚਮਕੌਰ ਦੇ ਘੇਰੇ ਨੂੰ ਯਾਦ ਕਰਿਓ
ਜਿਹਨੇ ਤੋਰਿਆ ਪੁੱਤਾਂ ਨੂੰ ਜੰਗ ਅੰਦਰ
ਦਸਮ ਪਿਤਾ ਦੇ ਜੇਰੇ ਨੂੰ ਯਾਦ ਕਰਿਓ।

ਡਾਲਰ, ਪੌਂਡਾਂ ਦਾ ਹੋਇਆ ਘੁਮੰਡ ਥੋਨੂੰ
ਟੋਡਰ ਮੱਲ ਦੀ ਅਮੀਰੀ ਨੂੰ ਯਾਦ ਕਰਿਓ
ਗਰਮ ਦੁੱਧ ਜਦ ਰਾਤ ਨੂੰ ਪੀਣ ਲੱਗੋ
ਮੋਤੀ ਮਹਿਰੇ ਦੀ ਫ਼ਕੀਰੀ ਨੂੰ ਯਾਦ ਕਰਿਓ।

ਕ੍ਰਿਸਮਸ ਲਾਈਟਾਂ ਜਦ ਲਾਉਣ ਲੱਗੋ
ਬੁੱਝੇ ਪੰਥ ਦੇ ਦੀਪ ਵੀ ਯਾਦ ਕਰਿਓ
ਕਹੋ Merry ਕ੍ਰਿਸਮਸ ਸਾਰਿਆਂ ਨੂੰ
ਪਰ ਪੰਥ ਕੀ ਜੀਤ ਵੀ ਯਾਦ ਕਰਿਓ

ਜੀ ਸਦਕੇ ਮਨਾਓ ਕ੍ਰਿਸਮਸ ਵੀ।
ਪਰ ਜ਼ਰੂਰ ਵਿਸਾਖੀ ਨੂੰ ਯਾਦ ਕਰਿਓ।
ਜਦੋਂ ਲੰਘੋ ਦਿੱਲੀ ਦੀ ਜੂਹ ਵਿਚੋਂ
ਤੁਸੀਂ ਜ਼ਰੂਰ ਚੁਰਾਸੀ ਨੂੰ ਯਾਦ ਕਰਿਓ।

ਕਿਵੇਂ ਟੰਗਿਆ ਜੀਸਸ ਨੂੰ ਸੂਲੀਆਂ 'ਤੇ
ਹੋਇਆ ਕਿੰਝ ਕੁਰਬਾਨ ਮਹਿਸੂਸ ਕਰਿਓ
ਪਰ ਆਪਣੇ ਸਿੱਖ ਇਤਿਹਾਸ ਉੱਤੇ
ਡਾਨਸੀਵਾਲੀਆ ਮਾਣ ਮਹਿਸੂਸ ਕਰਿਓ।

*-ਕੁਲਵੀਰ ਸਿੰਘ ਡਾਨਸੀਵਾਲ*
*ਫੋਨ: 778 863 2472*

---

## ਕਵਿਤਾ

ਕਾਹਦਾ ਪਿਆ ਵਿਛੋੜਾ ਸਿਰਸਾ ਨਦੀ 'ਤੇ
ਇਲਾਹੀ ਪਰਿਵਾਰ ਦਾ
ਕੁਦਰਤ ਵੀ ਤੱਕ ਦਰਦ ਨੂੰ ਵੈਣ ਪਾਉਣ ਲੱਗੀ।
ਬੁਲੰਦ ਹੌਸਲੇ ਭੋਰਾ ਨਾ ਘਾਬਰੇ ਸੀ ਗੁਰਸਿੱਖ
ਛੋਟੇ ਲਾਲਾਂ ਸੰਗ ਮਾਂ ਗੁਜਰੀ ਸੀ ਜਦ ਜਾਣ ਲੱਗੀ।

ਸ਼ੁਕਰ ਕਰਦੇ ਸੀ ਮਾਲਕ ਦਾ ਹਰ ਘੜੀ ਅੰਦਰ ਫੇਰ ਵੀ
ਬੁਲੰਦ ਹੌਸਲੇ ਤੱਕ ਖਲਕਤ ਨਤਮਸਤਕ ਸੀ ਹੋਣ ਲੱਗੀ।
ਤੇਰੀ ਰਜ਼ਾ 'ਚ ਅਸੀਂ ਖੁਸ਼ ਹਰਪਲ ਹਾਂ ਵਾਹਿਗੁਰੂ
ਮਾਂ ਗੁਜਰੀ ਲਾਲਾਂ ਸੰਗ ਮੁੱਖ 'ਚੋਂ ਫਰਮਾਉਣ ਲੱਗੀ।

ਵੇਖ ਨੂਰਾਨੀ ਚੇਹਰੇ 'ਤੇ ਦ੍ਰਿੜ ਵਿਸ਼ਵਾਸ ਲਾਲਾਂ ਦਾ
ਗੁਰਸਿੱਖੀ ਖੰਡੇ ਬਾਟੇ ਵਾਲੀ ਸੀ ਮੁਸਕਰਾਉਣ ਲੱਗੀ।
ਜ਼ਾਲਮ ਗੰਗੂ 'ਤੇ ਕੀਤਾ ਭਰੋਸਾ ਓਨਾ
ਓਹਦੀ ਲਾਲਸਾ ਫੇਰ ਮਾਇਆ 'ਚ
ਤਾਰੀਆਂ ਸੀ ਲਾਉਣ ਲੱਗੀ।

ਚੰਦ ਸਿੱਕਿਆਂ ਖਾਤਰ ਕੀਤਾ ਜੋ ਗੰਗੂ ਧੋਖਾ
ਮੌਤ ਸਾਹਿਬਜ਼ਾਦਿਆਂ ਸਿਰ ਮੰਡਰਾਉਣ ਲੱਗੀ।
ਕੈਦ ਕੀਤੇ ਮਾਂ ਗੁਜਰੀ ਤੇ ਲਾਲ ਠੰਡੇ ਬੁਰਜ ਅੰਦਰ
ਸੱਚ ਉੱਤੇ ਝੂਠ ਦੀ ਬਦਲੀ ਸੀ ਛਾਉਣ ਲੱਗੀ।

ਦਿੱਤਾ ਹਾਅ ਦਾ ਨਾਅਰਾ ਨਵਾਬ ਮਲੇਰਕੋਟਲੇ ਨੇ
ਰੂਹ ਵਜੀਦੇ ਦੀ ਰੋਣ ਕੁਰਲਾਉਣ ਲੱਗੀ
ਪਾਪੀ ਮਨ ਨਾ ਵੱਸ ਆਇਆ ਉਸ ਜ਼ਾਲਮ ਦੇ
ਹੁਕਮ ਦੇ ਕੇ ਫੇਰ ਕੰਧ ਚਿਣਵਾਉਣ ਲੱਗੀ।

ਬੁਲਾ ਫਤਹਿ ਸ਼ਹੀਦੀ ਪਾ ਗਏ ਸਾਹਿਬਜ਼ਾਦੇ
ਸਾਕਾ ਵੇਖ ਹਿੱਕ ਧਰਤੀ ਵੀ ਕੰਬਾਉਣ ਲੱਗੀ
ਸਿੱਖੀ ਸਾਂਭਣੀ ਅਸੀਂ ਸਿਦਕ ਨਹੀਂ ਹਾਰਨੇ
ਲਾਸਾਨੀ ਸ਼ਹਾਦਤ
ਕਰਮਵੰਤ ਸਿੱਖਾਂ ਨੂੰ ਸਮਝਾਉਣ ਲੱਗੀ।

*-ਪ੍ਰੋ. ਕਰਮਵੰਤ ਸਿੰਘ ਹੁੰਦਲ*

---

## ਪੋਤਾ ਦਾਦੇ ਦੀ ਮਸ਼ਾਲ ਬਣਿਆ

ਆਹ ਚੱਲ ਪਿਆ
ਸਖਤ ਹਨੇਰ 'ਚ
ਮਘਦਾ ਮਘਾਉਂਦਾ
ਜਿਹੜਾ ਬੁੱਝੇ ਨਾ ਬੁਝਾਇਆਂ
ਲਾਟ ਬਣਿਆ, ਮਸ਼ਾਲ ਬਣਿਆ
ਵਿਹੜਿਆਂ ਬਨੇਰਿਆਂ
ਬੰਦ ਕਮਰਿਆਂ ਦਾ
ਚਾਨਣ ਬਣਿਆ
ਬਾਡਰਾਂ ਦੀ ਰੋਸ਼ਨੀ ਬਣਿਆ
ਪੋਤਾ ਦਾਦੇ ਦੀ ਮਸ਼ਾਲ ਬਣਿਆ
ਗੁਰੂ ਗੋਬਿੰਦ ਸਿੰਘ ਦੇ ਤੀਰ ਦਾ
ਕਮਾਨ ਬਣਿਆ।

ਹਵਾਵਾਂ ਨੇ ਸੇਕ ਸੁਨੇਹਾ ਦਿੱਤਾ
ਵਲੂੰਧਰਿਆ, ਝੰਜੋੜਿਆ
ਕਣ ਕਣ
ਚੱਲ ਪਿਆ
ਆਲ-ਦੁਆਲ ਹਲਚਲ ਹੋਈ
ਸਮੁੰਦਰੀ ਟਾਪੂ 'ਤੇ
ਜਲ ਥਲ ਹੋਈ।
ਲੰਮਾ ਸੈਲਾਬ ਚੱਲ ਪਿਆ
ਮਿਹਨਤਕਸ਼ ਕਰਮੀ ਧਰਮੀ ਚੱਲ ਪਿਆ
ਓਹ ਇਟਲੀ ਫਰਾਂਸ ਅਫਰੀਕਾ ਚੱਲ ਪਿਆ
ਬੇਬਾਕ ਬੇਖ਼ੌਫ ਬੇਡਰ ਚੱਲ ਪਿਆ।
ਏਸ ਦੌਰ 'ਚ ਕੁੱਲ ਸੰਸਾਰ ਚੱਲ ਪਿਆ
ਦਰਿਆਵਾਂ ਨੇ ਜਿਵੇਂ ਸਿੱਟ ਲਿਆ ਹੋਵੇ ਡੈਮ
ਤੇ ਨਿਰੰਤਰ ਵਹਾਅ ਚੱਲ ਪਿਆ।

ਸ਼ਾਂਤਮਈ ਯੁੱਧਾਂ ਦੀ ਪਰਿਭਾਸ਼ਾ
ਜਾਣ ਗਏ ਨਾਨਕ ਦੇ ਜਾਏ
ਵਰਦੀ ਧਾਰੀ ਵੀ ਆਦਮ ਦੇ ਜਾਏ
ਫੀਤੀਆਂ ਤਗਮਿਆਂ ਦੀ ਹੋੜ-ਦੌੜ
'ਚ ਫਿਰੇ ਕੁਮਲਾਏ।
ਅੰਤਰਰਾਸ਼ਟਰੀ ਯੁੱਧ ਚੱਲ ਰਿਹਾ ਹੋਵੇ
ਤੇ ਟਰੈਕਟਰ ਖੇਤ 'ਚ' ਕਿਵੇਂ ਉਤਰ ਸਕਦੈ
ਘਰ ਦੇ ਜੀ ਘੂਕ ਕਿਵੇਂ ਸੌਂ ਸਕਦੇ
ਬੇਹੱਦ ਭਿਆਨਕ ਦੌਰ
ਬੰਦਿਆਂ ਲਾਤਾ ਪੂਰਾ ਜ਼ੋਰ।
ਜਿੱਥੇ ਕਿਤੇ ਵੀ ਬੇਇਨਸਾਫ਼ੀ ਹੋ ਰਹੀ ਹੋਵੇ
ਤੇ 'ਚੀ ਗਵੇਰਾ ਅੰਦਰ
ਕਿਵੇਂ ਬੈਠ ਸਕਦੈ
10 ਵਰ੍ਹਿਆਂ ਦਾ ਸਰਾਭਾ
ਕਿਉਂ ਤੇ ਕਿਵੇਂ ਨਾ ਟੱਕਰ ਮਾਰੇ।

*- ਪਾਸ਼ ਔਜਲਾ*

---

## ਹਿੰਦੀ ਕਵਿਤਾ: ਸ਼ਰਧਾਂਜਲੀ

ਮਾਹ ਸਿਤੰਬਰ ਤੀਨ ਦਿਨ, ਸੰਨ ਸਤ੍ਹਰ ਸੌ ਚਾਰ।
ਮੁਗਲੋਂ ਪਰ ਭਾਰੀ ਪੜੇ, ਸ਼ੇਰ ਅਜੀਤ ਜੁਝਾਰ।

ਮੁਗਲੋਂ ਕੀ ਵਹ ਦੁਸ਼ਟਤਾ, ਇਧਰ ਸਿੰਘ ਸਿਰਮੌਰ।
ਖਾਈ ਮੂੰਹ ਕੀ ਮੁਗਲ ਨੇ, ਯੁੱਧ ਹੁਆ ਚਮਕੌਰ।

ਸਾਹਿਬਜ਼ਾਦੇ ਦੋ ਰਹੇ, ਸਾਥ ਗੁਰੂ ਕਾ ਤੇਜ।
ਮੁਗਲੋਂ ਕੋ ਹੈਰਾਂ ਕੀਆ, ਬਿਛਾ ਮ੍ਰਿਤੂ ਕੀ ਸੇਜ।

ਮਾਤ ਹੁਈ ਥੀ ਮੁਗਲ ਕੀ, ਪਕੜ ਨ ਪਾਏ ਸ਼ੇਰ।
ਸ਼ੇਰੋਂ ਨੇ ਚਾਲੀਸ ਹੀ, ਕਰ ਦੀ ਸੇਨਾ ਢੇਰ।

ਦਸਮ ਗੁਰੂ ਕੀ ਬਹਾਦੁਰੀ, ਔਰ ਵੀਰਤਾ ਕਾਜ।
ਸਿਖੋਂ ਕੋ ਯੇ ਸੀਖ ਮਿਲੀ, ਮਿਲਾ ਖਾਲਸਾ ਤਾਜ।

ਜ਼ੋਰਾਵਰ ਕੀ ਵੀਰਤਾ, ਫ਼ਤਹ ਸਿੰਘ ਕੀ ਆਨ।
ਹੱਸ ਕੇ ਦੋਨੋਂ ਨੇ ਸੁਨੋ, ਕੀਏ ਨਿਛਾਵਰ ਪ੍ਰਾਣ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਜੀਤ।
ਵੀਰ ਗੁਰੂ ਗੋਵਿੰਦ ਕੇ, ਗਾਤੇ ਹੈਂ ਸਬ ਗੀਤ।

*-ਮੂਲ : ਸਦਾਨੰਦ ਕਵੀਸ਼ਵਰ*
*ਅਨੁਵਾਦ : ਪ੍ਰੋ. ਨਵ ਸੰਗੀਤ ਸਿੰਘ*

## ਧਰਮ ਪਰਿਵਰਤਨ

ਪੈਰਾਂ ਹੇਠਾਂ ਜੋ ਸਦਾ ਲਤਾੜੇ,
ਓਹ ਕੀ ਕਰਨਗੇ
ਧਰਮ ਪਰਿਵਰਤਨ,
ਹਾਂਜੀ ਧਰਮ ਪਰਿਵਰਤਨ।

ਚੌਖਟ ਕਦੇ ਜੋ ਕਿਸੇ ਨਾ ਚਾੜ੍ਹੇ,
ਓਹ ਕੀ ਕਰਨਗੇ
ਧਰਮ ਪਰਿਵਰਤਨ,
ਹਾਂਜੀ ਧਰਮ ਪਰਿਵਰਤਨ।

ਕਿਸੇ ਨੇ ਜਿਨ੍ਹਾਂ ਦੇ ਸੁਣੇ ਨਾ ਹਾੜੇ,
ਓਹ ਕੀ ਕਰਨਗੇ
ਧਰਮ ਪਰਿਵਰਤਨ,
ਹਾਂਜੀ ਧਰਮ ਪਰਿਵਰਤਨ।

ਜਿਸ ਵੀ ਖੋਲ੍ਹ ਦਰਵਾਜ਼ੇ ਵਾੜੇ,
ਓਹ ਕੀ ਕਰਨਗੇ
ਧਰਮ ਪਰਿਵਰਤਨ,
ਹਾਂਜੀ ਧਰਮ ਪਰਿਵਰਤਨ।

ਜਾਤਾਂ-ਪਾਤਾਂ ਨੇ ਪਾਏ ਪੁਆੜੇ,
ਓਹ ਕੀ ਕਰਨਗੇ
ਧਰਮ ਪਰਿਵਰਤਨ,
ਹਾਂਜੀ ਧਰਮ ਪਰਿਵਰਤਨ।

ਕਬੂਲ ਨਹੀਂ ਜੋ ਮਾਧੜ ਮਾੜੇ,
ਓਹ ਕੀ ਕਰਨਗੇ
ਧਰਮ ਪਰਿਵਰਤਨ,
ਹਾਂਜੀ ਧਰਮ ਪਰਿਵਰਤਨ।

ਘੱਟ ਗਿਣਤੀ ਇਕ ਖੂੰਜੇ ਜੋ ਤਾੜੇ,
ਓਹ ਕੀ ਕਰਨਗੇ
ਧਰਮ ਪਰਿਵਰਤਨ,
ਹਾਂਜੀ ਧਰਮ ਪਰਿਵਰਤਨ।

ਇਨਸਾਨਾਂ ਜਿਨ੍ਹਾਂ ਦੇ ਲੇਖ ਨੇ ਸਾੜੇ,
ਓਹ ਕੀ ਕਰਨਗੇ
ਧਰਮ ਪਰਿਵਰਤਨ,
ਹਾਂਜੀ ਧਰਮ ਪਰਿਵਰਤਨ।

ਅੰਤਰ ਆਤਮੈ ਜੋ ਪੜ੍ਹਨ ਪਹਾੜੇ,
ਓਹ ਨਹੀਂ ਕਰਨਗੇ
ਧਰਮ ਪਰਿਵਰਤਨ,
ਹਾਂਜੀ ਧਰਮ ਪਰਿਵਰਤਨ।

ਸਮਝਣਗੇ ਜੋ ਭੇਦ ਏਹ ਗਾਹੜੇ,
ਓਹ ਨਹੀਂ ਕਰਨਗੇ
ਬੋਦਲਾਂ ਦੇ ਸੁੱਖਵਿੰਦਰਾ, ਕਦੇ ਧਰਮ ਪਰਿਵਰਤਨ
ਹਾਂਜੀ ਧਰਮ ਪਰਿਵਰਤਨ, ਹਾਂਜੀ ਧਰਮ ਪਰਿਵਰਤਨ।

*-ਸੁੱਖਵਿੰਦਰ ਬੋਦਲਾਂਵਾਲਾ (ਯੂ ਐਸ ਏ)*

## ਬਦਲਾਅ ਦੇ ਨਾਂ ਉੱਤੇ

ਬਦਲਾਅ ਦੇ ਨਾਂ ਉੱਤੇ
ਸੱਜਣ ਜੀ ਫੰਦੇ ਮਿਲ਼ੇ ਨੇ
ਅਸਾਂ ਰੋਸ ਕੀ ਪ੍ਰਗਟਾਇਆ
ਸੱਜਣ ਜੀ ਡੰਡੇ ਮਿਲ਼ੇ ਨੇ।

ਡੁੱਬਦਿਆਂ ਨੂੰ ਸਹਾਰਾ ਨਾ ਦਿੱਤਾ
ਜਨਾਜ਼ਿਆਂ ਨੂੰ ਕੰਧੇ ਮਿਲ਼ੇ ਨੇ।
ਟਪਕ ਰਿਹਾ ਸੀ ਲੌਬੀ 'ਚ ਖ਼ੂਨ
ਵੈਦਾਂ ਦੇ ਹੱਥ ਸੁੱਕੇ ਫੰਬੇ ਮਿਲ਼ੇ ਨੇ।

ਗੁਲਸ਼ਰੇ ਕਾਨੂੰਨੀ ਇਸ ਤਰ੍ਹਾਂ ਉੱਡਣ
ਸਭਨਾਂ ਤੋਂ ਉੱਤੇ ਕਾਨੂੰਨੀ ਹੱਥ ਗੰਦੇ ਮਿਲ਼ੇ ਨੇ
ਓਏ ਕਲਮ ਆਪਣੀ ਖੀਸੇ 'ਚ ਪਾ ਚੁੱਪ ਹੋ ਬੈਠ
ਜੇਲ੍ਹਾਂ 'ਚ ਡੱਕੇ ਸ਼ਾਇਰਾਂ ਨੂੰ ਕਦ ਚੰਦੇ ਮਿਲ਼ੇ ਨੇ।

*-ਸੁਖਦੀਪ ਸਿੰਘ ਰਾਏਪੁਰ*
*ਫੋਨ: 86996-33924*

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ


ਡਾ. ਸੰਦੀਪ ਸਿੰਘ ਮੁੰਡੇ
ਫੋਨ: 94136-52646

ਸਿੱਖ ਧਰਮ ਵਿਚ ਸ਼ਹਾਦਤ ਦੀ ਅਮੀਰ ਅਤੇ ਬੁਨਿਆਦੀ ਪਰੰਪਰਾ ਹੈ। ਸਿੱਖ ਧਰਮ ਦਾ ਇਤਿਹਾਸ ਸ਼ਹਾਦਤਾਂ ਅਤੇ ਕੁਰਬਾਨੀਆਂ ਨਾਲ ਭਰਿਆ ਪਿਆ ਹੈ। ਸਿੱਖ ਧਰਮ ਵਿਚ ਸ਼ਹਾਦਤ ਦੀ ਪਰੰਪਰਾ 1606 ਈਸਵੀ ਵਿਚ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਆਰੰਭ ਕੀਤੀ ਗਈ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤਤਕਾਲੀ ਬਾਦਸ਼ਾਹ ਜਹਾਂਗੀਰ ਦੇ ਰਾਜ ਵਿਚ ਗਰਮ ਲੋਹ 'ਤੇ ਬਿਠਾ ਕੇ ਅਤੇ ਸਿਰ ਵਿਚ ਗਰਮ ਰੇਤ ਪਾ ਕੇ ਸ਼ਹੀਦ ਕੀਤਾ ਗਿਆ ਸੀ। ਫਿਰ ਸਾਲ 1675 ਈ: ਵਿਚ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸਮਕਾਲੀ ਮੁਗ਼ਲ ਸਮਰਾਟ ਔਰੰਗਜ਼ੇਬ ਦੀ ਕੱਟੜ ਧਾਰਮਿਕ ਨੀਤੀ ਅਤੇ ਹਿੰਦੂ ਧਰਮ ਦੇ ਵਿਰੁੱਧ ਜ਼ਬਰਦਸਤੀ ਧਰਮ ਪਰਿਵਰਤਨ ਦੀ ਮੁਹਿੰਮ ਨੂੰ ਖਤਮ ਕਰਨ ਲਈ ਆਪਣੇ ਆਪ ਨੂੰ ਕੁਰਬਾਨ ਕਰ ਦਿੱਤਾ।

ਸਿੱਖ ਧਰਮ ਵਿਚ 6 ਪੋਹ ਤੋਂ 13 ਪੋਹ ਤੱਕ ਦੇ ਦਿਨਾਂ ਨੂੰ 'ਸ਼ਹੀਦੀ ਹਫਤੇ' ਵਜੋਂ ਯਾਦ ਕੀਤਾ ਜਾਂਦਾ ਹੈ। ਇਹ ਸਮਾਂ ਸਿੱਖ ਇਤਿਹਾਸ ਵਿਚ ਸਭ ਤੋਂ ਦੁਖਦਾਈ ਅਤੇ ਦਿਲ ਦਹਿਲਾਉਣ ਵਾਲਾ ਸਮਾਂ ਹੈ। ਇਸ ਸਮੇਂ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪੂਰਾ ਪਰਿਵਾਰ ਬਿਖਰ ਗਿਆ ਸੀ। ਇਸ ਘਟਨਾ ਨੂੰ ਯਾਦ ਕਰਦਿਆਂ ਅੱਜ ਵੀ ਬਹੁਤ ਸਾਰੇ ਸਿੱਖ ਇਨ੍ਹਾਂ ਦਿਨਾਂ ਵਿਚ ਜ਼ਮੀਨ 'ਤੇ ਸੌਂਦੇ ਹਨ। 8 ਪੋਹ 1704 ਈ: ਨੂੰ ਚਮਕੌਰ ਦੀ ਲੜਾਈ ਵਿਚ ਗੁਰੂ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ (18 ਸਾਲ) ਅਤੇ ਬਾਬਾ ਜੁਝਾਰ ਸਿੰਘ (14 ਸਾਲ) ਸ਼ਹੀਦ ਹੋਏ ਸਨ। 13 ਪੋਹ 1704 ਈ: ਨੂੰ ਦੋ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ (8 ਸਾਲ) ਅਤੇ ਬਾਬਾ ਫਤਿਹ ਸਿੰਘ (6 ਸਾਲ) ਸਰਹਿੰਦ ਸੂਬੇ ਵਿਚ ਸ਼ਹੀਦ ਕਰ ਦਿੱਤੇ ਗਏ ਸਨ। ਇਹ ਘਟਨਾ ਇਕ ਪਾਸੇ ਮਨੁੱਖਤਾ ਦੀ ਘਿਣਾਉਣੀ ਤਸਵੀਰ ਪੇਸ਼ ਕਰਦੀ ਹੈ, ਦੂਜੇ ਪਾਸੇ ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਅਥਾਹ ਹਿੰਮਤ, ਦ੍ਰਿੜ੍ਹਤਾ, ਸਵੈ-ਮਾਣ ਅਤੇ ਉੱਚ ਸ਼ੁੱਧ ਭਾਵਨਾ ਦਾ ਪ੍ਰਗਟਾਵਾ ਕਰਦੀ ਹੈ।

ਸਾਲ 1704 ਈ: ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਮਕਾਲੀ ਮੁਗ਼ਲ ਸਮਰਾਟ ਔਰੰਗਜ਼ੇਬ ਦੇ ਜ਼ੁਲਮ ਵਿਰੁੱਧ ਲੜ ਰਹੇ ਸਨ। ਲੰਬੀ ਲੜਾਈ ਤੋਂ ਪ੍ਰੇਸ਼ਾਨ ਹੋ ਕੇ ਮੁਗ਼ਲ ਸਮਰਾਟ ਨੇ ਗੁਰੂ ਗੋਬਿੰਦ ਸਿੰਘ ਜੀ ਨਾਲ ਵਿਸ਼ੇਸ਼ ਸੰਧੀ ਲਈ ਬੇਨਤੀ ਕੀਤੀ। ਸੰਧੀ ਅਨੁਸਾਰ ਗੁਰੂ ਜੀ ਨੇ ਅਨੰਦਪੁਰ ਸਾਹਿਬ ਦਾ ਕਿਲ੍ਹਾ ਖਾਲੀ ਕਰਨਾ ਸੀ ਅਤੇ ਗੁਰੂ ਸਾਹਿਬ ਬਿਨਾਂ ਕਿਸੇ ਡਰ ਦੇ ਕਿਤੇ ਵੀ ਆ-ਜਾ ਸਕਦੇ ਸਨ ਅਤੇ ਉਨ੍ਹਾਂ ਦੀ ਜਾਨ-ਮਾਲ ਦੀ ਰਾਖੀ ਕਰਨ ਦੀ ਹਾਮੀ ਮੁਗ਼ਲ ਫੌਜ ਨੇ ਭਰੀ ਸੀ। ਮੁਗ਼ਲ ਫੌਜ ਨੇ ਵਾਅਦਾ ਕੀਤਾ ਸੀ ਕਿ ਉਹ ਗੁਰੂ ਸਾਹਿਬ ਤੇ ਉਨ੍ਹਾਂ ਦੇ ਪਰਿਵਾਰ ਅਤੇ ਸਿੱਖਾਂ ਨੂੰ ਕਿਸੇ ਪ੍ਰਕਾਰ ਦਾ ਕੋਈ ਨੁਕਸਾਨ ਨਹੀਂ ਪਹੁੰਚਾਵੇਗੀ। ਭਾਵੇਂ ਗੁਰੂ ਜੀ ਨੂੰ ਔਰੰਗਜ਼ੇਬ ਦੇ ਵਾਅਦਿਆਂ 'ਤੇ ਬਿਲਕੁਲ ਵਿਸ਼ਵਾਸ ਨਹੀਂ ਸੀ, ਪਰ ਉਨ੍ਹਾਂ ਹਾਲਾਤ ਵਿਚ ਕਿਲ੍ਹੇ ਵਿਚ ਸਿੱਖਾਂ ਨਾਲ ਰਹਿਣਾ ਵੀ ਮੁਸ਼ਕਲ ਸੀ। ਇਸ ਲਈ ਗੁਰੂ ਜੀ ਨੇ 6 ਪੋਹ ਦੀ ਅੱਧੀ ਰਾਤ ਨੂੰ ਅਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਪੂਰੇ ਕਾਫਲੇ ਨਾਲ ਛੱਡਣ ਦਾ ਫੈਸਲਾ ਕੀਤਾ। ਪਰ ਦੁਸ਼ਮਣ ਸਿਪਾਹੀਆਂ ਨੇ ਆਪਣੇ ਸਾਰੇ ਵਾਅਦੇ ਭੁੱਲ ਕੇ ਧੋਖੇ ਨਾਲ ਸਿੱਖਾਂ 'ਤੇ ਹਮਲਾ ਕਰ ਦਿੱਤਾ। ਬਹੁਤ ਸਾਰੇ ਸਿੱਖਾਂ ਨੇ ਬਹਾਦਰੀ ਨਾਲ ਲੜਦਿਆਂ ਸ਼ਹੀਦੀਆਂ ਪਾਈਆਂ। ਇਸ ਸਮੇਂ ਗੁਰੂ ਜੀ ਨੇ ਆਪਣੇ ਕਾਫਲੇ ਨਾਲ ਸਰਸਾ ਨਦੀ ਪਾਰ ਕਰਨ ਦਾ ਫੈਸਲਾ ਕੀਤਾ। ਉਸ ਰਾਤ ਭਿਅੰਕਰ ਠੰਢ ਸੀ ਅਤੇ ਜ਼ਿਆਦਾ ਮੀਂਹ ਪੈਣ ਕਾਰਨ ਸਰਸਾ ਨਦੀ ਵਿਚ ਹੜ੍ਹ ਆਏ ਹੋਏ ਸਨ, ਜਿਸ ਕਾਰਨ ਨਦੀ ਪਾਰ ਕਰਿਦਆਂ ਗੁਰੂ ਗੋਬਿੰਦ ਸਿੰਘ ਜੀ ਦਾ ਪਰਿਵਾਰ ਕਾਫਲੇ ਤੋਂ ਵੱਖ ਹੋ ਗਿਆ। ਦੋ ਵੱਡੇ ਸਾਹਿਬਜ਼ਾਦੇ (ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ) ਅਤੇ 40 ਸਿੱਖ ਗੁਰੂ ਜੀ ਨਾਲ ਚਮਕੌਰ ਵੱਲ ਚਲੇ ਗਏ। ਮਾਤਾ ਗੁਜਰ ਕੌਰ ਜੀ ਅਤੇ ਗੁਰੂ ਜੀ ਦੇ ਦੋ ਛੋਟੇ ਸਾਹਿਬਜ਼ਾਦੇ (ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ) ਗੁਰੂ ਜੀ ਤੋਂ ਵਿਛੜ ਕੇ ਨੌਕਰ ਗੰਗੂ ਨਾਲ ਉਸ ਦੇ ਪਿੰਡ ਖੇੜੀ ਵੱਲ ਚਲੇ ਗਏ।





ਅਗਲੇ ਦਿਨ ਚਮਕੌਰ ਦੀ ਗੜ੍ਹੀ ਵਿਚ ਗੁਰੂ ਸਾਹਿਬ ਦੇ ਦੋ ਵੱਡੇ ਸਾਹਿਬਜ਼ਾਦਿਆਂ ਅਤੇ 40 ਸਿੱਖਾਂ ਨੇ ਮੁਗ਼ਲ ਫੌਜ ਵਿਰੁੱਧ ਲੜਾਈ ਲੜੀ। ਜੰਗ ਦੇ ਮੈਦਾਨ ਵਿਚ ਬਾਬਾ ਅਜੀਤ ਸਿੰਘ ਜੀ ਬਹਾਦਰੀ ਨਾਲ ਦੁਸ਼ਮਨ ਨਾਲ ਲੜਦਿਆਂ ਸ਼ਹੀਦ ਹੋ ਗਏ। ਫਿਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਾਬਾ ਜੁਝਾਰ ਸਿੰਘ ਜੀ ਨੂੰ ਆਪਣੇ ਹੱਥਾਂ ਨਾਲ ਯੁੱਧ ਲਈ ਤਿਆਰ ਕੀਤਾ। ਬਾਬਾ ਜੁਝਾਰ ਸਿੰਘ ਜੀ ਵੀ ਦੁਸ਼ਮਣ ਨਾਲ ਲੜਦਿਆਂ ਵਿਰੋਧੀ ਸੈਨਾ ਨੂੰ ਲੋਹੇ ਦੇ ਚਣੇ ਚਬਾ ਕੇ ਸ਼ਹੀਦ ਹੋ ਗਏ। ਚਮਕੌਰ ਦੀ ਲੜਾਈ ਵਿਚ ਦੁਸ਼ਮਣ ਤਾਕਤਾਂ ਦੀ ਗਿਣਤੀ ਬਹੁਤ ਜ਼ਿਆਦਾ ਸੀ, ਉਸਦੇ ਮੁਕਾਬਲੇ ਸਿੱਖ ਫੌਜ ਦੀ ਗਿਣਤੀ ਨਾਮਾਤਰ ਹੀ ਸੀ। ਇਸ ਸਥਿਤੀ ਵਿਚ ਗੁਰੂ ਜੀ ਦੇ ਸਾਹਿਬਜ਼ਾਦਿਆਂ ਦਾ ਸਿਰਫ 18 ਅਤੇ 14 ਸਾਲ ਦੀ ਉਮਰ ਵਿਚ ਹਿੰਮਤ ਅਤੇ ਬਹਾਦਰੀ ਨਾਲ ਲੜ ਕੇ ਸ਼ਹੀਦ ਹੋਣਾ ਪ੍ਰੇਰਣਾਦਾਇਕ ਹੈ। ਉਹ ਨਾ ਕੇਵਲ ਗੁਰੂ ਜੀ ਦੇ ਵੱਡੇ ਸਾਹਿਬਜ਼ਾਦੇ ਸਨ, ਬਲਕਿ ਸੱਚੇ ਗੁਰਸਿੱਖ ਅਤੇ ਸਿੱਖ ਪੰਥ ਦੇ ਮਹਾਨ ਯੋਧੇ ਵਜੋਂ ਵੀ ਵਿਸ਼ੇਸ਼ ਪਛਾਣ ਰੱਖਦੇ ਹਨ। ਗੁਰੂ ਜੀ ਨੇ ਵੱਡੇ ਸਾਹਿਬਜ਼ਾਦਿਆਂ ਨੂੰ ਜੰਗ-ਏ-ਮੈਦਾਨ ਵਿਚ ਲੜਦਿਆਂ ਅਤੇ ਸੀਨੇ 'ਤੇ ਵਾਰ ਖਾ ਕੇ ਸ਼ਹੀਦ ਹੁੰਦੇ ਵੇਖ ਅਕਾਲ ਪੁਰਖ ਦਾ ਸ਼ੁਕਰਾਨਾ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੇ ਪੁੱਤਰਾਂ ਨੇ ਸਹੀ ਅਰਥਾਂ ਵਿਚ ਆਪਣਾ ਫਰਜ਼ ਨਿਭਾ ਦਿੱਤਾ ਹੈ।

ਦੂਜੇ ਪਾਸੇ ਗੰਗੂ ਬ੍ਰਾਹਮਣ ਮਾਤਾ ਗੁਜਰ ਕੌਰ ਅਤੇ ਗੁਰੂ ਜੀ ਦੇ ਦੋ ਛੋਟੇ ਸਾਹਿਬਜ਼ਾਦਿਆਂ (ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ) ਨੂੰ ਪਿੰਡ ਖੇੜੀ ਵਿਖੇ ਆਪਣੇ ਘਰ ਲੈ ਗਿਆ। ਘਰ ਜਾ ਕੇ ਗੰਗੂ ਬ੍ਰਾਹਮਣ ਦਾ ਲਾਲਚ ਕਾਰਨ ਇਰਾਦਾ ਬਦਲ ਗਿਆ ਤੇ ਉਸ ਨੇ ਪੈਸਿਆਂ ਖਾਤਰ ਗੁਰੂ ਸਾਹਿਬ ਜੀ ਦੇ ਸਾਹਿਬਜ਼ਾਦਿਆਂ ਨੂੰ ਫੜਵਾਉਣ ਦਾ ਫੈਸਲਾ ਕਰ ਲਿਆ। ਗੰਗੂ ਦੀ ਗੁਪਤ ਜਾਣਕਾਰੀ ਦੇਣ 'ਤੇ ਮਾਤਾ ਗੁਜਰ ਕੌਰ ਜੀ ਅਤੇ ਦੋਵੇਂ ਨਿਰਦੋਸ਼ ਮਾਸੂਮਾਂ ਨੂੰ ਗ੍ਰਿਫਤਾਰ ਕਰ ਕੇ ਸਰਹੰਦ ਦੇ ਨਵਾਬ ਵਜ਼ੀਰ ਖ਼ਾਨ ਦੇ ਹਵਾਲੇ ਕਰ ਦਿੱਤਾ ਗਿਆ। ਨਵਾਬ ਦੇ ਆਦੇਸ਼ਾਂ 'ਤੇ ਮਾਤਾ ਗੁਜਰ ਕੌਰ ਜੀ ਅਤੇ ਦੋਵਾਂ ਸਾਹਿਬਜ਼ਾਦਿਆਂ ਨੂੰ ਠੰਢੇ ਬੁਰਜ ਵਿਚ ਬੰਦ ਕਰ ਦਿੱਤਾ ਗਿਆ। ਪਰ ਪੋਹ ਮਹੀਨੇ ਦੀ ਠੰਢ ਵਿਚ ਵੀ ਦੋਵੇਂ ਸਾਹਿਬਜ਼ਾਦੇ ਬਿਲਕੁਲ ਨਹੀਂ ਘਬਰਾਏ। ਜਦੋਂ ਉਨ੍ਹਾਂ ਨੂੰ ਅਦਾਲਤ ਵਿਚ ਪੇਸ਼ ਕੀਤਾ ਦਿੱਤਾ, ਤਾਂ ਉਥੇ ਮੌਜੂਦ ਲੋਕ ਗੁਰੂ ਜੀ ਦੇ ਪੁੱਤਰਾਂ ਦੀ ਹਿੰਮਤ ਅਤੇ ਲਗਨ ਵੇਖ ਕੇ ਹੈਰਾਨ ਹੋ ਗਏ। ਸਰਹੰਦ ਸੂਬੇ ਦੀ ਕਚਹਿਰੀ ਵਿਚ ਇਨ੍ਹਾਂ ਬੇਕਸੂਰ ਮਾਸੂਮਾਂ ਨੂੰ ਪਹਿਲਾਂ ਕਈ ਤਰ੍ਹਾਂ ਦੇ ਲਾਲਚ ਦਿੱਤੇ ਗਏ ਅਤੇ ਫਿਰ ਧਮਕੀਆਂ ਦਿੱਤੀਆਂ ਗਈਆਂ, ਪਰ ਉਸ ਦਾ ਸਾਹਿਬਜ਼ਾਦਿਆਂ 'ਤੇ ਕੋਈ ਅਸਰ ਨਹੀਂ ਹੋਇਆ। ਡਰ, ਝੂਠ, ਲਾਲਚ ਆਦਿ ਦੇ ਬਾਵਜੂਦ ਵੀ ਉਹ ਆਪਣੇ ਧਰਮ ਦੇ ਰਸਤੇ 'ਤੇ ਡਟੇ ਰਹੇ ਅਤੇ ਉਨ੍ਹਾਂ ਨੇ ਸਮੇਂ ਦੇ ਸ਼ਾਸਕਾਂ, ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਸਾਹਮਣੇ ਸੱਚ ਦੀ ਆਵਾਜ਼ ਬੁਲੰਦ ਕਰ ਕੇ ਜ਼ੁਲਮ ਦਾ ਵਿਰੋਧ ਕੀਤਾ।

8 ਸਾਲ ਅਤੇ 6 ਸਾਲ ਦੀ ਉਮਰ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਲਗਾਤਾਰ ਤਿੰਨ ਦਿਨ ਤੱਕ ਲਾਲਚ ਅਤੇ ਧਮਕੀਆਂ ਦਿੱਤੀਆਂ ਗਈਆਂ, ਪਰ ਗੁਰੂ ਜੀ ਦੇ ਸਾਹਿਬਜ਼ਾਦੇ ਉਨ੍ਹਾਂ ਸਾਹਮਣੇ ਨਹੀਂ ਝੁਕੇ। ਸਾਹਿਬਜ਼ਾਦਿਆਂ ਦੀ ਨਿਡਰਤਾ ਅਤੇ ਸਵੈ-ਮਾਣ ਘਟਦਾ ਨਾ ਵੇਖ ਕੇ ਸੂਬਾ ਸਰਹੰਦ ਦੇ ਆਦੇਸ਼ਾਂ 'ਤੇ ਕਾਜ਼ੀ ਨੇ ਉਨ੍ਹਾਂ ਨੂੰ ਦੀਵਾਰ ਵਿਚ ਜ਼ਿੰਦਾ ਚਿਣਨ ਦਾ ਆਦੇਸ਼ ਦਿੱਤਾ। ਇਸ ਸਜ਼ਾ ਦਾ ਮਲੇਰਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਨੇ ਵਿਰੋਧ ਵੀ ਕੀਤਾ। ਸਜ਼ਾ ਮੁਤਾਬਕ ਦੋ ਪਠਾਨ ਸਾਹਿਬਜ਼ਾਦਿਆਂ ਨੂੰ ਜ਼ਿੰਦਾ ਦੀਵਾਰ ਵਿਚ ਚਿਣਨ ਲੱਗਦੇ ਹਨ ਤਾਂ ਦੋਵੇਂ ਸਾਹਿਬਜ਼ਾਦੇ ਕੰਧ ਦੀ ਨੀਂਹ ਵਿਚ ਅਡੋਲ ਤੇ ਅਡਿੱਗ ਰਹਿ ਕੇ ਦ੍ਰਿੜ੍ਹਤਾ ਨਾਲ ਹੱਥ ਉਚੇ ਕਰ ਕੇ ਚੜ੍ਹਦੀ ਕਲਾ ਦੇ ਜੈਕਾਰੇ ਲਾਉਂਦੇ ਹੋਏ ਸ਼ਹੀਦ ਹੋ ਜਾਂਦੇ ਹਨ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਬਾਅਦ ਮਾਤਾ ਗੁਜਰ ਕੌਰ ਜੀ ਵੀ ਸ਼ਹੀਦ ਹੋ ਜਾਂਦੇ ਹਨ। ਇਹ ਸ਼ਹਾਦਤ ਹਮਦਰਦੀ ਦੀ ਭਾਵਨਾ ਦੇ ਨਾਲ ਸਿੱਖ ਧਰਮ ਦੀ ਮਹਿਮਾ, ਚੜ੍ਹਦੀ ਕਲਾ, ਬਹਾਦਰੀ, ਦ੍ਰਿੜ੍ਹਤਾ ਅਤੇ ਵੱਡੇ ਹੌਂਸਲੇ ਦਾ ਅਹਿਸਾਸ ਕਰਾਉਂਦੀ ਹੈ।

ਇਹ ਉਨ੍ਹਾਂ ਸੂਰਬੀਰਾਂ ਦੀ ਗਾਥਾ ਹੈ, ਜਿਨ੍ਹਾਂ ਨੇ ਧਰਮ ਅਤੇ ਸਿਧਾਂਤਾਂ ਦੀ ਖ਼ਾਤਰ ਕੁਰਬਾਨੀਆਂ ਦਿੱਤੀਆਂ। ਗੁਰੂ ਜੀ ਦੇ ਚਾਰ ਸਾਹਿਬਜ਼ਾਦਿਆਂ ਦਾ ਜੀਵਨ ਸਾਡੀ ਨਵੀਂ ਪੀੜ੍ਹੀ ਲਈ ਇੱਕ ਮਹਾਨ ਆਦਰਸ਼ ਅਤੇ ਪ੍ਰਕਾਸ਼ ਦੀ ਕਿਰਨ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੇ ਇਹ ਸਿੱਧ ਕਰ ਦਿੱਤਾ ਕਿ ਪ੍ਰਤੀਕੂਲ ਹਾਲਾਤ ਵਿਚ ਧਰਮ ਦੀ ਰੱਖਿਆ ਲਈ ਉਮਰ ਕੋਈ ਮਾਅਨੇ ਨਹੀਂ ਰੱਖਦੀ। ਚਾਰੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਸਮੁੱਚੀ ਮਨੁੱਖਤਾ ਲਈ ਪ੍ਰੇਰਣਾ ਸਰੋਤ ਹੈ, ਜੋ ਆਪਣੇ ਧਰਮ ਵਿਚ ਪੱਕੇ ਰਹਿ ਕੇ ਜ਼ੁਲਮ ਵਿਰੁੱਧ ਸੱਚਾਈ ਦੀ ਆਵਾਜ਼ ਉਠਾਉਣ ਦੀ ਸਿੱਖਿਆ ਦਿੰਦੀ ਹੈ। ਗੁਰੂ ਸਾਹਿਬ ਦੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਕੋਟਨਿ-ਕੋਟਿ ਪ੍ਰਣਾਮ।

# ਘਰੇਲੂ ਹਿੰਸਾ ਦਾ ਸ਼ਿਕਾਰ ਹੁੰਦੀਆਂ ਔਰਤਾਂ

ਹਰਕੀਰਤ ਕੌਰ
ਫੋਨ: 97791-18066

ਜਦੋਂ ਔਰਤ ਦੀ ਸਿਫ਼ਤ ਵਿਚ ਔਰਤ ਦੇ ਗੁਣਾਂ ਦਾ ਜ਼ਿਕਰ ਕਰਦੇ ਹਾਂ ਤਾਂ ਅਸੀਂ ਸਾਰੇ ਬਹੁਤ ਹੀ ਮਾਣ ਨਾਲ ਉਸਨੂੰ ਸਹਿਣਸ਼ੀਲਤਾ ਦੀ ਦੇਵੀ ਕਹਿ ਸਤਿਕਾਰਦੇ ਹਾਂ। ਕਿੰਨਾ ਵਧੀਆ ਲੱਗਦਾ ਹੈ ਸਮਾਜ ਨੂੰ ਔਰਤ ਦਾ ਸਭ ਕੁਝ ਚੁੱਪ-ਚਾਪ ਸਹਿੰਦਿਆਂ ਦਾ ਰੂਪ। ਕਿੰਨੇ ਅਫਸੋਸ ਦੀ ਗੱਲ ਹੈ ਕਿ ਸਾਡੇ ਸਮਾਜ ਵਿਚ ਉਨ੍ਹਾਂ ਔਰਤਾਂ ਨੂੰ ਸਾਊ, ਖਾਨਦਾਨੀ, ਇੱਜ਼ਤਦਾਰ ਤੇ ਸਿਆਣੀਆਂ ਹੋਣ ਦਾ ਖਿਤਾਬ ਦਿੱਤਾ ਜਾਂਦਾ ਹੈ, ਜੋ ਚੁੱਪ ਚਾਪ ਘਰਾਂ ਵਿਚ ਸਮਾਜ ਵਿਚ ਆਪਣੇ ਨਾਲ ਹੁੰਦੀਆਂ ਵਧੀਕੀਆਂ ਨੂੰ ਸਹਿੰਦੀਆਂ ਹੋਈਆਂ ਆਪਣੇ ਅਰਮਾਨਾਂ ਦਾ ਗਲਾ ਘੁੱਟਦੀਆਂ ਰਹਿਣ, ਜਿਨ੍ਹਾਂ ਲਈ ਆਪਣੇ ਸਵੈ ਦੀ ਕੋਈ ਮਹੱਤਤਾ ਨਹੀਂ ਹੈ ਅਤੇ ਜਿਨ੍ਹਾਂ ਨੇ ਕਦੇ ਆਪਣੇ ਲਈ ਜਿਊਣਾ ਸਿੱਖਿਆ ਹੀ ਨਹੀਂ।

ਅਸੀਂ ਭਾਵੇਂ ਕਿੰਨੇ ਵੀ ਦਾਅਵੇ ਕਰ ਲਈਏ ਕਿ ਔਰਤਾਂ ਦੀ ਹਾਲਤ ਸੁਧਰ ਗਈ ਹੈ। ਅੱਜ ਔਰਤ ਸੁਤੰਤਰ ਹੈ, ਸੁਰੱਖਿਅਤ ਹੈ, ਪਰ ਇਹ ਸੱਚ ਨਹੀਂ ਹੈ, ਕੈਮਰੇ ਦੀਆਂ ਅੱਖਾਂ, ਇੰਟਰਨੈੱਟ ਦੀ ਦੁਨੀਆਂ, ਅਖਬਾਰਾਂ ਦੀਆਂ ਸੁਰਖੀਆਂ ਦੀ ਪਹੁੰਚ ਤੋਂ ਦੂਰ ਬੈਠੀਆਂ ਅਜਿਹੀਆਂ ਪਤਾ ਨਹੀਂ ਕਿੰਨੀਆਂ ਕੁ ਔਰਤਾਂ ਹਨ ਜੋ ਅੱਜ ਵੀ ਨਿੱਤ ਘਰੇਲੂ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ। ਜਿਨ੍ਹਾਂ ਦੇ ਘਰਾਂ ਵਿਚ ਅੱਜ ਵੀ ਔਰਤ ਸਿਰਫ਼ ਪੈਰ ਦੀ ਜੁੱਤੀ ਸਮਝੀ ਜਾਂਦੀ ਹੈ ਤੇ ਜਿਨ੍ਹਾਂ ਲਈ ਅੱਜ ਵੀ ਕੋਈ ਧਰਤੀ ਦਾ ਹਿੱਸਾ ਆਪਣਾ ਨਹੀਂ। ਹਜ਼ਾਰਾਂ ਲੱਖਾਂ ਅਜਿਹੀਆਂ ਔਰਤਾਂ ਹਨ ਜੋ ਨਿੱਤ ਸਰੀਰਕ ਤੇ ਮਾਨਸਿਕ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ। ਭਾਰਤ ਦੇ ਕਈ ਸੂਬੇ ਅਜਿਹੇ ਹਨ ਜਿੱਥੇ ਮਰਦਾਂ ਦੁਆਰਾ ਘਰ ਦੀਆਂ ਔਰਤਾਂ ਦਾ ਸਰੀਰਕ ਸ਼ੋਸ਼ਣ ਕਰਨਾ, ਮਾਰ ਕੁਟਾਈ ਕਰਨਾ ਉਨ੍ਹਾਂ ਦੇ ਨਿੱਤ ਦੇ ਕੰਮਾਂ ਵਿਚੋਂ ਇਕ ਹੈ।

ਪਹਿਲਾਂ ਪਹਿਲ ਘਰੇਲੂ ਹਿੰਸਾ ਗਾਲੀ ਗਲੋਚ ਤੋਂ ਸ਼ੁਰੂ ਹੁੰਦੀ ਹੈ, ਔਰਤ ਆਪਣੇ ਸਾਥੀ ਜਾਂ ਪਰਿਵਾਰਕ ਮੈਂਬਰਾਂ ਦਾ ਸਤਿਕਾਰ ਕਰਨਾ ਆਪਣਾ ਫਰਜ਼ ਸਮਝਦੀ ਹੋਈ ਕਦੇ ਵੀ ਇਸ ਦਾ ਵਿਰੋਧ ਨਹੀਂ ਕਰਦੀ ਅਤੇ ਨਾ ਇਸ ਬਾਰੇ ਕਦੇ ਸੋਚਦੀ ਹੈ, ਹੌਲੀ ਹੌਲੀ ਇਹ ਗਾਲੀ ਗਲੋਚ ਹੱਥ ਚੁੱਕਣ ਤਕ ਵਧ ਜਾਂਦਾ ਹੈ ਅਤੇ ਫਿਰ ਨਿੱਤ ਦੀ ਆਦਤ ਬਣ ਜਾਂਦਾ ਹੈ। ਬਹੁਤਾਤ ਔਰਤਾਂ ਇਸ ਹਿੰਸਾ ਨੂੰ ਆਪਣੇ ਬੱਚਿਆਂ, ਪਰਿਵਾਰ ਕਰਕੇ ਚੁੱਪ ਚਾਪ ਸਹਿੰਦੀਆਂ ਰਹਿੰਦੀਆਂ ਹਨ। ਭਾਰਤੀ ਸਮਾਜ ਦੀਆਂ ਰਵਾਇਤਾਂ ਅਨੁਸਾਰ ਇਕ ਲੜਕੀ ਦਾ ਵਿਆਹ ਜਿਸ ਪਰਿਵਾਰ ਵਿਚ ਹੋ ਜਾਂਦਾ ਹੈ, ਉਹੀ ਉਸਦਾ ਆਖਰੀ ਘਰ ਹੁੰਦਾ ਹੈ, ਚਾਹੇ ਉਹ ਕਿੰਨੇ ਵੀ ਮਾੜੇ ਹਲਾਤਾਂ ਵਿਚ ਜਾਂ ਸਰੀਰਕ ਜਾਂ ਮਾਨਸਿਕ ਸ਼ੋਸ਼ਣ ਦਾ ਸ਼ਿਕਾਰ ਹੁੰਦੀ ਹੋਵੇ, ਜ਼ਿਆਦਾਤਰ ਪਰਿਵਾਰਾਂ ਵਲੋਂ ਲੜਕੀਆਂ ਨੂੰ ਉਨ੍ਹਾਂ ਨਾਲ ਹੋਣ ਵਾਲੀਆਂ ਵਧੀਕੀਆਂ ਚੁੱਪ ਚਾਪ ਸਹਿਣ ਦੀ ਹੀ ਸਿੱਖਿਆ ਦਿੱਤੀ ਜਾਂਦੀ ਹੈ।

ਘਰੇਲੂ ਹਿੰਸਾ ਦੇ ਜ਼ਿਆਦਾਤਰ ਕਾਰਨ ਪਤੀ ਦਾ ਨਸ਼ੇ ਕਰਨਾ, ਬੇਟਿਆਂ ਦੀ ਚਾਹਤ, ਵਿਆਹ ਤੋਂ ਬਾਅਦ ਗੈਰ ਸੰਬੰਧ, ਸ਼ੱਕੀ ਸੁਭਾਅ, ਪਰਿਵਾਰਕ ਲੜਾਈ ਝਗੜੇ ਆਦਿ ਰਹਿੰਦੇ ਹਨ। ਇਹ ਸਿਰਫ਼ ਭਾਰਤੀ ਸਮਾਜ ਦੀ ਹੀ ਕਹਾਣੀ ਨਹੀਂ ਬਲਕਿ ਦੁਨੀਆ ਭਰ ਦੇ ਦੇਸ਼ਾਂ ਦੀ ਕਹਾਣੀ ਹੈ। ਏਥੋਂ ਤਕ ਕਿ ਅਮਰੀਕਾ, ਕੈਨੇਡਾ ਵਰਗੇ ਬਹੁਤ ਵਿਕਸਿਤ ਦੇਸ਼ਾਂ ਵਿਚ ਵੀ ਅਜਿਹੀਆਂ ਘਟਨਾਵਾਂ ਵੇਖਣ ਨੂੰ ਮਿਲਦੀਆਂ ਹਨ। ਕੁਝ ਮਹੀਨੇ ਪਹਿਲਾਂ ਅਮਰੀਕਾ ਦੇ ਇਕ ਸ਼ਹਿਰ ਵਿਚ ਪੰਜਾਬਣ ਲੜਕੀ ਦੁਆਰਾ ਘਰੇਲੂ ਹਿੰਸਾ ਤੋਂ ਤੰਗ ਆ ਕੇ ਆਤਮ ਹੱਤਿਆ ਕਰ ਲਈ ਗਈ ਸੀ, ਜੋ ਆਪਣੇ ਪਿੱਛੇ ਦੋ ਛੋਟੀਆਂ ਬੱਚੀਆਂ ਨੂੰ ਛੱਡ ਗਈ। ਇਸ ਲੜਕੀ ਦੇ ਮਾਰ ਕੁਟਾਈ ਦਾ ਕਾਰਨ ਬੇਟੇ ਦੀ ਇੱਛਾ ਸੀ। ਇਸ ਘਟਨਾ ਨੇ ਪੂਰੇ ਸਮਾਜ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਇਸ ਤੋਂ ਇਲਾਵਾ ਡਬਲਿਊ ਐੱਚ ਓ (ਵਰਲਡ ਹੱਲਥ ਆਰਗੇਨਾਈਜ਼ੇਸ਼ਨ) ਦੁਆਰਾ ਯੂ ਐੱਨ ਓ (ਯੂਨਾਈਟਡ ਨੇਸ਼ਨਜ਼ ਆਰਗੇਨਾਈਜ਼ੇਸ਼ਨ) ਦੀ ਮਦਦ ਨਾਲ ਸਾਲ 2018 ਵਿਚ ਇਕ ਸਰਵੇਖਣ ਕੀਤਾ ਗਿਆ ਜਿਸ ਵਿਚ ਦੁਨੀਆਂ ਭਰ ਤੋਂ 161 ਦੇਸ਼ਾਂ ਦੀ ਸੂਚੀ ਤਿਆਰ ਕੀਤੀ ਗਈ, ਇਸ ਸਰਵੇਖਣ ਵਿਚ ਸਾਲ 2000 ਤੋਂ 2018 ਤਕ ਦੇ ਅੰਕੜੇ ਇਕੱਠੇ ਕੀਤੇ ਗਏ ਜਿਨ੍ਹਾਂ ਦੇ ਨਤੀਜਿਆਂ ਤੋਂ ਪਤਾ ਲੱਗਾ ਕਿ ਦੁਨੀਅ ਭਰ ਵਿਚ ਹਰ 3 ਔਰਤਾਂ ਵਿਚੋਂ ਇਕ ਔਰਤ ਘਰੇਲੂ ਹਿੰਸਾ ਦੀ ਸ਼ਿਕਾਰ ਹੋ ਰਹੀ ਹੈ। ਘਰੇਲੂ ਹਿੰਸਾ ਦੀਆਂ ਸ਼ਿਕਾਰ ਔਰਤਾਂ ਵਿਚ 15 ਸਾਲ ਦੀਆਂ ਬੱਚੀਆਂ ਜੋ ਆਪਣੇ ਮਤਰਏ ਮਾਤਾ ਪਿਤਾ ਹੱਥੋਂ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ ਤੋਂ ਲੈ ਕੇ 45 ਸਾਲ ਦੀ ਉਮਰ ਤਕ ਦੀਆਂ ਔਰਤਾਂ ਦੀ ਗਿਣਤੀ ਜ਼ਿਆਦਾ ਹੈ। ਦੁਨੀਆ ਭਰ ਵਿਚ ਔਰਤਾਂ ਦੇ ਹੋਣ ਵਾਲੇ ਕਤਲਾਂ ਵਿਚੋਂ 38% ਘਰੇਲੂ ਹਿੰਸਾ ਕਾਰਨ ਕੀਤੇ ਜਾਂਦੇ ਹਨ।

ਅਜਿਹੀਆਂ ਘਟਨਾਵਾਂ ਜਿੱਥੇ ਔਰਤਾਂ ਦੇ ਅਸਹਿ ਦਰਦ ਨੂੰ ਬਿਆਨ ਕਰਦੀਆਂ ਹੋਈਆਂ ਔਰਤ ਜਾਤ ਦੇ ਸਵਾਭਿਮਾਨ ਨੂੰ ਠੇਸ ਪਹੁੰਚਾਉਂਦੀਆਂ ਹਨ ਉੱਥੇ ਬੱਚਿਆਂ ਦੀ ਮਾਨਸਿਕ ਸਿਹਤ ਨੂੰ ਵੀ ਪ੍ਰਭਾਵਿਤ ਕਰਦੀਆਂ ਹਨ, ਆਪਣੇ ਘਰ ਦੀਆਂ ਔਰਤਾਂ ਨੂੰ ਹਿੰਸਾ ਸਹਿੰਦਿਆਂ ਵੇਖਦੇ ਬੱਚੇ ਜਾਂ ਤਾਂ ਬਹੁਤ ਜ਼ਿਆਦੇ ਡਰੇ ਸਹਿਮੇ ਨਿਕਲਦੇ ਹਨ ਜਾਂ ਫਿਰ ਏਨੇ ਕੁ ਜ਼ਿਆਦਾ ਗੁਸੈਲੇ ਕਿ ਕਈ ਵਾਰ ਸਮਾਜ ਲਈ ਵੀ ਹਾਨੀਕਾਰਕ ਸਾਬਤ ਹੁੰਦੇ ਹਨ। ਇਸ ਤੋਂ ਇਲਾਵਾ ਸਮਾਜ ਉੱਤੇ ਬਹੁਤ ਬੁਰਾ ਪ੍ਰਭਾਵ ਪੈਂਦਾ ਹੈ ਅਤੇ ਸਮਾਜ ਦੇ ਮੱਥੇ 'ਤੇ ਹਿੰਸਕ ਸਮਾਜ ਦਾ ਧੱਬਾ ਲੱਗ ਜਾਂਦਾ ਹੈ ਅਤੇ ਆਮ ਲੋਕਾਂ ਲਈ ਸਵਾਲ ਖੜਾ ਹੋ ਜਾਂਦਾ ਹੈ ਕਿ ਆਖਰ ਕਿਉਂ ਅਸੀਂ ਇਕ ਚੰਗਾ ਤੇ ਸੱਭਿਅਕ ਸਮਾਜ ਸਿਰਜਣ ਵਿਚ ਅਸਫ਼ਲ ਰਹੇ ਹਾਂ।

ਅੱਜ ਲੋੜ ਹੈ ਅਜਿਹੇ ਲੋਕਾਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਕਰਨ ਦੀ। ਆਪਣੀਆਂ ਧੀਆਂ ਨੂੰ ਸਭ ਕੁਝ ਚੁੱਪ ਚਪੀਤੇ ਸਹਿਣ ਦੀ ਸਿੱਖਿਆ ਦੇਣ ਦੀ ਬਜਾਇ ਧੀਆਂ ਨੂੰ ਏਨੇ ਕਾਬਿਲ ਬਣਾਉਣ ਦੀ ਕਿ ਉਹ ਉਨ੍ਹਾਂ ਸਾਰੀਆਂ ਅਖੌਤੀ ਰਵਾਇਤਾਂ ਦੀਆਂ ਬਾਹਾਂ ਭੰਨ੍ਹ ਸਕਣ ਜੋ ਉਨ੍ਹਾਂ ਦੇ ਅਸਤਿੱਤਵ ਉੱਪਰ ਹਿੰਸਾ ਦੇ ਨਿਸ਼ਾਨ ਛੱਡਦੀਆਂ ਹਨ। ਲੋੜ ਹੈ ਮਾਪੇ, ਸਕੂਲਾਂ ਕਾਲਜਾਂ, ਅਖਬਾਰਾਂ, ਰਸਾਲਿਆਂ ਰਾਹੀਂ ਔਰਤਾਂ ਨੂੰ ਉਨ੍ਹਾਂ ਦੇ ਹੱਕਾਂ ਤੇ ਆਪਣੀ ਸੁਰੱਖਿਆ ਲਈ ਆਵਾਜ਼ ਉਠਾਉਣ ਪ੍ਰਤੀ ਜਾਗਰੂਕ ਕਰਨ ਦੀ। ਜੇਕਰ ਤੁਸੀਂ ਧਰਤੀ 'ਤੇ ਆਏ ਹੋ ਤਾਂ ਤੁਹਾਡਾ ਆਪਣਾ ਇਕ ਵਜੂਦ ਹੈ, ਹਰ ਔਰਤ ਨੂੰ ਸ਼ਾਨ ਨਾਲ ਜਿਊਣ ਦਾ ਹੱਕ ਹੈ, ਹੁਣ ਔਰਤ ਨੂੰ ਮਜਲੂਮ ਤੇ ਮਾਸੂਮ ਬਣ ਚੁੱਪ ਚਾਪ ਸਹਿਣ ਦੀ ਲੋੜ ਨਹੀਂ, ਆਓ ਆਪਣੇ ਆਪੇ ਲਈ ਆਪਣੀ ਢਾਲ ਆਪ ਬਣੀਏ ਤੇ ਹਰ ਸਮਾਜਿਕ ਬੁਰਾਈ ਦਾ ਸਾਹਮਣਾ ਕਰਦੇ ਹੋਏ ਸੱਭਿਅਕ ਸਮਾਜ ਸਿਰਜਣ ਵਿਚ ਆਪਣਾ ਯੋਗਦਾਨ ਪਾਈਏ।

# ਕੱਟੜਪੰਥੀਆਂ ਖਿਲਾਫ ਇਰਾਨ ਦੇ ਕਿਰਤੀਆਂ ਦਾ ਰੋਹ

ਸੋਲ੍ਹਾਂ ਸਤੰਬਰ ਨੂੰ 22 ਸਾਲਾਂ ਦੀ ਕੁਰਦ ਮੁਟਿਆਰ ਮਹਿਸਾ ਅਮੀਨੀ ਦੀ ਮੌਤ ਤੋਂ ਮਗਰੋਂ ਹੀ ਇਰਾਨ ਦੀ ਹਕੂਮਤ ਖਿਲਾਫ਼ ਮੁਜ਼ਾਹਰੇ ਜਾਰੀ ਹਨ। ਸਰਕਾਰ ਦੇ ਜਾਬਰ ਪੁਲਿਸ-ਤੰਤਰ ਤੇ ਨਿੱਜੀ-ਸਮਾਜਿਕ ਜ਼ਿੰਦਗੀ ਵਿਚ ਸਰਕਾਰ ਦੇ ਦਖ਼ਲ ਖਿਲਾਫ਼ ਮੁਲਕ ਭਰ ਵਿਚ ਆਮ ਲੋਕਾਂ, ਖ਼ਾਸਕਰ ਨੌਜਵਾਨਾਂ ਦਾ ਰੋਹ ਫੁੱਟ ਪਿਆ। ਇਸ ਸੰਘਰਸ਼ ਨੂੰ ਇਰਾਨ ਦੇ ਕਈ ਕਲਾਕਾਰਾਂ ਅਤੇ ਰੁਤਬਾ ਰੱਖਦੇ ਉੱਘੇ ਲੋਕਾਂ ਦੀ ਹਮਾਇਤ ਵੀ ਹਾਸਲ ਹੋਈ। ਦਸੰਬਰ ਦੇ ਪਹਿਲੇ ਹਫ਼ਤੇ ਪ੍ਰੈਸ ਵੱਲੋਂ ਇਹ ਪੁੱਛੇ ਜਾਣ 'ਤੇ, ਕਿ ਆਖ਼ਰ ਇਰਾਨ ਦੀ ਨੈਤਿਕ ਪੁਲਿਸ 'ਗਸ਼ਤ-ਏ-ਇਰਸ਼ਾਦ' ਪਿਛਲੇ ਦੋ ਮਹੀਨੇ ਤੋਂ ਖੁੱਲ੍ਹੇ ਰੂਪ ਵਿਚ ਵਿਚਰ ਕਿਉਂ ਨਹੀਂ ਰਹੀ ਹੈ, ਦਾ ਜਵਾਬ ਦਿੰਦਿਆਂ ਇਰਾਨ ਦੇ ਅਟਾਰਨੀ ਜਨਰਲ ਮੁਹੰਮਦ ਜਫ਼ਾਰ ਮੁੰਤਜ਼ਰੀ ਨੇ ਕਿਹਾ ਕਿ ਇਰਾਨ ਦੀ ਨੈਤਿਕ



ਮਾਨਵ
ਫੋਨ: +91-98888-08188

ਪੁਲਿਸ ਦਾ ਨਿਆਂਪਾਲਿਕਾ ਨਾਲ ਕੋਈ ਸਿੱਧਾ ਸਬੰਧ ਨਹੀਂ। ਇਹ ਪੁਲਿਸ ਮਹਿਕਮੇ ਅਧੀਨ ਹੈ ਤੇ ਉਨ੍ਹਾਂ ਨੇ ਹੀ ਇਸ ਨੂੰ ਬੰਦ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਦਾਅਵੇ ਦੀ ਤਸਦੀਕ ਸਰਕਾਰ ਦੇ ਇੱਕ ਧਾਰਮਿਕ ਅਦਾਰੇ ਦੇ ਬੁਲਾਰੇ ਸਈਦ ਅਲੀ ਖਾਨ ਮੁਹੰਮਦੀ ਨੇ ਵੀ ਕੀਤੀ। ਇਸ ਸਬੰਧੀ ਬਿਆਨ ਜਾਰੀ ਕਰਨਾ ਹਕੂਮਤ 'ਤੇ ਪਏ ਦਬਾਅ ਨੂੰ ਹੀ ਦਰਸਾਉਂਦਾ ਹੈ। ਸੱਤਾ ਦੇ ਗਲਿਆਰਿਆਂ ਵਿਚ ਇਸ ਤਰ੍ਹਾਂ ਦਾ ਦਬਾਅ ਤੇ ਫੁੱਟ ਇਹੀ ਦਰਸਾਉਂਦੀ ਹੈ ਕਿ ਜਨਤਕ ਦਬਾਅ ਦਾ ਇਰਾਨੀ ਹਕੂਮਤ ਨੂੰ ਕਾਫ਼ੀ ਸੇਕ ਲੱਗਿਆ ਹੈ।

ਸਤੰਬਰ ਦੇ ਦੂਜੇ ਅੱਧ ਤੋਂ ਇਰਾਨ ਦੇ ਕੁਰਦ ਇਲਾਕਿਆਂ ਵਿਚ ਪੁਲਿਸ ਵਧੀਕੀ ਖਿਲਾਫ਼ ਸ਼ੁਰੂ ਹੋਏ ਮੁਜ਼ਾਹਰੇ ਜਲਦ ਹੀ ਸਰਕਾਰ ਵਿਰੋਧੀ ਵਿਆਪਕ ਰੋਸ ਮੁਜ਼ਾਹਰਿਆਂ ਵਿਚ ਬਦਲ ਗਏ ਸਨ। ਇਹ ਲੋਕ ਰੋਹ ਕੱਟੜਪੰਥੀ ਹਕੂਮਤ ਵੱਲੋਂ ਨਿੱਜਤਾ 'ਚ ਦਖਲਅੰਦਾਜ਼ੀ ਦੇ ਨਾਲ-ਨਾਲ ਬੇਰੁਜ਼ਗਾਰੀ, ਸਮਾਜਿਕ ਨਾ-ਬਰਾਬਰੀ ਤੇ ਵਧਦੀ ਮਹਿੰਗਾਈ ਖਿਲਾਫ਼ ਲੋਕਾਂ ਦੇ ਗੁੱਸੇ ਦਾ ਪ੍ਰਗਟਾਵਾ ਵੀ ਸੀ। ਇਰਾਨ ਦੇ ਕਰੋੜਾਂ ਮਜ਼ਦੂਰਾਂ, ਕਿਰਤੀਆਂ ਦੀ ਬਦਤਰ ਹਾਲਤ ਲਈ ਇਰਾਨ ਦੀ ਸਰਮਾਏਦਾਰਾ ਹਕੂਮਤ ਦੇ ਨਾਲ-ਨਾਲ ਅਮਰੀਕੀ ਸਾਮਰਾਜ ਦੀ ਅਗਵਾਈ ਵਿਚ ਪੱਛਮ ਵੱਲੋਂ ਥੋਪੀਆਂ ਬੰਦਿਸ਼ਾਂ ਵੀ ਜ਼ਿੰਮੇਵਾਰ ਹਨ। ਆਰਥਿਕ ਬੰਦਿਸ਼ਾਂ ਕਾਰਨ ਵਿਗੜੇ ਹਾਲਾਤ ਨੂੰ ਮੁਲਕ ਦੇ ਵਸੀਹ ਆਰਥਿਕ ਵਸੀਲਿਆਂ, ਕੁਦਰਤੀ ਸਰੋਤਾਂ 'ਤੇ ਕਾਬਜ਼ ਵੱਡੇ ਸਰਮਾਏਦਾਰਾਂ ਤੇ ਧਾਰਮਿਕ ਹਾਕਮਾਂ ਨੇ ਬਦਤਰ ਬਣਾ ਦਿੱਤਾ ਹੈ। ਹਕੂਮਤ ਵੱਲੋਂ ਪਿਛਲੇ ਸਮੇਂ ਵਿਚ ਆਮ



ਲੋਕਾਂ ਨੂੰ ਮਿਲਦੀਆਂ ਸਬਸਿਡੀਆਂ ਵਿਚ ਕਟੌਤੀ ਨੇ ਰੋਜ਼ਮੱਰਾ ਵਸਤਾਂ ਤੇ ਮੁੱਖ ਤੌਰ 'ਤੇ ਖੁਰਾਕੀ ਵਸਤਾਂ ਦੀਆਂ ਕੀਮਤਾਂ ਅਸਮਾਨੀ ਚਾੜ੍ਹ ਦਿੱਤੀਆਂ ਹਨ। ਖਾਧ ਮਹਿੰਗਾਈ, ਕਈ ਇਲਾਕਿਆਂ ਵਿਚ ਸੋਕਾ ਤੇ ਪਹਿਲੋਂ ਹੀ ਖ਼ੁਸ਼ਕ ਮੁਲਕ ਇਰਾਨ ਵਿਚ ਪਾਣੀ ਦੇ ਸੋਮਿਆਂ ਦੇ ਬੇਤਰਤੀਬੇ ਪ੍ਰਬੰਧ ਨੇ ਵੱਡੇ ਪੱਧਰ 'ਤੇ ਪੇਂਡੂ ਇਲਾਕਿਆਂ ਵਿਚ ਸਰਕਾਰ ਖਿਲਾਫ਼ ਰੋਸ ਨੂੰ ਵਧਾਇਆ ਹੈ। ਆਰਥਿਕ ਸੰਕਟ ਦਾ ਅਸਰ ਮੱਧਵਰਗ 'ਤੇ ਵੀ ਭਾਰੀ ਪਿਆ। ਮੱਧਵਰਗ ਦਾ ਖ਼ੁਸ਼ਹਾਲ ਹਿੱਸਾ ਸਰਕਾਰ ਵਿਚ ਵੀ ਰਸੂਖ ਰੱਖਦਾ ਹੈ, ਇਸੇ ਲਈ ਸਰਕਾਰੀ ਇੰਤਜ਼ਾਮੀਏ ਅੰਦਰ ਵੀ ਖ਼ਰਾਬ ਹੁੰਦੇ ਹਾਲਾਤ ਨੂੰ ਲੈ ਕੇ ਦਬਾਅ ਤੇ ਮੱਤਭੇਦ ਉੱਭਰ ਆਏ ਹਨ।

ਇੱਕ ਪਾਸੇ ਇਨ੍ਹਾਂ ਮੁਜ਼ਾਹਰਿਆਂ ਦਾ ਕੇਂਦਰੀ ਨਾਅਰਾ 'ਜ਼ਨ (ਔਰਤ), ਜ਼ਿੰਦਗੀ, ਆਜ਼ਾਦੀ' ਸੀ ਜਿਸ ਤਹਿਤ ਇਰਾਨ ਦੀ ਧਾਰਮਿਕ ਹਕੂਮਤ ਵੱਲੋਂ ਥੋਪੀਆਂ ਹਿਜਾਬ ਤੇ ਹੋਰ ਬੰਦਿਸ਼ਾਂ ਤੋਂ ਆਜ਼ਾਦੀ ਨੂੰ ਮੁੱਦਾ ਬਣਾਇਆ ਗਿਆ; ਦੂਜੇ ਪਾਸੇ ਸੰਘਰਸ਼ ਦੇ ਵਿਆਪਕ ਹੋਣ ਨਾਲ 'ਤਾਨਾਸ਼ਾਹ ਮੁਰਦਾਬਾਦ' ਜਿਹੇ ਨਾਅਰੇ ਵੀ ਇਸ ਰੋਸ ਦਾ ਹਿੱਸਾ ਬਣੇ ਜਿਹੜੇ ਸਪੱਸ਼ਟ ਤੌਰ 'ਤੇ ਹਾਕਮਾਂ ਪ੍ਰਤੀ ਆਮ ਲੋਕਾਂ ਦੀ ਨਾਰਾਜ਼ਗੀ ਦਾ ਇਜ਼ਹਾਰ ਕਰਦੇ ਸਨ। ਇਹ ਮੁਜ਼ਾਹਰੇ ਭਾਵੇਂ ਦਸੰਬਰ 2018-ਜਨਵਰੀ 2019 ਤੇ ਨਵੰਬਰ 2019 ਦੇ ਮੁਜ਼ਾਹਰਿਆਂ ਜਿੰਨੇ ਵਸੀਹ ਤਾਂ ਨਹੀਂ ਸਨ ਪਰ ਇਹ ਲਾਜ਼ਮੀ ਉਨ੍ਹਾਂ ਮੁਜ਼ਾਹਰਿਆਂ ਨਾਲੋਂ ਵੱਧ ਲੰਮੇ ਚੱਲੇ ਹਨ। ਦਸੰਬਰ ਦੇ ਪਹਿਲੇ ਹਫ਼ਤੇ ਮੁਜ਼ਾਹਰਾਕਾਰੀਆਂ ਨੇ ਮਜ਼ਦੂਰਾਂ, ਮੁਲਾਜ਼ਮਾਂ, ਵਪਾਰੀਆਂ ਨੂੰ ਅਪੀਲ ਕਰਦਿਆਂ ਤਿੰਨ ਦਿਨਾਂ ਮੁਲਕ-ਵਿਆਪੀ ਹੜਤਾਲ ਦਾ ਸੱਦਾ ਦਿੱਤਾ। ਕੌਮਾਂਤਰੀ ਪੱਧਰ 'ਤੇ ਪੱਛਮੀ ਮੀਡੀਆ ਦਾ ਪੱਖਪਾਤ ਤੇ ਇਰਾਨ ਪੱਧਰ 'ਤੇ ਹਕੂਮਤ ਦੀ ਸੈਂਸਰਸ਼ਿਪ ਕਾਰਨ ਇਹ ਸਹੀ-ਸਹੀ ਦੱਸ ਸਕਣਾ ਸੰਭਵ ਨਹੀਂ ਕਿ ਉਪਰੋਕਤ ਹੜਤਾਲ ਵਿਚ ਆਮ ਲੋਕਾਂ ਦੀ ਹਿੱਸੇਦਾਰੀ ਕਿਸ ਪੱਧਰ ਦੀ ਰਹੀ ਪਰ ਇੰਨਾ ਜ਼ਰੂਰ ਹੈ ਕਿ ਪਿਛਲੇ ਦੋ-ਢਾਈ ਮਹੀਨਿਆਂ ਦੌਰਾਨ ਸ਼ਹਿਰ ਇਸਫ਼ਹਾਨ ਦੇ ਇਸਪਾਤ ਮਜ਼ਦੂਰ, ਸਨੰਦਾਜ਼ ਦੇ ਪੈਟ੍ਰੋ-ਕੈਮੀਕਲ ਮਜ਼ਦੂਰ, ਸੇਪਾਹਾਨ ਦੀ ਸੀਮੈਂਟ ਸਨਅਤ, ਮਸ਼ਾਹਦ ਦੇ ਬੱਸ ਕਾਮਿਆਂ ਦੀ ਹੜਤਾਲ ਨੇ ਇਸ ਸੱਜਰੇ ਸੰਘਰਸ਼ ਨੂੰ ਜ਼ਰਬ ਦਿੱਤੀ। ਇਸ ਹੜਤਾਲ ਦਾ ਸੱਦਾ ਮੁਲਕ ਭਰ ਵਿਚ 'ਵਿਦਿਆਰਥੀ ਦਿਹਾੜੇ' ਵਜੋਂ ਯਾਦ ਕੀਤੇ ਜਾਂਦੇ ਦਿਨ ਨਾਲ ਮੇਲ ਕੇ ਰੱਖਿਆ ਗਿਆ ਸੀ ਜਦੋਂ 1953 ਵਿਚ ਅਮਰੀਕੀ ਸਾਮਰਾਜੀਆਂ ਵੱਲੋਂ ਸੱਤਾ ਵਿਚ ਬਿਠਾਏ ਰਜ਼ਾ ਸ਼ਾਹ ਦੀ ਹਕੂਮਤ ਨੇ ਤਿੰਨ ਵਿਦਿਆਰਥੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ। ਇਹ ਸਪੱਸ਼ਟ ਸੰਕੇਤ ਸੀ ਕਿ ਕਿਵੇਂ ਸੰਘਰਸ਼ ਦੇ ਨਵੇਂ ਪੜਾਅ ਤੈਅ ਕਰਦਿਆਂ ਇਰਾਨ ਦੇ ਲੋਕ ਹਕੂਮਤ ਵਿਰੋਧੀ ਆਪਣੇ ਇਤਿਹਾਸ ਨੂੰ ਫਰੋਲ ਰਹੇ ਹਨ, ਉਸ ਤੋਂ ਪ੍ਰੇਰਨਾ ਲੈ ਰਹੇ ਹਨ।

ਇਹ ਸਹੀ ਹੈ ਕਿ ਇਸ ਨਵੇਂ ਉਭਾਰ ਵਿਚ ਇਰਾਨ ਦੇ ਲੋਕਾਂ ਨੇ ਧਾਰਮਿਕ ਬੰਦਿਸ਼ਾਂ ਨੂੰ ਜ਼ਬਰਦਸਤ ਚੁਣੌਤੀ ਦਿੱਤੀ ਹੈ ਜਿਸ ਅੱਗੇ ਝੁਕਦਿਆਂ ਸਰਕਾਰ ਨੂੰ ਥੋੜ੍ਹੀ ਢਿੱਲ ਵੀ ਦੇਣੀ ਪਈ ਹੈ। ਕਿਸੇ ਇਨਕਲਾਬੀ ਜਥੇਬੰਦੀ ਦੀ ਅਗਵਾਈ ਨਾ ਹੋਣ ਕਾਰਨ ਇਸ ਸੰਘਰਸ਼ ਦਾ ਖਾਸਾ ਸ਼ੁਰੂ ਤੋਂ ਹੀ ਆਪ-ਮੁਹਾਰਾ ਰਿਹਾ ਤੇ ਇਸੇ ਕਰ ਕੇ ਸਮੇਂ ਦੇ ਨਾਲ ਬੈਠ ਗਿਆ ਜਾਪਦਾ ਹੈ। ਇਸ ਗੱਲ ਨੂੰ ਭਾਂਪਦਿਆਂ ਜਿਹੜੀ ਹਕੂਮਤ ਪਿਛਲੇ ਡੇਢ-ਦੋ ਮਹੀਨੇ ਤੋਂ ਢਿੱਲ ਦਿੰਦੀ ਜਾਪ ਰਹੀ ਸੀ, ਪੁਲਿਸ ਦੀ ਵਾਗ ਥੋੜ੍ਹੀ ਕੱਸ ਕੇ ਰੱਖ ਰਹੀ ਸੀ, ਉਸੇ ਹਕੂਮਤ ਨੇ ਮੁਜ਼ਾਹਰਾਕਾਰੀਆਂ ਨੂੰ ਦਬਾਉਣਾ ਸ਼ੁਰੂ ਕਰ ਦਿੱਤਾ ਹੈ। ਅਕਤੂਬਰ ਦੇ ਅੰਤ ਵਿਚ ਹਕੂਮਤ ਨੇ ਪਹਿਲਾ ਵੱਡਾ ਨਿਆਂਇਕ ਅਮਲ ਕਰਦਿਆਂ ਐਲਾਨ ਕੀਤਾ ਕਿ ਉਹ ਰਾਜਧਾਨੀ ਤਹਿਰਾਨ ਵਿਚ ਹਜ਼ਾਰ ਤੋਂ ਉੱਪਰ ਲੋਕਾਂ 'ਤੇ ਜਨਤਕ ਮੁਕੱਦਮੇ ਚਲਾਵੇਗੀ।

ਹਕੂਮਤ ਮੁਤਾਬਿਕ ਹੁਣ ਤੱਕ 200 ਲੋਕਾਂ ਦੀ ਮੌਤ ਹੋਈ ਹੈ ਜਿਨ੍ਹਾਂ ਵਿਚ 50-60 ਸੁਰੱਖਿਆ ਅਮਲੇ ਦੇ ਮੈਂਬਰ ਵੀ ਸ਼ਾਮਲ ਹਨ। ਕਹਿਣ ਦੀ ਲੋੜ ਨਹੀਂ ਕਿ ਹਕੂਮਤ ਦੇ ਇਨ੍ਹਾਂ ਫਰਜ਼ੀ ਮੁਕੱਦਮਿਆਂ ਵਿਚ ਹੱਕ ਮੰਗਦੇ ਮੁਜ਼ਾਹਰਾਕਾਰੀਆਂ ਨੂੰ 'ਦੰਗਈ', 'ਦਹਿਸ਼ਤਗਰਦ' ਆਦਿ ਕਹਿ ਕੇ ਸਖ਼ਤ ਸਜ਼ਾਵਾਂ ਸੁਣਾਈਆਂ ਜਾਣਗੀਆਂ ਤੇ ਕੁਝ ਨੂੰ ਮੌਤ ਦੀ ਸਜ਼ਾ ਵੀ ਦਿੱਤੀ ਜਾਵੇਗੀ। ਦਸੰਬਰ ਦੇ ਦੂਜੇ ਹਫ਼ਤੇ ਤੱਕ ਦੋ ਜਣਿਆਂ ਨੂੰ ਮੌਤ ਦੀ ਸਜ਼ਾ ਤੇ 100 ਤੋਂ ਉੱਪਰ ਨੂੰ ਪੰਜ ਤੋਂ ਲੈ ਕੇ ਪੰਦਰਾਂ ਸਾਲਾਂ ਦੀ ਕੈਦ ਤੱਕ ਦੀਆਂ ਸਜ਼ਾਵਾਂ ਸੁਣਾਈਆਂ ਜਾ ਚੁੱਕੀਆਂ ਹਨ। ਇਰਾਨ ਦੀ ਮੂਲਵਾਦੀ ਹਕੂਮਤ ਆਪਣੇ ਖਿਲਾਫ਼ ਉੱਠਣ ਵਾਲੀਆਂ ਅਵਾਜ਼ਾਂ ਨਾਲ ਅਜਿਹਾ ਪਹਿਲੀ ਵਾਰ ਨਹੀਂ ਕਰ ਰਹੀ। 1980ਵਿਆਂ ਵਿਚ ਸੱਤਾ ਦੇ ਜਬਰ ਹੇਠ ਹਜ਼ਾਰਾਂ ਕਾਰਕੁਨਾਂ ਨੂੰ ਇਸੇ ਤਰ੍ਹਾਂ ਖ਼ਤਮ ਕੀਤਾ ਗਿਆ ਸੀ। ਇਸ ਜਬਰ ਨੂੰ ਵੇਖਦਿਆਂ ਇਰਾਨ ਹਕੂਮਤ ਦੇ ਸੁਧਾਰਵਾਦੀ ਧੜੇ ਵੱਲੋਂ ਮੁਜ਼ਾਹਰਾਕਾਰੀਆਂ ਨਾਲ ਥੋੜ੍ਹਾ ਨਰਮੀ ਨਾਲ ਚੱਲਣ ਦੀਆਂ ਅਪੀਲਾਂ ਵੀ ਕੀਤੀਆਂ ਗਈਆਂ ਹਨ ਕਿਉਂਕਿ ਇਹ ਧੜਾ ਜਾਣਦਾ ਹੈ ਕਿ ਭਵਿੱਖ ਵਿਚ ਸੱਤਾ ਦਾ ਜਬਰ ਹਕੂਮਤ ਦੀ ਲੋਕਾਂ ਕੋਲੋਂ ਅਲਹਿਦਗੀ ਨੂੰ ਹੋਰ ਵਧਾਵੇਗਾ।

ਦੂਜੇ ਪਾਸੇ ਇਰਾਨ ਦੇ ਅੰਦਰੂਨੀ ਹਾਲਾਤ ਤੋਂ ਲਾਹਾ ਲੈਣ ਲਈ ਅਮਰੀਕੀ ਅਗਵਾਈ ਵਿਚ ਪੱਛਮੀ ਸਾਮਰਾਜੀਆਂ ਨੇ ਆਪਣੀ ਪੂਰੀ ਵਾਹ ਲਾ ਰੱਖੀ ਹੈ। ਅਮਰੀਕਾ ਨੇ ਸਪਸ਼ਟ ਇਸ਼ਾਰਾ ਕਰਦਿਆਂ ਕਿਹਾ ਕਿ ਇਰਾਨ ਦੀ ਪਰਮਾਣੂ ਸੰਧੀ ਨੂੰ ਬਹਾਲ ਕਰਨ ਦਾ ਉਸ ਦਾ ਫਿਲਹਾਲ ਕੋਈ ਇਰਾਦਾ ਨਹੀਂ ਤੇ ਇਰਾਨ ਉੱਪਰ ਬੰਦਿਸ਼ਾਂ ਉਸੇ ਤਰ੍ਹਾਂ ਜਾਰੀ ਰਹਿਣਗੀਆਂ। ਇਰਾਨ ਉੱਪਰ ਲਾਈਆਂ ਆਰਥਿਕ ਬੰਦਸ਼ਾਂ ਦੀ ਮਾਰ ਇਰਾਨ ਦੇ ਹਾਕਮਾਂ 'ਤੇ ਰੱਤੀ ਭਰ ਅਸਰ ਨਹੀਂ ਪਾਉਂਦੀ ਸਗੋਂ ਉਥੋਂ ਦੇ ਕਿਰਤੀ ਲੋਕਾਂ ਨੂੰ ਜ਼ਰੂਰੀ ਦਵਾਈਆਂ ਸਹਿਤ ਹੋਰ ਬੁਨਿਆਦੀ ਸਾਮਾਨ ਦਾ ਰਾਹ ਬੰਦ ਕਰ ਕੇ ਉਨ੍ਹਾਂ ਦੇ ਬੋਝ ਨੂੰ ਹੋਰ ਵਧਾ ਰਹੀ ਹੈ। ਹੁਣ ਅਮਰੀਕਾ ਨੇ ਇਰਾਨ ਵੱਲੋਂ ਰੂਸ ਨੂੰ ਡਰੋਨ ਤੇ ਮਿਜ਼ਾਈਲਾਂ ਦਿੱਤੇ ਜਾਣ ਦੇ ਮੁੱਦੇ ਨੂੰ ਉਭਾਰ ਰੱਖਿਆ ਹੈ ਜਦੋਂਕਿ ਖ਼ੁਦ ਸਾਮਰਾਜੀ ਅਮਰੀਕਾ ਯੂਕਰੇਨ ਨੂੰ 100 ਅਰਬ ਡਾਲਰ ਦੇ ਮਾਰੂ ਹਥਿਆਰ ਹੁਣ ਤੱਕ ਭੇਜ ਚੁੱਕਾ ਹੈ।

ਇਰਾਨ ਦੀ ਹਕੂਮਤ ਤੇ ਉਸ ਵੱਲੋਂ ਥੋਪੀਆਂ ਧਾਰਮਿਕ ਬੰਦਿਸ਼ਾਂ ਖਿਲਾਫ਼ ਲੜਾਈ ਇਰਾਨ ਦੇ ਲੋਕਾਂ ਦੀ ਲੜਾਈ ਹੈ। ਇਸ ਵਿਚ ਕਿਸੇ ਵੀ ਮੁਲਕ ਨੂੰ ਦਖ਼ਲ ਦੇਣ ਦਾ ਕੋਈ ਹੱਕ ਨਹੀਂ। ਅਮਰੀਕਾ, ਇੰਗਲੈਂਡ, ਜਰਮਨੀ ਵਰਗੇ ਸਾਮਰਾਜੀ ਮੁਲਕ ਜਿਨ੍ਹਾਂ ਦਾ ਇਸ ਖਿੱਤੇ ਵਿਚ ਲੱਖਾਂ ਬੇਗੁਨਾਹਾਂ ਨੂੰ ਮਾਰਨ ਦਾ ਇਤਿਹਾਸ ਰਿਹਾ ਹੋਵੇ, ਉਨ੍ਹਾਂ ਦੇ ਜਮਹੂਰੀਅਤ ਦੇ ਅਲੰਬਰਦਾਰ ਬਣਨ ਦੀ ਕੋਸ਼ਿਸ਼ ਨੂੰ ਇਰਾਨ ਦੇ ਆਮ ਲੋਕ ਕਦੇ ਪ੍ਰਵਾਨ ਨਹੀਂ ਕਰਨਗੇ। ਅੱਜ ਇਰਾਨ ਦੇ ਇਸ ਆਪ-ਮੁਹਾਰੇ ਸੰਘਰਸ਼ ਨੂੰ ਸਹੀ ਅਗਵਾਈ ਦੇ ਸਕਣ ਵਾਲੀ ਇਨਕਲਾਬੀ ਜਥੇਬੰਦੀ ਦੀ ਲੋੜ ਹੈ ਜੋ ਉੱਥੋਂ ਦੇ ਮੌਜੂਦਾ ਹਾਲਾਤ ਵਿਚ ਬੇਹੱਦ ਔਖਾ ਕਾਰਜ ਤਾਂ ਹੈ ਪਰ ਅਸੰਭਵ ਨਹੀਂ।

# ਜੀ.ਐਮ. ਫਸਲਾਂ ਦਾ ਵਿਵਾਦ

ਮੇਰੇ ਸਾਇੰਸ ਅਧਿਆਪਕ ਨੇ ਸਿਖਾਇਆ ਸੀ ਕਿ ਸਾਇੰਸ ਦੀ ਸ਼ੁਰੂਆਤ ਸਵਾਲ ਪੁੱਛਣ ਅਤੇ ਉਸ ਤੋਂ ਬਾਅਦ ਜਵਾਬ ਤਲਾਸ਼ ਨਾਲ ਹੁੰਦੀ ਹੈ। ਦੂਜੇ ਸ਼ਬਦਾਂ ਵਿਚ, ਸਾਇੰਸ ਆਪਣੇ ਬੂਹੇ ਸਵਾਲਾਂ ਲਈ ਹਮੇਸ਼ਾ ਖੁੱਲ੍ਹੇ ਰੱਖਦੀ ਹੈ। ਸਾਇੰਸ ਦੇ ਖੇਤਰ ਵਿਚ ਇਹ ਦੀਰਘ ਤਲਾਸ਼ ਹੀ ਹਾਸਲ ਸਬੂਤਾਂ ਦੀ ਵਿਆਖਿਆ ਕਰਨ ਅਤੇ ਉਨ੍ਹਾਂ ਬੱਜਰ ਭੁਲੇਖਿਆਂ ਦੀ ਸੁਧਾਈ ਲਈ ਆਲੋਚਨਾ ਵਾਲਾ ਨਜ਼ਰੀਆ

ਦਵਿੰਦਰ ਸ਼ਰਮਾ

ਮੁਹੱਈਆ ਕਰਾਉਂਦੀ ਹੈ ਜਿਨ੍ਹਾਂ ਕਰ ਕੇ ਕੋਈ ਸਮਾਜਿਕ-ਆਰਥਿਕ ਉਥਲ-ਪੁਥਲ ਜਾਂ ਵਾਤਾਵਰਨਕ ਤਬਾਹੀ ਆ ਸਕਦੀ ਹੈ।

ਜਦੋਂ ਆਰਥਿਕ ਹਿੱਤ, ਸਚਾਈ ਸਾਹਮਣੇ ਲਿਆਉਣ ਦੀਆਂ ਆਵਾਜ਼ਾਂ ਦੀ ਸੰਘੀ ਘੁੱਟਣ ਲਈ ਵਿਗਿਆਨਕ ਪੜਚੋਲ ਨੂੰ ਦਬਾਉਣ ਦਾ ਯਤਨ ਕਰਦੇ ਹਨ ਤਾਂ ਸਾਫ਼ ਹੋ ਜਾਂਦਾ ਹੈ ਕਿ 'ਸਬੂਤ' ਆਪਣੇ ਆਪ ਵਿਚ ਪੇਤਲਾ ਹੈ। ਇਸ ਲਈ ਜਦੋਂ ਵੀ ਕਦੇ ਜੀਨ ਸੋਧੀਆਂ ਜੀ.ਐਮ. ਫ਼ਸਲ ਦੀ ਕਿਸੇ ਕਿਸਮ ਨੂੰ ਲੈ ਕੇ ਬਹਿਸ ਛਿੜਦੀ ਹੈ ਤਾਂ ਵਿਗਿਆਨੀਆਂ ਦੀ ਭਾਰੂ ਜਮਾਤ ਸਿਰਫ 'ਸਬੂਤ ਆਧਾਰਿਤ' ਖੋਜ ਮੁਤਾਬਕ ਚੱਲਣ ਦਾ ਸੱਦਾ ਦਿੰਦੀ ਹੈ ਅਤੇ ਇੰਝ ਵਿਗਿਆਨਕ ਅੰਕੜਿਆਂ ਤੇ ਦਾਅਵਿਆਂ ਦੀ ਜਨਤਕ ਪੜਚੋਲ ਨੂੰ ਨਜ਼ਰਅੰਦਾਜ਼ ਕਰਦੀ ਹੈ ਜੋ ਇਕ ਤਰ੍ਹਾਂ ਸਚਾਈ ਜਾਣਨ ਦੀ ਖੋਜ ਨੂੰ ਦਰੜਨ ਦੇ ਤੁੱਲ ਹੈ। ਦੇਖਿਆ ਗਿਆ ਹੈ ਕਿ ਸਬੂਤ ਜਿਨ੍ਹਾਂ ਦੇ ਆਧਾਰ 'ਤੇ ਦਾਅਵੇ ਕੀਤੇ ਜਾਂਦੇ ਹਨ, ਅਕਸਰ ਕਮਜ਼ੋਰ ਹੁੰਦੇ ਹਨ, ਉਹ ਸੋਧਾਂ ਨਾਲ ਮੇਲ ਨਹੀਂ ਖਾਂਦੇ, ਕਈ ਵਾਰ ਜੋੜ-ਤੋੜ ਕੀਤਾ ਜਾਂਦਾ ਹੈ ਤੇ ਕਈ ਮਾਮਲਿਆਂ ਵਿਚ ਜੇ ਕਹਿਣਾ ਹੋਵੇ ਤਾਂ ਇਹ ਗੈਰ-ਵਿਗਿਆਨਕ ਵੀ ਹੁੰਦੇ ਹਨ।

ਭਾਰਤ ਵਿਚ ਜਦੋਂ ਪਹਿਲੀ ਜੀ.ਐਮ. ਫ਼ਸਲ ਦੇ ਰੂਪ ਵਿਚ ਬੀਟੀ ਕਾਟਨ ਦੀ ਤਜਾਰਤੀ ਕਾਸ਼ਤ (2001 ਵਿਚ) ਦੀ ਖੁੱਲ੍ਹ ਦਿੱਤੀ ਗਈ ਸੀ ਤਾਂ ਮੈਂ ਅੰਤਰ-ਮੰਤਰਾਲਾ ਪੜਚੋਲ ਕਮੇਟੀ ਦੀ ਮੀਟਿੰਗ ਵਿਚ ਸ਼ਾਮਲ ਹੋਇਆ ਸਾਂ। ਉਸ ਮੀਟਿੰਗ ਵਿਚ ਜੀਈਏਸੀ, ਜੈਨੇਟਿਕ ਮੈਨੀਪੁਲੇਸ਼ਨ ਅਤੇ ਨਿਗਰਾਨ ਕਮੇਟੀ ਦੇ ਸਾਰੇ ਮੈਂਬਰਾਨ ਅਤੇ ਮਹੀਕੋ ਮੌਨਸੈਂਟੋ ਕੰਪਨੀ ਦੇ ਸੀਨੀਅਰ ਅਧਿਕਾਰੀ, ਬੀਜ ਤਿਆਰ ਕਰਨ ਨਾਲ ਜੁੜੇ ਲੋਕ ਅਤੇ ਸਿਵਲ ਸੁਸਾਇਟੀ ਵਿਚੋਂ ਕੁਝ ਨੁਮਾਇੰਦੇ ਮੌਜੂਦ ਸਨ। ਹੈਰਾਨੀ ਹੋਈ ਕਿ ਉਸ ਸਾਲ ਦੇ ਵੱਖ ਵੱਖ ਥਾਵਾਂ 'ਤੇ ਹੋਏ ਟ੍ਰਾਇਲਾਂ ਦੇ ਅੰਕੜਿਆਂ ਤੋਂ ਪਤਾ ਲੱਗਿਆ ਕਿ ਨਰਮੇ ਦੀ ਕਾਸ਼ਤ ਦੋ ਮਹੀਨੇ ਪਛੜ ਕੇ ਕੀਤੀ ਗਈ ਸੀ; ਫਿਰ ਵੀ ਉਤਪਾਦਕਤਾ ਵਿਚ 50 ਫ਼ੀਸਦ ਵਾਧਾ ਦਰਜ ਹੋਇਆ ਤੇ ਇਸ ਵਾਧੇ ਦਾ ਸਿਹਰਾ ਬੀਟੀ ਕਿਸਮ ਨੂੰ ਦਿੱਤਾ ਗਿਆ।

ਮੈਂ ਇਨ੍ਹਾਂ ਅੰਕੜਿਆਂ ਨੂੰ ਗੈਰ-ਵਿਗਿਆਨਕ ਕਰਾਰ ਦਿੰਦਿਆਂ ਚੁਣੌਤੀ ਦਿੱਤੀ ਅਤੇ ਨਿਗਰਾਨੀ ਕਮੇਟੀ ਦੇ ਮੁਖੀ ਜੋ ਭਾਰਤੀ ਖੇਤੀਬਾੜੀ ਖੋਜ ਪ੍ਰੀਸ਼ਦ ਦੇ ਤਤਕਾਲੀ ਡਿਪਟੀ ਡਾਇਰੈਕਟਰ ਸਨ, ਨੂੰ ਸਵਾਲ ਕੀਤਾ ਕਿ ਉਹ ਇਨ੍ਹਾਂ ਅੰਕੜਿਆਂ ਦੀ ਕਿਸੇ ਵੀ ਖੋਜ ਸੰਸਥਾ ਤੋਂ ਪੁਸ਼ਟੀ ਕਰਵਾ ਕੇ ਦਿਖਾਉਣ। ਜਿਹੜੀ ਫ਼ਸਲ ਪੱਕਣ ਲਈ ਆਮ ਤੌਰ 'ਤੇ ਪੰਜ ਮਹੀਨੇ ਲੈਂਦੀ ਹੈ ਤਾਂ ਇਹ ਵਿਹਾਰਕ ਤੌਰ 'ਤੇ ਅਸੰਭਵ ਹੈ ਕਿ ਤੁਸੀਂ ਫ਼ਸਲ ਦੀ ਬਿਜਾਈ ਦੋ ਮਹੀਨੇ ਪਛੜ ਕੇ ਕਰੋ, ਫਿਰ ਵੀ ਝਾੜ ਜ਼ਿਆਦਾ ਹਾਸਲ ਕਰ ਲਵੋ। ਬਿਜਾਈ ਦਾ ਸਮਾਂ ਖੇਤੀਬਾੜੀ ਖੋਜ ਦਾ ਬਹੁਤ ਅਹਿਮ ਪਹਿਲੂ ਹੁੰਦਾ ਹੈ ਅਤੇ ਜੇ ਕਿਸੇ ਪ੍ਰਾਈਵੇਟ ਕੰਪਨੀ ਨੂੰ ਇਸ ਮਾਮਲੇ ਵਿਚ ਛੋਟ ਦਿੱਤੀ ਜਾ ਸਕਦੀ ਹੈ ਤਾਂ ਫਿਰ ਯੂਨੀਵਰਸਿਟੀ ਦੇ ਸਾਇੰਸਦਾਨ ਇਹ ਕਿਉਂ ਨਹੀਂ ਕਹਿ ਸਕਦੇ ਕਿ ਬਿਜਾਈ ਵਿਚ ਦੇਰੀ ਦੀ ਬਹੁਤੀ ਫ਼ਿਕਰ ਨਹੀਂ ਕਰਨੀ ਚਾਹੀਦੀ? ਕਮੇਟੀ ਦੇ ਚੇਅਰਮੈਨ ਲਈ ਮੇਰਾ ਸਵਾਲ ਸੀ ਕਿ ਬਿਜਾਈ ਵਿਚ ਦੋ ਮਹੀਨੇ ਦੀ ਦੇਰੀ ਕਿਸਾਨਾਂ ਲਈ ਕਾਫ਼ੀ ਬੱਚਤ ਕਰਨ ਵਾਲੀ ਗੱਲ ਹੋ ਸਕਦੀ ਹੈ, ਇਸ ਲਈ ਕਿਉਂ ਨਾ ਕਿਸਾਨਾਂ ਲਈ ਇਹ ਸਲਾਹ ਜਾਰੀ ਕਰ ਦਿੱਤੀ ਜਾਵੇ ਕਿ ਉਹ ਫ਼ਸਲ ਦੀ ਬਿਜਾਈ ਦੋ ਮਹੀਨੇ ਦੇਰ ਨਾਲ ਕਰਿਆ ਕਰਨ?

ਸਾਲ 2010 ਵਿਚ ਜਦੋਂ ਉਸ ਵੇਲੇ ਦੇ ਵਾਤਾਵਰਨ ਮੰਤਰੀ ਜੈਰਾਮ ਰਮੇਸ਼ ਨੇ ਬੀਟੀ ਬੈਂਗਣ 'ਤੇ ਰੋਕ ਲਾਉਣ ਦਾ ਐਲਾਨ ਕੀਤਾ ਸੀ ਤਾਂ ਉਨ੍ਹਾਂ 19 ਸਫ਼ਿਆਂ ਦਾ ਦਸਤਾਵੇਜ਼ ਜਾਰੀ ਕੀਤਾ ਸੀ ਜਿਸ ਦਾ ਸਿਰਲੇਖ ਸੀ: 'ਬੀ.ਟੀ. ਬੈਂਗਣ ਦੇ ਤਜਾਰਤੀਕਰਨ ਮੁਤੱਲਕ ਫ਼ੈਸਲਾ'। ਵਿਗਿਆਨਕ ਭਾਈਚਾਰਾ ਇਸ ਦੀ ਭਾਵੇਂ ਕਿੰਨੀ ਵੀ ਨੁਕਤਾਚੀਨੀ ਕਰੇ ਪਰ ਮੇਰੀ ਸਮਝ ਮੁਤਾਬਕ ਇਹ ਅਜਿਹਾ ਦਸਤਾਵੇਜ਼ ਹੈ ਜੋ ਹਰ ਇੱਕ ਪੌਦਾ ਵਿਗਿਆਨੀ ਲਈ ਪੜ੍ਹਨਾ ਜ਼ਰੂਰੀ ਹੈ। ਭਾਰਤ ਅਤੇ ਹੋਰ ਦੇਸ਼ਾਂ ਦੇ ਸਿਰਕੱਢ ਵਿਗਿਆਨੀਆਂ ਨਾਲ ਤਫ਼ਸੀਲੀ ਖੋਜ, ਸਲਾਹ-ਮਸ਼ਵਰੇ ਅਤੇ ਆਪਸੀ ਰਾਬਤੇ ਤੋਂ ਬਾਅਦ ਤਤਕਾਲੀ ਮੰਤਰੀ ਜੀ.ਐਮ. ਤਕਨੀਕ ਬਾਰੇ ਬੈਂਗਣ ਦੀ ਕਾਸ਼ਤ ਕਰਨ ਵਾਲੇ ਦੇਸ਼ ਦੇ ਇਲਾਕਿਆਂ ਵਿਚਲੀਆਂ ਸੱਤ ਥਾਵਾਂ 'ਤੇ ਜਨ-ਸੁਣਵਾਈ ਕਰਵਾਈ। ਉਨ੍ਹਾਂ ਇਸ ਮਾਮਲੇ ਵਿਚ ਪੂਰੀ ਚੌਕਸੀ ਨਾਲ, ਇਹਤਿਆਤ ਭਰੀ ਅਤੇ ਅਸੂਲ ਆਧਾਰਿਤ ਪਹੁੰਚ ਅਖ਼ਤਿਆਰ ਕਰਦਿਆਂ ਇਹ ਯਕੀਨੀ ਬਣਾਉਣ ਦੀ ਲੋੜ 'ਤੇ ਬਹੁਤ ਜ਼ੋਰ ਦਿੱਤਾ ਕਿ ਕਿਸੇ ਵੀ ਨਵੀਂ ਤਕਨਾਲੋਜੀ ਜਾਂ ਕਾਢ ਨੂੰ ਭਾਈਚਾਰਿਆਂ ਦੀ ਸਮਾਜਿਕ-ਸਭਿਆਚਾਰਕ ਕਦਰਾਂ ਕੀਮਤਾਂ ਨਾਲ ਇਕਮਿਕਤਾ ਬਣਾਉਣੀ ਚਾਹੀਦੀ ਹੈ।

ਹਾਲਾਂਕਿ ਮੀਡੀਆ ਦਾ ਇਕ ਹਿੱਸਾ ਜੀ.ਐਮ. ਫ਼ਸਲੀ ਤਕਨੀਕ ਬਾਰੇ ਜਨ-ਸੁਣਵਾਈ ਨੂੰ ਫਜ਼ੂਲ ਕਵਾਇਦ ਕਰਾਰ ਦੇ ਕੇ ਰੱਦ ਕਰਦਾ ਰਿਹਾ ਸੀ ਪਰ ਮੈਂ ਇਸ ਗੱਲੋਂ ਖ਼ੁਸ਼ ਸਾਂ ਕਿ ਮੰਤਰੀ ਨੇ ਸਿਵਲ ਸੁਸਾਇਟੀ ਦੇ ਜ਼ਿੰਮੇਵਾਰ ਗਰੁੱਪਾਂ ਦੇ ਉਠਾਏ ਗੰਭੀਰ ਨੁਕਤਿਆਂ ਦੀ ਸਦਾਕਤ ਪ੍ਰਵਾਨ ਕੀਤੀ ਸੀ। ਉਨ੍ਹਾਂ ਨੂੰ ਅਧਿਐਨਾਂ ਦੇ ਪ੍ਰੋਟੋਕਾਲ, ਪੇਸ਼ ਕੀਤੇ ਅੰਕੜਿਆਂ ਦੀ ਪੜਚੋਲ, ਨਤੀਜਿਆਂ ਦੇ ਵਿਸ਼ਲੇਸ਼ਣ, ਜੀ.ਐਮ. ਬੀਜ ਤਿਆਰ ਕਰਨ ਵਾਲਿਆਂ ਦੀਆਂ ਵਿਧੀਆਂ ਆਦਿ ਨਾਲ ਜੁੜੀਆਂ ਸਮੱਸਿਆਵਾਂ ਦੇ ਹਵਾਲੇ ਵੀ ਦਿੱਤੇ ਗਏ। ਸਬੂਤ ਆਧਾਰਿਤ ਖੋਜ ਵਿਚਲੇ ਇੰਨੇ ਵੱਡੇ ਖੱਪਿਆਂ ਤੋਂ ਵਿਗਿਆਨਕ ਤੌਰ-ਤਰੀਕਿਆਂ, ਮਾਡਲਿੰਗ ਵਿਧੀਆਂ ਅਤੇ ਦਾਅਵਿਆਂ ਦੀ ਨਿਰਖ ਪਰਖ ਕਰਨ ਦੀ ਲੋੜ ਦਾ ਪਤਾ ਲੱਗਦਾ ਹੈ।

ਮੰਡੀਆਂ ਵਿਗਿਆਨਕ ਨਿਰਖ ਪਰਖ ਨੂੰ ਸੀਮਤ ਕਰਨ ਦੀਆਂ ਆਦੀ ਹੁੰਦੀਆਂ ਹਨ ਅਤੇ ਕਾਰੋਬਾਰੀ ਹਿਤਾਂ ਦੀ ਰਾਖੀ ਕਰਨ ਲਈ ਉਹ ਅਕਸਰ ਹੋਸ਼ਮੰਦ ਆਵਾਜ਼ਾਂ ਨੂੰ ਦਬਾਉਣ ਲਈ ਵਿਗਿਆਨਕ ਹਰਬਿਆਂ ਦੀ ਹੀ ਵਰਤੋਂ ਕਰਦੀਆਂ ਹਨ। ਜੀ.ਐਮ. ਸਰ੍ਹੋਂ ਨੂੰ ਹਾਲ ਹੀ ਵਿਚ ਜੀਈਏਸੀ ਨੇ ਵਾਤਾਵਰਨ ਪੱਖੋਂ ਹਰੀ ਝੰਡੀ ਦੇ ਦਿੱਤੀ ਹੈ ਅਤੇ ਪ੍ਰੀਸ਼ਦ ਕੋਲ ਇਹ ਜਾਣਕਾਰੀ ਵੀ ਨਹੀਂ ਹੈ ਕਿ ਜੀਨ ਸੋਧੀ ਸਰ੍ਹੋਂ ਡੀ.ਐਮ.ਐਚ.-11 ਦਾ ਅਸਲ ਝਾੜ ਕਿੰਨਾ ਹੈ। ਇਸ ਮਾਮਲੇ ਵਿਚ ਵੀ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਡੀ.ਐਮ.ਐਚ.-11 ਦੀ ਕਾਸ਼ਤ ਨਾਲ ਖੁਰਾਕੀ ਤੇਲਾਂ ਦੀਆਂ ਦਰਾਮਦਾਂ 'ਤੇ ਭਾਰਤ ਦੀ ਨਿਰਭਰਤਾ ਘਟ ਸਕਦੀ ਹੈ। ਜੀ.ਐਮ. ਸਰ੍ਹੋਂ ਦੀ ਇਹ ਕਿਸਮ ਘੱਟ ਝਾੜ ਦੇਣ ਵਾਲੀ ਹੈ ਜਿਸ ਕਰ ਕੇ ਇਸ ਦੇ ਦਾਅਵੇ 'ਤੇ ਵਾਰ ਵਾਰ ਸਵਾਲ ਉਠ ਰਹੇ ਹਨ।

ਦਿਲਚਸਪ ਗੱਲ ਇਹ ਹੈ ਕਿ ਜਾਣਕਾਰੀ ਦੇ ਅਧਿਕਾਰ ਕਾਨੂੰਨ ਤਹਿਤ ਹਾਸਲ ਕੀਤੀ ਜਾਣਕਾਰੀ ਮੁਤਾਬਕ ਜੀ.ਐਮ. ਸਰ੍ਹੋਂ ਲਈ ਸਾਰੇ ਟੈਸਟ ਪ੍ਰੋਟੋਕਾਲ ਦਿੱਲੀ ਯੂਨੀਵਰਸਿਟੀ ਨੇ ਤਿਆਰ ਕੀਤੇ ਸਨ। ਬੀਟੀ ਬੈਂਗਣ ਦੇ ਸੀਮਤ ਜਿਹੇ ਟੈਸਟ ਕਰਵਾਏ ਗਏ ਅਤੇ ਨਦੀਨਨਾਸ਼ਕ ਸਹਿਣ ਦੀ ਸਮੱਰਥਾ ਰੱਖਦੀ ਇਸ ਜੀ.ਐਮ. ਸਰ੍ਹੋਂ ਦੇ ਤਾਂ ਇਹ ਟੈਸਟ ਵੀ ਨਹੀਂ ਕਰਵਾਏ। ਜੀ.ਐਮ. ਸਰ੍ਹੋਂ ਦੀ ਪੜਚੋਲ ਵਿਚ ਸਿਹਤ ਦੇ ਕਿਸੇ ਮਾਹਿਰ ਨੂੰ ਸ਼ਾਮਲ ਨਹੀਂ ਕੀਤਾ ਗਿਆ ਅਤੇ ਸ਼ਹਿਦ ਦੀਆਂ ਮੱਖੀਆਂ 'ਤੇ ਪੈਣ ਵਾਲੇ ਪ੍ਰਭਾਵ ਦਾ ਵੀ ਅਧਿਐਨ ਨਹੀਂ ਕੀਤਾ ਗਿਆ। ਹੈਰਾਨੀ ਹੁੰਦੀ ਹੈ ਕਿ ਅੰਤਰ-ਮੰਤਰਾਲਾ ਪੜਚੋਲ ਕਮੇਟੀ ਨੇ ਇਸ ਨੂੰ ਕਿਵੇਂ ਪ੍ਰਵਾਨਗੀ ਦੇ ਦਿੱਤੀ ਜਿਸ ਵਿਚ ਬੀਜ ਵਧਾਉਣ ਦੀ ਪ੍ਰਵਾਨਗੀ ਵੀ ਸ਼ਾਮਲ ਹੈ।

# ਇਸਾਈ ਮਤਿ ਬਾਰੇ ਗੁਰਮਤਿ ਦੀ ਸਮਝ

ਦੁਨੀਆ ਭਰ ਵਿਚ ਇਸਾਈ ਮਤਿ ਨੂੰ ਮੰਨਣ ਵਾਲੇ ਦੋ ਅਰਬ ਤੋਂ ਵਧੇਰੇ ਲੋਕਾਂ ਨੂੰ ਉਨ੍ਹਾਂ ਦੇ ਸਭ ਤੋਂ ਪਵਿੱਤਰ ਦਿਹਾੜੇ ਦੀ ਬਹੁਤ ਬਹੁਤ ਵਧਾਈ। ਯਹੂਦੀਅਤ, ਇਸਾਈਅਤ ਤੇ ਇਸਲਾਮ ਇਕ-ਦੂਜੇ ਦੀ ਨਿਰੰਤਰਤਾ ਵਿਚ ਵਿਕਸਿਤ ਹੋਏ ਧਰਮ ਹਨ।

ਪਵਿੱਤਰ ਬਾਈਬਲ ਦੇ ਆਰੰਭ ਵਿਚ ਸ੍ਰਿਸ਼ਟੀ ਦੀ ਰਚਨਾ ਬਾਰੇ ਦਰਜ ਹੈ, "ਆਦਿ ਵਿਚ ਜਦੋਂ ਪਰਮੇਸ਼ਰ ਨੇ ਸ੍ਰਿਸ਼ਟੀ ਦੀ ਰਚਨਾ ਕੀਤੀ



ਤਾਂ ਉਸ ਸਮੇਂ ਧਰਤੀ ਬਿਨਾਂ ਕਿਸੇ ਰੂਪ ਦੇ ਤੇ ਸੁੰਨੀ ਸੀ। (ਮਨੂ ਸਿਮ੍ਰਿਤੀ ਵਿਚ ਬ੍ਰਹਮਾ ਦੇ ਪੈਦਾ ਹੋਣ ਬਾਰੇ ਵੀ ਕੁਝ ਅਜਿਹਾ ਹੀ ਵਰਣਨ ਹੈ) ਡੂੰਘੇ ਸਮੁੰਦਰ ਦੀ ਸਤ੍ਹਾ ਉਤੇ


**ਗੁਰਬਚਨ ਸਿੰਘ**
**ਫੋਨ: +91-98156-98451**


ਹਨੇਰਾ ਸੀ। ਪਰਮੇਸ਼ਰ ਦਾ ਆਤਮਾ ਪਾਣੀਆਂ ਉਤੇ ਮੰਡਲਾ ਰਿਹਾ ਸੀ। ਪਰਮੇਸ਼ਰ ਨੇ ਕਿਹਾ "ਚਾਨਣ ਹੋਵੇ", ਤਾਂ ਇਹ ਹੋ ਗਿਆ। ਪਰਮੇਸ਼ਰ ਨੂੰ ਇਹ ਚੰਗਾ ਲੱਗਾ। ਉਸ ਨੇ ਚਾਨਣ ਨੂੰ ਹਨੇਰੇ ਤੋਂ ਵੱਖ ਕਰ ਦਿੱਤਾ। ਪਰਮੇਸ਼ਰ ਨੇ ਚਾਨਣ ਨੂੰ "ਦਿਨ" ਕਿਹਾ ਤੇ ਹਨੇਰੇ ਨੂੰ "ਰਾਤ"। ਫਿਰ ਸੰਝ ਹੋਈ ਤੇ ਸਵੇਰ ਆਈ। ਇਹ ਪਹਿਲਾ ਦਿਨ ਸੀ।

....ਤਦ ਪਰਮੇਸ਼ਰ ਨੇ ਆਪਣੀ ਰਚੀ ਹਰ ਚੀਜ਼ ਵੇਖੀ, ਜੋ ਉਸ ਨੂੰ ਬਹੁਤ ਹੀ ਚੰਗੀ ਲੱਗੀ। ਫਿਰ ਸੰਝ ਹੋਈ ਤੇ ਸਵੇਰ ਆਈ। ਇਹ ਛੇਵਾਂ ਦਿਨ ਸੀ। ਸੋ ਸਗਲ ਸ੍ਰਿਸ਼ਟੀ ਤੇ ਇਸ ਦੀਆਂ ਚੀਜ਼ਾਂ ਦਾ ਬਣਾਉਣਾ ਸਮਾਪਤ ਹੋ ਗਿਆ। ਇਸ ਤਰ੍ਹਾਂ ਪਰਮੇਸ਼ਰ ਨੇ ਆਪਣਾ ਕੰਮ ਜੋ ਉਹ ਕਰ ਰਿਹਾ ਸੀ ਸਤਵੇਂ ਦਿਨ ਸਮਾਪਤ ਕੀਤਾ ਤੇ ਉਸ ਦਿਨ ਉਸ ਨੇ ਸਾਰੇ ਕੰਮਾਂ ਤੋਂ ਵਿਹਲ ਪਾਈ। ਪਰਮੇਸ਼ਰ ਨੇ ਸਤਵੇਂ ਦਿਨ ਨੂੰ ਅਸੀਸ ਦੇ ਕੇ ਪਵਿੱਤਰ ਠਹਿਰਾਇਆ ਕਿਉਂਕਿ ਇਸ ਦਿਨ ਉਸ ਨੇ ਆਪਣੀ ਬਣਾਈ ਰਚਨਾ ਦੇ ਕੰਮ ਤੋਂ ਵੇਹਲ ਪਾਈ ਸੀ।"

ਗੁਰੂ ਗ੍ਰੰਥ ਸਾਹਿਬ ਵਿਚ 'ਸ੍ਰਿਸ਼ਟੀ ਰਚਨਾ' ਬਾਰੇ ਵਰਣਨ ਇਸ ਨਾਲੋਂ ਬਿਲਕੁਲ ਵੱਖਰਾ ਹੈ:

ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ॥
ਟੁਕੁ ਦਮੁ ਕਰਾਰੀ ਜਉ ਕਰਹੁ ਹਾਜਿਰ ਹਜੂਰਿ ਖੁਦਾਇ॥ 1॥
ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ॥
ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ॥1॥ ਰਹਾਉ॥ (ਪੰਨਾ 727)

ਵੇਦ ਤੇ ਕਤੇਬ ਪੜ੍ਹਨ ਨਾਲ ਦਿਲ (ਮਨ) ਦੇ ਡਰ ਸਹਿਮ ਜਾਂ ਸੰਸੇ ਖਤਮ ਨਹੀਂ ਹੁੰਦੇ ਪਰ ਜੇ ਕੁਝ ਪਲਾਂ ਲਈ ਮਨ ਨੂੰ ਟਿਕਾ ਕੇ ਸੋਚਿਆ ਜਾਏ ਤਾਂ ਅਹਿਸਾਸ ਕੀਤਾ ਜਾ ਸਕਦਾ ਹੈ ਕਿ ਰੱਬ ਹਰੇਕ ਮਨੁੱਖ ਦੇ ਆਪਣੇ ਹੀ ਮਨ ਵਿਚ ਮੌਜੂਦ ਹੈ।

ਹੇ ਬੰਦੇ! ਹਰ ਰੋਜ਼ ਆਪਣੇ ਦਿਲ ਦੀ ਖੋਜ ਕਰ ਭਾਵ ਆਪਣੇ ਮਨ ਨੂੰ ਕਾਬੂ ਕਰ। ਦਸਾਂ ਦਿਸ਼ਾਵਾਂ ਵਿਚ ਭਟਕਦੇ ਮਨ ਦੇ ਆਖੇ ਲੱਗ ਕੇ ਐਵੇਂ ਪ੍ਰੇਸ਼ਾਨ ਨਾ ਹੋ। ਇਹ ਦੁਨੀਆ ਇਕ ਅਜਬ ਮੇਲਾ ਹੈ, ਕਿਸੇ ਮਨ-ਕਲਪਿਤ ਰੱਬ ਦੀ ਰਚਨਾ ਨਹੀਂ। ਰਹਾਉ। ਗੁਰੂ ਗ੍ਰੰਥ ਸਾਹਿਬ ਵਿਚ ਰਹਾਉ ਵਾਲੀ ਪੰਕਤੀ ਵਿਚ ਸਬਦੁ ਦਾ ਸਾਰਤੱਤ ਦਰਜ ਹੁੰਦਾ ਹੈ। ਇਸ ਸਬਦੁ ਦਾ ਸਾਰਤੱਤ ਹੈ ਕਿ ਜਿਸ ਦੁਨੀਆ ਵਿਚ ਅਸੀਂ ਰਹਿ ਰਹੇ ਹਾਂ, ਸਮੇਂ ਤੇ ਸਥਾਨ ਦੇ ਸੰਜੋਗ ਨਾਲ ਹੋਇਆ ਇਹ ਇਕ ਅਜਬ ਮੇਲਾ ਹੈ, ਕਿਸੇ ਮਨ-ਕਲਪਿਤ ਰੱਬ ਦੀ ਰਚਨਾ ਨਹੀਂ।

ਬਾਈਬਲ ਦੀ ਇਕ ਮਿੱਥ ਹੈ ਕਿ ਬਾਬਾ ਆਦਮ ਸਭ ਤੋਂ ਪਹਿਲਾ ਮਨੁੱਖ ਸੀ, ਜਿਸ ਨੂੰ ਖ਼ੁਦਾ ਨੇ ਆਪਣੀ ਸ਼ਕਲ ਦਾ ਰੂਪ ਦੇ ਕੇ ਮਿੱਟੀ ਤੋਂ ਬਣਾਇਆ। ਬਾਈਬਲ ਵਿਚ ਕਥਾ ਹੈ ਕਿ ਜਦੋਂ ਆਦਮ ਸੌਂ ਗਿਆ ਤਾਂ ਖ਼ੁਦਾ ਨੇ ਉਸ ਦੀ ਇਕ ਪਸਲੀ ਕੱਢ ਕੇ ਉਸ ਤੋਂ ਇਕ ਨਾਰੀ ਰਚੀ ਜੋ 'ਹਵਾ' ਅਖਵਾਈ। ਖ਼ੁਦਾ ਨੇ ਇਸ ਜੋੜੇ ਨੂੰ ਸਵਰਗ ਦੇ 'ਅਦਨ' ਬਾਗ਼ ਵਿਚ ਰਹਿਣ ਦਾ ਹੁਕਮ ਦਿੱਤਾ। ਪਰ ਨਾਲ ਹੀ ਇਕ ਹਦਾਇਤ ਕੀਤੀ ਕਿ ਇਕ ਖਾਸ ਪੌਦੇ ਦਾ ਫਲ ਕਦੇ ਨਹੀਂ ਖਾਣਾ। ਸ਼ੈਤਾਨ ਨੇ ਵਰਗਲਾ ਕੇ ਆਦਮ ਤੇ ਹਵਾ ਨੂੰ ਇਹ ਵਰਜਿਤ ਫਲ ਖਾਣ ਲਈ ਪ੍ਰੇਰ ਲਿਆ। ਇਹ ਪਾਪ ਕਰਨ ਲਈ ਦੋਵੇਂ ਅਦਨ ਬਾਗ ਵਿਚੋਂ ਬਾਹਰ ਕੱਢ ਦਿੱਤੇ ਗਏ।

ਗੁਰਮਤਿ ਨੇ ਇਸ ਭਰਮ ਦਾ ਵੀ ਖੰਡਨ ਕੀਤਾ ਹੈ ;

ਸਤਰਿ ਸੈਇ ਸਲਾਰ ਹੈ ਜਾ ਕੇ॥ ਸਵਾ ਲਾਖੁ ਪੈਕਾਬਰ ਤਾ ਕੇ॥
ਸੇਖ ਜੁ ਕਹੀਅਹਿ ਕੋਟਿ ਅਠਾਸੀ॥ ਛਪਨ ਕੋਟਿ ਜਾ ਕੇ ਖੇਲ ਖਾਸੀ॥ 1॥
ਮੋ ਗਰੀਬ ਕੀ ਕੋ ਗੁਜਰਾਵੈ॥ ਮਜਲਸਿ ਦੂਰਿ ਮਹਲੁ ਕੋ ਪਾਵੈ॥ 1॥ ਰਹਾਉ॥
ਬਾਬਾ ਆਦਮ ਕਉ ਕਿਛੁ ਨਦਰਿ ਦਿਖਾਈ॥ ਉਨਿ ਭੀ ਭਿਸਤਿ ਘਨੇਰੀ ਪਾਈ॥ 2॥
ਸਭੁ ਕੋਈ ਚਲਨ ਕਹਤ ਹੈ ਊਹਾਂ॥ ਨਾ ਜਾਨਉ ਬੈਕੁੰਠੁ ਹੈ ਕਹਾਂ॥ 1॥ ਰਹਾਉ॥ (ਪੰਨਾ 1161)

ਜਿਸ ਖ਼ੁਦਾ ਦੇ ਸੱਤ ਹਜ਼ਾਰ ਫਰਿਸ਼ਤੇ ਤੇ ਸਵਾ ਲੱਖ ਪੈਗੰਬਰ ਕਹੇ ਜਾਂਦੇ ਹਨ। ਜਿਸ ਦੇ ਦਰ ਉਤੇ ਖੜ੍ਹੇ ਅਠਾਸੀ ਕਰੋੜ ਸ਼ੇਖ ਤੇ ਛਪੰਜਾ ਕਰੋੜ ਸ਼ਰਧਾਲੂ ਦੱਸੇ ਜਾਂਦੇ ਹਨ। ਭਲਾ ਉਥੇ ਮੇਰੇ ਵਰਗੇ ਕਿਸੇ ਗ਼ਰੀਬ ਬੰਦੇ ਦੀ ਕੀ ਰਸਾਈ ਹੋਣੀ ਹੈ। ਸਤ ਆਸਮਾਨ ਦੂਰ ਉਸ ਦੇ ਮਹਿਲ ਤਕ ਮੇਰੀ ਕੀ ਪਹੁੰਚ ਹੋ ਸਕਦੀ ਹੈ। ਕਿਹਾ ਜਾਂਦਾ ਹੈ ਕਿ ਬਾਬਾ ਆਦਮ ਨੂੰ ਕੁਝ ਚਿਰ ਲਈ ਬਹਿਸ਼ਤ ਨਸੀਬ ਹੋਈ ਸੀ ਪਰ ਆਖਿਰ ਉਸ ਨੂੰ ਵੀ ਉਥੋਂ ਕੱਢ ਦਿੱਤਾ ਗਿਆ ਸੀ। ਹਰ ਕੋਈ ਬੈਕੁੰਠ ਭਾਵ ਸਵਰਗ ਵਿਚ ਜਾਣਾ ਚਾਹੁੰਦਾ ਹੈ ਪਰ ਪਤਾ ਕਿਸੇ ਨੂੰ ਨਹੀਂ ਕਿ ਇਹ ਸਵਰਗ ਹੈ ਕਿੱਥੇ? ਆਪਣੇ ਮਨ ਅੰਦਰਲੇ ਭੇਦ ਦਾ ਤੇ ਪਤਾ ਨਹੀਂ ਪਰ ਬੈਕੁੰਠ ਦਾ ਵਿਖਿਆਨ ਹੋ ਰਿਹਾ ਹੈ।

ਜਦੋਂ ਤਕ ਬੰਦੇ ਦੇ ਮਨ ਵਿਚ ਕਿਸੇ ਨਰਕ ਸਵਰਗ ਦੀ ਆਸ ਬਣੀ ਰਹਿੰਦੀ ਹੈ, ਉਦੋਂ ਤਕ ਉਸ ਦਾ ਖ਼ੁਦਾ ਦੇ ਚਰਨਾਂ ਵਿਚ ਨਿਵਾਸ ਨਹੀਂ ਹੋ ਸਕਦਾ। ਕਿਉਂਕਿ ਉਸ ਨੂੰ ਇਹ ਪਤਾ ਹੀ ਨਹੀਂ ਲੱਗਦਾ ਕਿ ਰੱਬ ਉਸ ਦੇ ਆਪਣ ਹੀ ਮਨ ਵਿਚ ਵੱਸਦਾ ਹੈ। ਕਿਸੇ ਖਾਈ ਕਿਲ੍ਹੇ ਸ਼ਹਿਰ ਜਾਂ ਉਸ ਕਿਲ੍ਹੇ ਨੂੰ ਜਾਣ ਵਾਲੇ ਕਿਸੇ ਰਸਤੇ ਦਾ ਤੇ ਪਤਾ ਨਹੀਂ ਪਰ ਚਰਚਾ ਬੈਕੁੰਠ ਦੀ ਹੋ ਰਹੀ ਹੈ। ਭਗਤ ਕਬੀਰ ਜੀ ਬਚਨ ਕਰਦੇ ਹਨ ਕਿ ਹੁਣ ਕਿਸੇ ਨੂੰ ਕੀ ਦੱਸੀਏ ਕਿ ਇਹ ਬੈਕੁੰਠ ਅਸਲ ਵਿਚ ਸਾਧ-ਸੰਗਤ ਵਿਚ ਹੀ ਪ੍ਰਾਪਤ ਹੁੰਦਾ ਹੈ।

ਕਵਨੁ ਨਰਕੁ ਕਵਨੁ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ॥
ਹਮ ਕਾਹੂੰ ਕੀ ਕਾਣਿ ਨ ਕਢਤੇ ਅਪਨੇ ਗੁਰਪ੍ਰਸਾਦੇ॥ (ਪੰਨਾ 969)

ਨਰਕ-ਸੁਰਗ ਦੀ ਸਾਰੀ ਚਰਚਾ ਨੂੰ ਸਪੱਸ਼ਟ ਸ਼ਬਦਾਂ ਵਿਚ ਨਕਾਰਦਿਆਂ ਹੋਇਆਂ ਗੁਰਮਤਿ ਦੇ ਬਚਨ ਹਨ ਕਿ ਸੰਤਾਂ ਨੇ ਨਰਕ-ਸੁਰਗ ਦੇ ਸਾਰੇ ਵਰਤਾਰੇ ਦਾ ਹੀ ਖੰਡਨ ਕਰ ਦਿੱਤਾ ਹੈ।

ਇਸਾਈਅਤ ਤੇ ਇਸਲਾਮ ਵਿਚ ਇਹ ਮੰਨਿਆ ਜਾਂਦਾ ਹੈ ਕਿ ਭਵਿੱਖ ਵਿਚ ਆਉਣ ਵਾਲੇ ਕਿਸੇ ਕਿਆਮਤ ਦੇ ਦਿਨ ਕਬਰਾਂ ਵਿਚਲੇ ਦੱਬੇ ਮੁਰਦੇ ਜਾਗ ਪੈਣਗੇ। ਇਸ ਦਿਨ ਰੱਬ ਹਜ਼ਰਤ ਈਸਾ ਮਸੀਹ ਨੂੰ ਮੰਨਣ ਵਾਲੇ ਸਾਰੇ ਲੋਕਾਂ ਦੇ ਪਾਪ ਮੁਆਫ਼ ਕਰ ਦੇਵੇਗਾ ਤੇ ਉਨ੍ਹਾਂ ਨੂੰ ਸਵਰਗ ਵਿਚ ਭੇਜਿਆ ਜਾਵੇਗਾ, ਜਿਥੇ ਉਨ੍ਹਾਂ ਨੂੰ ਉਹ ਸਾਰੀਆਂ ਸਹੂਲਤਾਂ ਮਿਲਣਗੀਆਂ, ਜਿਨ੍ਹਾਂ ਦੀ ਉਹ ਆਸ ਕਰਦੇ ਹਨ। ਇਸਲਾਮ ਵਿਚ ਮੰਨਿਆ ਜਾਂਦਾ ਹੈ ਕਿ ਕਿਆਮਤ ਦੇ ਦਿਨ ਅੱਲਾਹ ਸਾਰੇ ਮੁਸਲਮਾਨਾਂ ਨੂੰ ਬਹਿਸ਼ਤ ਦੇਵੇਗਾ।

ਗੁਰਮਤਿ ਇਸ ਮਿਥ ਦਾ ਵੀ ਖੰਡਨ ਕਰਦੀ ਹੈ :

ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ॥
ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ॥
ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ॥
ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ॥ (ਪੰਨਾ 466)

ਦੱਬੇ ਮੁਰਦਿਆਂ ਦੀ ਮਿੱਟੀ ਤਾਂ ਘੁਮਿਆਰ ਦੇ ਘੜੇ ਭਾਂਡਿਆਂ ਵਿਚ ਲੱਗ ਗਈ ਹੈ, ਜਿਹੜੇ ਅੱਗ ਦੇ ਅੰਗਿਆਰਾਂ ਉਤੇ ਪੱਕ ਕੇ ਤੇ ਹੌਲੀ-ਹੌਲੀ ਵਰਤੋਂ ਵਿਚ ਆ ਕੇ ਟੁੱਟ-ਭੱਜ ਗਏ ਹਨ। ਗੁਰੂ ਨਾਨਕ ਸਾਹਿਬ ਦੇ ਬਚਨ ਹਨ ਕਿ ਕੁਦਰਤ ਦੇ ਕਣ-ਕਣ ਵਿਚੋਂ ਪ੍ਰਗਟ ਹੁੰਦੇ ਜਿਸ ਕਰਤਾ ਨੇ ਇਹ ਸਾਰਾ ਕੁਝ ਸਿਰਜਿਆ ਹੈ, ਉਹ ਹੀ ਇਨ੍ਹਾਂ ਮੁਰਦਿਆਂ ਦੀ ਹੋਣੀ ਜਾਣਦਾ ਹੈ।

ਗੁਰਮਤਿ ਸੁਆਲ ਕਰਦੀ ਹੈ ਕਿ ਕੌਣ ਮਰਿਆ ਹੈ? ਇਸ ਸੁਆਲ ਨੂੰ ਹੋਰ ਗੰਭੀਰ ਰੂਪ ਦੇਣ ਲਈ ਗੁਰਮਤਿ ਸੁਆਲ ਨੂੰ ਫਿਰ ਦੁਹਰਾਉਂਦੀ ਹੈ ਕਿ ਕੌਣ ਮਰਿਆ ਹੈ? ਫਿਰ ਗੁਰਮਤਿ ਆਪ ਹੀ ਇਸ ਸੁਆਲ ਦਾ ਜੁਆਬ ਦੇਂਦੀ ਹੈ ਕਿ ਬ੍ਰਹਮ ਦਾ ਆਤਮਿਕ ਗਿਆਨ ਰੱਖਣ ਵਾਲੇ ਸਿਆਣੇ ਲੋਕਾਂ ਨੇ ਜਦੋਂ ਨਿੱਠ ਕੇ ਵਿਚਾਰ ਕੀਤੀ, ਤਾਂ ਪਤਾ ਲੱਗਾ ਕਿ ਮਰਨ ਵਾਲਾ ਤਾਂ ਚਲਾ ਗਿਆ ਹੈ।

ਸੁਆਲ ਪੈਦਾ ਹੋਇਆ ਕਿ ਉਹ ਕਿੱਥੇ





ਗਿਆ ਹੈ?

ਜੁਆਬ ਹੈ: ਹਵਾ ਹਵਾ ਵਿਚ ਸਮਾਅ ਗਈ। ਜ਼ਿੰਦਗੀ ਦੀ ਰੌਂਅ ਅਗਲੀ ਪੀੜ੍ਹੀ ਵਿਚ ਚਲੀ ਗਈ। ਮਿੱਟੀ ਮਿੱਟੀ ਵਿਚ ਰਲ ਗਈ ਤੇ ਮਰਨ ਵਾਲੇ ਬਾਰੇ ਹੁਣ ਰੋਣ ਦਾ ਕੋਈ ਆਧਾਰ ਨਹੀਂ। ਮਰਨ ਵਾਲੇ ਕਿਸੇ ਬੰਦੇ ਨੇ ਕਦੇ ਵਾਪਸ ਆ ਕੇ ਇਹ ਖ਼ਬਰ ਨਹੀਂ ਦਿੱਤੀ ਕਿ ਮੌਤ ਤੋਂ ਬਾਅਦ ਮਰਨ ਵਾਲੇ ਦਾ ਕੀ ਬਣਿਆ ਹੈ। ਮਰਿਆਂ ਨੂੰ ਰੋਣ ਵਾਲੇ ਖ਼ੁਦ ਵੀ ਇਕ ਦਿਨ ਮਰ ਜਾਂਦੇ ਹਨ। ਇਹ ਸਾਰੇ ਮੋਹ ਭਾਵ ਝੂਠੇ ਪਿਆਰ ਦੇ ਬੰਧਨ ਐਵੇਂ ਇਕ ਭਰਮਜਾਲ ਹੈ। ਸੁਪਨੇ ਵਿਚ ਬੁੜਬੁੜਾਉਣ ਵਾਂਗ ਹੈ। ਇਹ ਕਰਤਾਰ ਭਾਵ ਕੁਦਰਤ ਦੇ ਕਣ-ਕਣ ਵਿਚੋਂ ਪ੍ਰਗਟ ਹੁੰਦੇ ਕਾਦਰ ਦਾ ਸਿਰਜਿਆ ਸੰਸਾਰ ਹੈ। ਜੰਮਣਾ-ਮਰਨਾ ਇਸ ਦਾ ਇਕ ਨੇਮ ਹੈ। ਨਾ ਕੋਈ ਮਰਦਾ ਹੈ। ਨਾ ਕੋਈ ਮਰਨ ਜੋਗਾ ਹੈ। ਸਦਾ ਰਹਿਣ ਵਾਲਾ ਕਾਦਰ ਅਬਿਨਾਸੀ ਹੈ।

ਮਨੁੱਖ ਆਪਣੇ ਆਪ ਬਾਰੇ ਜੋ ਸਮਝਦਾ ਹੈ, ਅਸਲ ਵਿਚ ਉਹ, ਉਹ ਹੈ ਨਹੀਂ। ਤਥਾ ਬੰਦਾ ਆਪਣੀ ਨਾਸਵੰਤ ਹੋਂਦ ਨਾ ਪਛਾਣ ਕੇ ਤੇ ਸਦਾ ਜਿਉਂਦੇ ਰਹਿਣ ਦਾ ਭਰਮ ਪਾਲ ਕੇ ਹੋਰ-ਹੋਰ ਫਾਲਤੂ ਧੰਦਿਆਂ ਵਿਚ ਉਲਝਿਆ ਰਹਿੰਦਾ ਹੈ। ਗੁਰੂ ਅਰਜਨ ਦੇਵ ਜੀ ਦੇ ਬਚਨ ਹਨ ਕਿ ਗੁਰੂ ਦੇ ਦਿੱਤੇ ਆਤਮਿਕ ਗਿਆਨ ਨਾਲ ਉਨ੍ਹਾਂ ਦਾ ਇਹ ਭਰਮ ਹੁਣ ਸਦਾ ਲਈ ਖਤਮ ਹੋ ਗਿਆ ਹੈ। ਹੁਣ ਉਨ੍ਹਾਂ ਨੂੰ ਇਹ ਗਿਆਨ ਹੋ ਗਿਆ ਹੈ ਕਿ ਨਾ ਕੋਈ ਮਰਦਾ ਹੈ ਤੇ ਨਾ ਹੀ ਕੋਈ ਕਿਤੇ ਆਉਂਦਾ-ਜਾਂਦਾ ਹੈ। ਜਿਨ੍ਹਾਂ ਕੁਦਰਤੀ ਤੱਤਾਂ ਦਾ ਇਹ ਸਰੀਰ ਬਣਿਆ ਹੈ, ਉਹ ਸਾਰੇ ਤੱਤ ਮੁੜ ਉਨ੍ਹਾਂ ਤੱਤਾਂ ਵਿਚ ਹੀ ਰਲ ਜਾਂਦੇ ਹਨ ਤੇ ਇਹ ਇਕ ਕੁਦਰਤੀ ਵਰਤਾਰਾ ਹੈ।

ਪਵਨੈ ਮਹਿ ਪਵਨੁ ਸਮਾਇਆ॥ ਜੋਤੀ ਮਹਿ ਜੋਤਿ ਰਲਿ ਜਾਇਆ॥
ਮਾਟੀ ਮਾਟੀ ਹੋਈ ਏਕ॥ ਰੋਵਨਹਾਰੇ ਕੀ ਕਵਨ ਟੇਕ॥ 1॥
ਕਉਨੁ ਮੂਆ ਰੇ ਕਉਨੁ ਮੂਆ॥
ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹੁ ਤਉ ਚਲਤੁ ਭਇਆ॥ 1॥ ਰਹਾਉ॥ (ਪੰਨਾ 885)

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ:

ਨ ਹਮ ਹਿੰਦੂ ਨ ਮੁਸਲਮਾਨ॥ ਅਲਹ ਰਾਮ ਕੇ ਪਿੰਡੁ ਪਰਾਨ॥ (ਪੰਨਾ 1136)

ਨਾ ਅਸੀਂ ਹਿੰਦੂ ਹਾਂ ਤੇ ਨਾ ਮੁਸਲਮਾਨ ਪਰ ਸਾਡਾ ਮਨੁੱਖੀ ਸਰੀਰ ਤੇ ਜਿੰਦ ਅੱਲਾਹ ਤੇ ਰਾਮ ਦੀ ਦੇਣ ਹੈ। ਅੱਲਾਹ ਮੁਸਲਮਾਨਾਂ ਲਈ ਉਚਤਮ ਰੱਬੀ ਹਸਤੀ ਹੈ ਤੇ ਰਾਮ ਹਿੰਦੂਆਂ ਲਈ ਅਵਤਾਰੀ ਮਹਾਂਪੁਰਖ।

ਗੁਰਮਿਤ ਇਸ ਸੋਚ ਨੂੰ ਹੋਰ ਸਪੱਸ਼ਟ ਕਰਦੀ ਹੈ। ਸਮੁੱਚੀ ਖ਼ਲਕਤ ਨੂੰ ਪੈਦਾ ਕਰਨ ਵਾਲਾ ਖਾਲਕ ਸਭਨੀ ਥਾਈਂ ਰਮਿਆ ਹੋਇਆ ਹੈ। ਇਹ ਖਾਲਕ ਸਰਬ-ਵਿਆਪੀ ਹੈ। ਇਹੀ ਖਾਲਕ ਕਾਰਨ ਹੈ। ਇਹੀ ਕਰਨ ਵਾਲਾ ਹੈ। ਇਹ ਖਾਲਕ ਬਖਸ਼ਿੰਦ ਹੈ। ਇਹ ਖਾਲਕ ਸਾਰਿਆਂ ਦੀ ਪਾਲਣਾ ਕਰਨ ਵਾਲਾ ਤੇ ਸਾਰਿਆਂ ਉਤੇ ਰਹਿਮਤਾਂ ਕਰਨ ਵਾਲਾ ਹੈ। ਅੱਲਾਹ ਦੇ ਰੂਪ ਵਿਚ ਇਹ ਖਾਲਕ ਅਪਹੁੰਚ ਤੇ ਬੇਅੰਤ ਹੈ। ਇਹ ਖਾਲਕ ਹੀ ਹਿੰਦੂ ਮਤਿ ਵਿਚਲਾ ਸਰਬਵਿਆਪੀ ਓਮ, ਨਮੋ, ਭਗਵੰਤ ਤੇ ਗੁਸਾਈਂ ਹੈ। ਇਹੀ ਖਾਲਕ ਧਰਤੀ ਦਾ ਮਾਲਕ ਤੇ ਜਗਤ ਦਾ ਪਾਲਕ ਹੈ। ਸਮੁੱਚੇ ਜਗਤ ਨੂੰ ਜੀਵਨ ਦੇਣ ਵਾਲਾ ਜਗਜੀਵਨ ਦਾਤਾ ਤੇ ਸਮੁੱਚੀ ਦੌਲਤ ਦਾ ਮਾਲਕ ਵੀ ਇਹੀ ਖਾਲਕ ਹੈ। ਇਸ ਖਾਲਕ ਨੂੰ ਹਿਰਦੇ ਵਿਚ ਵਸਾਉਣ ਨਾਲ ਸਾਰੇ ਡਰ ਦੂਰ ਹੋ ਜਾਂਦੇ ਹਨ। ਮਨੁੱਖੀ ਇੰਦਰੀਆਂ ਦਾ ਮਾਲਕ ਵੀ ਇਹੀ ਖਾਲਕ ਹੈ, ਜਿਹੜਾ ਪੂਰਨ ਹੈ, ਸਰਬ-ਵਿਆਪੀ ਹੈ ਤੇ ਮੁਕਤੀਦਾਤਾ ਹੈ। ਇਹੀ ਖਾਲਕ ਸਾਰੇ ਦਿਲਾਂ ਦਾ ਮਾਲਕ ਹੈ। ਪਵਿੱਤਰ ਕੁਰਾਨ ਤੇ ਕਤੇਬ ਵਿਚ ਦਰਜ ਖਾਲਕ ਵੀ ਇਹੀ ਹੈ। ਇਹੀ ਨਾਰਾਇਣ ਨਰਹਰ ਦਇਆਲ ਪੁਰਖ ਹੈ। ਇਹੀ ਰਮਿਆ ਹੋਇਆ ਰਾਮ ਹੈ। ਇਹੀ ਵਾਸਦੇਵ ਸਭ ਥਾਂ ਵਸਦਾ ਹੈ। ਗੁਰੂ ਸਾਹਿਬ ਦੇ ਬਚਨ ਹਨ ਕਿ ਹੁਣ ਗੁਰੂ ਨੇ ਮੇਰੇ ਮਨ ਦੇ ਸਾਰੇ ਭਰਮ ਦੂਰ ਕਰ ਦਿੱਤੇ ਹਨ ਤੇ ਮੈਨੂੰ ਪਤਾ ਲੱਗਾ ਹੈ ਕਿ ਸਾਡੇ ਚਾਰ-ਚੁਫੇਰੇ ਪਸਰਿਆ ਏਕੋ ਹੀ ਅਲਹ ਤੇ ਇਹ ਏਕੋ ਹੀ ਪਾਰਬ੍ਰਹਮ ਹੈ। ਭਾਵ ਹਿੰਦੂ ਤੇ ਇਸਲਾਮੀ ਫਿਲਾਸਫੀ ਵਿਚਲੀ ਰੱਬੀ ਹੋਂਦ ਤੇ ਹਸਤੀ ਇਕੋ ਹੀ ਹੈ। ਗੁਰੂ ਨਾਨਕ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਵਿਚ ਕਿਤੇ ਨਹੀਂ ਕਿਹਾ ਕਿ 'ਰੱਬ', 'ਪ੍ਰਮਾਤਮਾ', 'ਪ੍ਰਭੂ', 'ਈਸ਼ਵਰ' ਇਕ ਹੈ। ਉਨ੍ਹਾਂ ਨੇ ਮਨੁੱਖਤਾ ਨੂੰ ਇਸ ਮਨ-ਕਲਪਿਤ ਰੱਬੀ ਭਰਮਜਾਲ ਤੋਂ ਸਦਾ ਲਈ ਮੁਕਤ ਕਰ ਦਿੱਤਾ।

ਸਤਿਗੁਰੂ ਨਾਨਕ ਪਾਤਸਾਹ ਦੇ ਬਚਨ ਹਨ:

ਨਾਨਕ ਏਕੋ ਪਸਰਿਆ ਦੂਜਾ ਕਹ ਦ੍ਰਿਸਟਾਰ॥ (ਪੰਨਾ 292)

ਗੁਰਮਤਿ ਦਾ ਮਤਿ ਹੈ ਕਿ ਇਹ ਅਸੀਮ ਤੇ ਸਦੀਵੀ ਬ੍ਰਹਿਮੰਡੀ ਵਿਸਥਾਰ ਏਕੋ (ੴ) ਭਾਵ ਇਕ ਹੈ। ਇਹ ਸਤਿ ਹੈ। ਕਰਤਾਰੀ ਹਸਤੀ ਸਿਰਜਣਹਾਰ ਕਰਤਾ ਦੇ ਰੂਪ ਵਿਚ ਇਹ ਨਿਰਭਓ ਨਿਰਵੈਰ ਕਿਸੇ ਸਮੇਂ ਦੀ ਸੀਮਾ ਵਿਚ ਨਾ ਬੱਝਣ ਵਾਲਾ ਅਕਾਲ, ਸਾਕਾਰ ਰੂਪ ਤੇ ਕਿਸੇ ਜੂਨ ਵਿਚ ਨਾ ਆਉਣ ਵਾਲਾ, ਸਵੈ ਤੋਂ ਵਿਕਸਿਤ ਹੋਣ ਵਾਲਾ ਤੇ ਆਪਣੇ ਹੀ ਨੇਮਾਂ ਅਨੁਸਾਰ ਗਤੀਸ਼ੀਲ ਹੈ ਅਤੇ ਇਸ ਦੀ ਪਛਾਣ ਕੁਦਰਤ ਵਿਚੋਂ ਹੁੰਦੀ ਹੈ। ਨਾਨਕ ਸਚੁ ਦਾਤਾਰੁ ਸਿਨਾਖਤੁ ਕੁਦਰਤੀ॥ (ਪੰਨਾ 141)

ਬੇਸ਼ਕ ਗੁਰਮਤਿ ਨੇ ਇਸਾਈ ਧਰਮ ਦੇ ਦੋ ਮੂਲ ਮਾਨਵੀ ਸਰੋਕਾਰਾਂ ਦਇਆ ਅਤੇ ਸੰਤੋਖ ਨੂੰ ਧਰਮ ਵਜੋਂ ਮਾਨਤਾ ਦਿੱਤੀ ਹੈ।

ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥ (ਪੰਨਾ 3)

# ਗੁਰਦੁਆਰੇ ਵਿਚ ਬੈਂਚ ਜਾਂ ਕੁਰਸੀਆਂ !

ਗੁਰਮਤਿ ਵਿਚ ਗੁਰੂ ਤੇ ਸਿੱਖ ਬਰਾਬਰ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ ਰਾਮਦਾਸ ਜੀ ਦਾ ਬਚਨ ਹੈ: 'ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸ ਚਲਾਏ॥' ਗੁਰਮਤਿ ਵਿਚ ਸੰਗਤ ਨੂੰ ਗੁਰੂ ਤੋਂ ਵੀ ਵੱਡਾ ਰੁਤਬਾ ਹਾਸਲ ਹੈ ਤੇ ਰਵਾਇਤ ਮੁਤਾਬਕ "ਗੁਰੂ ਵੀਹ ਵਿਸਵੇ ਸੰਗਤ ਇੱਕੀ ਵਿਸਵੇ" ਮੰਨੀ ਗਈ ਹੈ।




**ਤਰਲੋਚਨ ਸਿੰਘ 'ਦੁਪਾਲਪੁਰ'**
**ਫੋਨ: 001-408-915-1268**


ਭਾਈ ਕਾਹਨ ਸਿੰਘ ਨਾਭਾ ਜੀ, ਸੰਨ 1938 ਵਿਚ ਲਿਖੇ ਆਪਣੇ ਪ੍ਰਸਿੱਧ ਗ੍ਰੰਥ 'ਗੁਰਮਤਿ ਮਾਰਤੰਡ' ਭਾਗ ਪਹਿਲਾ ਦੇ ਸਫਾ 'ਭ ਤੇ ਮ' ਅਤੇ ਭਾਗ ਦੂਜਾ ਦੇ ਸਫਾ 439 ਉੱਤੇ ਇਹ ਟੂਕਾਂ ਲਿਖਦੇ ਹਨ:

1.'ਸਾਡੇ ਵਿਚ ਵਿਚਾਰ ਸ਼ਕਤੀ ਬਹੁਤ ਘੱਟ ਹੈ, ਬਿਨਾ ਸਿਧਾਂਤ ਸੋਚੇ ਹੀ ਤੁੱਛ ਬਾਤ 'ਤੇ ਵਿਤੰਡਾਵਾਦ ਕਰਨ ਲੱਗ ਜਾਨੇ ਹਾਂ। ਕੁਛ ਸਮਾਂ ਹੋਇਆ ਕਿ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਿਸੇ ਵਿਦੇਸ਼ ਗਏ ਸਿੱਖ ਦੇ ਪ੍ਰਸ਼ਨ ਦਾ ਉੱਤਰ ਦਿੰਦੇ ਹੋਏ ਰਾਇ ਦਿੱਤੀ ਸੀ ਕਿ ਗੁਰੂ ਗ੍ਰੰਥ ਸਾਹਿਬ ਦਾ ਸਿੰਘਾਸਣ ਉੱਚਾ ਰੱਖ ਕੇ ਗੁਰਦੁਆਰਾ ਬਣਾਉਣਾ ਅਤੇ ਕੁਰਸੀਆਂ 'ਤੇ ਬੈਠਣਾ ਨਾਮੁਨਾਸਬ ਨਹੀਂ। ਇਸ ਸੰਬੰਧ ਵਿਚ



ਹੱਦੋਂ ਵਧ ਕੇ ਵਿਰੋਧ ਹੋਇਆ, ਪਰ ਕਿਸੇ ਨੇ ਇਹ ਵਿਚਾਰ ਨਹੀਂ ਕੀਤਾ ਕਿ ਇਸ ਵਿਚ ਸਿੱਖ ਧਰਮ ਦੇ ਕਿਸ ਨਿਯਮ ਦਾ ਭੰਗ ਹੈ। ਗੁਰੂ ਗ੍ਰੰਥ ਸਾਹਿਬ ਦਾ ਪੂਰਾ ਅਦਬ ਰੱਖ ਕੇ ਕੋਈ ਨਿਸ਼ਚਿਤ ਨਿੰਦਤ ਨਹੀਂ।'

2. 'ਕਿਸੇ ਸਮੇਂ ਮਹਾਰਾਜਿਆਂ ਤੇ ਬਾਦਸ਼ਾਹਾਂ ਦੇ ਦਰਬਾਰ ਵਿਚ ਲੋਕ ਖਲੋਤੇ ਰਹਿੰਦੇ ਸਨ, ਪਰ ਸਮੇਂ ਦੇ ਫੇਰ ਨਾਲ ਮਮੂਲੀ ਆਦਮੀਆਂ ਨੂੰ ਵੀ ਬੈਠਣ ਦਾ ਅਧਿਕਾਰ ਮਿਲ ਗਿਆ ਹੈ।'

3. 'ਜੇ ਗੁਰੂ ਅਰਜਨ ਦੇਵ ਜੀ ਹਰਿਮੰਦਰ ਆਪ ਨਾ ਬਣਾ ਜਾਂਦੇ, ਤਾਂ ਉਪਰਲੀ ਛੱਤ ਅਤੇ ਗੈਲਰੀਆਂ ਵਿਚ ਬੈਠਣ ਵਾਲਿਆਂ ਦੀ ਕਪਾਲ ਕਿਰਿਆ ਬਿਨਾ ਸੰਸੇ ਹੋ ਜਾਂਦੀ।'

4.'ਦੂਜੀ ਗੱਲ ਇਹ ਹੈ ਕਿ ਗੁਰਦੁਆਰੇ ਐਸੇ ਬਣਾਉਣੇ ਚਾਹੀਏ, ਜੈਸਾ ਗੁਰੂ ਅਰਜਨ ਸਾਹਿਬ ਨੇ "ਹਰਿਮੰਦਰ" ਬਣਾ ਕੇ ਗੁਰਦੁਆਰੇ ਦਾ ਨਮੂਨਾ ਦੱਸਿਆ ਹੈ...ਚਾਰੇ ਪਾਸੇ ਦਰਵਾਜੇ...ਅਰ ਵਿਚਕਾਰ ਕੋਈ ਉੱਚੀ ਥਾਂ ਖਾਸ ਕਰਕੇ ਨਹੀਂ ਬਣਾਈ ਗਈ, ਉੱਪਰ ਮਾਈਆਂ ਅਤੇ ਪ੍ਰੇਮੀ ਸਿੱਖਾਂ ਦੇ ਬੈਹਣ ਲਈ ਗੈਲਰੀ ਹੈ।'

# ਕਿਰਤ ਵਿਰਤਿ ਕਰ ਧਰਮ ਦੀ

ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: 98766-55055

ਧਰਮ ਦੀ ਕਿਰਤ ਕਰ-ਪੈਰ ਚਲਾਉਂਦਿਆਂ ਸੁਰਤ-ਬਿਰਤ ਨਾਮ ਨਾਲ ਜੋੜੀ ਰੱਖਣ ਨਾਲ ਅਮਲ ਵਿਚ ਆਉਂਦੀ ਹੈ। ਉਪਜੀਵਕਾ ਲਈ ਕਿਰਤ ਕਰਦੇ ਸਮੇਂ ਮਨ ਵਿਚ ਧਰਮ ਰਖਿਆ ਜਾਂਦੈ। ਇਹ ਨਿਰਮਲ ਕਾਰ ਹੁੰਦੀ ਹੈ। ਇਸ ਵਿਚ ਕੋਈ ਖੋਟ ਨਹੀਂ ਹੁੰਦੀ। ਠੱਗੀ-ਠੋਰੀ ਦਾ ਇਸ ਉਪਰ ਪਰਛਾਵਾਂ ਤਕ ਵੀ ਪੈ ਜਾਏ ਤਾਂ ਇਸ ਦੀ ਧਾਰਮਿਕਤਾ ਧੁੰਦਲਾਅ ਜਾਂਦੀ ਹੈ, ਬਲਕਿ ਗੰਧਲਾਅ ਜਾਂਦੀ ਹੈ। ਜ਼ਿੰਦਗੀ ਵਿਚ ਜੇ ਬੰਦਗੀ ਹੈ ਤਾਂ ਗੰਦਗੀ ਨਹੀਂ ਰਹੇਗੀ; ਜੇ ਗੰਦਗੀ ਹੈ ਤਾਂ ਬੰਦਗੀ ਨਹੀਂ ਰਹੇਗੀ; ਬੰਦਗੀ ਅਤੇ ਗੰਦਗੀ ਇਕ ਥਾਂ ਰਹਿ ਹੀ ਨਹੀਂ ਸਕਦੀਆਂ। ਇਸੇ ਤਰ੍ਹਾਂ ਹੀ ਨਿਰਮਲ ਕਿਰਤ ਵਿਚ ਕਪਟ ਅਤੇ ਗੰਧਲਪਨ ਨਹੀਂ ਰਹਿ ਸਕਦੇ। ਨਿਰਮਲ ਕਾਰ ਵਿਚ ਨਿਰੰਕਾਰ ਝਲਕਦੈ ਅਤੇ ਸੱਚੀ-ਸੁੱਚੀ ਕਿਰਤ ਵਿਚ ਕਰਤਾਰ! ਅਜਿਹੀ ਕਾਰ ਬਾਰੇ ਭਗਤ ਨਾਮ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਫਰਮਾਇਆ ਹੈ-

'ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮਾਲਿ॥
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ' ॥(ਅੰਗ-1375)

ਹੱਥਾਂ ਨੂੰ ਕਰ ਵੀ ਕਿਹਾ ਜਾਂਦੈ-'ਕਰ ਕੰਪਹਿ ਸਿਰ ਡੋਲ' ਅਤੇ 'ਕਰ ਕਰਿ ਟਹਲ ਰਸਨਾ ਗੁਣ ਗਾਵਉ' (ਗੁਰਬਾਣੀ)। ਇਹ ਸੰਸਕ੍ਰਿਤ ਮੂਲ ਦਾ ਸ਼ਬਦ ਹੈ। ਜੋੜਤੇ ਸ਼ਬਦ ਵਜੋਂ ਕਰ-ਪੈਰ ਆਮ ਵਰਤੋਂ ਵਿਚ ਅਉਂਦੈ। ਇਹ ਦੋਵੇਂ ਅੰਗ ਜ਼ਾਹਿਰਾ ਤੌਰ 'ਤੇ ਕਿਰਿਆਸ਼ੀਲ ਰਹਿੰਦੇ ਹਨ, ਭਾਵੇਂ ਸਰੀਰ ਦਾ ਹਰੇਕ ਅੰਗ, ਖਾਸ ਕਰਕੇ ਜੀਵਨ ਰੱਖਿਅਕ ਅੰਗ (ਵਾਈਟਲ ਆਰਗਨਜ਼), ਹਰ ਵੇਲੇ ਹੀ ਚਲਦਾ ਰਹਿੰਦਾ ਹੈ। ਸਾਹ ਅਤੇ ਦਿਲ ਦੀ ਧੜਕਣ ਤਾਂ ਚੌਂਤੇ ਪਹਿਰ ਕਰਮ-ਯੋਗੀਆਂ ਦਾ ਫਰਜ਼ ਨਿਭਾਉਂਦੇ ਹਨ। ਪਰ ਕਰ-ਪੈਰ ਚਲਦੇ ਜਾਂ ਹੱਥ-ਪੈਰ ਮਾਰੇ ਦ੍ਰਿਸ਼ਮਾਨ ਵਧੇਰੇ ਹੁੰਦੇ ਹਨ, ਭਾਵੇਂ ਇਹ ਆਰਾਮ ਵੀ ਫਰਮਾ ਲੈਂਦੇ ਹਨ। ਦਿਲ ਅਤੇ ਸਾਹਾਂ ਦੇ ਖਾਤੇ ਵਿਚ ਆਰਾਮ ਨਹੀਂ ਲਿਖਿਆ। ਦਿਮਾਗ, ਫੇਫੜੇ, ਗੁਰਦੇ ਆਦਿ ਲਈ ਵੀ ਆਰਾਮ ਹਰਾਮ ਹੈ। ਜਦ ਇਹ ਆਰਾਮ ਕਰਨ ਲੱਗ ਪੈਣ ਤਾਂ ਫਿਰ ਸਾਡਾ ਪੰਜ ਭੂਤਕ ਸਰੀਰ ਸਦਾ ਲਈ ਆਰਾਮ ਕਰਨ ਲੱਗ ਜਾਂਦਾ ਹੈ (ਬੇਸ਼ਕ ਅੱਜ ਕੱਲ੍ਹ ਇਨ੍ਹਾਂ ਦੀ ਸਿਹਤਮੰਦੀ ਸਬੰਧੀ ਚਿਕਿਤਸਕ ਵਿਵਸਥਾਵਾਂ ਹਨ)।

ਕਿਰਤ, ਕਰਮ, ਕੰਮ, ਕਾਰ ਸਮਾਨਅਰਥੀ ਸ਼ਬਦ ਹਨ। ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨਕੋਸ਼ ਵਿਚ ਕਿਰਤ ਦੇ ਇਕ ਤੋਂ ਵੱਧ ਅਰਥ ਕੀਤੇ ਗਏ ਹਨ- 'ਕਿਰਤ' ਸੰਸਕ੍ਰਿਤ ਦੇ ਸ਼ਬਦ 'ਕ੍ਰਿਤਯ' ਤੋਂ ਆਇਆ ਹੈ। ਇਹ ਸੰਗਯਾ ਹੈ, ਕਰਮ, ਕੰਮ 'ਧਰਮ ਕਿਰਤ ਕਰ ਸੰਤਨ ਸੇਵੈ (ਗੁਰਪ੍ਰਸੂ)। 'ਕਰਮ' ਦਾ ਸੰਸਕ੍ਰਿਤ ਵਿਚ ਅਰਥ ਕੰਮ ਹੈ-'ਕਰਮ ਕਰਤ ਹੋਵੈ ਨਿਹਕਰਮ'। ਪਰ ਅਰਬੀ ਭਾਸ਼ਾ ਵਿਚ ਇਸ ਦਾ ਅਰਥ ਉਦਾਰਤਾ, ਕ੍ਰਿਪਾ, ਮਿਹਰਬਾਨੀ ਹੈ-'ਨਾਨਕ ਰਾਖਿ ਲੇਹੁ ਆਪਨ ਕਰ ਕਰਮ' (ਗੁਰਬਾਣੀ)। ਕ੍ਰਿਤਿ, ਕਰਣੀ, ਕਰਤੂਤ ਵਜੋਂ 'ਸਿਰਿ ਸਿਰਿ ਕਿਰਤ ਵਿਹਾਣੀਆ (ਗੁਰਬਾਣੀ) ਦੀ ਉਦਾਹਰਣ ਦਿੱਤੀ ਗਈ ਹੈ। ਇਸੇ ਤਰ੍ਹਾਂ ਸ਼ਬਦ ਕਿਰਤੁ ਹੈ-'ਨਕਿ ਨਥ ਖਸਮ ਹਥ ਕਿਰਤੁ ਧਕੇ ਦੇ' (ਗੁਰਬਾਣੀ)। 'ਕਾਰ' ਸ਼ਬਦ ਫਾਰਸੀ ਦਾ ਹੈ ਜਿਸ ਦਾ ਅਰਥ ਵੀ ਕੰਮ, ਕਾਮ ਹੈ-'ਜੋ ਤੁਧੁ ਭਾਵੈ ਸਾਈ ਭਲੀ ਕਾਰ' (ਗੁਰਬਾਣੀ)। 'ਕਿਰਤਿ' ਵੀ ਸੰਸਕ੍ਰਿਤ ਮੂਲ ਦਾ ਸ਼ਬਦ ਹੈ ਜਿਸ ਦਾ ਅਰਥ ਕਰਮ ਹੀ ਹੈ।


ਅੰਗਰੇਜ਼ੀ ਵਿਚ ਕਿਰਤ/ਕੰਮ ਨੂੰ 'ਵਰਕ' ਜਾਂ 'ਲੇਬਰ' ਕਹਿੰਦੇ ਹਨ। ਇਨ੍ਹਾਂ ਦੋਨਾਂ ਦਾ ਅਰਥ ਖੂਨ-ਪਸੀਨੇ ਦੀ ਕਮਾਈ, ਸਖਤ ਮੁਸ਼ੱਕਤ ਕਰਨੀ, ਕਰੜੀ/ਕਠਿਨ ਘਾਲਣਾ ਘਾਲਣੀ ਹੈ। ਬਾਈਬਲ ਵਿਚ ਵੀ ਲਿਖਿਐ ਕਿ 'ਐ ਬੰਦੇ! ਤੂੰ ਮੁੜ੍ਹਕੋ-ਮੁੜ੍ਹਕੀ ਹੋ ਕੇ ਰੋਟੀ ਕਮਾ ਸਕੇਂਗਾ'।

'ਵਰਕ' ਇੰਡੋ-ਯੂਰਪੀਅਨ ਮੂਲ ਦੇ ਸ਼ਬਦ 'ਵਰਗ', ਜੋ ਯੂਨਾਨੀ ਸ਼ਬਦ 'ਇਰਗੋਨ' ਰਾਹੀਂ ਆਇਆ ਹੈ, ਦਾ ਅਰਥ ਕਾਰਜ ਜਾਂ ਕੰਮ ਹੈ। ਪਰ ਲਾਤੀਨੀ ਭਾਸ਼ਾ ਦੇ ਸ਼ਬਦ 'ਉਰਗੇਅਰੇ' ਦਾ ਅਰਥ ਦਬਾ ਪਾਉਣਾ ਜਾਂ ਮਜਬੂਰ ਕਰਨਾ ਹੈ। ਇਸ ਦੀ ਉਤਪਤੀ ਪੁਰਾਤਨ ਅੰਗਰੇਜ਼ੀ ਦੇ 'ਵਿਓਰਕ', 'ਵਿਰਕਨ', 'ਵਾਇਰਕੈਨ', ਓਲਡ ਹਾਈ ਜਰਮਨ ਦੇ 'ਵ੍ਰਕਨ', ਜਰਮਨ ਦੇ 'ਵਿਰਕਨ' ਨਾਲ ਵੀ ਜੋੜੀ ਜਾਂਦੀ ਹੈ।

'ਲੇਬਰ' ਲਾਤੀਨੀ ਮੂਲ ਦਾ ਸ਼ਬਦ ਹੈ, ਜਿਸ ਦਾ ਅਰਥ ਸਖਤ ਮਿਹਨਤ ਜਾਂ ਕਸ਼ਟ ਹੈ। ਪਰ ਮਿਡਲ ਇੰਗਲਿਸ਼ ਦੇ 'ਲੇਬਰਨ', ਓਲਡ ਫਰੈਂਚ ਦੇ 'ਲੇਬਰਰ' ਦਾ ਅਰਥ ਮਿਹਨਤ ਕਰਨਾ ਜਾਂ ਵਾਹ ਲਾਉਣਾ ਹੈ।

ਪ੍ਰਾਚੀਨ ਕਾਲ ਵਿਚ ਇਨ੍ਹਾਂ ਦੋਵਾਂ ਸ਼ਬਦਾਂ ਨਾਲ ਕਸ਼ਟ ਜਾਂ ਤਸੀਹੇ ਦੇਣ ਦੇ ਅਰਥ ਵੀ ਸੁਝਾਏ ਗਏ ਮਿਲਦੇ ਹਨ।

ਸਾਧਾਰਨ ਬੋਲਚਾਲ ਦੀ ਭਾਸ਼ਾ ਵਿਚ ਕਿਰਤ ਦਾ ਅਰਥ ਸਰੀਰਕ ਕੰਮ ਤੋਂ ਹੀ ਲਿਆ ਜਾਂਦਾ ਹੈ ਪਰ ਅਰਥ-ਵਿਗਿਆਨ ਵਿਚ ਕਿਰਤ ਸ਼ਬਦ ਅਜਿਹੇ ਹਰ ਕਿਸਮ ਦੇ ਸਰੀਰਕ ਅਤੇ ਮਾਨਸਿਕ ਕੰਮ ਲਈ ਪ੍ਰਯੋਗ ਕੀਤਾ ਜਾਂਦਾ ਹੈ ਜਿਹੜਾ ਕਿਸੇ ਇਵਜ਼ਾਨੇ ਜਾਂ ਇਨਾਮ ਲਈ ਕੀਤਾ ਜਾਵੇ। ਕਿਰਤ ਇਕ ਕਾਰਜਸ਼ੀਲ ਅਤੇ ਗਤੀਸ਼ੀਲ ਸਾਧਨ ਹੈ। ਇਹ ਉਤਪਾਦਨ ਲਈ ਦੂਜੇ ਸਾਧਨਾਂ ਨਾਲੋਂ ਵਧੇਰੇ ਮਹੱਤਵਪੂਰਨ ਹੈ। ਉਪਜੀਵਕਾ ਇਸ 'ਚੋਂ ਹੀ ਉਪਜਦੀ ਹੈ।



ਸਿੱਖ ਧਰਮ ਵਿਚ ਕਿਰਤ ਦੇ ਸੰਕਲਪ ਦਾ ਸ੍ਰੇਸ਼ਟ ਸਥਾਨ ਹੈ। 'ਕਿਰਤ ਕਰੋ, ਨਾਮ ਜਪੋ, ਵੰਡ ਛਕੋ' ਸਿੱਖੀ ਦੇ ਸਿਰਮੌਰ ਸਿਧਾਂਤ ਹਨ। ਸਿੱਖੀ ਹੈ ਹੀ ਕਿਰਤ ਦੀ ਕੀਰਤੀ। ਦਰਅਸਲ ਇਹ ਸਾਰਾ ਪਸਾਰਾ ਕਰਤੇ ਦੀ ਕਿਰਤ ਹੀ ਤਾਂ ਹੈ!

ਕਿਰਤ 'ਕੰਮ ਪੂਜਾ ਹੈ' ਦੇ ਅਖਾਣ ਨੂੰ ਅਮਲੀ ਜਾਮਾ ਪਹਿਨਾਉਣ ਦਾ ਬੇਹਤਰੀਨ ਢੰਗ ਹੈ। ਜੇ ਕਾਰ ਬਿਲਕੁਲ ਨਿਸ਼ਕਾਮ ਹੋਵੇ ਤਾਂ ਇਹ ਕਾਰ-ਸੇਵਾ ਬਣ ਜਾਂਦੀ ਹੈ। ਸਿੱਖ ਧਰਮ ਵਿਚ ਇਸ ਦੀ ਬੜੀ ਮਹਾਨਤਾ ਹੈ। ਜਿਥੇ ਇਹ ਹੱਥੀਂ ਕੰਮ ਕਰਨ ਦੀ ਠਾਠ ਦੀ ਲਖਾਇਕ ਹੈ ਉਥੇ ਇਸ ਨਾਲ ਬਰਾਬਰੀ ਵੀ ਆਉਂਦੀ ਹੈ। ਅਸੀਂ ਸੱਚ ਖੰਡ ਸ੍ਰੀ ਹਰਮੰਦਿਰ ਸਾਹਿਬ, ਅੰਮ੍ਰਿਤਸਰ ਸਾਹਿਬ ਦੇ ਪਵਿੱਤਰ ਸਰੋਵਰ ਦੀ ਸਮੇਂ ਸਮੇਂ ਕੀਤੀ ਜਾਣ ਵਾਲੀ ਸਫਾਈ ਵੇਲੇ ਹੁੰਦੀ ਕਾਰ-ਸੇਵਾ ਵੇਲੇ ਕਰੋੜਪਤੀ ਲੋਕਾਂ ਨੂੰ ਵੀ ਸਿਰਾਂ ਉਪਰ ਗਾਰ ਦੇ ਲੁਹਾਂਡੇ/ਬੱਠਲ ਚੁਕਦਿਆਂ ਦੇਖਿਆ ਹੈ। ਜਿਨ੍ਹਾਂ ਨੇ ਸ਼ਾਇਦ ਆਪਣੇ ਘਰੀਂ ਕਦੀ ਕੰਮ ਨੂੰ ਹੱਥ ਵੀ ਨਾ ਲਾਇਆ ਹੋਵੇ ਉਹ ਵੀ ਜਨ ਸਾਧਾਰਨ ਨਾਲ ਰਲ-ਮਿਲ ਕੇ ਸੇਵਾ ਕਰਦੇ ਹਨ-'ਹਥੀ ਕਾਰ ਕਮਾਵਣੀ ਪੈਰੀ ਚਲਿ ਸਤਿਸੰਗ ਮਿਲੇਹੀ' (ਭਾਈ ਗੁਰਦਾਸ)।

ਭਾਈ ਗੁਰਦਾਸ ਜੀ ਭਲਾ 'ਹਥਹੁ ਦੇ ਕੈ ਭਲਾ ਮਨਾਵੈ' ਦੀ ਗਲ ਕਿਉਂ ਕਰਦੇ ਹਨ? ਉਹ ਸਿੱਖ ਧਰਮ ਦੇ ਵੰਡ ਛਕਣ ਦੇ ਬਹੁ-ਮੁੱਲੇ ਸਿਧਾਂਤ ਨੂੰ ਹੀ ਦ੍ਰਿੜ੍ਹਾ ਰਹੇ ਹਨ। ਦਸਵੰਧ ਕੱਢਣਾ ਅਤੇ ਵੰਡ ਕੇ ਛਕਣਾ ਮਾਨਵਮੁਖੀ ਧਰਮ ਦਾ ਖਾਸਾ ਹੁੰਦਾ ਹੈ। ਇਹ ਖਾਸਾ ਸਿੱਖੀ ਅੰਦਰ ਕੁਟ ਕੁਟ ਕੇ ਭਰਿਆ ਹੈ। ਜਿਸ ਧਰਮ 'ਚੋਂ ਮਾਨਵ ਕਲਿਆਣ/ਭਲਾਈ ਮਨਫੀ ਹੈ ਉਹ ਭਲਾ ਕਾਹਦਾ ਧਰਮ ਹੋਇਆ? ਮਾਨਵ-ਕੇਂਦਰਤ ਧਰਮ ਹੀ ਅਸਲੀ ਧਰਮ ਹੈ। ਆਖਿਰਕਾਰ ਮੋਕਸ਼ ਵੀ ਤਾਂ ਪ੍ਰਾਣੀ ਨੇ ਹੀ ਪ੍ਰਾਪਤ ਕਰਨੈ। ਜੇ ਜੀਉਂਦੇ ਜੀਅ ਬੰਦਾ ਭੁੱਖਾ ਮਰਦਾ ਰਿਹਾ ਤਾਂ ਮੌਤ ਮਗਰੋਂ ਮਾਹਲ-ਪੂੜੇ ਸਿਰ 'ਚ ਮਾਰਨੇ ਐਂ? ਇਸ ਲਈ ਮਾਨਵ ਕਲਿਆਣ ਅਤੇ ਪਰਉਪਕਾਰ ਹਿਤ ਹੱਕ-ਹਲਾਲ ਦੀ ਕਮਾਈ, ਭਾਵ ਦਸਾਂ ਨਹੁੰਆਂ ਦੀ ਕਿਰਤ ਅਤੇ ਘਾਲਣਾ 'ਚੋਂ ਹੀ ਦਸਵੰਧ ਕੱਢਣਾ ਅਤੇ ਵੰਡ ਛਕਣਾ ਸਿੱਖੀ ਵਿਚ ਸੇਵਾ ਦਾ ਸਹੀ ਵਰਤਾਰਾ ਹੈ। ਲੁੱਟ-ਖਸੁੱਟ ਦੀ ਦਸਵੰਧ ਹਰਾਮ ਹੈ। ਇਸ ਦਾ ਚੜ੍ਹਾਵਾ ਤਾਂ ਚੜ੍ਹਿਆ ਜਾ ਸਕਦੈ ਪਰ ਇਹ ਗੁਰੂ ਨੂੰ ਕਦੀ ਵੀ ਪ੍ਰਵਾਨ ਨਹੀਂ ਹੋਵੇਗਾ। ਵੈਸੇ ਵੀ ਪ੍ਰਵਾਨ ਤਾਂ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਹੀ ਹੋਣੀ ਹੈ, ਮਲਿਕ ਭਾਗੋ ਦੇ ਖੂਨ-ਖਚਤ ਮਾਹਲ-ਪੂੜੇ ਤਾਂ ਨਕਾਰੇ ਹੀ ਜਾਣੇ ਹਨ। ਇਸ ਲਈ 'ਐਸਾ ਕੰਮੁ ਮੂਲੇ ਨ ਕੀਚੈ ਜਿਤੁ ਅੰਤਿ ਪਛੋਤਾਈਐ॥(ਅੰਗ-918)

ਗੁਰਬਾਣੀ ਵਿਚ ਅਜਿਹੀ ਨਿਰਮਲ ਕਾਰ ਦੀ ਵਾਰ ਵਾਰ ਗੱਲ ਕੀਤੀ ਗਈ ਹੈ:

-ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥(ਅੰਗ-1245)
-ਕਰਣੀ ਬਾਝਹੁ ਤਰੈ ਨ ਕੋਇ॥(ਅੰਗ 952)
-ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ॥(ਅੰਗ-522)
-ਘਾਲਿ ਖਾਇ ਸੇਵਾ ਕਰੈ...
(ਭਾਈ ਗੁਰਦਾਸ)

ਪਹਿਲੀ ਮਈ ਨੂੰ ਵਿਸ਼ਵ ਭਰ ਵਿਚ ਸ਼ਿਕਾਗੋ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਲਈ ਕਿਰਤੀਆਂ ਦਾ ਦਿਵਸ ਮਨਾਇਆ ਜਾਂਦਾ ਹੈ। ਬੋਲੀਵੁੱਡ ਦੀਆਂ ਕਈ ਫਿਲਮਾਂ ਵਿਚ ਕਿਰਤੀਆਂ, ਮਜ਼ਦੂਰਾਂ, ਮਿਹਨਤਕਸ਼ਾਂ ਦੇ ਮੁੱਦੇ ਉਭਾਰੇ ਗਏ ਹਨ ਅਤੇ ਗੀਤ ਗਾਏ ਹਨ। 1983 ਦੀ ਫਿਲਮ 'ਮਜ਼ਦੂਰ' ਵਿਚ ਦਲੀਪ ਕੁਮਾਰ ਅਤੇ ਰਾਜ ਬੱਬਰ ਉਪਰ ਇਕ ਗੀਤ ਫਿਲਮਾਇਆ ਗਿਐ ਜਿਸ ਦੇ ਬੋਲ ਬੜੇ ਪ੍ਰਭਾਵਸ਼ਾਲੀ ਹਨ-

'ਹਮ ਮੇਹਨਤਕਸ਼ ਇਸ ਦੁਨੀਆਂ ਸੇ ਜਬ ਅਪਨਾ ਹਿੱਸਾ ਮਾਂਗੇਂਗੇ,
ਇਕ ਬਾਗ ਨਹੀਂ, ਇਕ ਖੇਤ ਨਹੀਂ, ਹਮ ਸਾਰੀ ਦੁਨੀਆਂ ਮਾਂਗੇਂਗੇ'।

ਪ੍ਰਸਿੱਧ ਉਰਦੂ ਸ਼ਾਇਰ ਡਾ. ਬਸ਼ੀਰ ਬਦਰ ਦਾ ਇਕ ਸ਼ੇਅਰ ਹੈ-

'ਮੈਂ ਤਮਾਮ ਤਾਰੇ ਉਠਾ ਉਠਾ ਕਰ ਗਰੀਬ ਲੋਗੋਂ ਮੇਂ ਬਾਂਟ ਦੂੰ,
ਕਭੀ ਏਕ ਰਾਤ ਵੋਹ ਆਸਮਾਂ ਕਾ ਨਿਜ਼ਾਮ ਦੇ ਮੇਰੇ ਹਾਥ ਮੇਂ'।

ਕਿਰਤ/ਕੰਮ ਨਾਲ ਪੰਜਾਬੀ ਮੁਹਾਵਰੇ/ ਅਖਾਣ ਵੀ ਬਹੁਤ ਜੁੜੇ ਹਨ:

ਕਰ ਮਜ਼ੂਰੀ ਖਾਹ ਚੂਰੀ, ਕਰਨੀ ਕੱਖ ਦੀ ਗਲ ਲੱਖ ਦੀ, ਕਰਮਾ ਉਤੇ ਨਿਬੇੜੇ, ਕੰਮ ਦਾ ਨਾ ਕਾਜ ਦਾ ਦੁਸ਼ਮਣ ਅਨਾਜ ਦਾ, ਕੰਮ ਨਾ ਕਾਰ ਕਰਮਾਂ ਦੀ ਮਾਰ, ਕੰਮ ਬਹੁਤੇ ਵੇਲਾ ਥੋੜਾ ਹੈ,/ ਇਕ ਮਿੰਟ ਮਿੰਟ ਦਾ ਤੋੜਾ ਹੈ (ਚਰਨ ਸਿੰਘ), ਕੰਮ ਰਸੇ ਤਾਂ ਕਾਜੀ ਨਾ ਰਸੇ ਤਾਂ ਪਾਜੀ, ਕਰਤੇ ਦੀ ਵਿਦਿਆ, ਆਪਣੇ ਪੈਰ ਧੋਂਦੀ ਗੋਲੀ ਨਹੀਂ ਕਹਾਉਂਦੀ, ਕੰਮ ਹੋਇਆ ਪੂਰਾ ਤੇ ਖੋਤੀ ਸੁਟਿਆ ਭੂਰਾ, ਕੰਮ ਵਿਚ ਘਟੰਮ, ਵਿਹਲਾ ਮਨ ਸ਼ੈਤਾਨ ਦਾ ਘਰ, ਵਿਹਲਾ ਆਦਮੀ ਸ਼ਾਮਤ ਦਾ ਚਰਖਾ, ਵਿਹਲਾ ਦਿਮਾਗ ਸ਼ੈਤਾਨ ਦਾ ਕਾਰਖਾਨਾ, ਵਿਹਲੀ ਰੰਨ ਜਜਮਾਨਾਂ/ਪ੍ਰਾਹੁਣਿਆਂ ਜੋਗੀ, ਵਿਹਲੀ ਜੱਟੀ ਉਨ ਵਲੇਲੇ, ਕੰਮ ਪਿਆਰਾ ਚੰਮ ਨਹੀਂ, ਵਿਹਲਾ ਢੱਗਾ ਖੁਰਲੀ ਜੋਗਾ ਆਦਿ।

ਜੋ ਹੱਥੀਂ ਕਮਾ ਕੇ ਅਤੇ ਖਾ ਕੇ ਆਨੰਦ ਆਉਂਦੈ ਉਹ ਹਰਾਮ ਦੀਆਂ ਖਾ ਕੇ ਕਦੀ ਵੀ ਨਹੀਂ ਆ ਸਕਦਾ। ਹਾਂ, ਅਜੋਕੇ ਸਮੇਂ ਵਿਚ ਮਲਿਕ ਭਾਗੋ ਬਹੁਤ ਹਨ ਅਤੇ ਭਾਈ ਲਾਲੋ ਵਰਗੇ ਘੱਟ। ਪਰ ਗੁਰੂ ਨਾਨਕ ਨੇ ਕੋਧਰੇ ਦੀ ਕਦਰ ਕਰ ਕੇ ਇਕ ਕਿਰਤੀ ਨੂੰ ਮਾਣ ਬਖਸ਼ਿਆ, ਉਸ ਦੀ ਕਿਰਤ ਦੀ ਕੀਰਤੀ ਉਜਾਗਰ ਕੀਤੀ ਅਤੇ ਲਹੂ-ਪੀਣੇ ਮਲਕ ਭਾਗੋਆਂ ਨੂੰ ਵਿਚ ਚੁਰਾਹੇ ਨੰਗਾ ਕਰ ਖਲਿਆਰਿਆ। ਸੋ, 'ਕਿਰਤ ਵਿਰਤਿ ਕਰ ਧਰਮ ਦੀ ਹਥਹੁ ਦੇ ਕੈ ਭਲਾ ਮਨਾਵੈ' ਦਾ ਸਿਧਾਂਤ ਹੀ ਖਰਾ-ਸੋਨਾ ਹੈ ਅਤੇ ਇਸ ਉਪਰ ਚਲਣਾ ਰੱਬ ਦੇ ਰਾਹ ਦੇ ਰਾਹੀ ਬਣਨਾ!

# ਬੇਦਾਵਾ

ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਬੇਦਾਵਾ, ਬੇਮੁੱਖ ਹੋਣਾ, ਹੁਕਮ-ਅਦੂਲੀ, ਖੁਦ ਤੋਂ ਪਾਸਾ ਵੱਟਣਾ, ਕਿਸੇ ਸੋਚ, ਕਰਮ, ਵਰਤਾਰੇ ਜਾਂ ਧਾਰਨਾ ਤੋਂ ਅਲਹਿਦਗੀ, ਕਦਮਾਂ ਨੂੰ ਹੋੜ ਲੈਣਾ, ਜ਼ਿੰਦਗੀ ਦੇ ਰਾਹਾਂ ਵਿਚ ਖਾਈ ਪੁੱਟਣੀ, ਕਿਸੇ ਟੀਚੇ ਤੋਂ ਮੁਨਕਰੀ ਜਾਂ ਖੁਦ ਨੂੰ ਖੁਦ ਤੋਂ ਅਲਵਿਦਾ ਕਹਿਣੀ। ਬੇਦਾਵਾ ਹਮੇਸ਼ਾ ਬੋਲ ਕੇ ਜਾਂ ਲਿਖ ਕੇ ਨਹੀਂ ਦਿੱਤਾ ਜਾਂਦਾ। ਇਹ ਅਬੋਲ ਵੀ ਹੁੰਦਾ, ਅਸ਼ਬਦ ਵੀ ਅਤੇ ਕਦੇ ਕਦਾਈਂ ਚੁੱਪ ਵੀ ਬੇਦਾਵੇ ਦਾ ਰੂਪ।

ਅਜੇਹਾ ਬੇਦਾਵਾ ਬਹੁਤ ਹੀ ਅਰਥ ਭਰਪੂਰ ਜਾਂ ਤਰਕ-ਸੰਗਤ ਵੀ ਹੁੰਦਾ। ਬੇਦਾਵਾ ਬਹੁਤ ਹੀ ਬੇਅਰਥਾ ਅਤੇ ਤਰਕਹੀਣ ਹੁੰਦਾ ਜਦ ਤੁਸੀਂ ਉਸ ਕੁਝ ਨੂੰ ਬੇਦਾਵਾ ਦਿੰਦੇ ਹੋ ਜੋ ਤੁਹਾਡੀ ਹੋਂਦ ਨਾਲ ਜੁੜਿਆ ਹੁੰਦਾ। ਬੇਦਾਵਾ ਕਦੇ ਬੋਲ ਕੇ, ਕਦੇ ਕਾਗਜ਼ ਦਾ ਟੋਟਾ, ਕਦੇ ਸੈਨਤ ਨਾਲ ਅਤੇ ਕਦੇ ਮੂੰਹ ਫੇਰ ਵੀ ਦਿੱਤਾ ਜਾਂਦਾ। ਕਦੇ ਕਦਾਈਂ ਗੂੰਗਾ ਹੋ ਜਾਣਾ ਜਾਂ ਹੁੰਗਾਰਾ ਹੀ ਨਾ ਦੇਣਾ ਵੀ ਬੇਦਾਵਾ ਹੁੰਦਾ ਜਾਂ ਅੱਖਾਂ ਰਾਹੀਂ ਵੀ ਬੇਦਾਵਾ ਦਿੱਤਾ ਜਾਂਦਾ। ਬੇਦਾਵਾ ਅਕਸਰ ਹੀ ਮਨੁੱਖ ਆਪਣੇ ਪਰਿਵਾਰ, ਸਮਾਜ, ਸੰਸਾਰ ਜਾਂ ਕੌਮ ਨੂੰ ਦਿੰਦਾ ਅਤੇ ਹੌਲੀ ਹੌਲੀ ਫਿਰ ਉਹ ਖੁਦ ਨੂੰ ਵੀ ਬੇਦਾਵਾ ਦੇਣ ਲੱਗ ਪੈਂਦਾ ਕਿਉਂਕਿ ਬੇਦਾਵਾ ਦੇਣਾ ਉਸਦੀ ਫਿਤਰਤ ਜੁ ਬਣ ਜਾਂਦੀ।

ਬੇਦਾਵਾ ਧਾਰਮਿਕ, ਸਮਾਜਿਕ, ਭਾਵਨਾਤਮਿਕ, ਮਾਨਸਿਕ ਅਤੇ ਸਰੀਰਕ ਵੀ ਹੋ ਸਕਦਾ। ਕੁਝ ਲੋਕ ਬੇਦਾਵਾ ਤੱਟ-ਫੱਟ ਜਾਂ ਭੜਕਾਹਟ ਵਿਚ ਦੇ ਦਿੰਦੇ ਅਤੇ ਕੁਝ ਸੋਚ-ਸਮਝ ਕੇ ਜਾਂ ਠਰੰਮੇ ਨਾਲ ਵੀ ਦਿੰਦੇ। ਕਈ ਵਾਰ ਜਾਣ ਬੁੱਝ ਕੇ ਦਿੰਦੇ ਜਾਂ ਕਈ ਵਾਰ ਅਣਜਾਣੇ ਵਿਚ ਵੀ ਦਿੱਤਾ ਹੋ ਸਕਦਾ। ਬੇਦਾਵਾ ਹਮੇਸ਼ਾ ਨਕਾਰਾਤਮਿਕ ਹੀ ਨਹੀਂ ਹੁੰਦਾ। ਕਈ ਵਾਰ ਇਹੀ ਬੇਦਾਵਾ ਸਕਾਰਾਤਮਿਕ ਵੀ ਹੋ ਸਕਦਾ ਹੈ। ਬੇਦਾਵਾ ਸਿਰਫ਼ ਬੇਦਾਵਾ ਹੀ ਨਹੀਂ ਹੁੰਦਾ। ਇਸ ਵਿਚ ਉਹ ਕੁਝ ਹੁੰਦਾ ਜੋ ਅਚੇਤ ਰੂਪ ਵਿਚ ਸਾਡੇ ਮਨ ਬੈਠਾ ਹੁੰਦਾ। ਅਸੀਂ ਸਿਰਫ਼ ਕਿਸੇ ਮੌਕੇ ਦੀ ਤਲਾਸ਼ ਵਿਚ ਹੁੰਦੇ। ਇਹ ਸੁਚੇਤ ਵੀ ਹੁੰਦਾ ਅਤੇ ਅਚੇਤ ਵੀ। ਅਸੀਂ ਜਾਣਦੇ ਹੁੰਦੇ ਹਾਂ ਕਿ ਅਸੀਂ ਬੇਦਾਵਾ ਕਿਉਂ ਦੇ ਰਹੇ ਹਾਂ, ਕਿਸ ਰੂਪ ਵਿਚ ਦੇਣਾ, ਕਿਸ ਮੋੜ 'ਤੇ ਦੇਣਾ ਅਤੇ ਕਦੋਂ ਦੇਣਾ ਹੈ?

ਕਈ ਵਾਰ ਬੇਦਾਵਾ ਦੇਣਾ ਸਾਡੀ ਮਾਨਸਿਕ ਜਾਂ ਸਰੀਰਕ ਕਮਜ਼ੋਰੀ ਹੁੰਦੀ। ਕਈ ਵਾਰ ਕਿਸੇ ਦੀ ਚੁੱਕ ਵਿਚ ਦਿੰਦੇ। ਪਰ ਕਈ ਵਾਰ ਅਸੀਂ ਕਿਸੇ ਨੂੰ ਨੀਵਾਂ ਦਿਖਾਉਣ ਲਈ ਜਾਂ ਉਸ ਤੋਂ ਛੁਟਕਾਰਾ ਪਾਉਣ ਲਈ ਵੀ ਬੇਦਾਵਾ ਦਿੰਦੇ ਹਾਂ। ਬੇਦਾਵਾ ਦੇਣਾ ਕੁਝ ਮਨੁੱਖਾਂ ਦੀ ਫਿਤਰਤ। ਅਕਸਰ ਹੀ ਉਹ ਆਪਣੇ ਮੁਫਾਦ ਨੂੰ ਮੁੱਖ ਰੱਖ ਕੇ ਕਈ ਮੋੜਾਂ 'ਤੇ ਤਿਲਕਣਬਾਜ਼ੀ ਲਈ ਵੀ ਬੇਦਾਵਾ ਦੇ ਜਾਂਦੇ ਕਿਉਂਕਿ ਜਦ ਮਨੁੱਖ ਸਵੈ-ਕੇਂਦਰਤ ਹੋ ਜਾਵੇ ਤਾਂ ਉਸਦੇ ਮਨ ਵਿਚ ਕਿਸੇ ਦੀ ਅੱਖ ਵਿਚਲੀ ਚੀਸ, ਕਿਤਾਬਾਂ ਤੋਂ ਵਿਰਵੇ ਬਸਤਿਆਂ ਵਿਚੋਂ ਗੁੰਮ ਹੋਈ ਗਿਆਨ ਦੀ ਲਕੀਰ, ਅਬਲਾ ਦੇ ਸਿਰ ਤੋਂ ਲਾਹੀ ਚੁੰਨੀ ਤੇ ਪੂੰਝੇ ਸੰਧੂਰ, ਮਾਂ-ਪਿਓ ਵਾਹਰੇ ਬੱਚੇ ਦੀ ਵੇਦਨਾ, ਖੋਹੀ ਹੋਈ ਛਾਂ, ਗਵਾਚੇ ਅੰਬਰ, ਹਨੇਰ ਵਿਚ ਡੁੱਬੇ ਬਨ੍ਹੇਰਿਆਂ ਜਾਂ ਬੁੱਝੇ ਹੋਏ ਚੁੱਲਿਆਂ ਦੇ ਦਰਦ ਲਈ ਕੋਈ ਥਾਂ ਨਹੀਂ ਹੁੰਦੀ।

ਬੇਦਾਵਾ ਆਪਣੇ ਵੀ ਦਿੰਦੇ ਤੇ ਬੇਗਾਨੇ ਵੀ ਦਿੰਦੇ। ਦੋਸਤ ਵੀ ਦਿੰਦੇ ਤੇ ਦੁਸ਼ਮਣ ਵੀ ਦਿੰਦੇ। ਸਾਥੀ ਵੀ ਦਿੰਦੇ ਤੇ ਸੱਜਣ ਵੀ ਦਿੰਦੇ। ਚਾਹੁਣ ਵਾਲੇ ਵੀ ਦਿੰਦੇ ਤੇ ਨਫ਼ਰਤ ਕਰਨ ਵਾਲੇ ਵੀ। ਪਰ ਬੇਦਾਵਾ ਕੌਣ, ਕਿਸਨੂੰ, ਕਿਹੜੇ ਵੇਲੇ ਅਤੇ ਕਿਸ ਸਥਿਤੀ ਵਿਚ ਦਿੰਦਾ ਹੈ, ਇਹ ਬਹੁਤ ਅਹਿਮ ਹੁੰਦਾ। ਬਿਗਾਨਿਆਂ ਦਾ ਦਿੱਤਾ ਹੋਇਆ ਬੇਦਾਵਾ ਪੀੜਤ ਨਹੀਂ ਕਰਦਾ। ਜਦੋਂ ਆਪਣੇ ਬੇਦਾਵਾ ਦਿੰਦੇ ਤਾਂ ਬਹੁਤ ਪੀੜਾ ਹੁੰਦੀ। ਇਸ ਲਈ ਦਸਵੇਂ ਪਾਤਸ਼ਾਹ ਇਸ ਬੇਦਾਵੇ ਨੂੰ ਜੇਬ ਵਿਚ ਪਾ ਲੈਂਦੇ ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਆਪਣੇ 'ਕੇਰਾਂ ਪਰਤ ਕੇ ਜ਼ਰੂਰ ਆਉਣਗੇ ਅਤੇ ਬੇਦਾਵੇ ਨੂੰ ਪਾੜਨ ਲਈ ਕਹਿਣਗੇ। ਜਦ ਕੰਢੇ ਦਰਿਆ ਨੂੰ ਬੇਦਾਵਾ ਦਿੰਦੇ ਤਾਂ ਦਰਿਆ ਦੀ ਹੋਂਦ ਹੀ ਖੁਰ ਜਾਂਦੀ। ਇਸਦੇ ਨਕਸ਼ ਗਵਾਚ ਜਾਂਦੇ, ਸੇਧ ਤੇ ਮੰਜ਼ਲ ਗਵਾਚ ਜਾਂਦੀ ਅਤੇ ਫਿਰ ਬੇਲਗਾਮ ਹੋ ਕੇ ਬਰਬਾਦੀ ਦਾ ਚਿੰਨ੍ਹ ਬਣਦਾ ਅਤੇ ਆਖਰ ਨੂੰ ਦਰਿਆ ਖਤਮ ਹੋ ਜਾਂਦਾ। ਜਦ ਪਾਣੀ ਹੀ ਦਰਿਆ ਨੂੰ ਬੇਦਾਵਾ ਦੇ ਜਾਵੇ ਤਾਂ ਇਸ ਵਿਚ ਉਗਦੇ ਨੇ ਬਰੇਤੇ ਅਤੇ ਸਦਾ ਲਈ ਗਵਾਚ ਜਾਂਦਾ ਹੈ ਦਰਿਆ। ਜਦ ਮਨੁੱਖ ਦੀ ਅੱਖ ਦਾ ਹੰਝੂ ਹੀ ਉਸਨੂੰ ਬੇਦਾਵਾ ਦੇ ਜਾਵੇ ਤਾਂ ਪਥਰਾਅ ਜਾਂਦੀਆਂ ਨੇ ਅੱਖਾਂ। ਉਸਦੀ ਅੱਖ ਨਮ ਨਹੀਂ ਹੁੰਦੀ ਜਦ ਉਹ ਕਿਸੇ ਦੀ ਹੁੰਗਰ ਸੁਣਦਾ ਹੈ, ਰੋਗੀ ਨੂੰ ਕਰਾਹੁੰਦਿਆਂ ਸੁਣਦਾ ਹੈ, ਬੇਦਰਦੀ ਨਾਲ ਕੀਤੇ ਗਏ ਕਤਲ ਨੂੰ ਦੇਖਣਾ ਹੈ, ਕਿਸੇ ਦੇ ਟੁੱਟੇ ਹੋਏ ਸੁਪਨਿਆਂ ਦੀ ਚੀਸ ਨੂੰ ਸੁਣਦਾ ਹੈ ਜਾਂ ਕਿਸੇ ਦੀਆਂ ਭਾਵਨਾਵਾਂ ਦੀ ਮੜ੍ਹੀ 'ਤੇ ਲੋਕਾਂ ਨੂੰ ਦੀਵੇ ਜਗਾਉਂਦੇ ਦੇਖਦਾ ਹੈ। ਉਹ ਭਾਵਹੀਣ ਹੋਇਆ ਰੋਬੋਟੀ ਹਰਕਤਾਂ ਵਿਚੋਂ ਜੀਵਨੀ ਸਾਹਾਂ ਨੂੰ ਖੋਰਨ ਲੱਗ ਪੈਂਦਾ ਹੈ।

ਅੱਜ-ਕੱਲ੍ਹ ਹਰ ਅੱਖ ਵਿਚ ਖੁਸ਼ਕੀ ਰਾਜ ਕਰ ਰਹੀ ਹੈ ਕਿਉਂਕਿ ਅਸੀਂ ਕਿਸੇ ਦੇ ਦਰਦ ਵਿਚ ਦਰਦ ਹੋਣਾ ਨਹੀਂ ਜਾਣਦੇ, ਕਿਸੇ ਦੀ ਪੀੜਾ ਵਿਚ ਪਿੱਘਲਣਾ ਭੁੱਲ ਗਏ ਹਾਂ, ਕਿਸੇ ਦੇ ਜ਼ਖਮ 'ਤੇ ਮਰਹਮ ਨਹੀਂ ਲਾਉਂਦੇ, ਜਾਂ ਕਿਸੇ ਦੇ ਨਾਸੂਰ ਦੀ ਕਸਕ ਮਹਿਸੂਸ ਨਹੀਂ ਕਰਦੇ। ਜਦ ਰੰਗ ਤੇ ਮਹਿਕ ਫੁੱਲਾਂ ਨੂੰ ਬੇਦਾਵਾ ਦੇ ਜਾਣ ਤਾਂ ਫੁੱਲ ਕਾਗਜ਼ੀ ਬਣ ਜਾਂਦੇ। ਜਦ ਭੌਰੇ ਤੇ ਤਿਤਲੀਆਂ ਬਾਗ ਨੂੰ ਬੇਦਾਵਾ ਦੇ ਜਾਣ ਤਾਂ ਬਾਗ ਵਿਚ ਵੈਰਾਨੀ ਫੈਲ ਜਾਂਦੀ। ਬਹਾਰ ਜਦ ਕਿਸੇ ਚਮਨ ਨੂੰ ਬੇਦਾਵਾ ਦੇ ਜਾਵੇ ਤਾਂ ਪੱਤਝੜਾਂ ਦਾ ਹੁਕਮ ਚੱਲਦਾ। ਜਦ ਬਿਰਖ ਦੀ ਛਾਂ ਬੇਦਾਵਾ ਦੇ ਜਾਵੇ ਤਾਂ ਧੁੱਪਾਂ ਲੂਹਣ ਲੱਗਦੀਆਂ ਨੇ ਬਿਰਖ਼ ਨੂੰ। ਜਦ ਬਾਰਸ਼ ਬੇਦਾਵਾ ਦੇ ਜਾਵੇ ਤਾਂ ਮਾਰੂਥਲ ਬਣ ਜਾਂਦੀ ਹੈ ਧਰਤ। ਅਤੇ ਜਦ ਧਰਤੀ ਦੀ ਜ਼ਰਖੇਜ਼ਤਾ ਬੇਦਾਵਾ ਦੇ ਜਾਵੇ ਤਾਂ ਧਰਤ ਨੂੰ ਰੱਕੜਾਂ ਦੀ ਜੂਨ ਹੀ ਜੀਣੀ ਪੈਂਦੀ। 'ਵਾ ਦੀ ਸਰਸਰਾਹਟ ਜਦ ਫ਼ਿਜ਼ਾ ਨੂੰ ਬੇਦਾਵਾ ਦੇ ਜਾਵੇ ਤਾਂ ਪੌਣ ਵਿਚ ਵਰਤਦੀ ਹੈ ਸੁੰਨ। ਫਿਰ ਪਹਿਆਂ ਵਿਚੋਂ ਘੱਟਾ ਨਹੀਂ ਉਡਦਾ। ਦਰਖਤਾਂ ਦੇ ਪੱਤੇ ਨਹੀਂ ਹਿਲਦੇ ਤੇ ਫਿਰ ਇਹ ਸੁੰਨਤਾ ਬਣ ਜਾਂਦੀ ਹੈ ਕਿਸੇ ਆਉਣ ਵਾਲੇ ਤੂਫ਼ਾਨ ਦੀ ਸੂਚਕ। ਇਸ ਤੋਂ ਪਹਿਲਾਂ ਕਿ ਝੱਖੜਾਂ ਵਿਚ ਸਭ ਕੁਝ ਤਹਿਸ-ਨਹਿਸ ਹੋ ਜਾਵੇ, ਸਰਸਰਾਹਟ ਨੂੰ ਕਹੋ ਕਿ ਪਰਤ ਆਵੇ, 'ਵਾ ਦੀ ਰੁਮਕਣੀ ਨਾਲ ਪੱਤਿਆਂ ਵਿਚ ਸੰਗੀਤ ਪੈਦਾ ਕਰੇ ਅਤੇ ਲਰਜ਼ਦੇ ਗੀਤਾਂ ਨਾਲ ਚੌਗਿਰਦੇ ਨੂੰ ਭਰੇ।

# ਫੀਫਾ ਵਿਸ਼ਵ ਕੱਪ 2022

## ਜਿੱਤ, ਜਸ਼ਨ, ਜਨੂੰਨ ਤੇ ਜੋਸ਼ ਦੀ ਰਾਤ

ਕ੍ਰਿਸ਼ਨ ਕੁਮਾਰ ਰੱਤੂ
ਫੋਨ: 94787-30156

ਫੀਫਾ ਵਿਸ਼ਵ ਕੱਪ ਦੇ ਫਾਈਨਲ ਮੁਕਾਬਲੇ ਵਾਲੀ ਕਤਰ ਦੀ ਰਾਤ ਅਸਲ ਵਿਚ 'ਏ ਨਾਈਟ ਟੂ ਰਿਮੈਂਬਰ' ਭਾਵ ਯਾਦਗਾਰੀ ਰਾਤ ਸੀ। ਨੀਲੀਆਂ ਤੇ ਸੁਨਹਿਰੀ ਸਫ਼ੈਦ ਰੌਸ਼ਨੀਆਂ ਵਿਚ ਨਹਾਇਆ ਹੋਇਆ 89000 ਲੋਕਾਂ ਦੀ ਸਮਰੱਥਾ ਵਾਲਾ ਲੁਸੇਲ ਸਟੇਡੀਅਮ ਦੁਨੀਆ ਦੇ ਰੰਗ ਰੂਪ, ਫੈਸ਼ਨ ਤੇ ਫੁੱਟਬਾਲ ਪ੍ਰੇਮੀਆਂ ਲਈ ਇਤਿਹਾਸਕ ਪਲਾਂ ਦਾ ਗਵਾਹ ਸੀ। ਇੱਥੇ ਅਰਜਨਟਾਈਨਾ ਤੇ ਫਰਾਂਸ ਦਰਮਿਆਨ ਫੀਫਾ ਫੁੱਟਬਾਲ ਕੱਪ ਦਾ ਫਾਈਨਲ ਮੁਕਾਬਲਾ ਹੋਇਆ।

ਫੀਫਾ ਦਾ ਇਹ ਫਾਈਨਲ ਮੈਚ ਪੂਰੀ ਦੁਨੀਆ ਵਿਚ ਜਿੱਤ, ਰੋਮਾਂਚ, ਜੋਸ਼ ਤੇ ਜਸ਼ਨ ਦੀ ਰਾਤ ਹੋ ਨਿੱਬੜਿਆ। ਅਜਿਹਾ ਸਮਾਂ ਇਤਿਹਾਸਕ ਛਿਣ ਹੁੰਦਾ ਹੈਜਦੋਂ ਰੰਗ ਰੂਪ, ਨਸਲਾਂ, ਭਾਸ਼ਾਵਾਂ ਤੇ ਰਾਸ਼ਟਰੀਅਤਾ ਤੋਂਉਪਰ ਉੱਠ ਕੇ ਸਿਰਫ਼ ਖੇਡ ਦਾ ਜਨੂੰਨ ਤੁਹਾਡੀਆਂ ਅੱਖਾਂ ਵਿਚ ਰੋਮਾਂਚ ਭਰ ਦਿੰਦਾ ਹੈ।

ਇਹ ਵੀ ਵਰਣਨਯੋਗ ਹੈਕਿ 18 ਦਸੰਬਰ ਕਤਰ ਦਾ ਕੌਮੀ ਦਿਹਾੜਾ ਵੀ ਹੁੰਦਾ ਹੈ ਅਤੇ ਇਸ ਵਾਰੀ ਇਹ ਪ੍ਰਸ਼ੰਸਕਾਂ ਦੇ ਮੇਲਾ ਹੋ ਨਿੱਬੜਿਆ। ਮੇਰੀਆਂ ਅੱਖਾਂ ਸਾਹਮਣੇ ਰੋਮਾਂਚ, ਜੋਸ਼ ਤੇ ਜਨੂੰਨ ਨਾਲ ਭਰੇ ਰੰਗ-ਬਿਰੰਗੇ ਕੱਪੜਿਆਂ 'ਚ ਸਜੇ ਹੋਏ ਪੂਰੀ ਦੁਨੀਆ ਦੇ ਲੋਕ ਤੇ ਫਰਾਂਸ ਦੇ ਰਾਸ਼ਟਰਪਤੀ ਤੇ ਕਤਰ ਦੀ ਸਲਤਨਤ ਦੇ ਮੈਂਬਰ ਪਰਿਵਾਰਾਂ ਸਮੇਤ ਹਾਜ਼ਰ ਹਨ। ਪੂਰੀ ਦੁਨੀਆ ਤੋਂ ਆਏ ਲੋਕਾਂ ਦੀ ਗਿਣਤੀ ਇਕ ਲੱਖ ਤੋਂਵੀ ਜ਼ਿਆਦਾ ਹੋਵੇਗੀ ਜਿਨ੍ਹਾਂ ਨੇ ਇਹ ਵਿਸ਼ਵ ਕੱਪ ਫਾਈਨਲ ਆਪਣੀਆਂ ਟਿਕਟਾਂ ਦੇ ਬਾਵਜੂਦ ਸਟੇਡੀਅਮ ਵਿਚ ਅਤੇ ਇਸ ਤੋਂ ਇਲਾਵਾ ਬੀਚ, ਬਾਜ਼ਾਰ, ਸੜਕਾਂ 'ਤੇ ਬਹਿ ਕੇ ਵੇਖਿਆ।

ਫਰਾਂਸ ਤੇ ਅਰਜਨਟਾਈਨਾ ਦੀ ਇਸ ਟੱਕਰ ਵਿਚ ਖੇਡ ਦੇ ਰੋਮਾਂਚ ਦੇ ਸਿਤਾਰੇ ਖਿਡਾਰੀ ਕੇਲੀਅਨ ਮਬਾਪੇ ਤੇ ਲਿਓਨਲ ਮੈਸੀ ਵਰਗੇ ਸੁਪਰ ਸਟਾਰ ਸਨ। ਕਦੇ ਮੈਚ ਇਕਪਾਸੜ ਲੱਗਦਾ ਤੇ ਕਦੇ ਜੁਝਾਰੂ ਨੀਤੀ ਦਾ ਰੋਮਾਂਚ। ਅਸਲ ਵਿਚ ਇਹ ਅੱਖਾਂ ਨੂੰਰਫ਼ਤਾਰ ਦਾ ਜਾਦੂ ਦਿਖਾਉਣ ਵਾਲਾ ਜਨੂੰਨੀ ਮੈਚ ਸੀ ਕਿ ਅੱਖ ਝਪਕਦੇ ਹੀ ਫੁੱਟਬਾਲ ਕਿਵੇਂ ਮੈਦਾਨ 'ਚ ਦਿਸ਼ਾਵਾਂ ਬਦਲਦੀ ਹੈ। ਇਹ ਲਿਓਨਲ ਮੈਸੀ ਦਾ ਧਮਾਲ ਸੀ। ਇਸ ਮੈਚ ਵਿਚ



ਉਹ ਅਜਿਹਾ ਖਿਡਾਰੀ ਸੀ ਜਿਸ ਤੋਂ ਫਰਾਂਸੀਸੀ ਡਰ ਰਹੇ ਸਨ ਤੇ ਇਹ ਮਨੋਵਿਗਿਆਨਕ ਡਰ ਮੈਚ ਦੌਰਾਨ ਵੀ ਵੇਖਿਆ ਗਿਆ।

ਅਸਲ ਵਿਚ ਲਿਓਨਲ ਮੈਸੀ ਫੁੱਟਬਾਲ ਦਾ ਉਹ ਨਾਮ ਹੈ ਜਿਸ ਨੂੰ ਮੈਦਾਨ 'ਚ ਵੇਖਣਾ ਇਕ ਇਤਿਹਾਸਕ ਪਲ ਹੈ, ਉਸ ਦੇ ਪੈਰਾਂ ਨਾਲ ਜਿਵੇਂ ਫੁੱਟਬਾਲ ਚਿਪਕ ਜਾਂਦੀ ਹੈ। ਇਹੀ ਕਾਰਨ ਸੀ ਕਿ ਪੂਰੇ ਮੈਚ ਵਿਚ ਕਈ ਵਾਰੀ ਇਕਤਰਫ਼ਾ ਮੈਚ ਵੇਖਿਆ ਗਿਆ। ਇਹ ਵੀ ਵਰਣਨਯੋਗ ਹੈ ਕਿ ਅਰਜਨਟਾਈਨਾ ਨੇ 1978 ਤੇ 1986 ਵਿਚ ਫੀਫਾ ਵਰਲਡ ਕੱਪ ਜਿੱਤ ਕੇ ਆਪਣੇ ਦੇਸ਼ ਵਿਚ ਫੁੱਟਬਾਲ ਦਾ ਬੇਹੱਦ ਜਨੂੰਨ ਪੈਦਾ ਕੀਤਾ।

ਸੰਯੁਕਤ ਅਰਬ ਅਮੀਰਾਤ (ਯੂਏਈ) ਦਾ ਕਤਰ ਇਕ ਅਜੂਬਾ ਹੋ ਗਿਆ ਹੈ। ਇਸ ਵਾਰ ਫੀਫਾ ਦੇ ਮੈਚਾਂ ਤੋਂ ਬਾਅਦ ਕਤਰ ਦੀ ਪਹਿਚਾਣ ਬਦਲ ਗਈ ਹੈ। ਅਸਲ ਵਿਚ ਇਸ ਨੂੰ ਅਰਬ ਤੇ ਇਸਲਾਮ ਦੀ ਪਹਿਚਾਣ ਨਾਲ ਵੀ ਜੋੜ ਕੇ ਵੇਖਿਆ ਗਿਆ ਹੈ। ਅਫ਼ਰੀਕੀ ਮਹਾਂਦੀਪ ਦੇ ਦੇਸ਼ ਮੋਰੱਕੋ ਦੀ ਟੀਮ ਜਿਵੇਂ ਤੀਜੇ ਸਥਾਨ ਲਈ ਕ੍ਰੋਏਸ਼ੀਆ ਨਾਲ ਭਿੜੀ ਸੀ, ਉਹ ਜਨੂੰਨ ਤੇ ਸਟੇਡੀਅਮ ਦਾ ਸ਼ੋਰ ਸਮੁੰਦਰ ਦੀਆਂ ਲਹਿਰਾਂ ਨੂੰ ਵੀ ਖੜ੍ਹੇ ਕਰਨ ਲਈ ਕਾਫ਼ੀ ਸੀ। ਇਹ ਨਜ਼ਾਰਾ ਅਰਜਨਟਾਈਨਾ ਤੇ ਫਰਾਂਸ ਦੇ ਮੈਚ ਵਿਚ ਵੀ ਦਿਖਾਈ ਦਿੱਤਾ।

ਦੁਨੀਆ ਭਰ ਦੇ ਪੱਤਰਕਾਰਾਂ ਤੇ ਮਾਹਿਰਾਂ ਅਨੁਸਾਰ ਕਤਰ ਨੇ ਇਸ ਲਈ 220 ਅਰਬ ਡਾਲਰ ਤੋਂਜ਼ਿਆਦਾ ਖ਼ਰਚ ਕੀਤਾ। ਇਹ ਅਰਬ ਤੇ ਇਸਲਾਮੀ ਦੇਸ਼ਾਂ ਦੀ ਆਪਣੀ ਪਹਿਚਾਣ ਹੈ। ਜਦੋਂ ਅਰਜਨਟਾਈਨਾ ਦਾ ਕਪਤਾਨ ਮੈਸੀ ਵਿਸ਼ਵ ਕੱਪ ਉਠਾ ਰਿਹਾ ਸੀ ਤਾਂ ਕਤਰ ਦੇ ਬਾਦਸ਼ਾਹ ਸ਼ੇਖ਼ ਤਾਮਿਕ ਬਿਨ ਹਮਦਾ ਅਲ-ਥਾਨੀ ਨੇ ਉਨ੍ਹਾਂ ਦੇ ਮੋਢੇ 'ਤੇ ਇਕ ਕਾਲਾ ਕੱਪੜਾ ਪਾ ਦਿੱਤਾ। ਇਹ ਅਰਬ ਦਾ ਚੋਗੇ ਵਰਗਾ ਕੱਪੜਾ ਸੀ। ਇਹ ਕਤਰ ਦਾ ਸ਼ਾਹੀ ਸਨਮਾਨ ਸੀ।

ਇਸ ਦੌਰਾਨ ਬਿਨਾਂ ਖੇਡੇ ਵੀ ਇਕ ਟੀਮ ਨੇ ਪੂਰੀ ਦੁਨੀਆ ਦੇ ਮੀਡੀਆ ਦੀਆਂ ਸੁਰਖ਼ੀਆਂ ਬਟੋਰੀਆਂ। 32 ਟੀਮਾਂ ਭਾਗ ਲੈ ਰਹੀਆਂ ਹਨ ਪਰ 33ਵੀਂ ਟੀਮ ਬਿਨਾਂ ਖੇਡੇ ਛਾ ਗਈ। ਉਹ ਸੀ ਫਲਸਤੀਨੀ ਫੁੱਟਬਾਲ ਟੀਮ। ਕਤਰ ਦੀਆਂ ਸੜਕਾਂ 'ਤੇ ਫਲਸਤੀਨੀ ਝੰਡਾ ਆਮ ਗੱਲ ਹੈ। ਜਿੱਤਿਆ ਕੋਈ ਵੀ ਹੋਵੇ ਪਰ ਇਸ ਮੈਚ ਦੀ ਪ੍ਰਕਿਰਿਆ ਵਿਚ ਇਕ ਜੇਤੂ ਫਲਸਤੀਨ ਦੀ ਟੀਮ ਵੀ ਹੈ। ਇਹ ਗੱਲ ਸਾਂਝੀ ਕਰਨਾ ਵਾਜਬ ਹੋਵੇਗਾ ਕਿ ਅਰਬ ਜਗਤ ਵਿਚ ਫਲਸਤੀਨ ਦਾ ਅਲੱਗ ਸਥਾਨ ਹੈ। ਪਿਛਲੇ ਮੈਚ 'ਚ ਸਪੇਨ ਵਿਰੁੱਧ ਜਿੱਤ ਤੋਂ ਬਾਅਦ ਮੋਰੱਕੋ ਦੀ ਟੀਮ ਨੇ ਮੈਦਾਨ 'ਚ ਫਲਸਤੀਨੀ ਝੰਡਾ ਝੁਲਾਇਆ ਤਾਂ ਅਲ ਰਿਆਨ ਦਾ ਐਜੂਕੇਸ਼ਨ ਸਿਟੀ ਸਟੇਡੀਅਮ 'ਜੈ ਅਰਬ' ਦੇ ਨਾਅਰਿਆਂ ਨਾਲ ਗੂੰਜ ਉੱਠਿਆ ਸੀ। ਮੋਰੱਕੋ ਦੀ ਟੀਮ ਚਾਹੇ ਹਾਰ ਗਈ ਪਰ ਉਹ ਪਹਿਲੀ ਅਫ਼ਰੀਕੀ ਅਰਬੀ ਟੀਮ ਸੀ ਜਿਸ ਨੇ ਕ੍ਰੋਏਸ਼ੀਆ ਨਾਲ ਤੀਜੇ ਸਥਾਨ ਲਈ ਟੱਕਰ ਲਈ। 'ਫਲਸਤੀਨ ਨੂੰ ਆਜ਼ਾਦ ਕਰੋ' ਦੇ ਨਾਅਰੇ ਵੀ ਇੱਥੇ ਸੁਣੇ ਗਏ। ਇਕ ਫਲਸਤੀਨੀ ਪੱਤਰਕਾਰ ਨੇ ਦੱਸਿਆ ਕਿ ਸਾਲਾਂ ਦੀ ਨਿਰਾਸ਼ਾ ਤੋਂ ਬਾਅਦ ਪਹਿਲੀ ਵਾਰ ਫਲਸਤੀਨ ਨੂੰ ਅਰਬ ਜਗਤ 'ਚ ਮਾਨਤਾ ਮਿਲੀ ਹੈ।

ਖੱਬੇਪੱਖੀ ਅਖ਼ਬਾਰ ਹਾਰੇਜ਼ ਦੇ ਪੱਤਰਕਾਰ ਨੇ ਕਿਹਾ ਕਿ ਅਰਬ ਦੀ ਹਮਦਰਦੀ ਕਿਸ ਨਾਲ ਹੈ, ਇਹ ਵੀ ਇਸ ਮੈਚ ਤੋਂ ਬਾਅਦ ਪਤਾ ਲੱਗ ਗਿਆ ਹੈ। ਇੱਥੇ ਮਨੁੱਖੀ ਅਧਿਕਾਰਾਂ ਦੀ ਗੱਲ ਵੀ ਉੱਠੀ। ਡੈਨਮਾਰਕ ਦੀ ਟੀਮ ਨੇ ਆਪਣੀਆਂ ਜਰਸੀਆਂ 'ਤੇ ਨਾਅਰੇ ਲਿਖ ਕੇ ਪ੍ਰਦਰਸ਼ਨ ਵੀ ਕੀਤਾ।

'ਟਾਈਮਜ਼ ਆਫ ਲੰਦਨ' ਦੇ ਪੱਤਰਕਾਰ ਦੋਸਤਾਂ ਮੁਤਾਬਿਕ ਇੱਥੇ ਮਹਿਲਾਵਾਂ ਬਾਰੇ ਰਵੱਈਆ ਬਦਲਿਆ ਹੈ। ਅਸਲ ਕਤਰੀ ਲੋਕ ਪੱਛਮੀ ਪਹਿਰਾਵੇ ਵਾਲੀਆਂ ਔਰਤਾਂ ਨੂੰ ਨਹੀਂ ਵੇਖਦੇ। ਪਰ ਜਦੋਂ ਅਲ ਜ਼ਜੀਰਾ ਦੇ ਐਂਕਰ ਨੂੰ ਪੁੱਛਿਆ ਤਾਂ ਉਸ ਦਾ ਜਵਾਬ ਸੀ, ਬੁਰਕੇ 'ਚ ਐਂਕਰ ਇਹ ਹੁਣ ਸੰਭਵ ਨਹੀਂ ਹੈ। ਮਜ਼ੇਦਾਰ ਗੱਲ ਇਹ ਵੀ ਹੈ ਕਿ ਕਤਰ ਦੀ ਆਬਾਦੀ ਮਹਿਜ਼ 29 ਤੋਂ 30 ਲੱਖ ਹੈ। ਇਸ ਛੋਟੇ ਜਿਹੇ ਮੁਲਕ ਵਿਚ 87 ਫ਼ੀਸਦੀ ਵਿਦੇਸ਼ੀ ਹਨ ਜਿਨ੍ਹਾਂ ਵਿਚ ਸਭ ਤੋਂ ਜ਼ਿਆਦਾ ਭਾਰਤੀ ਮੂਲ ਦੇ ਲੋਕ ਹਨ।

ਕਤਰ ਨੇ 30 ਭਾਸ਼ਾਵਾਂ 'ਚ ਛਾਪ ਕੇ ਕੁਰਾਨ ਇੱਥੇ ਵੰਡੀ। ਫੀਫਾ ਮੁਖੀ ਦੀ ਟਿੱਪਣੀ ਵੀ ਦਿਲਚਸਪ ਰਹੀ ਜਿਸ 'ਚ ਕਤਰ ਦੀ ਪ੍ਰਸ਼ੰਸਾ ਕਰਦਿਆਂ ਉਸ ਨੇ ਕਿਹਾ: "ਇੱਥੇ ਆ ਕੇ ਮੈਂ ਵੀ ਕਤਰੀ ਹੋ ਗਿਆ ਹਾਂ।"

ਕਤਰ ਦੇ ਲੁਸੇਲ ਸਟੇਡੀਅਮ ਵਿਚ ਜਦੋਂ ਮੈਸੀ ਨੇ ਵਿਸ਼ਵ ਕੱਪ ਦੀ ਖ਼ੂਬਸੂਰਤ ਟਰਾਫੀ ਨੂੰ ਚੁੰਮਿਆ ਤਾਂ ਇਹ ਕਿਸੇ ਪਰੀ ਕਹਾਣੀ ਦਾ ਪੰਨਾ ਜਾਪਿਆ। ਉਸ ਨੇ ਮੀਡੀਆ ਨੂੰ ਕਿਹਾ, "ਦਿਲ 'ਚ ਕਈ ਮੁਰਾਦਾਂ ਲਈ ਇਸ ਕਹਾਣੀ ਦੇ ਹਰ ਕਿਰਦਾਰ ਨੂੰ ਕਾਮਯਾਬੀ, ਸ਼ੋਹਰਤ ਤੇ ਖ਼ੁਸ਼ੀਆਂ ਲਈ ਮੁਬਾਰਕ। ਕਿਸੇ ਦੇ ਹਿੱਸੇ ਥੋੜ੍ਹੀ ਜ਼ਿਆਦਾ ਤੇ ਕਿਸੇ ਨੂੰ ਥੋੜ੍ਹੀ ਘੱਟ।"

ਫੀਫਾ ਕੱਪ ਦੇ ਅੰਤ 'ਤੇ ਹੋਏ ਸਮਾਗਮ ਦੌਰਾਨ ਬੌਲੀਵੁੱਡ ਅਦਾਕਾਰਾ ਨੋਰਾ ਫ਼ਤੇਹੀ ਨੇ ਆਪਣੀ ਕਲਾ ਦਾ ਜਲਵਾ ਵਿਖਾਇਆ। ਨਾਇਜੀਰੀਆਈ ਅਮਰੀਕੀ ਸੰਗੀਤਕਾਰ ਡੈਵਿਡੋ ਨੇ ਆਪਣੀਆਂ ਸੰਗੀਤ ਲਹਿਰੀਆਂ ਨਾਲ ਜਨੂੰਨ ਨੂੰ ਰੋਮਾਂਚ ਨਾਲ ਭਰ ਦਿੱਤਾ ਸੀ। ਡਾਨਾ ਦਾ ਸਫ਼ੈਦ ਬੁਰਕੇ ਤੇ ਕਾਲੇ ਬੁਰਕਿਆਂ ਵਿਚ ਗਾਇਆ 'ਹਯਾ ਹਯਾ' ਗੀਤ ਵੀ ਯਾਦਗਾਰੀ ਹੋ ਨਿੱਬੜਿਆ। ਹੋਰ ਕਲਾਕਾਰਾਂ ਨੇ ਵੀ ਕਮਾਲ ਦੀਆਂ ਪੇਸ਼ਕਾਰੀਆਂ ਨਾਲ ਸਮਾਂ ਬੰਨ੍ਹਿਆ।

ਅਰਜਨਟਾਈਨਾ ਦੇ ਇਕ ਪੱਤਰਕਾਰ ਨੇ ਕਿਹਾ ਕਿ ਇਹ ਜਿੱਤ ਇਕ ਮਾਂ ਤੇ ਬੱਚੇ ਦੀ ਕਹਾਣੀ ਹੈ ਜੋ 18 ਵਰ੍ਹਿਆਂ ਬਾਅਦ ਆਪਣੀ ਮਾਂ ਕੋਲ ਆਇਆ ਹੈ। ਅਸਲ 'ਚ ਇਹ ਮੈਸੀ ਤੇ ਕੱਪ ਦੀਆਂ ਦੂਰੀਆਂ ਮਿਟਾਉਣ ਵਾਲਾ ਇਤਿਹਾਸਕ ਛਿਣ ਸੀ।

ਇਸ ਖੇਡ ਨੇ ਇਹ ਵੀ ਸਾਬਿਤ ਕੀਤਾ ਹੈ ਕਿ ਹਿੰਮਤ, ਜਨੂੰਨ ਤੇ ਜੋਸ਼ ਕੁਝ ਵੀ ਕਰ ਸਕਦਾ ਹੈ। ਮੈਸੀ ਨੂੰ ਫਾਈਨਲ ਮੈਚ ਵਿਚ 'ਗੋਲਡਨ ਬਾਲ' ਸਨਮਾਨ ਮਿਲਿਆ ਜਦੋਂਕਿ ਐਮਬਾਪੇ ਨੂੰ 'ਗੋਲਡਨ ਬੂਟ' ਸਨਮਾਨ ਦਿੱਤਾ ਗਿਆ। ਦੋਵਾਂ ਗੋਲਕੀਪਰਾਂ ਨੂੰ ਸਨਮਾਨਿਆ ਗਿਆ। ਫੀਫਾ ਦੇ ਜਲਵੇ ਨੂੰ ਹਜ਼ਾਰਾਂ ਚੈਨਲਾਂ, ਪੂਰੀ ਦੁਨੀਆ ਦੀਆਂ ਵੈੱਬਸਾਈਟਾਂ 'ਤੇ ਪੂਰੀ ਦੁਨੀਆ ਦੇ ਲੋਕਾਂ ਨੇ ਵੇਖ ਕੇ ਰਿਕਾਰਡ ਕਾਇਮ ਕੀਤਾ। ਇਹ ਵਿਸ਼ਵ ਕੱਪ ਯਾਦਗਾਰੀ ਹੋ ਨਿੱਬੜਿਆ।

## ਗੋਲਡਨ ਬੂਟ, ਬਾਲ, ਗਲੱਵ ਤੇ ਟਰਾਫ਼ੀ ਦੀ ਰਹੀ ਖ਼ੂਬ ਚਰਚਾ

ਪ੍ਰੋ. ਕੁਲਬੀਰ ਸਿੰਘ
ਫੋਨ: 94171-53513

ਫੁੱਟਬਾਲ ਵਿਸ਼ਵ ਕੱਪ ਜਿਵੇਂ ਜਿਵੇਂ ਸਮਾਪਤੀ ਵੱਲ ਵਧ ਰਿਹਾ ਸੀ ਤਿਵੇਂ ਤਿਵੇਂ ਗੋਲਡਨ ਬੂਟ, ਗੋਲਡਨ ਬਾਲ ਅਤੇ ਗੋਲਡਨ ਗਲੱਵ ਦੀ ਮੀਡੀਆ ਵਿਚ ਚਰਚਾ ਵਧਦੀ ਜਾ ਰਹੀ ਸੀ। ਚਰਚਾ ਇਸ ਲਈ ਵਧਦੀ ਜਾ ਰਹੀ ਸੀ ਕਿਉਂਕਿ ਮੁਕਾਬਲਾ ਬੜਾ ਸਖ਼ਤ ਸੀ। ਕੁਝ ਖਿਡਾਰੀ ਬਰਾਬਰ ਚੱਲ ਰਹੇ ਸਨ ਅਤੇ ਕੁਝ ਦਾ ਭੋਰਾ ਕੁ ਅੰਤਰ ਸੀ। ਬਹੁਤਾ ਕੁਝ ਫਾਈਨਲ ਮੈਚ ਨਾਲ ਬੱਝਾ ਹੋਇਆ ਸੀ। ਕੌਣ ਕਿੰਨੇ ਗੋਲ ਕਰਦਾ ਹੈ? ਗੋਲਡਨ ਬੂਟ ਲਈ ਪੰਜ-ਪੰਜ ਗੋਲ ਕਰ ਕੇ ਕਾਇਲੀਅਨ ਐਮਬਾਪੇ ਅਤੇ ਲਿਓਨ ਮੈਸੀ ਸਭ ਤੋਂ ਅੱਗੇ ਸਨ ਪਰ ਬਰਾਬਰ ਸਨ।

ਕਿਸੇ ਮੁਕਾਬਲੇ, ਈਵੈਂਟ, ਟੂਰਨਾਮੈਂਟ ਨੂੰ ਦਿਲਚਸਪ ਬਣਾਉਣ ਲਈ ਸਮੇਂ-ਸਮੇਂ ਉਸ ਵਿਚ ਤਰ੍ਹਾਂ-ਤਰ੍ਹਾਂ ਦੇ ਬਦਲਾਅ ਕੀਤੇ ਜਾਂਦੇ ਹਨ। ਫੀਫਾ ਨੇ ਗੋਲਡਨ ਬੂਟ ਦੇਣ ਦੀ ਸ਼ੁਰੂਆਤ 1982 ਵਿਚ ਕੀਤੀ ਸੀ। ਜਿਹੜਾ ਖਿਡਾਰੀ ਸਭ ਤੋਂ ਵੱਧ ਗੋਲ ਕਰਦਾ ਹੈ, ਉਸਨੂੰ ਇਹ ਐਵਾਰਡ ਦਿੱਤਾ ਜਾਂਦਾ ਹੈ। ਕਾਇਲੀਅਨ ਐਮਬਾਪੇ ਨੇ ਫਾਈਨਲ ਦੌਰਾਨ ਜਿਵੇਂ ਹਮਲਾਵਰ ਤੇ ਉਚ-ਮਿਆਰੀ ਖੇਡ ਦਾ ਪ੍ਰਦਰਸ਼ਨ ਕਰਦਿਆਂ ਗੋਲਾਂ 'ਤੇ ਧਾਵਾ ਬੋਲਿਆ। ਉਸਦੇ ਮੱਦੇਨਜ਼ਰ ਗੋਲਡਨ ਬੂਟ ਲਈ ਇਕੋ ਇਕ ਚੋਣ ਐਮਬਾਪੇ ਹੀ ਸੀ। ਇਸੇ ਤਰ੍ਹਾਂ ਬਿਹਤਰੀਨ ਖਿਡਾਰੀ ਨੂੰ ਗੋਲਡਨ ਬਾਲ ਦੇ ਕੇ ਉਸਦੀ ਸ਼ਾਨਦਾਰ ਖੇਡ ਨੂੰ ਸਨਮਾਨਿਤ ਕੀਤਾ ਜਾਂਦਾ ਹੈ। ਦਾਅਵੇਦਾਰ ਲਿਓਨ ਮੈਸੀ, ਕਾਇਲੀਅਨ ਐਮਬਾਪੇ, ਏਂਟੋਈਨ ਗ੍ਰੀਜ਼ਮੈਨ, ਲੂਕਾ ਮੋਡ੍ਰਿਕ ਅਤੇ ਅਸ਼ਰਫ ਹਕੀਮੀ ਸਨ ਪਰੰਤੂ ਮੈਸੀ ਦੀ ਫਾਈਨਲ ਮੈਚ ਦੌਰਾਨ ਬਿਹਤਰੀਨ ਖੇਡ ਨੂੰ ਵੇਖਦੇ ਹੋਏ ਇਹ ਐਵਾਰਡ ਉਸਨੂੰ ਦਿੱਤਾ ਗਿਆ।

ਫੁੱਟਬਾਲ ਵਿਸ਼ਵ ਕੱਪ ਦੌਰਾਨ ਦੁਨੀਆ ਦੇ ਸਰਵੋਤਮ ਗੋਲਕੀਪਰ ਨੂੰ ਗੋਲਡਨ ਗਲੱਵ ਦੇਣ ਦੀ ਪਿਰਤ ਹੈ। ਗੋਲਕੀਪਰ 'ਤੇ ਜਿੱਤ-ਹਾਰ ਨਿਰਭਰ ਕਰਦੀ ਹੈ। ਉਸਦਾ ਹੁਨਰ ਤੇ ਮਜ਼ਬੂਤੀ ਛਿਣਾਂ ਵਿਚ ਪਾਸਾ ਪਲਟ ਸਕਦੀ ਹੈ। ਟੂਰਨਾਮੈਂਟ ਦੇ ਬਿਹਤਰੀਨ ਖਿਡਾਰੀਆਂ ਦੇ ਨਾਲ ਨਾਲ ਗੋਲਕੀਪਰਾਂ 'ਤੇ ਵੀ ਦੁਨੀਆ ਦੀਆਂ ਨਜ਼ਰਾਂ ਟਿਕੀਆਂ ਹੁੰਦੀਆਂ ਹਨ। ਫੁੱਟਬਾਲ ਵਿਸ਼ਵ ਕੱਪ ਦਾ ਇਤਿਹਾਸ ਗੋਲਕੀਪਰਾਂ ਦੀ ਬਿਹਤਰੀਨ ਕਾਰਗੁਜ਼ਾਰੀ ਨਾਲ ਭਰਿਆ ਪਿਆ ਹੈ। ਕਤਰ ਵਿਚ ਵੀ ਕਈ ਗੋਲਕੀਪਰਾਂ ਨੇ ਫੁੱਟਬਾਲ ਪ੍ਰੇਮੀਆਂ ਦਾ ਮਨ ਮੋਹ ਲਿਆ। ਕ੍ਰੋਏਸ਼ੀਆ ਦੇ ਡੋਮਿਨਿਕ ਲਿਵਾਕੋਵਿਕ, ਮੋਰੋਕੋ ਦੇ ਯਾਸਿਨ ਬੋਨੂ, ਅਰਜਨਟੀਨਾ ਦੇ ਐਮੀ ਮਾਰਟੀਨੇਜ ਅਤੇ ਫਰਾਂਸ ਦੇ ਹੁਗੋ ਲੋਰਿਸ ਨੇ ਕਈ ਨਾਜ਼ੁਕ ਮੌਕਿਆਂ 'ਤੇ ਗੋਲ ਰੋਕ ਕੇ ਆਪਣੀਆਂ ਟੀਮਾਂ ਨੂੰ ਜਿੱਤ ਵੱਲ ਵਧਾਇਆ। ਪਰੰਤੂ ਫਾਈਨਲ ਮੈਚ ਦੌਰਾਨ ਅਰਜਨਟੀਨਾ ਦੇ ਗੋਲਕੀਪਰ ਐਮੀ ਮਾਰਟੀਨੇਜ ਨੇ ਜਿੱਤ ਵਿਚ



ਅਹਿਮ ਭੂਮਿਕਾ ਨਿਭਾਉਂਦਿਆਂ ਗੋਲਡਨ ਗਲੱਵ ਆਪਣੇ ਨਾਂ ਕਰ ਲਿਆ। ਫਰਾਂਸ ਨਾਲ ਫਾਈਨਲ ਮੈਚ ਦੌਰਾਨ ਉਸ ਨੇ ਪੈਨਲਟੀ ਸ਼ੂਟਆਊਟ ਦੌਰਾਨ ਕੋਮੈਨ ਦੇ ਸ਼ਾਟ ਨੂੰ ਰੋਕ ਕੇ ਆਪਣੀ ਟੀਮ ਨੂੰ ਜਿੱਤ ਦਿਵਾਈ।

ਗੋਲਡਨ ਬੂਟ, ਗੋਲਡਨ ਬਾਲ ਅਤੇ ਗੋਲਡਨ ਗਲੱਵ ਫੁੱਟਬਾਲ ਵਿਸ਼ਵ ਕੱਪ ਦੇ ਆਕਰਸ਼ਣ ਹਨ। ਟਰਾਫ਼ੀ ਇਸ ਟੂਰਨਾਮੈਂਟ ਦੀ ਜਿੰਦ-ਜਾਨ ਹੈ ਪਰੰਤੂ ਖੇਡ ਮੁਹਾਰਤ ਤੇ ਕਲਾਤਮਕ ਖੇਡ ਇਸਦੀ ਰੂਹ ਹੈ। ਕਤਰ ਅਤੇ ਖਾੜੀ ਦੇਸ਼ਾਂ ਨੇ ਰਲ ਕੇ ਇਨ੍ਹਾਂ ਖੇਡਾਂ ਦੀਆਂ ਤਿਆਰੀਆਂ 'ਤੇ 30 ਹਜ਼ਾਰ ਕਰੋੜ (300 ਅਰਬ) ਅਮਰੀਕੀ ਡਾਲਰ ਖਰਚ ਕੀਤੇ। ਜੇਤੂ ਅਰਜਨਟੀਨਾ ਦੀ ਟੀਮ ਨੂੰ 347 ਕਰੋੜ ਰੁਪਏ, ਦੂਸਰੇ ਨੰਬਰ 'ਤੇ ਆਈ ਫਰਾਂਸ ਦੀ ਟੀਮ ਨੂੰ 248 ਕਰੋੜ, ਤੀਸਰੇ ਅਤੇ ਚੌਥੇ ਸਥਾਨ 'ਤੇ ਰਹੀਆਂ ਟੀਮਾਂ ਨੂੰ ਕ੍ਰਮਵਾਰ 223 ਅਤੇ 206 ਕਰੋੜ ਰੁਪਏ ਦਿੱਤੇ ਗਏ। ਕੁਆਰਟਰ ਫਾਈਨਲ ਵਿਚ ਜਗ੍ਹਾ ਬਣਾਉਣ ਵਾਲੀਆਂ ਚਾਰ ਟੀਮਾਂ ਨੂੰ 140 ਕਰੋੜ, ਆਖ਼ਰੀ 16 ਵਿਚੋਂ ਹਾਰ ਕੇ ਬਾਹਰ ਹੋਈਆਂ ਟੀਮਾਂ ਨੂੰ 107 ਕਰੋੜ ਮਿਲੇ, ਗਰੁੱਪ ਸਟੇਜ 'ਤੇ ਹੀ ਹਾਰ ਕੇ ਬਾਹਰ ਹੋਈਆਂ ਟੀਮਾਂ ਨੂੰ ਕੁਲ 75 ਕਰੋੜ ਦਿੱਤੇ ਗਏ। ਇੰਝ ਕੋਈ ਵੀ ਟੀਮ ਖਾਲੀ ਹੱਥ ਘਰ ਵਾਪਸ ਨਹੀਂ ਗਈ। ਫੀਫਾ ਦੀ ਕੁਲ ਇਨਾਮੀ ਰਕਮ 3640 ਕਰੋੜ ਰੁਪਏ ਬਣਦੀ ਹੈ।

**ਫੀਫਾ ਵਿਸ਼ਵ ਕੱਪ ਟਰਾਫ਼ੀ ਬਾਰੇ ਜਾਣ ਕੇ ਵੀ ਦੁਨੀਆ ਹੈਰਾਨ ਰਹਿ ਜਾਂਦੀ ਹੈ। ਇਸਦਾ ਵਜ਼ਨ 6.175 ਕਿਲੋਗ੍ਰਾਮ ਹੁੰਦਾ ਹੈ। ਇਸਨੂੰ ਬਣਾਉਣ ਲਈ 18 ਕੈਰੇਟ ਸੋਨਾ ਵਰਤਿਆ ਜਾਂਦਾ ਹੈ। ਇਹ ਅੰਦਰੋਂ ਖਾਲੀ ਹੁੰਦੀ ਹੈ। ਇਸਦੀ ਕੀਮਤ 144 ਕਰੋੜ ਰੁਪਏ ਦੇ ਕਰੀਬ ਹੈ। ਪਰੰਤੂ ਜੇਤੂ ਟੀਮ ਨੂੰ ਇਹ ਅਸਲੀ ਟਰਾਫ਼ੀ ਨਹੀਂ ਦਿੱਤੀ ਜਾਂਦੀ। ਅਸਲੀ ਟਰਾਫ਼ੀ ਜਿਊਰਿਖ਼ ਵਾਲੇ ਮੁੱਖ ਦਫ਼ਤਰ ਵਿਚ ਰੱਖ ਦਿੰਦੇ ਹਨ। ਜੇਤੂ ਟੀਮ ਤੋਂ ਉਹ ਵਾਪਸ ਲੈ ਕੇ ਉਸਦੀ ਥਾਂ ਡੁਪਲੀਕੇਟ ਦਿੱਤੀ ਜਾਂਦੀ ਹੈ। ਜਿਹੜੀ ਪਿੱਤਲ ਦੀ ਬਣੀ ਹੁੰਦੀ ਹੈ ਅਤੇ ਉਸ 'ਤੇ ਸੋਨੇ ਦੀ ਪਰਤ ਚੜ੍ਹਾਈ ਹੁੰਦੀ ਹੈ। ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਗੋਲਡਨ ਬੂਟ, ਗੋਲਡਨ ਬਾਲ, ਗੋਲਡਨ ਗਲੱਵ ਅਤੇ ਟਰਾਫ਼ੀ ਦੀ ਮੀਡੀਆ ਵਿਚ ਖ਼ੂਬ ਚਰਚਾ ਹੋਈ।**




# ਪੰਜਾਬ ਟਾਈਮਜ਼ ਦੇ ਸਮੂਹ ਪਾਠਕਾਂ, ਦੋਸਤਾਂ-ਮਿੱਤਰਾਂ ਤੇ ਸਨੇਹੀਆਂ ਨੂੰ ਨਵੇਂ ਸਾਲ 2023 ਦੀਆਂ ਲੱਖ ਲੱਖ ਮੁਬਾਰਕਾਂ!



ਨਵਾਂ ਸਾਲ ਤੁਹਾਡੇ ਅਤੇ ਤੁਹਾਡੇ ਪਰਿਵਾਰ ਦੇ ਜੀਵਨ ਵਿਚ ਖੁਸ਼ੀਆਂ, ਖੇੜੇ, ਖੁਸ਼ਹਾਲੀ ਤੇ ਤਰੱਕੀ ਲੈ ਕੇ ਆਵੇ। ਸਫਲਤਾ ਤੁਹਾਡੇ ਪੈਰ ਚੁੰਮੇ ਤੇ ਪਰਮਾਤਮਾ ਤੁਹਾਡੀ ਹਰ ਮੁਰਾਦ ਪੂਰੀ ਕਰੇ।

**ਵਲੋਂ: ਅਵਤਾਰ ਸਿੰਘ, ਸਪਰਿੰਗਫੀਲਡ (ਓਹਾਇਓ) ਅਤੇ ਪਰਿਵਾਰ**

ਕਹਾਣੀ

# ਮਿਹਨਤ



ਡਾ. ਅਜੀਤ ਸਿੰਘ ਕੋਟਕਪੂਰਾ

ਬਹਾਰ ਦਾ ਮੌਸਮ ਸੀ। ਧਰਤੀ ਫੁੱਲਾਂ ਨਾਲ ਮਹਿਕੀ-ਮਹਿਕੀ ਲੱਗ ਰਹੀ ਸੀ। ਸਾਰੇ ਬਾਗ਼ ਬਗੀਚੇ ਫੁੱਲਾਂ ਅਤੇ ਫਲਾਂ ਨਾਲ ਲੱਦੇ ਪਏ ਸਨ। ਨਦੀਆਂ ਕਲ ਕਲ ਕਰਦੀਆਂ ਹੋਈਆਂ ਪੱਥਰਾਂ ਨਾਲ ਕਲੋਲਾਂ ਕਰ ਰਹੀਆਂ ਸਨ। ਵਾਤਾਵਰਨ ਦੇ ਅੰਦਰ ਮਨਮੋਹਕ ਸੰਗੀਤ ਫੈਲਿਆ ਹੋਇਆ ਸੀ। ਸਾਰੀ ਭੂਮੀ ਹਰੀ ਭਰੀ ਸੀ। ਝੋਨੇ ਦੀ ਫ਼ਸਲ ਤਾਂ ਇਸ ਤਰ੍ਹਾਂ ਜਾਪ ਰਹੀ ਸੀ ਜਿਵੇਂ ਕੁਦਰਤ ਨੇ ਮਖ਼ਮਲੀ ਗਲੀਚੇ ਵਿਛਾਏ ਹੋਣ। ਜਦੋਂ ਆਲੇ-ਦੁਆਲੇ ਅਜਿਹਾ ਮੌਸਮ ਹੋਵੇ ਤਾਂ ਮਨੁੱਖੀ ਮਨਾਂ ਦੇ ਅੰਦਰ ਵੀ ਪਿਆਰ ਮਲੋਮੱਲੀ ਉੱਗ ਪੈਂਦਾ ਹੈ। ਕਿਸੇ ਦੇ ਸਾਹਾਂ ਵਿਚ ਸਾਹ ਲੈਣ ਨੂੰ ਮਨ ਉਮੜਦਾ ਹੈ ਅਤੇ ਆਪਣੇ ਪਿਆਰੇ ਦੀਆਂ ਬਾਹਾਂ ਦੇ ਅੰਦਰ ਸਿਮਟ ਕੇ ਨਿੱਘ ਮਾਣਨ ਦਾ ਜੀਅ ਕਰਦਾ ਹੈ। ਅਜਿਹਾ ਮਾਹੌਲ ਸ਼ੀਲਾ ਜਿਸ ਦਾ ਨਾਮ ਸੁਸ਼ੀਲ ਕੌਰ ਸੀ, 'ਤੇ ਵੀ ਅਸਰ ਕਰ ਗਿਆ ਅਤੇ ਉਸ ਨੂੰ ਪਿੰਡ ਦੇ ਹੀ ਇਕ ਲੜਕੇ ਮੋਹਣੇ ਜਿਸ ਦਾ ਪੂਰਾ ਨਾਮ ਗੁਰਮੋਹਨ ਸੀ, ਨਾਲ ਪਿਆਰ ਹੋ ਗਿਆ।

ਸ਼ੀਲਾ ਇਕ ਸਾਧਾਰਨ ਘਰ ਦੀ ਲੜਕੀ ਸੀ ਅਤੇ ਨੀਵੀਂ ਜਾਤ ਨਾਲ ਸਬੰਧਤ ਸੀ। ਉਹ ਪੜ੍ਹਾਈ ਵਿਚ ਬਹੁਤ ਹੁਸ਼ਿਆਰ ਸੀ। ਹਰ ਜਮਾਤ ਵਿਚ ਪਹਿਲੇ ਜਾਂ ਦੂਜੇ ਨੰਬਰ 'ਤੇ ਆਇਆ ਕਰਦੀ ਸੀ। ਅਧਿਆਪਕ ਵੀ ਉਸ ਦਾ ਖਾਸ ਖਿਆਲ ਰੱਖਦੇ ਸਨ। ਉਸ ਦੀ ਕਿਤਾਬਾਂ ਅਤੇ ਕਾਪੀਆਂ ਲੈਣ ਵਿਚ ਮਦਦ ਕਰਦੇ ਸਨ। ਉਹ ਸਾਰਿਆਂ ਦੀ ਹਰਮਨ-ਪਿਆਰੀ ਸੀ ਪਰ ਅੰਗਰੇਜ਼ੀ ਵਾਲੀ ਅਧਿਆਪਕਾ ਗੁਰਜੀਤ ਕੌਰ ਉਸ ਦਾ ਵਿਸ਼ੇਸ਼ ਧਿਆਨ ਰੱਖਦੀ ਸੀ। ਸ਼ੀਲਾ ਨੂੰ ਵੀ ਜਦੋਂ ਕੋਈ ਲੋੜ ਹੁੰਦੀ ਤਾਂ ਬਿਨਾਂ ਕਿਸੇ ਝਿਜਕ ਉਸ ਨੂੰ ਦੱਸ ਦਿਆ ਕਰਦੀ ਸੀ ਅਤੇ ਕਈ ਵਾਰ ਤਾਂ ਆਪਣੀ ਫੀਸ ਵੀ ਉਸ ਅਧਿਆਪਕਾ ਤੋਂ ਲੈ ਕੇ ਭਰ ਦਿਆ ਕਰਦੀ ਸੀ। ਇਸ ਤਰ੍ਹਾਂ ਸ਼ੀਲਾ ਦਸਵੀਂ ਜਮਾਤ ਵਿਚ ਪੁੱਜ ਗਈ। ਉਹ ਮਨ ਹੀ ਮਨ ਅੱਗੇ ਪੜ੍ਹਾਈ ਕਰਨ ਬਾਰੇ ਸੋਚ ਰਹੀ ਸੀ ਪਰ ਉਸ ਨੂੰ ਡਰ ਸੀ ਕਿ ਉਸ ਦਾ ਖਰਚ ਕੌਣ ਦੇਵੇਗਾ? ਇਸ ਸਬੰਧੀ ਉਹ ਆਪਣੀ ਅਧਿਆਪਕਾ ਨਾਲ ਗੱਲ ਕਰਨਾ ਚਾਹੁੰਦੀ ਸੀ ਤਾਂ ਕਿ ਕਿਵੇਂ ਨਾ ਕਿਵੇਂ ਖਰਚੇ ਦਾ ਕੋਈ ਪ੍ਰਬੰਧ ਹੋ ਸਕੇ।

ਮੋਹਨ ਵੀ ਉਸੇ ਜਮਾਤ ਵਿਚ ਪੜ੍ਹ ਰਿਹਾ ਸੀ ਪਰ ਪੜ੍ਹਾਈ ਵਿਚ ਠੀਕ ਠੀਕ ਹੀ ਸੀ। ਕੁਝ ਆਪਣੀ ਮਿਹਨਤ ਅਤੇ ਕੁਝ ਪ੍ਰਾਈਵੇਟ ਟਿਊਸ਼ਨ ਸਦਕਾ ਅਗਲੀਆਂ ਜਮਾਤਾਂ ਵਿਚ ਅੱਪੜ ਰਿਹਾ ਸੀ। ਦਸਵੀਂ ਜਮਾਤ ਵਿਚ ਉਸੇ ਸਕੂਲ ਵਿਚ ਪੜ੍ਹ ਰਿਹਾ ਸੀ ਜਿਸ ਵਿਚ ਸ਼ੀਲਾ ਪੜ੍ਹ ਰਹੀ ਸੀ। ਉਸ ਦੇ ਮਾਪੇ ਅਮੀਰ ਸਨ, ਚੰਗੀ ਜ਼ਮੀਨ ਸੀ। ਉਹ ਕਿਸੇ ਨਾ ਕਿਸੇ ਬਹਾਨੇ ਸ਼ੀਲਾ ਨੂੰ ਬੁਲਾ ਲਿਆ ਕਰਦਾ। ਇਸ ਤਰ੍ਹਾਂ ਮੇਲ ਮਿਲਾਪ ਸਦਕਾ ਉਹ ਇੱਕ ਦੂਜੇ ਨੂੰ ਚਾਹੁਣ ਲੱਗੇ। ਪਿਆਰ ਦੀਆਂ ਪੀਂਘਾਂ ਝੂਟਣ ਲੱਗ ਪਏ। ਸਮਾਂ ਆਪਣੀ ਮਸਤ ਚਾਲ ਅੱਗੇ ਵਧ ਰਿਹਾ ਸੀ।

ਮੈਡਮ ਗੁਰਜੀਤ ਨੂੰ ਵੀ ਭਿਣਕ ਪੈ ਗਈ ਕਿ ਸ਼ੀਲਾ ਆਪਣੇ ਰਾਹ ਤੋਂ ਭਟਕ ਰਹੀ ਹੈ ਤੇ ਮੋਹਣੇ ਨਾਲ ਕੁਝ ਜ਼ਿਆਦਾ ਹੀ ਘੁਲ-ਮਿਲ ਰਹੀ ਹੈ। ਉਹ ਉਸ ਨੂੰ ਸਮਝਾਉਣਾ ਚਾਹੁੰਦੀ ਸੀ। ਸ਼ੀਲਾ ਅਕਸਰ ਮੈਡਮ ਦੇ ਘਰ ਕੁਝ ਨਾ ਕੁਝ ਪੁੱਛਣ ਆ ਜਾਇਆ ਕਰਦੀ ਸੀ ਅਤੇ ਉਸ ਨਾਲ ਘਰ ਦੇ ਕੰਮ ਵਿਚ ਮਦਦ ਵੀ ਕਰ ਜਾਇਆ ਕਰਦੀ ਸੀ। ਉਸ ਦੇ ਮਾਪਿਆਂ ਨੂੰ ਵੀ ਪਤਾ ਸੀ ਕਿ ਉਹ ਮੈਡਮ ਦੇ ਘਰ ਚਲੀ ਜਾਂਦੀ ਹੈ। ਉਨ੍ਹਾਂ ਨੇ ਕਦੇ ਇਤਰਾਜ਼ ਨਹੀਂ ਕੀਤਾ ਸੀ। ਇੱਕ ਦਿਨ ਮੈਡਮ ਉਸ ਨੂੰ ਕੋਲ ਬਿਠਾ ਪਿਆਰ ਨਾਲ ਪੁੱਛਣ ਲੱਗੀ,

'ਅੱਜ ਕੱਲ੍ਹ ਮੋਹਣੇ ਨਾਲ ਕੀ ਚੱਲ ਰਿਹਾ ਹੈ।'

ਇਹ ਸੁਣ ਸ਼ੀਲਾ ਨੂੰ ਕੋਈ ਹੈਰਾਨੀ ਨਹੀਂ ਹੋਈ ਅਤੇ ਉਸ ਨੇ ਸਾਫ ਸਾਫ ਦੱਸ ਦਿੱਤਾ,

'ਅਸੀਂ ਇਕ ਦੂਜੇ ਨੂੰ ਚਾਹੁੰਦੇ ਹਾਂ।'

ਮੈਡਮ ਨੇ ਇਹ ਸੁਣ ਆਖਿਆ, 'ਸ਼ੀਲਾ ਤੁਹਾਡੀ ਉਮਰ ਅਜੇ ਛੋਟੀ ਹੈ। ਤੁਹਾਡੇ ਸਿਰ ਭਾਰੀ ਜ਼ਿੰਮੇਵਾਰੀ ਹੈ ਅਤੇ ਕੀ ਤੇਰੀ ਅਗਲੀ ਪੜ੍ਹਾਈ ਬਾਰੇ ਵਿਚਾਰ ਬਦਲ ਗਿਆ ਹੈ?'

ਸ਼ੀਲਾ ਨੇ ਕਿਹਾ, 'ਮੈਂ ਮੋਹਣੇ ਨੂੰ ਦੱਸ ਦਿੱਤਾ ਹੈ ਕਿ ਮੈਂ ਪੜ੍ਹ ਕੇ ਆਪਣੇ ਪੈਰਾਂ ਸਿਰ ਖੜ੍ਹੀ ਹੋਣਾ ਚਾਹੁੰਦੀ ਹਾਂ। ਸਾਨੂੰ ਇੰਤਜ਼ਾਰ ਕਰਨਾ ਪਵੇਗਾ ਹਾਲੇ ਤਾਂ ਆਪਾਂ ਸਕੂਲ ਦੀ ਪੜ੍ਹਾਈ ਕਰ ਰਹੇ ਹਾਂ। ਉਚੇਰੀ ਪੜ੍ਹਾਈ ਕਰਨੀ ਹੈ। ਤੂੰ ਵੀ ਮਿਹਨਤ ਕਰ, ਮੈਂ ਤੈਨੂੰ ਵੀ ਆਪਣੇ ਪੈਰਾਂ ਉਪਰ ਖੜ੍ਹਾ ਵੇਖਣਾ ਹੈ। ਪਿਆਰ ਦੀਆਂ ਪੀਂਘਾਂ ਤਾਂ ਬਾਅਦ ਵਿਚ ਵੀ ਚੜ੍ਹਾਈਆਂ ਜਾ ਸਕਦੀਆਂ ਹਨ। ਮੈਨੂੰ ਇਹ ਪਤਾ ਹੈ ਕਿ ਉਹਦੇ ਕੋਲ ਬਹੁਤ ਜ਼ਮੀਨ ਹੈ ਅਤੇ ਉਹ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਹੈ, ਜੇ ਅੱਗੇ ਨਾ ਵੀ ਪੜ੍ਹੇ ਤਾਂ ਉਸ ਲਈ ਕੋਈ ਵੱਡੀ ਗੱਲ ਨਹੀਂ ਹੈ।'

ਇਹ ਸੁਣ ਮੈਡਮ ਨੇ ਕਿਹਾ, 'ਮੈਨੂੰ ਤੇਰੇ ਤੋਂ ਇਹੋ ਉਮੀਦ ਹੈ। ਪਰ ਯਾਦ ਰੱਖ ਕਿ ਇਸ ਉਮਰ ਵਿਚ ਦੋਸਤੀ ਤੇ ਪਿਆਰ ਕੇਵਲ ਇਕ ਚਾਹਤ ਹੀ ਹੁੰਦੀ ਹੈ ਜਿਸ ਦੇ ਦੂਰ ਰਸੀ ਨਤੀਜੇ ਆਮ ਤੌਰ 'ਤੇ ਠੀਕ ਨਹੀਂ ਨਿਕਲਦੇ। ਇਨ੍ਹਾਂ ਵਿਚੋਂ ਕਈ ਅਪਰਾਧ ਵੀ ਜਨਮ ਲੈਂਦੇ ਹਨ, ਫਿਰ ਇੱਕ ਦੂਸਰੇ ਉਪਰ ਦੋਸ਼ ਮੜ੍ਹੇ ਜਾਂਦੇ ਹਨ। ਇਹ ਗੱਲਾਂ ਆਮ ਵਰਤਾਰਾ ਬਣ ਰਹੀਆਂ ਹਨ। ਪਿਆਰ ਅਤੇ ਮੁਹੱਬਤ ਦੀ ਉਮਰ ਭਾਵੇਂ ਤੈਅ ਨਹੀਂ ਹੈ ਪਰ ਉਮਰ ਦੀ ਸਿਆਣਪ ਤੇ ਮਰਿਆਦਾਵਾਂ ਦੇ ਅੰਦਰ ਹੀ ਜਚਦੀ ਹੈ। ਮੈਂ ਤੈਨੂੰ ਸੁਚੇਤ ਕਰਦੀ ਹਾਂ ਕਿ ਤੁਹਾਡੇ ਵਿਚਕਾਰ ਜਾਤ-ਪਾਤ, ਮਜ਼੍ਹਬ ਦੀ ਦੀਵਾਰ ਖੜ੍ਹੀ ਹੈ, ਉਚੇ ਨੀਵੇਂ ਖਾਨਦਾਨਾਂ ਦੇ ਟਿੱਬੇ ਹਨ ਤੇ ਜਿਵੇਂ ਅਕਸਰ ਹੁੰਦਾ ਹੈ ਉਚੇ ਖਾਨਦਾਨਾਂ ਵਾਲੇ ਅਕਸਰ ਨੀਵੇਂ ਲੋਕਾਂ ਨਾਲ ਮੇਲ ਮਿਲਾਪ ਪਸੰਦ ਨਹੀਂ ਕਰਦੇ, ਪਿਆਰ ਆਦਿ ਨੂੰ ਕੇਵਲ ਸਮਾਂ ਲੰਘਾਉਣ ਦਾ ਸਾਧਨ ਹੀ ਮੰਨਦੇ ਹਨ ਅਤੇ ਪਿਆਰ ਕਰਨ ਵਾਲਿਆਂ ਨੂੰ ਇਕੱਠੇ ਕਰਨ ਤੋਂ ਮੁਨਕਰ ਹੋ ਜਾਂਦੇ ਹਨ। ਗਰੀਬ ਲੋਕਾਂ ਵਿਚ ਭਾਵੇਂ ਲੱਖ ਗੁਣ ਹੋਣ ਉਹ ਕਦੇ ਵੀ ਇਕੱਠੇ ਨਹੀਂ ਹੋ ਸਕਦੇ। ਇਹ ਮੋਟੀਆਂ ਦੀਵਾਰਾਂ ਨਾ ਢਹਿ ਸਕਦੀਆਂ ਹਨ ਅਤੇ ਨਾ ਹੀ ਇਨ੍ਹਾਂ ਨੂੰ ਛਾਲ ਮਾਰ ਕੇ ਟੱਪਿਆ ਜਾ ਸਕਦਾ ਹੈ। ਇਸ ਉਮਰ ਵਿਚ ਕੀਤੇ ਵਾਅਦੇ ਘੱਟ ਹੀ ਸਿਰੇ ਚੜ੍ਹਦੇ ਹਨ। ਮੈਂ ਤੈਨੂੰ ਆਗਾਹ ਕਰਦੀ ਹਾਂ ਤਾਂ ਜੋ ਤੁਹਾਡੀ ਅਗਲੇਰੀ ਜ਼ਿੰਦਗੀ ਦੁਸ਼ਵਾਰੀਆਂ ਭਰੀ ਨਾ ਹੋਵੇ। ਇਸ ਲਈ ਆਪਣੇ ਪੈਰ ਸੰਭਲ ਸੰਭਲ ਕੇ ਰੱਖਣ ਦੀ ਲੋੜ ਹੈ। ਮੈਨੂੰ ਤੇਰੇ ਤੋਂ ਪੂਰੀ ਉਮੀਦ ਹੈ ਕਿ ਤੂੰ ਕੋਈ ਧੋਖਾ ਨਹੀਂ ਖਾਵੇਂਗੀ। ਫਿਰ ਵੀ ਤੈਨੂੰ ਕਦੇ ਮੇਰੀ ਸਲਾਹ ਦੀ ਲੋੜ ਹੋਵੇ ਤਾਂ ਤੂੰ ਬਿਨਾਂ ਝਿਜਕ ਦੇ ਮੈਨੂੰ ਮਿਲ ਸਕਦੀ ਹੈਂ। ਮੈਨੂੰ ਤੇਰੀ ਮਦਦ ਕਰ ਕੇ ਖੁਸ਼ੀ ਹੋਵੇਗੀ। ਮੈਨੂੰ ਤੇਰੇ ਉਪਰ ਮਾਣ ਹੈ ਕਿ ਤੂੰ ਕੋਈ ਵੀ ਗ਼ਲਤ ਕਦਮ ਨਹੀਂ ਚੁੱਕੇਂਗੀ।'

ਭਾਵੇਂ ਮੈਡਮ ਨੇ ਇਹ ਸਾਰੀਆਂ ਗੱਲਾਂ ਸ਼ੀਲਾ ਨਾਲ ਸਹਿਜ ਮਨ ਨਾਲ ਕੀਤੀਆਂ ਪਰੰਤੂ ਉਸ ਦੇ ਅੰਦਰ ਦਾ ਤੂਫ਼ਾਨ ਉਸ ਨੂੰ ਆਪਣਾ ਸਮਾਂ ਯਾਦ ਕਰਵਾ ਰਿਹਾ ਸੀ ਕਿ ਕਿਵੇਂ ਉਹ ਕਾਲਜ ਦੇ ਸਮੇਂ ਵਿਚ ਇਕ ਸੋਹਣੇ ਸੁਨੱਖੇ ਗੱਭਰੂ ਨੂੰ ਦਿਲ ਦੇ ਬੈਠੀ ਸੀ। ਬੀ.ਐਡ ਵਿਚ ਉਸ ਦਾ ਇਕ ਜਮਾਤੀ ਜਿਸ ਦਾ ਨਾਂ ਕੁਲਦੀਪ ਸੀ ਅਤੇ ਪਿਆਰ ਨਾਲ ਉਸ ਦੇ ਦੋਸਤ ਉਸ ਨੂੰ ਦੀਪਾ ਆਖਦੇ ਸਨ, ਉਸ ਨੂੰ ਮਿਲਿਆ ਸੀ ਤਾਂ ਉਹ ਉਸ ਵੱਲ ਵੇਖਦੀ ਹੀ ਰਹਿ ਗਈ ਕਿਉਂ ਜੋ ਉਸਦਾ ਗੋਰਾ ਚਿੱਟਾ ਗੁਲਾਬੀ ਭਾਅ ਮਾਰਦਾ ਰੰਗ, ਦਰਮਿਆਨਾ ਸਰੀਰ, ਸੁਭਾਅ ਤੋਂ ਗੰਭੀਰ ਅਤੇ ਚੇਹਰੇ 'ਤੇ ਲੜਕੀਆਂ ਜਿਹੀ ਸ਼ਰਮ ਉਸ ਦੇ ਮਨ ਨੂੰ ਭਾਅ ਗਿਆ ਸੀ ਅਤੇ ਉਹ ਉਸ ਵੱਲ ਖਿੱਚੀ ਚਲੀ ਗਈ ਸੀ। ਦੋਹਾਂ ਦੇ ਦਿਲਾਂ ਦੀਆਂ ਧੜਕਨਾਂ 'ਤੇ ਅਜੀਬ ਜਿਹਾ ਅਸਰ, ਨਜ਼ਦੀਕੀਆਂ ਵਧੀਆਂ ਅਤੇ ਮੁਲਾਕਾਤਾਂ ਹੋਣ ਲੱਗੀਆਂ। ਦੋਹਾਂ ਦੀ ਇਕ ਦੂਜੇ ਪ੍ਰਤੀ ਖਿੱਚ ਨੇ ਪਿਆਰ ਦਾ ਰੂਪ ਧਾਰਨ ਕਰ ਲਿਆ। ਉਨ੍ਹਾਂ ਨੂੰ ਲੱਗਣ ਲੱਗਾ ਕਿ ਇੱਕ ਦੂਜੇ ਬਿਨਾਂ ਰਹਿਣਾ ਕਿਤਨਾ ਮੁਸ਼ਕਿਲ ਹੈ। ਪਿਆਰ ਦੇ ਅੰਦਰ ਉਹ ਭੁੱਲ ਗਈ ਸੀ ਕਿ ਉਚੇ-ਨੀਵੇਂ ਦਾ ਮੇਲ ਮੁਸ਼ਕਿਲ ਹੈ। ਜਦੋਂ ਉਸ ਨੇ ਦੀਪੇ ਨੂੰ ਆਖਿਆ ਸੀ ਕਿ ਤੁਹਾਡਾ ਪੱਧਰ ਸਾਡੇ ਨਾਲੋਂ ਉਚਾ ਹੈ ਅਤੇ ਮੈਂ ਇੱਕ ਗਰੀਬ ਘਰ ਦੀ ਲੜਕੀ ਹਾਂ। ਸਮਾਜ ਭਾਵੇਂ ਸਾਨੂੰ ਕਬੂਲ ਕਰ ਲਵੇ ਪਰੰਤੂ ਤੁਹਾਡੇ ਘਰ ਦੇ ਹਾਲਾਤ ਸਾਨੂੰ ਇਕੱਠਾ ਨਹੀਂ ਹੋਣ ਦੇਣਗੇ, ਇਸ ਲਈ ਚੰਗਾ ਹੈ ਕਿ ਅਸੀਂ ਹੁਣੇ ਤੋਂ ਹੀ ਆਪਣੇ ਰਾਹ ਵੱਖਰੇ ਵੱਖਰੇ ਕਰ ਲਈਏ ਤਾਂ ਦੀਪੇ ਨੇ ਵਿਸ਼ਵਾਸ ਦਿਵਾਇਆ ਸੀ ਕਿ ਤੇਰੀ ਗੱਲ ਕੁਝ ਹੱਦ ਤਕ ਠੀਕ ਹੈ ਪਰ ਮੈਨੂੰ ਵਿਸ਼ਵਾਸ ਹੈ ਕਿ ਮੇਰੇ ਮਾਪੇ ਖੁੱਲ੍ਹੇ ਵਿਚਾਰਾਂ ਵਾਲੇ ਹਨ ਤੇ ਮੈਂ ਉਨ੍ਹਾਂ ਨੂੰ ਮਨਾ ਲਵਾਂਗਾਂ। ਜੇ ਫਿਰ ਵੀ ਕੋਈ ਅੜਚਨ ਆਈ ਤਾਂ ਮੈਂ ਤੇਰੇ ਲਈ ਬਾਗ਼ੀ ਵੀ ਹੋ ਸਕਦਾ ਹਾਂ ਅਤੇ ਅਸੀਂ ਅਗਲਾ ਜੀਵਨ ਇਕੱਠੇ ਹੀ ਬਤੀਤ ਕਰਾਂਗੇ। ਬਾਗ਼ੀ ਹੋਣ ਦਾ ਕਾਰਨ ਗੁਰਜੀਤ ਦਾ ਸੋਹਣੇ ਹੋਣਾ ਤੇ ਉਸ ਦੀਆਂ ਕਮਲ ਦੇ ਫੁੱਲ ਜਿਹੀਆਂ ਗੁਲਾਬੀ ਗੱਲ੍ਹਾਂ ਸਨ। ਜਦੋਂ ਉਹ ਖਿੜਖਿੜਾ ਕੇ ਹੱਸਦੀ ਤਾਂ ਉਸ ਦੇ ਮੋਤੀਆਂ ਜਿਹੇ ਦੰਦ ਉਸ ਦੀ ਸੁੰਦਰਤਾ ਵਿਚ ਵਾਧਾ ਕਰਦੇ। ਜਦੋਂ ਉਹ ਮਿਨ੍ਹਾ-ਮਿਨ੍ਹਾ ਮੁਸਕਰਾਉਂਦੀ ਤਾਂ ਉਸ ਦੀਆਂ ਗੋਰੀਆਂ ਗੱਲ੍ਹਾਂ ਵਿਚ ਪੈਂਦੇ ਟੋਇਆਂ ਉਪਰ ਦੀਪਾ ਫ਼ਿਦਾ ਹੋ ਗਿਆ ਸੀ। ਉਹ ਉਸ ਨੂੰ ਕਿਸੇ ਵੀ ਹਾਲਤ ਵਿਚ ਗੁਆਉਣਾ ਨਹੀਂ ਚਾਹੁੰਦਾ ਸੀ।



ਦੀਪੇ ਦੀਆਂ ਗੱਲਾਂ ਕਾਰਨ ਗੁਰਜੀਤ ਨੂੰ ਵਿਸ਼ਵਾਸ ਬੱਝ ਗਿਆ ਅਤੇ ਉਨ੍ਹਾਂ ਨੇ ਇਕੱਠੇ ਰਹਿਣ ਲਈ ਕਸਮਾਂ ਖਾ ਲਈਆਂ। ਸਮੇਂ ਨੇ ਉਨ੍ਹਾਂ ਦੇ ਹੱਕ ਵਿਚ ਹਾਮੀ ਭਰੀ। ਦੋਵੇਂ ਇਕੋ ਸਕੂਲ ਵਿਚ ਅਧਿਆਪਕ ਲੱਗ ਗਏ। ਦੀਪੇ ਨੇ ਆਪਣੇ ਮਾਪਿਆਂ ਨੂੰ ਵਿਆਹ ਸਬੰਧੀ ਆਪਣੀ ਇੱਛਾ ਦੱਸ ਦਿਤੀ। ਭਾਵੇਂ ਉਸ ਦੇ ਪਿਤਾ ਨੇ ਕੋਈ ਉਜਰ ਨਾ ਕੀਤੀ ਪ੍ਰੰਤੂ ਮਾਂ ਨੂੰ ਇਹ ਗੱਲ ਚੰਗੀ ਨਾ ਲੱਗੀ। ਉਹ ਕਹਿਣ ਲੱਗੀ, 'ਮੇਰਾ ਇਕੋ ਇੱਕ ਪੁੱਤਰ ਹੈ ਮੈਂ ਰੀਝਾਂ ਨਾਲ ਆਪਣੇ ਵਰਗੇ ਪਰਿਵਾਰ ਵਿਚੋਂ ਕਿਸੇ ਸੋਹਣੀ ਕੁੜੀ ਨਾਲ ਤੇਰਾ ਵਿਆਹ ਕਰਾਂਗੀ। ਮੈਨੂੰ ਇਸ ਤੋਂ ਕੋਈ ਨਹੀਂ ਰੋਕ ਸਕਦਾ।' ਦੀਪੇ ਦਾ ਮਨ ਦੁਖੀ ਹੋਇਆ ਉਸ ਨੇ ਸਮਾਂ ਪਾ ਕੇ ਆਪਣੀ ਮਾਂ ਨਾਲ ਗੱਲ ਕਰਨ ਦਾ ਫੈਸਲਾ ਕਰ ਲਿਆ ਅਤੇ ਆਪਣੇ ਬਾਪ ਨੂੰ ਕਿਹਾ, 'ਮੈਂ ਫੈਸਲਾ ਕੀਤਾ ਹੈ ਕਿ ਜੇ ਮੈਂ ਵਿਆਹ ਕਰਨਾ ਹੈ ਤਾਂ ਗੁਰਜੀਤ ਨਾਲ ਹੀ ਕਰਨਾ ਹੈ। ਜੇ ਤੁਸੀਂ ਨਹੀਂ ਮੰਨੋਗੇ ਤਾਂ ਮੈਨੂੰ ਕਚਹਿਰੀ ਦਾ ਸਹਾਰਾ ਲੈਣਾ ਪਵੇਗਾ।'

ਇਹ ਸੁਣ ਬਾਪ ਨੇ ਵੀ ਸਮਝਾਇਆ, 'ਤੂੰ ਥੋੜ੍ਹਾ ਸਮਾਂ ਰੁਕ ਜਾ ਮੈਂ ਤੇਰੀ ਮਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰਾਂਗਾ ਜੇ ਉਹ ਨਾ ਵੀ ਮੰਨੀ ਤਾਂ ਮੈਂ ਤੇਰੇ ਹੱਕ ਵਿਚ ਹੀ ਭੁਗਤਾਂਗਾ।' ਦੀਪੇ ਨੂੰ ਕੁਝ ਤਸੱਲੀ ਹੋਈ ਤੇ ਉਹ ਇਕ ਵਾਰ ਚੁੱਪ ਕਰ ਗਿਆ। ਉਸ ਨੇ ਇਹ ਸਾਰੀ ਘਟਨਾ ਦਾ ਵੇਰਵਾ ਗੁਰਜੀਤ ਨਾਲ ਸਾਂਝਾ ਕਰ ਦਿੱਤਾ। ਉਹ ਅਕਸਰ ਸਕੂਲ ਵਿਚ ਵੇਹਲੇ ਸਮੇਂ ਇਕੱਠੇ ਹੀ ਰਹਿੰਦੇ ਸਨ ਤੇ ਛੁੱਟੀ ਵਾਲੇ ਦਿਨ ਆਪਣੇ ਆਪਣੇ ਘਰ ਮਾਪਿਆਂ ਕੋਲ ਚਲੇ ਜਾਇਆ ਕਰਦੇ ਸਨ।

ਗੁਰਜੀਤ ਦੇ ਮਾਪਿਆਂ ਨੂੰ ਗੁਰਜੀਤ ਦੇ ਵਿਆਹ ਦਾ ਫਿਕਰ ਸੀ। ਇਕ ਦਿਨ ਜਦੋਂ ਗੁਰਜੀਤ ਦੇ ਮਾਪੇ ਉਸ ਨਾਲ ਵਿਆਹ ਲਈ ਸਲਾਹ ਕਰਨ ਲੱਗੇ ਤਾਂ ਉਸ ਨੇ ਦੱਸ ਦਿੱਤਾ, 'ਮੈਂ ਤਾਂ ਆਪਣੇ ਲਈ ਲੜਕਾ ਪਸੰਦ ਕੀਤਾ ਹੋਇਆ ਹੈ ਤੇ ਸਮਾਂ ਆਉਣ 'ਤੇ ਤੁਹਾਨੂੰ ਮਿਲਾਵਾਂਗੀ।' ਮਾਪਿਆਂ ਨੂੰ ਵਿਸ਼ਵਾਸ ਸੀ ਕਿ ਗੁਰਜੀਤ ਜ਼ਿੰਮੇਵਾਰ ਅਤੇ ਸਿਆਣੀ ਹੈ ਆਪਣਾ ਚੰਗਾ ਮਾੜਾ ਭਲੀ ਭਾਂਤ ਵਿਚਾਰ ਸਕਦੀ ਹੈ, ਇਸ ਲਈ ਉਹ ਸ਼ਾਂਤ ਹੋ ਗਏ।

ਜਦੋਂ ਛੁੱਟੀ ਤੋਂ ਬਾਅਦ ਇਸ ਵਾਰ ਮਿਲੇ ਤਾਂ ਦੀਪੇ ਦੇ ਚਿਹਰੇ 'ਤੇ ਮੁਸਕਰਾਹਟ ਵੇਖ ਗੁਰਜੀਤ ਵੀ ਖੁਸ਼ ਹੋ ਗਈ। ਉਨ੍ਹਾਂ ਨੇ ਆਪਣੇ ਮਾਪਿਆਂ ਨਾਲ ਹੋਈਆਂ ਗੱਲਾਂ ਇੱਕ ਦੂਜੇ ਨੂੰ ਦੱਸੀਆਂ। ਪਹਿਲਾਂ ਗੁਰਜੀਤ ਨੇ ਦੱਸਿਆ, 'ਮੈਂ ਆਪਣੇ ਘਰ ਦੱਸ ਦਿੱਤਾ ਹੈ ਕਿ ਮੈਂ ਆਪਣੇ ਲਈ ਲੜਕਾ ਦੇਖ ਲਿਆ ਹੈ ਅਤੇ ਸਮਾਂ ਆਉਣ 'ਤੇ ਤੁਹਾਨੂੰ ਮਿਲਾ ਦੇਵਾਂਗੀ।' ਉਧਰ ਦੀਪੇ ਨੇ ਦੱਸਿਆ, 'ਮਾਂ ਵੀ ਮੇਰੀ ਮਰਜ਼ੀ ਮੰਨਣ ਲਈ ਤਿਆਰ ਹੈ ਪ੍ਰੰਤੂ ਉਹ ਤੈਨੂੰ ਮਿਲਣਾ ਚਾਹੁੰਦੀ ਹੈ।' ਦੋਵੇਂ ਬਹੁਤ ਖੁਸ਼ ਹੋਏ ਅਤੇ ਅਗਲੇ ਐਤਵਾਰ ਦੀਪੇ ਨੇ ਗੁਰਜੀਤ ਨੂੰ ਆਪਣੇ ਪਿੰਡ ਦੇ ਗੁਰਦੁਆਰੇ ਦੇ ਦਰਸ਼ਨ ਕਰਵਾਣ ਦਾ ਪ੍ਰੋਗਰਾਮ ਬਣਾ ਲਿਆ ਤਾਂ ਜੋ ਉਸ ਨੂੰ ਆਪਣੀ ਮਾਂ ਨਾਲ ਮਿਲਵਾ ਸਕੇ। ਖੁਸ਼ੀ ਦਾ ਸਮਾਂ ਬਹੁਤ ਛੇਤੀ ਬੀਤਦਾ ਹੈ। ਐਤਵਾਰ ਦੋਵੇਂ ਇਕੱਠੇ ਇੱਕੋ ਸਕੂਟਰ 'ਤੇ ਚੱਲ ਪਏ। ਗੁਰਦੁਆਰੇ ਪੁੱਜੇ ਤਾਂ ਦੀਪੇ ਦੇ ਮਾਪੇ ਉਨ੍ਹਾਂ ਦਾ ਇੰਤਜ਼ਾਰ ਕਰ ਰਹੇ ਸਨ। ਗੁਰਜੀਤ ਨੇ ਉਨ੍ਹਾਂ ਨੂੰ ਚਰਨ ਬੰਦਨਾ ਕੀਤੀ। ਜਦੋਂ ਗੁਰਜੀਤ ਨੂੰ ਦੇਖਿਆ ਤਾਂ ਮਾਂ ਨੇ ਕਿਹਾ, 'ਮੇਰਾ ਪੁੱਤ ਤਾਂ ਪਰੀ ਲੱਭ ਲਿਆਇਆ ਹੈ। ਮੈਨੂੰ ਇਹੋ ਜਿਹੇ ਸੰਸਕਾਰਾਂ ਵਾਲੀ ਲੜਕੀ ਪਸੰਦ ਹੈ ਕੋਈ ਦਾਜ ਦੀ ਲੋੜ ਨਹੀਂ ਹੈ ਮੈਂ ਆਪ ਤੁਹਾਡੇ ਘਰ ਆ ਕੇ ਤੇਰੇ ਮਾਪਿਆਂ ਤੋਂ ਤੈਨੂੰ ਮੰਗ ਕੇ ਲੈ ਜਾਵਾਂਗੀ। ਤੁਸੀਂ ਹਮੇਸ਼ਾ ਖ਼ੁਸ਼ ਰਹੋ।' ਸਾਰਿਆਂ ਨੇ ਰਲ ਕੇ ਲੰਗਰ ਛਕਿਆ ਤੇ ਵਾਪਸ ਚਲੇ ਗਏ।

ਦੋਹਾਂ ਦਾ ਵਿਆਹ ਹੋ ਗਿਆ ਅਤੇ ਕੁਝ ਦਿਨ ਛੁੱਟੀਆਂ ਲੈ ਕੇ ਘੁੰਮਣ ਚਲੇ ਗਏ। ਵਾਪਸੀ 'ਤੇ ਕਾਰ ਹਾਦਸੇ ਦਾ ਸ਼ਿਕਾਰ ਹੋ ਗਈ। ਦੋਹਾਂ ਨੂੰ ਕਾਫੀ ਸੱਟਾਂ ਲੱਗੀਆਂ ਲੋਕਾਂ ਵਲੋਂ ਹਸਪਤਾਲ ਪੁਚਾਇਆ ਗਿਆ। ਮਾਪਿਆਂ ਨੂੰ ਸੂਚਨਾ ਦਿੱਤੀ। ਉਹ ਵੀ ਹਸਪਤਾਲ ਪੁੱਜ ਗਏ। ਕੁਲਦੀਪ ਜ਼ਖ਼ਮਾਂ ਦੀ ਤਾਬ ਨਾ ਸਹਾਰ ਸਕਿਆ ਤੇ ਸਦਾ ਲਈ ਵਿਛੜ ਗਿਆ। ਮਾਪਿਆਂ ਦਾ ਬੁਰਾ ਹਾਲ ਸੀ। ਗੁਰਜੀਤ ਉਸ ਸਮੇਂ ਹੋਸ਼ ਵਿਚ ਨਹੀਂ ਸੀ। ਉਸ ਨੂੰ ਵੀ ਬਹੁਤ ਸੱਟਾਂ ਲੱਗੀਆਂ ਸਨ। ਕੁਲਦੀਪ ਦੀ ਮਾਂ ਨੇ ਆਪਣੇ ਪੁੱਤ ਦੀ ਲਾਸ਼ ਲਈ ਤੇ ਗੁਰਜੀਤ ਨੂੰ ਮਾੜਾ ਬੋਲਦੀ ਹੋਈ ਉਥੋਂ ਚੱਲ ਗਈ। ਗੁਰਜੀਤ ਦੇ ਮਾਪੇ ਉਸ ਕੋਲ ਰੁਕ ਗਏ। ਉਨ੍ਹਾਂ ਨੂੰ ਕੁਲਦੀਪ ਦੇ ਮਾਪਿਆਂ ਦਾ ਇਹ ਵਤੀਰਾ ਚੰਗਾ ਨਾ ਲੱਗਾ। ਕੁਲਦੀਪ ਦੇ ਅਚਾਨਕ ਜਾਣ ਕਾਰਨ ਸਾਰੇ ਹੀ ਸਦਮੇ ਵਿਚ ਸਨ। ਜਦੋਂ ਗੁਰਜੀਤ ਨੂੰ ਹੋਸ਼ ਆਈ ਤਾਂ ਉਸ ਨੇ ਕੁਲਦੀਪ ਬਾਰੇ ਪੁੱਛਿਆ। ਪਹਿਲਾਂ ਉਸ ਨੂੰ ਦੱਸਣ ਦੀ ਕੋਸ਼ਿਸ਼ ਕੀਤੀ ਕਿ ਉਹ ਠੀਕ ਹੈ ਤੇ ਹੋਰ ਵਾਰਡ ਵਿਚ ਹੈ। ਗੁਰਜੀਤ ਨੇ ਉਸ ਨੂੰ ਦੇਖਣ ਦੀ ਜ਼ਿਦ ਕੀਤੀ ਤਾਂ ਡਾਕਟਰ ਨੇ ਉਸ ਨੂੰ ਅਸਲੀਅਤ ਦੱਸ ਦਿੱਤੀ। ਗੁਰਜੀਤ ਬੇਹੋਸ਼ ਹੋ ਗਈ। ਡਾਕਟਰਾਂ ਨੂੰ ਫ਼ਿਕਰ ਹੋ ਗਿਆ ਉਨ੍ਹਾਂ ਨੇ ਜ਼ਰੂਰੀ ਦਵਾਈਆਂ ਦੇ ਦਿੱਤੀਆਂ। ਜਦੋਂ ਫਿਰ ਹੋਸ਼ ਆਇਆ ਤਾਂ ਉਸ ਨੇ ਕੁਲਦੀਪ ਨੂੰ ਦੇਖਣ ਦੀ ਜ਼ਿਦ ਕੀਤੀ ਤਾਂ ਡਾਕਟਰਾਂ ਨੇ ਜ਼ਰੂਰੀ ਹਦਾਇਤਾਂ ਦੇ ਕੇ ਹਸਪਤਾਲ ਵਿਚੋਂ ਛੁੱਟੀ ਦੇ ਦਿੱਤੀ।

ਭਾਵੇਂ ਕੁਲਦੀਪ ਦੇ ਮਾਪਿਆਂ ਨੇ ਕਿਹਾ ਸੀ ਕਿ ਹੁਣ ਸਾਡਾ ਗੁਰਜੀਤ ਨਾਲ ਕੋਈ ਰਿਸ਼ਤਾ ਨਹੀਂ ਪ੍ਰੰਤੂ ਗੁਰਜੀਤ ਦੀ ਜ਼ਿਦ ਕਾਰਨ ਉਸ ਦੇ ਮਾਪੇ ਉਸ ਨੂੰ ਉਸ ਦੇ ਸਹੁਰੇ ਪਿੰਡ ਲੈ ਗਏ। ਘਰ ਵਿਚ ਬਹੁਤ ਇਕੱਠ ਸੀ, ਗੁਰਜੀਤ ਦਾ ਸਾਰਾ ਸਟਾਫ ਹਾਜ਼ਰ ਸੀ। ਜਦੋਂ ਕੁਲਦੀਪ ਦੀ ਮਾਂ ਨੇ ਗੁਰਜੀਤ ਨੂੰ ਦੇਖਿਆ ਤਾਂ ਉਹ ਭੜਕ ਪਈ ਤੇ ਕਹਿਣ ਲੱਗੀ, 'ਇਸ ਕੁਲਹਿਣੀ ਨੂੰ ਇਥੋਂ ਲੈ ਜਾਓ ਇਸ ਨੇ ਮੇਰਾ ਪੁੱਤਰ ਖਾ ਲਿਆ ਹੈ। ਮੈਂ ਇਸ ਨੂੰ ਆਪਣੇ ਪੁੱਤਰ ਕੋਲ ਨਹੀਂ ਜਾਣ ਦੇਵਾਂਗੀ।' ਕੁਲਦੀਪ ਦੇ ਬਾਪ ਨੇ ਮੌਕਾ ਸੰਭਾਲ ਗੁਰਜੀਤ ਨੂੰ ਕੁਲਦੀਪ ਦਾ ਮੂੰਹ ਵਿਖਾਲ ਦਿੱਤਾ ਜਿਹੜਾ ਕਿ ਪੀਲਾ ਜ਼ਰਦ ਸੀ ਅਤੇ ਜਲਦੀ ਹੀ ਸਸਕਾਰ ਕਰ ਦਿੱਤਾ ਗਿਆ ਕਿਓਂ ਜੋ ਦਿਨ ਪਹਿਲਾਂ ਹੀ ਢਲ ਚੁੱਕਾ ਸੀ।

ਗੁਰਜੀਤ ਤੇ ਉਸ ਦੇ ਮਾਪਿਆਂ ਨੇ ਸਲਾਹ ਕਰ ਕੇ ਉਥੋਂ ਜਾਣਾ ਹੀ ਠੀਕ ਸਮਝਿਆ ਤੇ ਗੁਰਜੀਤ ਨੂੰ ਵਾਪਸ ਹਸਪਤਾਲ ਦਾਖਲ ਕਰਵਾ ਦਿੱਤਾ। ਗੁਰਜੀਤ ਨੀਮ ਬੇਹੋਸ਼ੀ ਦੀ ਹਾਲਤ ਵਿਚ ਸੀ, ਉਸ ਦਾ ਹਾਲ ਦੇਖਿਆ ਨਹੀਂ ਜਾ ਰਿਹਾ ਸੀ। ਉਸ ਦਾ ਪਰਿਵਾਰ ਵਸਣ ਤੋਂ ਪਹਿਲਾਂ ਹੀ ਉਜੜ ਗਿਆ ਸੀ। ਹਸਪਤਾਲ ਵਿਚ ਲਗਭਗ ਇਕ ਮਹੀਨਾ ਰਹਿਣ ਪਿੱਛੋਂ ਉਸ ਨੂੰ ਛੁੱਟੀ ਦਿੱਤੀ ਗਈ। ਉਹ ਨੀਮ ਪਾਗਲ ਹੋ ਚੁੱਕੀ ਸੀ। ਉਸ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਪਰਮਾਤਮਾ ਨੇ ਉਸ ਨੂੰ ਇਤਨੀ ਵੱਡੀ ਸਜ਼ਾ ਕਿਉਂ ਦਿਤੀ ਸੀ। ਜਿਹੜੇ ਦੁੱਖ ਕੁਦਰਤ ਵੱਲੋਂ ਮਿਲਦੇ ਹਨ ਉਸ ਨੂੰ ਸਹਿਣ ਕਰਨ ਲਈ ਸ਼ਕਤੀ ਵੀ ਕੁਦਰਤ ਹੀ ਦਿੰਦੀ ਹੈ।


ਸਮਾਂ ਹਰ ਕਿਸਮ ਦੇ ਜ਼ਖ਼ਮ ਭਰ ਦਿੰਦਾ ਹੈ। ਹੌਲੀ-ਹੌਲੀ ਗੁਰਜੀਤ ਸਹਿਜ ਹੋ ਗਈ। ਮਾਪਿਆਂ ਤੇ ਸਟਾਫ ਦੀ ਮਦਦ ਨਾਲ ਉਸ ਨੇ ਹੌਸਲਾ ਫੜਿਆ ਤੇ ਸਕੂਲ ਜਾਣ ਲੱਗੀ। ਸਮੇਂ ਨਾਲ ਉਹ ਵਿਦਿਆਰਥੀਆਂ ਵਿਚ ਰੁਚੀ ਲੈਣ ਲੱਗ ਪਈ। ਉਸ ਦਾ ਵਿਦਿਆਰਥੀਆਂ ਪ੍ਰਤੀ ਵਤੀਰਾ ਬਦਲ ਗਿਆ ਪਹਿਲਾਂ ਕਦੇ ਕਦੇ ਉਹ ਵਿਦਿਆਰਥੀਆਂ ਨੂੰ ਸਜ਼ਾ ਦੇ ਦਿਆ ਕਰਦੀ ਸੀ ਪ੍ਰੰਤੂ ਹੁਣ ਉਸ ਨੇ ਪਿਆਰ ਨਾਲ ਵਿਦਿਆਰਥੀਆਂ ਦੀ ਸਹਾਇਤਾ ਕਰਨੀ ਸ਼ੁਰੂ ਕਰ ਦਿੱਤੀ ਸੀ। ਕਮਜ਼ੋਰ ਬੱਚਿਆਂ ਨੂੰ ਵਧੇਰਾ ਸਮਾਂ ਦੇਣ ਲੱਗ ਪਈ ਸੀ। ਵਿਦਿਆਰਥੀ ਉਸ ਨੂੰ ਵੱਡੀ ਭੈਣ ਸਮਝ ਉਸ ਕੋਲੋਂ ਪੁੱਛਣ ਚਲੇ ਜਾਂਦੇ ਸਨ। ਜਦੋਂ ਬਾਹਰ ਦਰਵਾਜ਼ੇ ਉਪਰ ਕਿਸੇ ਨੇ ਦਸਤਕ ਦਿੱਤੀ ਤਾਂ ਉਸ ਨੂੰ ਯਾਦ ਆਇਆ ਕਿ ਉਹ ਤਾਂ ਸ਼ੀਲਾ ਨਾਲ ਗੱਲਾਂ ਕਰ ਰਹੀ ਸੀ ਤੇ ਯਾਦਾਂ ਦੀ ਗੱਠੜੀ ਕਿਵੇਂ ਖੁੱਲ੍ਹ ਗਈ ਤੇ ਉਹ ਉਨ੍ਹਾਂ ਯਾਦਾਂ ਵਿਚ ਉਲਝ ਗਈ ਸੀ। ਉਸ ਨੇ ਦਰਵਾਜ਼ੇ ਵੱਲ ਡਿੱਠਾ ਤਾਂ ਉਸ ਦੀ ਸਹੇਲੀ ਅਧਿਆਪਕਾ ਉਸ ਨੂੰ ਮਿਲਣ ਆਈ ਹੋਈ ਸੀ। ਉਸ ਨੂੰ ਮਿਲ ਕੇ ਗੱਲਾਂ ਕਰਨ ਲੱਗ ਪਈਆਂ।

ਮੈਡਮ ਦੀਆਂ ਗੱਲਾਂ ਸੁਣ ਕੇ ਸ਼ੀਲਾ ਆਪਣੇ ਘਰ ਚਲੀ ਗਈ। ਇਮਤਿਹਾਨ ਸ਼ੁਰੂ ਹੋਣ ਵਾਲੇ ਸਨ। ਸ਼ੀਲਾ ਨੇ ਖ਼ੂਬ ਮਿਹਨਤ ਕਰ ਪੇਪਰ ਦਿੱਤੇ। ਪੇਪਰਾਂ ਦੌਰਾਨ ਉਸ ਨੇ ਮੋਹਣੇ ਨਾਲ ਕੋਈ ਗੱਲਬਾਤ ਨਾ ਕੀਤੀ ਕੇਵਲ ਪੇਪਰ ਦੇ ਸਬੰਧ ਵਿਚ ਇਕ ਦੂਜੇ ਨਾਲ ਗੱਲ ਕਰ ਲੈਂਦੇ ਸਨ। ਪੇਪਰ ਖਤਮ ਹੋਏ ਤਾਂ ਸ਼ੀਲਾ ਨੇ ਆਪਣੇ ਮਾਪਿਆਂ ਨਾਲ ਕੰਮ ਕਰਵਾਉਣਾ ਸ਼ੁਰੂ ਕਰ ਦਿੱਤਾ ਤਾਂ ਜੋ ਕੁਝ ਰਕਮ ਇਕੱਠੀ ਕਰ ਆਪਣੇ ਕਾਲਜ ਦੇ ਦਾਖਲੇ ਦਾ ਖਰਚ ਕਰ ਸਕੇ। ਇੱਕ ਦਿਨ ਉਹ ਆਪਣੇ ਮਾਪਿਆਂ ਨਾਲ ਕੰਮ ਕਰਵਾ ਰਹੀ ਸੀ ਕਿ ਉਸ ਦੀ ਸਕੂਲ ਦੀ ਸਹੇਲੀ ਮਿਲੀ ਜਿਸ ਨੇ ਦੱਸਿਆ ਕਿ ਨਤੀਜਾ ਆ ਚੁੱਕਿਆ ਹੈ ਅਤੇ ਤੂੰ ਜ਼ਿਲ੍ਹੇ ਵਿਚੋਂ ਪਹਿਲੇ ਨੰਬਰ 'ਤੇ ਆਈ ਹੈਂ ਅਤੇ ਮੈਡਮ ਨੇ ਤੈਨੂੰ ਬੁਲਾਇਆ ਹੈ। ਸ਼ੀਲਾ ਦੇ ਮਾਪੇ ਵੀ ਨਾਲ ਹੀ ਸਨ ਜਦੋਂ ਉਨ੍ਹਾਂ ਨੇ ਸੁਣਿਆ ਬਹੁਤ ਹੀ ਖੁਸ਼ ਹੋਏ। ਘਰ ਪੁੱਜੇ ਤਾਂ ਉਨ੍ਹਾਂ ਨੇ ਦੇਖਿਆ ਕਿ ਮੋਹਣਾ ਉਨ੍ਹਾਂ ਦੇ ਘਰ ਦੇ ਨੇੜੇ ਫਿਰਦਾ ਸੀ। ਸ਼ੀਲਾ ਨੇ ਉਸ ਨੂੰ ਬੁਲਾਇਆ ਤੇ ਉਸ ਦਾ ਨਤੀਜਾ ਪੁੱਛਿਆ। ਉਸ ਦੱਸਿਆ ਕਿ ਤੇਰਾ ਤਾਂ ਜ਼ਿਲ੍ਹੇ ਵਿਚ ਪਹਿਲਾ ਨੰਬਰ ਹੈ ਤੇ ਮੈਂ ਪਹਿਲੇ ਦਰਜੇ ਵਿਚ ਪਾਸ ਹੋਇਆ ਹਾਂ।

(ਬਾਕੀ ਅਗਲੇ ਸਫੇ 'ਤੇ)

# ਜਾਂਦਾ ਸਾਲ ਬਹੁਤੀ ਸੁੱਖ ਨਹੀਂ ਦੇ ਕੇ ਗਿਆ, ਅਗਲੇ ਸਾਲ ਤੋਂ ਉਮੀਦਾਂ ਫਿਰ ਵੀ ਰੱਖਣੀਆਂ ਪੈਣਗੀਆਂ

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਚਲੰਤ ਸਾਲ ਦੀ ਇਸ ਆਖਰੀ ਲਿਖਤ ਨੂੰ ਲਿਖਣ ਵੇਲੇ ਮਨ ਵਿਚ ਇਹ ਸਵਾਲ ਉਠਿਆ ਕਿ ਹਰ ਵਾਰੀ ਦੁਨੀਆ ਭਰ ਦੇ ਲੋਕ ਨਵੇਂ ਸਾਲ ਵਿਚ ਨੇਕੀ ਦੀ ਕਾਮਨਾ ਕਰਦੇ ਹਨ, ਬੀਤੇ ਸਾਲ ਵਿਚ ਹਾਲ ਕਿੱਦਾਂ ਦਾ ਰਿਹਾ ਹੈ! ਬਹੁਤ ਕੋਸ਼ਿਸ਼ ਕਰ ਕੇ ਮੈਂ ਜਿਹੜੀਆਂ ਘਟਨਾਵਾਂ ਨੂੰ ਜ਼ਿਕਰਯੋਗ ਸਮਝਿਆ, ਉਹ ਚੰਗੀਆਂ ਕਹੀਆਂ ਜਾ ਸਕਦੀਆਂ ਹੋਣ ਜਾਂ ਨਾਂ, ਮੰਨਣ ਜਾਂ ਨਾ ਮੰਨਣ ਦਾ ਹੱਕ ਹਰ ਪਾਠਕ ਲਈ ਰਾਖਵਾਂ ਛੱਡਿਆ ਜਾ ਸਕਦਾ ਹੈ। ਮੈਨੂੰ ਉਨ੍ਹਾਂ ਘਟਨਾਵਾਂ ਵਿਚੋਂ ਪੰਜਾਬ ਦੇ ਲੋਕਾਂ ਦਾ ਚੋਣ ਫਤਵਾ ਸਾਡੇ ਲਈ ਇਸ ਸਾਲ ਦੀ ਸਭ ਤੋਂ ਵੱਡੀ ਖਬਰ ਲੱਗਾ ਹੈ, ਜਿਸ ਵਿਚ ਰਵਾਇਤੀ ਧਿਰਾਂ ਨੂੰ ਖੂੰਜੇ ਧੱਕ ਕੇ ਰਾਜਸੀ ਦ੍ਰਿਸ਼ ਮੁੱਢੋਂ ਬਦਲਣ ਵਾਂਗ ਆਮ ਆਦਮੀ ਪਾਰਟੀ ਨੇ ਏਨੀਆਂ ਵਿਧਾਨ ਸਭਾ ਸੀਟਾਂ ਜਿੱਤ ਲਈਆਂ, ਜਿੰਨੀਆਂ ਅਜੋਕੇ ਪੰਜਾਬ ਵਿਚ ਕਦੇ ਵੀ ਕਿਸੇ ਪਾਰਟੀ ਨੂੰ ਨਹੀਂ ਮਿਲੀਆਂ। ਲੋਕਾਂ ਨੇ ਇਕ ਆਸ ਨਾਲ ਇਹ ਫਤਵਾ ਦਿੱਤਾ ਸੀ, ਪਰ ਜਿਹੜੇ ਹਾਲਾਤ ਦਾ ਸਾਹਮਣਾ ਇਸ ਸਰਕਾਰ ਨੂੰ ਕਰਨਾ ਪਿਆ ਅਤੇ ਪੈ ਰਿਹਾ ਹੈ, ਉਹ ਨਾ ਇਸ ਪਾਰਟੀ ਦੇ ਆਗੂਆਂ ਨੇ ਕਦੇ ਚਿਤਵਿਆ ਸੀ ਅਤੇ ਨਾ ਆਮ ਲੋਕਾਂ ਨੇ ਕਿਆਸ ਕੀਤਾ ਸੀ। ਅਸੀਂ ਵੀਹ-ਬਾਈ ਸਾਲ ਪਹਿਲਾਂ ਇਹ ਲਿਖਿਆ ਸੀ ਕਿ ਪੰਜਾਬ ਦੇ ਰਾਜਸੀ ਆਗੂਆਂ ਦੀ ਕੋਸ਼ਿਸ਼ ਹੈ ਕਿ ਭ੍ਰਿਸ਼ਟਾਚਾਰ ਨੂੰ ਇਸ ਤਰ੍ਹਾਂ ਘਰ-ਘਰ ਪੁਚਾ ਦਿੱਤਾ ਜਾਵੇ ਕਿ ਲੋਕ ਇਹ ਸੋਚ ਲੈਣ ਕਿ ਬਚਿਆ ਹੀ ਕੋਈ ਨਹੀਂ, ਇਸ ਲਈ ਭ੍ਰਿਸ਼ਟਾਚਾਰ ਦੇ ਖਾਤਮੇ ਬਾਰੇ ਸੋਚਣਾ ਛੱਡ ਦੇਣ। ਭ੍ਰਿਸ਼ਟਾਚਾਰ ਜਦੋਂ ਹਰ ਘਰ ਤੱਕ ਪਹੁੰਚ ਜਾਂਦਾ ਹੈ, ਬਿਜਲੀ ਦੀ ਦੋ-ਚਾਰ ਸੌ ਰੁਪਏ ਦੀ ਚੋਰੀ ਕਰਨ ਵਾਲਾ ਵੀ ਆਵਾਜ਼ ਨਹੀਂ ਉਠਾ ਸਕਦਾ, ਉਸ ਨੂੰ ਆਪਣੀ ਦੋ-ਚਾਰ ਸੌ ਰੁਪਏ ਦੀ ਚੋਰੀ ਦਾ ਮਿਹਣਾ ਵੱਜਣ ਦਾ ਖਦਸ਼ਾ ਰਾਜ ਕਰਨ ਵਾਲਿਆਂ ਦੀ ਦੋ-ਚਾਰ ਹਜ਼ਾਰ ਕਰੋੜ ਦੀ ਚੋਰੀ ਬਾਰੇ ਚੁੱਪ ਵੱਟ ਜਾਣ ਲਈ ਮਜਬੂਰ ਕਰ ਦਿੰਦਾ ਹੈ। ਆਖਰ ਨੂੰ ਹੋਇਆ ਵੀ ਇਹੋ ਹੈ।

ਪੰਜਾਬ ਦੀ ਇਸ ਸਾਲ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਲੱਖ ਦਾਅਵੇ ਕਰਦੀ ਰਹੇ ਕਿ ਉਹ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਖਤਮ ਕਰ ਦੇਵੇਗੀ, ਇਹ ਕੰਮ ਕਦੇ ਨਹੀਂ ਹੋਣਾ। ਬਿਜਲੀ ਮੁਫਤ ਸਣੇ ਬਹੁਤ ਸਾਰੇ ਮਾਮਲਿਆਂ ਵਿਚ ਲੋਕਾਂ ਨੂੰ ਛੋਟਾਂ ਤੇ ਸਹੂਲਤਾਂ ਦੇ ਵਾਅਦੇ ਨਾਲ ਸਰਕਾਰ ਬਣੀ ਹੈ, ਅੱਜ ਉਹ ਕੀਤੇ ਗਏ ਵਾਅਦੇ ਪੂਰੇ ਵੀ ਕਰ ਲਵੇ ਤਾਂ ਜਿਸ ਕਿਸੇ ਮਾਮਲੇ ਵਿਚ ਭ੍ਰਿਸ਼ਟਾਚਾਰ ਦਾ ਵਹਿਣ ਬੰਦ ਕੀਤਾ, ਗਲਤ ਲਾਭ ਲੈਣ ਵਾਲੇ ਇਸ ਦੇ ਖ਼ਿਲਾਫ ਏਨੀ ਵੱਡੀ ਗਿਣਤੀ ਵਿਚ ਹੋ ਜਾਣਗੇ ਅਤੇ ਹੋ ਰਹੇ ਹਨ ਕਿ ਸਰਕਾਰ ਨੂੰ ਸੰਭਲਣਾ ਔਖਾ ਹੋ ਜਾਂਦਾ ਹੈ। ਇੱਕ ਅੰਦਾਜ਼ੇ ਮੁਤਾਬਕ ਜਾਅਲੀ ਪੈਨਸ਼ਨਾਂ ਪੰਜਾਬ ਵਿਚ ਪੰਜਾਹ ਹਜ਼ਾਰ ਤੋਂ ਵੱਧ ਹਨ, ਜਦੋਂ ਇਨ੍ਹਾਂ ਨੂੰ ਬੰਦ ਕੀਤਾ ਤਾਂ ਇਨ੍ਹਾਂ ਪੰਜਾਹ ਹਜ਼ਾਰ ਦੇ ਨਾਲ ਪਰਿਵਾਰਾਂ ਦੇ ਲੋਕ ਜੋੜ ਕੇ ਦੋ ਲੱਖ ਤੋਂ ਵੱਧ ਲੋਕ ਨਾਰਾਜ਼ ਹੋ ਜਾਣਗੇ। ਕੇਂਦਰ ਸਰਕਾਰ ਦੇ ਅੰਦਾਜ਼ੇ ਮੁਤਾਬਕ ਪੰਜਾਬ ਵਿਚ ਸੱਤ ਲੱਖ ਪੀਲੇ ਅਤੇ ਨੀਲੇ ਜਾਅਲੀ ਕਾਰਡ ਬਣਾ ਕੇ ਗਰੀਬਾਂ ਵਾਲਾ ਸਸਤਾ ਅਨਾਜ ਲਿਆ ਜਾਂਦਾ ਹੈ, ਲਗਜ਼ਰੀ ਕਾਰਾਂ ਉੱਤੇ ਸਸਤਾ ਰਾਸ਼ਨ ਲੈਣ ਵਾਲੇ ਆਉਂਦੇ ਵੇਖੇ ਜਾ ਚੁੱਕੇ ਹਨ, ਜਿਸ ਦਿਨ ਸਰਕਾਰ ਨੂੰ ਇਹ ਬੰਦ ਕਰਨੇ ਪਏ, ਬਿਜਲੀ ਖਪਤ ਦੇ ਤਿੰਨ ਸੌ ਯੂਨਿਟ ਮੁਆਫ ਕੀਤੇ ਕਿਸੇ ਨੂੰ ਯਾਦ ਨਹੀਂ ਆਉਣੇ, ਗਲਤ ਪੀਲੇ-ਨੀਲੇ ਕਾਰਡਾਂ ਨਾਲ ਮਿਲਦਾ ਅਨਾਜ ਬੰਦ ਹੋਣ ਦੀ ਪੀੜ ਨੇ ਤੀਹ ਲੱਖ ਦੇ ਕਰੀਬ ਲੋਕ ਦੁਖੀ ਕਰ ਦੇਣੇ ਹਨ। ਇਸ ਤਰ੍ਹਾਂ ਦੀਆਂ ਝੂਠੇ ਤੰਦ ਨਾਲ ਬੱਝੀਆਂ ਹੋਰ ਵੀ ਕਈ ਮੱਦਾਂ ਗਿਣਾਈਆਂ ਜਾ ਸਕਦੀਆਂ ਹਨ, ਜਿਨ੍ਹਾਂ ਦੇ ਖ਼ਿਲਾਫ ਕਾਰਵਾਈ ਸਰਕਾਰ ਨੂੰ ਮਹਿੰਗੀ ਪੈ ਸਕਦੀ ਹੈ। ਮੈਂ ਜਲੰਧਰ ਦਾ ਇਕ ਬਾਜ਼ਾਰ ਇਹੋ ਜਿਹਾ ਨਿੱਤ ਦਿਨ ਵੇਖਦਾ ਹਾਂ, ਜਿਸ ਦੀ ਚੌੜਾਈ ਪੰਜਾਹ ਫੁੱਟ ਹੈ, ਅਮਲ ਵਿਚ ਓਥੇ ਦਸ ਫੁੱਟ ਤੋਂ ਵੱਧ ਦੀ ਨਹੀਂ ਜਾਪਦੀ। ਦੋਵੇਂ ਪਾਸੇ ਪੰਜ-ਪੰਜ ਫੁੱਟ ਜਿਹੜੇ ਫੁੱਟਪਾਥ ਲਈ ਛੱਡੇ ਹੋਏ ਹਨ, ਉਨ੍ਹਾਂ ਉੱਤੇ ਨੇੜਲੇ ਦੁਕਾਨਦਾਰਾਂ ਨੇ ਇੱਕ-ਇੱਕ ਮੇਜ਼ ਰੱਖ ਕੇ ਸਾਮਾਨ ਰੱਖਿਆ ਹੈ, ਬਾਕੀ ਪੰਜਾਹ ਫੁੱਟ ਵਿਚੋਂ ਦਸ-ਦਸ ਫੁੱਟ ਅੱਗੇ ਵਧਾਵਾਂ ਡੰਡਾ ਲਾ ਕੇ ਉਸ ਨਾਲ ਸਾਮਾਨ ਲਮਕਾਇਆ ਤੇ ਉਸ ਦੇ ਬਾਅਦ ਆਪੋ-ਆਪਣੀ ਗੱਡੀ ਖੜੀ ਕੀਤੀ ਹੋਈ ਹੈ। ਜਿੰਨਾ ਥਾਂ ਬਾਕੀ ਬਚਦਾ ਹੈ, ਇੱਕ ਗ੍ਰਾਹਕ ਗੱਡੀ ਲੈ ਆਵੇ ਤਾਂ ਦੋਵੇਂ ਪਾਸੇ ਜਾਮ ਲੱਗ ਜਾਂਦਾ ਹੈ, ਪਰ ਦੁਕਾਨਦਾਰਾਂ ਨੂੰ ਕੋਈ ਇਹ ਨਹੀਂ ਕਹਿ ਸਕਦਾ ਕਿ ਦੁਕਾਨਾਂ ਦੇ ਅੱਗੇ ਪੰਦਰਾਂ-ਸੋਲਾਂ ਫੁੱਟ ਜਗ੍ਹਾ ਰੋਕ ਕੇ ਤੁਸੀਂ ਨਾਜਾਇਜ਼ ਕਬਜ਼ਾ ਨਾ ਕਰੋ। ਜਿਸ ਦਿਨ ਇਹ ਗੱਲ ਕੋਈ ਕਹੇਗਾ, ਸਾਰੇ ਦੁਕਾਨਦਾਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਆਪਣੇ ਖ਼ਿਲਾਫ ਕਰ ਲਵੇਗਾ। ਅਗਲੀ ਵਾਰੀ ਉਸ ਪਾਰਟੀ ਦੇ ਜਿਸ ਵੀ ਉਮੀਦਵਾਰ ਨੂੰ ਓਥੋਂ ਟਿਕਟ ਮਿਲਣੀ ਹੋਈ, ਉਹ ਕਾਰਵਾਈ ਨਹੀਂ ਹੋਣ ਦੇਵੇਗਾ। ਕਈ ਲੋਕ ਇਹ ਗੱਲ ਕਹਿੰਦੇ ਸੁਣੇ ਜਾਣ ਲੱਗ ਪਏ ਹਨ ਕਿ ਪੰਜਾਬ ਦੀ ਮੌਜੂਦਾ ਸਰਕਾਰ ਚੱਲ ਨਹੀਂ ਸਕਣੀ, ਉਹ ਠੀਕ ਕਹਿੰਦੇ ਹਨ ਜਾਂ ਗਲਤ, ਸਮਾਂ ਇਸ ਦਾ ਨਿਰਣਾ ਕਰੇਗਾ, ਪਰ ਇੱਕ ਗੱਲ ਸਾਫ ਹੈ ਕਿ ਪੰਜਾਬ ਦੇ ਲੋਕਾਂ ਨੇ ਫਤਵਾ ਧਰਤੀ ਹਲੂਣਵਾਂ ਦਿੱਤਾ ਸੀ।

ਜਦੋਂ ਅਸੀਂ ਪੰਜਾਬੋਂ ਬਾਹਰ ਵੇਖਦੇ ਹਾਂ ਤਾਂ ਇਸ ਸਾਲ ਹੋਈਆਂ ਚੋਣਾਂ ਵਿਚ ਹੋਰਨਾਂ ਰਾਜਾਂ ਵਿਚ ਆਮ ਤੌਰ ਉੱਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਜਪਾ ਦੀ ਜੇਤੂ ਮੁਹਿੰਮ ਜਾਰੀ ਰਹੀ ਜਾਪਦੀ ਹੈ, ਪਰ ਇਹ ਹਕੀਕਤ ਨਹੀਂ, ਅਸਲ ਵਿਚ ਭਾਜਪਾ ਨੂੰ ਇਸ ਸਾਲ ਧੱਕਾ ਲੱਗਾ ਹੈ। ਮਨੀਪੁਰ ਵਰਗੇ ਛੋਟੇ ਜਿਹੇ ਰਾਜ ਵਿਚ ਉਸ ਨੇ ਇੱਕ ਪਾਰਟੀ ਦਾ ਮੁੱਖ ਮੰਤਰੀ ਆਪਣੇ ਵਿਚ ਮਿਲਾ ਕੇ ਓਸੇ ਨੂੰ ਮੁੱਖ ਮੰਤਰੀ ਬਣਾ ਕੇ ਭਾਜਪਾ ਦੀ ਇੱਕ ਹੋਰ ਸਰਕਾਰ ਬਣਾਉਣ ਵਾਲਾ ਪ੍ਰਭਾਵ ਬਣਾਇਆ ਸੀ, ਗੁਜਰਾਤ ਵਿਚ ਉਹ ਅੱਗੇ ਨਾਲੋਂ ਮਜ਼ਬੂਤ ਹੋਈ ਹੈ, ਪਰ ਹਿਮਾਚਲ ਪ੍ਰਦੇਸ਼ ਵਿਚ ਉਸਦੀ ਬਹੁਤ ਬੁਰੀ ਹਾਰ ਵੀ ਇਸੇ ਸਾਲ ਹੋਈ ਹੈ। ਦਿੱਲੀ ਦੀਆਂ ਤਿੰਨ ਮਿਊਂਸਿਪਲ ਕਾਰਪੋਰੇਸ਼ਨਾਂ ਤੋੜ ਕੇ ਸਾਰੀ ਦਿੱਲੀ ਦੀ ਇੱਕ ਕਾਰਪੋਰੇਸ਼ਨ ਇਹ ਸੋਚ ਕੇ ਬਣਾਈ ਸੀ ਕਿ ਉਸ ਦਾ ਮੇਅਰ ਬਣਾਇਆ ਕੋਈ ਭਾਜਪਾ ਆਗੂ ਦਿੱਲੀ ਦੇ ਮੁੱਖ ਮੰਤਰੀ ਦੀ ਸਿਆਸੀ ਸੌਂਕਣ ਵਰਗਾ ਹੋਵੇਗਾ, ਪਰ ਦਾਅ ਉਲਟਾ ਪਿਆ ਹੈ। ਭਾਜਪਾ ਪੰਦਰਾਂ ਸਾਲਾਂ ਦਾ ਕਬਜ਼ਾ ਓਥੇ ਕਾਇਮ ਨਹੀਂ ਰੱਖ ਸਕੀ ਅਤੇ ਬੁਰੀ ਤਰ੍ਹਾਂ ਹਾਰ ਗਈ ਹੈ। ਹਿਮਾਚਲ ਪ੍ਰਦੇਸ਼ ਵਾਲੀ ਹਾਰ ਉਸ ਲਈ ਇਸ ਲਈ ਵੀ ਮਾਰੂ ਹੈ ਕਿ ਫੌਜੀਆਂ ਦੀ ਬਹੁਤ ਵੱਡੀ ਗਿਣਤੀ ਉਸ ਰਾਜ ਵਿਚ ਮੰਨੀ ਜਾਂਦੀ ਹੈ ਅਤੇ ਡਾਕ ਵਿਚ ਆਏ ਬੈਲੇਟ ਪੇਪਰਾਂ ਵਿਚ ਤੇਰਾਂ ਸਾਲ ਪਿੱਛੋਂ ਇਹ ਪਾਰਟੀ ਬੁਰੀ ਤਰ੍ਹਾਂ ਪਛੜ ਜਾਣ ਨਾਲ ਨਵੀਂ ਜਾਰੀ ਕੀਤੀ ਅਗਨੀਵੀਰ ਵਾਲੀ ਸਕੀਮ ਦੀ ਹਾਰ ਜਾਪਦੀ ਹੈ। ਭਾਜਪਾ ਦੇ ਆਪਣੇ ਕਈ ਲੀਡਰ ਮੰਨਦੇ ਹਨ ਕਿ ਇਸ ਸਕੀਮ ਦਾ ਮਾੜਾ ਅਸਰ ਪਿਆ ਹੈ, ਪਰ ਲੀਡਰਸ਼ਿਪ ਨਹੀਂ ਮੰਨਦੀ।

ਕਾਂਗਰਸੀ ਆਗੂ ਦਾਅਵਾ ਕਰ ਸਕਦੇ ਹਨ ਕਿ ਇਸ ਸਾਲ ਉਨ੍ਹਾਂ ਨੇ ਪੰਜਾਬ ਗੁਆਇਆ ਤਾਂ ਉਸ ਦੇ ਬਦਲੇ ਹਿਮਾਚਲ ਪ੍ਰਦੇਸ਼ ਜਿੱਤ ਕੇ ਕਸਰ ਕੱਢ ਲਈ ਹੈ, ਗੁਜਰਾਤ ਅਤੇ ਦਿੱਲੀ ਵਿਚ ਜਿਸ ਤਰ੍ਹਾਂ ਇਸ ਪਾਰਟੀ ਨੂੰ ਸੱਟਾਂ ਪਈਆਂ ਹਨ, ਉਨ੍ਹਾਂ ਦੇ ਕਾਰਨ ਇਨ੍ਹਾਂ ਆਗੂਆਂ ਨੂੰ ਮੁੜ ਕੇ ਆਪਣੇ ਦਾਅ-ਪੇਚਾਂ ਦੀ ਪੁਣ-ਛਾਣ ਕਰਨ ਦੀ ਲੋੜ ਹੈ। ਅਗਲੇਰੇ ਸਾਲ ਲੋਕ ਸਭਾ ਚੋਣਾਂ ਹੋਣ ਵਾਲੀਆਂ ਹਨ ਅਤੇ ਇਹ ਪਾਰਟੀ ਉਨ੍ਹਾਂ ਚੋਣਾਂ ਦਾ ਸਾਹਮਣਾ ਕਰਨ ਲਈ ਸਿਰਫ ਰਾਹੁਲ ਗਾਂਧੀ ਦੀ ਪਦ-ਯਾਤਰਾ ਉੱਤੇ ਟੇਕ ਲਾਈ ਬੈਠੀ ਜਾਪਦੀ ਹੈ। ਰਾਹੁਲ ਕਿਸੇ ਕਾਂਗਰਸੀ ਸਰਕਾਰ ਵਾਲੇ ਰਾਜ ਵਿਚ ਜਾਂਦਾ ਹੈ ਤਾਂ ਭੀੜਾਂ ਜੁੜਦੀਆਂ ਵੇਖ ਕੇ ਕਾਂਗਰਸੀ ਖੁਸ਼ ਹੋ ਜਾਂਦੇ ਹਨ, ਪਰ ਜਦੋਂ ਹੋਰਨਾਂ ਪਾਰਟੀਆਂ ਦੀਆਂ ਸਰਕਾਰਾਂ ਦੇ ਰਾਜ ਵਿਚ ਜਾਂਦੇ ਹਨ ਤਾਂ ਭੀੜ ਖਾਸ ਨਹੀਂ ਹੁੰਦੀ। ਇਸ ਤੋਂ ਸਾਫ ਪਤਾ ਲੱਗਦਾ ਹੈ ਕਿ ਇਹ ਯਾਤਰਾ ਬਹੁਤਾ ਫਾਇਦਾ ਕਰਨ ਵਾਲੀ ਨਹੀਂ ਬਣ ਸਕੀ। ਉਨ੍ਹਾਂ ਦੀ ਪਾਰਲੀਮੈਂਟ ਵਿਚ ਕਾਰਕਰਦਗੀ ਵੀ ਬਹੁਤੀ ਚੰਗੀ ਨਹੀਂ। ਬਹਿਸ ਦੌਰਾਨ ਇਸ ਪਾਰਟੀ ਦੇ ਨੇਤਾ ਆਪਸ ਵਿਚ ਕਦੇ ਤਾਲਮੇਲ ਵੀ ਪੂਰਾ ਨਹੀਂ ਕਰ ਸਕੇ, ਅਗਵਾਈ ਉਸ ਬੰਗਾਲੀ ਆਗੂ ਕੋਲ ਹੈ, ਜਿਸ ਦੀ ਹਿੰਦੀ ਕਮਜ਼ੋਰ ਹੋਣ ਕਾਰਨ ਆਏ ਦਿਨ ਆਪਣੇ ਕਹੇ ਸ਼ਬਦਾਂ ਨਾਲ ਫਸਿਆ ਰਹਿੰਦਾ ਹੈ। ਕਾਂਗਰਸ ਦਾ ਪਾਰਲੀਮੈਂਟ ਵਿਚ ਨੱਕ-ਨਮੂਜ ਬਚਦਾ ਨਜ਼ਰ ਆਉਂਦਾ ਹੈ ਤਾਂ ਪੰਜਾਬ ਦੇ ਕਾਂਗਰਸੀ ਐੱਮ ਪੀ ਵਿਚੋਂ ਕੁਝ ਬੁਲਾਰਿਆਂ ਕਰਕੇ ਬਚਿਆ ਪਿਆ ਹੈ, ਵਰਨਾ ਪਾਰਟੀ ਦਾ ਨਵਾਂ ਪ੍ਰਧਾਨ ਮਲਿਕਾਰਜੁਨ ਖੜਗੇ ਵੀ ਓਥੇ ਇਸ ਵਾਰ ਕੋਈ ਖਾਸ ਅਸਰ ਨਹੀਂ ਪਾ ਸਕਿਆ।

ਜਿਹੜੀ ਗੱਲ ਇਸ ਸਾਲ ਬੜੀ ਉੱਭਰ ਕੇ ਆਈ ਤੇ ਹਰ ਕਿਸੇ ਲਈ ਚਿੰਤਾ ਵਾਲੀ ਹੋਣੀ ਚਾਹੀਦੀ ਹੈ, ਉਹ ਧਰਮ ਦੇ ਨਾਂਅ ਉੱਤੇ ਜਨੂੰਨ ਦਾ ਤੇਜ਼ ਹੋਣਾ ਹੈ। ਬਹੁਤ ਸਾਰੇ ਦੇਸ਼ਾਂ ਵਿਚ ਇਸ ਸਾਲ ਏਦਾਂ ਦੀਆਂ ਹਰਕਤਾਂ ਹੋਈਆਂ ਹਨ, ਪਰ ਈਰਾਨ ਵਿਚ ਹਿਜਾਬ ਦੇ ਮਾਮੂਲੀ ਜਿਹਾ ਸਰਕ ਜਾਣ ਕਾਰਨ ਓਥੇ ਪੁਲਿਸ ਵੱਲੋਂ ਮਾਹਿਸਾ ਅਮੀਨੀ ਨਾਂਅ ਦੀ ਕੁੜੀ ਨੂੰ ਥਾਣੇ ਲਿਜਾ ਕੇ ਕੁੱਟ-ਕੁੱਟ ਕੇ ਮਾਰ ਦੇਣ ਦੀ ਘਟਨਾ ਨੇ ਸਾਰੇ ਸੰਸਾਰ ਨੂੰ ਝੰਜੋੜ ਦਿੱਤਾ ਹੈ। ਈਰਾਨ ਸਰਕਾਰ ਨੇ ਇਸ ਦੇ ਬਾਅਦ ਕੋਈ ਲਚਕ ਵਿਖਾਉਣ ਦੀ ਥਾਂ ਇਸ ਦਾ ਰੋਸ ਕਰਦੇ ਲੋਕਾਂ ਉੱਤੇ ਤਸ਼ੱਦਦ ਕੀਤਾ ਤਾਂ ਸੰਸਾਰ ਵਿਚ ਉਸ ਦੇਸ਼ ਦੀ ਹੋਰ ਬਦਨਾਮੀ ਹੋਈ ਹੈ। ਅਫਗਾਨਿਸਤਾਨ ਵਿਚ ਜਿਹੜਾ ਜਨੂੰਨ ਭੜਕਾਉਣ ਲਈ ਪਾਕਿਸਤਾਨ ਸਰਕਾਰ ਹਰ ਕਿਸਮ ਦੀ ਮਦਦ ਤਾਲਿਬਾਨ ਨੂੰ ਦੇਂਦੀ ਰਹੀ ਸੀ, ਉਹੀ ਜਨੂੰਨ ਅੱਜ ਪਾਕਿਸਤਾਨ ਵਿਚ ਭੜਕਦਾ ਪਿਆ ਹੈ ਤੇ ਰਾਜਨੀਤਕ ਆਗੂ ਆਪਸੀ ਭੇੜ ਵਿਚ ਜਨੂੰਨੀਆਂ ਦੀ ਇੱਕ ਜਾਂ ਦੂਸਰੀ ਧਿਰ ਦੀ ਮਦਦ ਮੰਗਣ ਲਈ ਉਨ੍ਹਾਂ ਦੀ ਪਸੰਦ ਦੇ ਪੈਂਤੜੇ ਲੈਣ ਲੱਗ ਪਏ ਹਨ। ਸ਼ਾਇਦ ਇਹ ਗੱਲਾਂ ਉਸ ਦੇਸ਼ ਨੂੰ ਹੌਲੀ-ਹੌਲੀ ਇੱਕ ਵਾਰੀ ਫਿਰ ਫੌਜੀ ਰਾਜ ਵੱਲ ਲਿਜਾ ਰਹੀਆਂ ਹਨ, ਓਥੋਂ ਦੇ ਆਗੂ ਇਸ ਨੂੰ ਜਾਣ ਕੇ ਵੀ ਵਹਿਣ ਵਿਚ ਵਗਦੇ ਜਾ ਰਹੇ ਹਨ। ਉਧਰ ਸਾਡੇ ਆਪਣੇ ਭਾਰਤ ਦੇਸ਼ ਵਿਚ ਵੀ ਹਰ ਧਰਮ ਨਾਲ ਜੁੜੀਆਂ ਕੱਟੜਪੰਥੀ ਤਾਕਤਾਂ ਪਹਿਲਾਂ ਨਾਲੋਂ ਵੱਧ ਜ਼ੋਰ ਨਾਲ ਹਾਲਾਤ ਦੀ ਕਮਾਨ ਸਾਂਭਣ ਲਈ ਸਰਗਰਮ ਹਨ ਅਤੇ ਲੋਕਾਂ ਵੱਲੋਂ ਚੁਣੇ ਹੋਏ ਸਿਆਸੀ ਆਗੂ ਇਕੱਲੇ ਨਹੀਂ, ਧਾਰਮਿਕ ਆਗੂ ਵੀ ਆਪਣੀ ਇੱਜ਼ਤ ਨੂੰ ਹੱਥ ਪੈਣ ਦੇ ਡਰ ਕਾਰਨ ਉਨ੍ਹਾਂ ਜਨੂੰਨੀਆਂ ਦੇ ਮੂਹਰੇ ਝੁਕਦੇ ਤੇ ਉਨ੍ਹਾਂ ਦੀ ਹਰ ਗੱਲ ਮੰਨਦੇ ਦਿਖਾਈ ਦੇਂਦੇ ਹਨ। ਇਸ ਹਾਲ ਵਿਚ ਨਵੇਂ ਸਾਲ ਵਿਚ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਵੀ ਫਿਰਕੂ ਖਤਰੇ ਉੱਭਰਨ ਦੀ ਸੰਭਾਵਨਾ ਵਧਣ ਦਾ ਡਰ ਹੈ।

ਬੀਤਿਆ ਸਾਲ ਰੂਸ ਦੀ ਯੂਕਰੇਨ ਨਾਲ ਜੰਗ ਵੀ ਲੋਕਾਂ ਸਾਹਮਣੇ ਪਰੋਸਣ ਵਾਲਾ ਸਾਬਤ ਹੋਇਆ ਹੈ। ਇਹ ਜੰਗ ਹੋਣੀ ਨਹੀਂ ਸੀ ਚਾਹੀਦੀ, ਇਸ ਦਾ ਕੋਈ ਸ਼ਾਂਤਮਈ ਹੱਲ ਕੱਢਿਆ ਜਾਣਾ ਚਾਹੀਦਾ ਸੀ, ਪਰ ਨਿਕਲ ਨਹੀਂ ਸਕਿਆ। ਇਸ ਦਾ ਪ੍ਰਮੁੱਖ ਕਾਰਨ ਅਮਰੀਕਾ ਅਤੇ ਉਸ ਦੇ ਨਾਟੋ ਗਰੁੱਪ ਵਾਲੇ ਸਾਥੀਆਂ ਵੱਲੋਂ ਯੂਕਰੇਨ ਨੂੰ ਰੂਸ ਦੇ ਮੂਹਰੇ ਖੜ੍ਹਾ ਕਰਨ ਤੇ ਜੰਗ ਵਿਚ ਆਪ ਪਿੱਛੇ ਰਹਿ ਕੇ ਉਸ ਨੂੰ ਹਰ ਤਰ੍ਹਾਂ ਦਾ ਜੰਗੀ ਸਾਮਾਨ ਦੇ ਕੇ ਰੂਸ ਨੂੰ ਫਸਾਈ ਰੱਖਣ ਦੀ ਨੀਤੀ ਹੈ। ਸੰਸਾਰ ਦੇ ਲੋਕਾਂ ਨੂੰ ਇਸ ਜੰਗ ਤੋਂ ਤੀਸਰੀ ਵੱਡੀ ਜੰਗ ਲੱਗਣ ਦਾ ਖਤਰਾ ਭਾਸਦਾ ਹੈ ਤੇ ਇਸ ਸਾਲ ਵਿਚ ਕਈ ਵਾਰ ਇਹ ਗੱਲ ਕਹੀ ਗਈ ਹੈ ਕਿ ਜੰਗ ਐਟਮੀ ਹਥਿਆਰਾਂ ਤੱਕ ਪਹੁੰਚ ਸਕਦੀ ਹੈ। ਦੂਸਰੀ ਸੰਸਾਰ ਜੰਗ ਤੋਂ ਬਾਅਦ ਬਣੀ ਸਾਰੇ ਸੰਸਾਰ ਦੀ ਸਾਂਝੀ ਸੱਥ ਯੂ ਐੱਨ ਓ ਮਤੇ ਪਾਸ ਕਰਨ ਤੋਂ ਅੱਗੇ ਵਧਣ ਜੋਗੀ ਨਹੀਂ ਤੇ ਉਹ ਬਹੁਤਾ ਕਰ ਕੇ ਅਮਰੀਕੀ ਧਿਰ ਨਾਲ ਜੁੜੇ ਹੋਏ ਦੇਸ਼ਾਂ ਦੇ ਦਬਾਅ ਹੇਠ ਫੈਸਲੇ ਕਰੀ ਜਾਂਦੀ ਹੈ। ਅਸਲੀ ਵੱਡਾ ਖਤਰਾ ਅਣਗੌਲਿਆ ਕੀਤਾ ਜਾ ਰਿਹਾ ਹੈ।

ਕੁੱਲ ਮਿਲਾ ਕੇ ਕਹੀਏ ਤਾਂ ਜਾਣ ਵਾਲਾ ਸਾਲ ਕੋਈ ਸੁੱਖ-ਸਾਂਦ ਦੀ ਵੱਡੀ ਝਲਕ ਦੇ ਕੇ ਨਹੀਂ ਸੀ ਗਿਆ, ਪਰ ਹਰ ਵਾਰੀ ਵਾਂਗ ਇਸ ਵਾਰ ਅਗਲੇ ਸਾਲ ਤੋਂ ਲੋਕ ਸੁੱਖ ਦੀ ਆਸ ਵਿਚ ਅੱਖਾਂ ਵਿਛਾ ਰਹੇ ਹਨ, ਜਿਸ ਦੇ ਅਗੇਤੇ ਲੱਛਣ ਚੰਗੇ ਨਹੀਂ ਜਾਪਦੇ। ਫਿਰ ਵੀ ਕਿਉਂਕਿ ਬਾਬੇ ਕਹਿੰਦੇ ਹੁੰਦੇ ਸਨ ਕਿ ਆਸ ਨਾਲ ਜਹਾਨ ਕਾਇਮ ਹੁੰਦਾ ਹੈ, ਇਸ ਲਈ ਅਗਲੇ ਸਾਲ ਤੋਂ ਇਹ ਆਸ ਕਰਨ ਤੋਂ ਸਿਵਾ ਕੋਈ ਚਾਰਾ ਨਹੀਂ ਕਿ ਪਿੱਛੇ ਜੋ ਵੀ ਹੋਇਆ, ਭਵਿੱਖ ਹੀ ਚੰਗਾ ਨਿਕਲ ਆਵੇ।

## ਮਿਹਨਤ

(ਪਿਛਲੇ ਸਫੇ ਦਾ ਬਾਕੀ)

ਮੈਂ ਇਧਰੋਂ ਲੰਘ ਰਿਹਾ ਸੀ ਕਿ ਤੈਨੂੰ ਤੇਰਾ ਨਤੀਜਾ ਦੱਸ ਦੇਵਾਂ। ਦੋਵੇਂ ਖੁਸ਼ ਹੋਏ ਮਾਪਿਆਂ ਨੇ ਉਸ ਨੂੰ ਅੰਦਰ ਆਉਣ ਲਈ ਆਖਿਆ। ਭਾਵੇਂ ਉਸ ਦਾ ਮਨ ਸ਼ੀਲਾ ਨਾਲ ਗੱਲਾਂ ਕਰਨ ਨੂੰ ਕਰ ਰਿਹਾ ਸੀ ਪਰ ਉਸ ਨੇ ਕਿਹਾ ਨਹੀਂ ਮੈਂ ਚਲਦਾ ਹਾਂ ਜਦੋਂ ਦੁਬਾਰਾ ਉਸ ਨੂੰ ਕਿਹਾ ਗਿਆ ਤਾਂ ਉਹ ਆ ਗਿਆ ਕਿਉਂਕਿ ਉਹ ਇਹ ਸਮਾਂ ਗੁਆਉਣਾ ਨਹੀਂ ਚਾਹੁੰਦਾ ਸੀ। ਉਨ੍ਹਾਂ ਨੂੰ ਕੁਝ ਸਮਾਂ ਮਿਲਿਆ ਤਾਂ ਉਨ੍ਹਾਂ ਨੇ ਕਾਲਜ ਵਿਚ ਦਾਖਲ ਹੋਣ ਸਬੰਧੀ ਸਲਾਹ ਕਰ ਲਈ ਅਤੇ ਰੋਜ਼ਾਨਾ ਮਿਲਣ ਦਾ ਸਬੱਬ ਕਰ ਲਿਆ।

ਅਗਲੇ ਦਿਨ ਸਾਝਰੇ ਹੀ ਸ਼ੀਲਾ ਮੈਡਮ ਗੁਰਜੀਤ ਨੂੰ ਮਿਲਣ ਚਲੀ ਗਈ। ਹੱਥ ਵਿਚ ਲੱਡੂਆਂ ਦਾ ਡੱਬਾ ਉਸ ਨੇ ਮੈਡਮ ਦੀ ਝੋਲੀ ਵਿਚ ਰੱਖ ਦਿੱਤਾ ਅਤੇ ਮੈਡਮ ਨੇ ਉਸ ਨੂੰ ਘੁੱਟ ਕੇ ਗੱਲ ਨਾਲ ਲਾ ਲਿਆ। ਸ਼ੀਲਾ ਨੂੰ ਉਸ ਮਿਲਣੀ ਵਿਚੋਂ ਵੱਡੀ ਭੈਣ ਦਾ ਪਿਆਰ ਮਿਲਿਆ। ਮੈਡਮ ਬਹੁਤ ਖੁਸ਼ ਹੋਈ ਤੇ ਆਖਿਆ ਹੁਣ ਤੈਨੂੰ ਅੱਗੇ ਦਾਖਲਾ ਮੈਂ ਦਿਵਾਵਾਂਗੀ ਤੇ ਤੇਰੀ ਫੀਸ ਤੇ ਕਿਤਾਬਾਂ ਆਦਿ ਦਾ ਪ੍ਰਬੰਧ ਕਰ ਕੇ ਦੇਵਾਂਗੀ। ਇਸੇ ਤਰ੍ਹਾਂ ਮੇਹਨਤ ਨਾਲ ਅੱਗੇ ਵਧਣਾ ਹੈ। ਮੈਂ ਤੇਰੇ ਚੰਗੇ ਭਵਿੱਖ ਦੀ ਕਾਮਨਾ ਕਰਦੀ ਹਾਂ।

ਸ਼ੀਲਾ ਨੂੰ ਕਾਲਜ ਵਿਚ ਦਾਖਲਾ ਮਿਲ ਗਿਆ। ਉਸ ਦੇ ਨੰਬਰਾਂ ਕਾਰਨ ਉਸ ਨੂੰ ਕਿਤਾਬਾਂ ਲਾਇਬ੍ਰੇਰੀ ਵਿਚੋਂ ਮਿਲ ਗਈਆਂ। ਫੀਸ ਕਾਲਜ ਦੀ ਪ੍ਰਬੰਧਕ ਕਮੇਟੀ ਵਲੋਂ ਮੁਆਫ ਕਰ ਦਿੱਤੀ ਗਈ। ਇਸ 'ਤੇ ਉਸ ਨੂੰ ਹੌਸਲਾ ਹੋ ਗਿਆ। ਉਸ ਨੇ ਪੜ੍ਹਾਈ ਕਰਨੀ ਸ਼ੁਰੂ ਕਰ ਦਿੱਤੀ। ਪੂਰੀ ਮੇਹਨਤ ਕਰਨ ਲੱਗੀ। ਉਸ ਕਾਲਜ ਦੀ ਇਕ ਪ੍ਰੋਫੈਸਰ ਗੁਰਜੀਤ ਮੈਡਮ ਦੀ ਸਹੇਲੀ ਸੀ। ਮੈਡਮ ਨੇ ਵੀ ਉਸ ਪ੍ਰੋਫੈਸਰ ਨੂੰ ਸ਼ੀਲਾ ਦੀ ਮਦਦ ਕਰਨ ਬਾਰੇ ਆਖ ਦਿੱਤਾ। ਇਸ ਤਰ੍ਹਾਂ ਸਮੇਂ ਦੇ ਨਾਲ ਨਾਲ ਉਸ ਨੇ ਬੀ ਏ ਵਿਚ ਵੀ ਵਧੀਆ ਨੰਬਰ ਪ੍ਰਾਪਤ ਕਰ ਲਏ। ਮੈਡਮ ਗੁਰਜੀਤ ਦੇ ਸੰਪਰਕ ਵਿਚ ਉਹ ਰਹਿੰਦੀ ਹੀ ਸੀ ਅਤੇ ਜਦੋਂ ਮੈਡਮ ਨੂੰ ਉਸ ਨੇ ਨਤੀਜੇ ਬਾਰੇ ਖਬਰ ਕੀਤੀ ਤਾਂ ਮੈਡਮ ਬਹੁਤ ਖੁਸ਼ ਹੋਈ। ਉਸ ਨੇ ਸ਼ੀਲਾ ਨੂੰ ਸ਼ਾਬਾਸ਼ੀ ਦਿੱਤੀ ਤੇ ਉਸ ਨੂੰ ਮੁਕਾਬਲੇ ਦੇ ਇਮਤਿਹਾਨ ਬਾਰੇ ਦੱਸਿਆ ਤੇ ਅਗਲੇਰੀ ਪੜ੍ਹਾਈ ਦੇ ਨਾਲ ਨਾਲ ਮੁਕਾਬਲੇ ਦੇ ਇਮਤਿਹਾਨ ਦੀ ਤਿਆਰੀ ਲਈ ਵੀ ਮੇਹਨਤ ਕਰਨ ਬਾਰੇ ਕਿਹਾ। ਸ਼ੀਲਾ ਨੂੰ ਵੀ ਇਹ ਚੰਗਾ ਲੱਗਾ ਤੇ ਉਹ ਤਿਆਰੀ ਵਿਚ ਜੁਟ ਗਈ ਤੇ ਉਸੇ ਕਾਲਜ ਵਿਚ ਐਮ ਏ ਕਰਨ ਲੱਗ ਪਈ।

ਜਦੋਂ ਸ਼ੀਲਾ ਦੀ ਬੀ ਏ ਹੋ ਗਈ ਤਾਂ ਮੋਹਣੇ ਨੇ ਉਸ ਨੂੰ ਕਿਹਾ ਕਿ ਹੁਣ ਆਪਾਂ ਵਿਆਹ ਕਰਵਾ ਲਈਏ ਤੇ ਇਕੱਠੇ ਰਹਿਣਾ ਸ਼ੁਰੂ ਕਰ ਦੇਈਏ ਸਦਾ ਲਈ ਇੱਕ ਹੋਣ ਦੇ ਬਾਰੇ ਤਾਂ ਆਪਾਂ ਪਹਿਲਾਂ ਹੀ ਫੈਸਲਾ ਕਰ ਚੁਕੇ ਹਾਂ ਪ੍ਰੰਤੂ ਹੁਣ ਇਸ ਰਿਸ਼ਤੇ ਨੂੰ ਗੂੜ੍ਹਾ ਕਰ ਲਈਏ। ਸ਼ੀਲਾ ਮਨੋ ਤਾਂ ਇਹੋ ਚਾਹੁੰਦੀ ਸੀ ਪਰ ਉਸ ਦੇ ਸੁਪਨੇ ਤਾਂ ਹੋਰ ਅੱਗੇ ਵਧਣ ਦੇ ਸਨ ਅਤੇ ਉਸ ਨੂੰ ਖੁਸ਼ੀ ਸੀ ਕਿ ਮੋਹਣੇ ਨੇ ਇੰਜੀਨੀਅਰ ਬਣ ਕੇ ਵਿਖਾ ਦਿੱਤਾ ਸੀ। ਪ੍ਰੰਤੂ ਉਹ ਚਾਹੁੰਦੀ ਸੀ ਕਿ ਉਹ ਹੁਣ ਐਮ ਬੀ ਏ ਕਰ ਲਵੇ ਅਤੇ ਹੋਰਾਂ ਨੂੰ ਸਰ ਕਹਿਣ ਦੀ ਬਜਾਏ ਹੋਰ ਕਰਮਚਾਰੀ ਉਸ ਨੂੰ ਸਰ ਆਖ ਕੇ ਬੁਲਾਉਣ ਤੇ ਉਸ ਦੀ ਇੱਜ਼ਤ ਵਧੇ। ਇਸ ਲਈ ਉਸ ਨੇ ਉਸ ਨੂੰ ਮਨਾ ਲਿਆ ਤੇ ਖੁਦ ਉਹ ਅੱਗੇ ਹੋਰ ਪੜ੍ਹ ਕੇ ਮੁਕਾਬਲੇ ਦੇ ਇਮਤਿਹਾਨ ਵਿਚ ਬੈਠ ਉਚੀ ਪਦਵੀ ਲੈਣ ਬਾਰੇ ਸੋਚ ਰਹੀ ਸੀ। ਇਹ ਵਿਚਾਰਾਂ ਕਰਨ ਤੋਂ ਬਾਅਦ ਫੇਰ ਮਿਲਣ ਦਾ ਵਾਅਦਾ ਕਰ ਉਹ ਆਪਣੀ ਆਪਣੀ ਮੰਜ਼ਿਲ ਵਲ ਵਧਣ ਲਈ ਅਲੱਗ ਹੋ ਗਏ।

ਮੋਹਣੇ ਨੇ ਐਮ ਬੀ ਏ ਵਿਚ ਦਾਖਲਾ ਲੈ ਲਿਆ ਅਤੇ ਅਗਲੇਰੀ ਪੜ੍ਹਾਈ ਵਿਚ ਜੁਟ ਗਿਆ ਉਸ ਨੇ ਖੂਬ ਮਿਹਨਤ ਕੀਤੀ ਤੇ ਕਾਲਜ ਵਿਚਲੇ ਪ੍ਰੋਫੈਸਰ ਉਸ ਦੀ ਲਗਨ ਦੇਖ ਅਸ਼ ਅਸ਼ ਕਰ ਉਠੇ। ਉਨ੍ਹਾਂ ਨੂੰ ਯਕੀਨ ਸੀ ਕਿ ਇਹ ਲੜਕਾ ਜੀਵਨ ਵਿਚ ਬੁਲੰਦੀਆਂ ਛੂਹੇਗਾ। ਉਸ ਨੂੰ ਤਾਂ ਸ਼ੀਲਾ ਨੂੰ ਕੁਝ ਬਣ ਕੇ ਵਿਖਾਉਣ ਦੀ ਮੰਜ਼ਿਲ ਨਜ਼ਰ ਆ ਰਹੀ ਸੀ। ਜਦੋਂ ਰੁਜ਼ਗਾਰ ਲਈ ਇੰਟਰਵਿਊ ਹੋਈ ਤਾਂ ਕੰਪਨੀ ਨੂੰ ਉਸ ਨੂੰ ਚੰਗੀ ਤਨਖਾਹ ਦਾ ਵਾਅਦਾ ਕਰ ਚੁਣ ਲਿਆ ਤੇ ਅਖੀਰਲੀ ਛਿਮਾਹੀ ਤੋਂ ਉਸ ਨੂੰ ਅੱਧੀ ਤਨਖਾਹ ਦੇਣੀ ਮੰਨ ਲਈ ਤੇ ਐਮ ਬੀ ਏ ਪੂਰੀ ਕਰਨ 'ਤੇ ਕੰਮ 'ਤੇ ਆਉਣ ਲਈ ਆਖ ਦਿੱਤਾ। ਮੋਹਣੇ ਦੇ ਸਾਥੀ ਤੇ ਪ੍ਰੋਫੈਸਰ ਬਹੁਤ ਖੁਸ਼ ਹੋਏ। ਇਹ ਖਬਰ ਉਹ ਸ਼ੀਲਾ ਨੂੰ ਦੱਸਣਾ ਚਾਹੁੰਦਾ ਸੀ। ਉਹ ਉਸ ਦੇ ਕਾਲਜ ਵਿਚ ਚਲਾ ਗਿਆ। ਜਦੋਂ ਉਸ ਨੇ ਪਤਾ ਕੀਤਾ ਤਾਂ ਉਸ ਨੂੰ ਪਤਾ ਲੱਗਾ ਕਿ ਸ਼ੀਲਾ ਤਾਂ ਮੁਕਾਬਲੇ ਦਾ ਇਮਤਿਹਾਨ ਦੇਣ ਗਈ ਹੋਈ ਹੈ ਤਾਂ ਉਹ ਵਾਪਸ ਆ ਗਿਆ ਤੇ ਫੇਰ ਮਿਲਣ ਬਾਰੇ ਸੋਚਣ ਲੱਗਾ।

ਸ਼ੀਲਾ ਦਾ ਮੁਕਾਬਲੇ ਦਾ ਇਮਤਿਹਾਨ ਵਧੀਆ ਹੋ ਗਿਆ ਸੀ ਉਸ ਨੂੰ ਉਮੀਦ ਸੀ ਕਿ ਨਤੀਜਾ ਉਸ ਦੇ ਹੱਕ ਵਿਚ ਆਵੇਗਾ। ਉਹ ਹੁਣ ਐਮ.ਏ ਦੀ ਪੜ੍ਹਾਈ ਵਿਚ ਰੁੱਝ ਗਈ ਕਿਉਂ ਜੋ ਪੇਪਰ ਵੀ ਨੇੜੇ ਸਨ। ਖੂਬ ਮੇਹਨਤ ਕੀਤੀ ਪੇਪਰ ਦਿੱਤੇ ਤੇ ਘਰ ਪੁੱਜ ਗਈ। ਸਬੱਬ ਨਾਲ ਮੋਹਣਾ ਵੀ ਪਿੰਡ ਆਇਆ ਹੋਇਆ ਸੀ। ਉਸ ਨੂੰ ਇਹ ਪਤਾ ਸੀ ਕਿ ਜਦੋਂ ਸ਼ੀਲਾ ਪਿੰਡ ਆਵੇਗੀ ਮੈਡਮ ਗੁਰਜੀਤ ਨੂੰ ਜ਼ਰੂਰ ਮਿਲੇਗੀ। ਇਸ ਲਈ ਉਹ ਮੈਡਮ ਨੂੰ ਮਿਲ ਆਪਣੀ ਪ੍ਰਾਪਤੀ ਬਾਰੇ ਦੱਸ ਆਇਆ ਸੀ। ਮੈਡਮ ਦੀ ਖੁਸ਼ੀ ਵੇਖੀ ਨਹੀਂ ਜਾ ਰਹੀ ਸੀ। ਉਸ ਨੂੰ ਲੱਗ ਰਿਹਾ ਸੀ ਕਿ ਹੁਣ ਜੱਗੋਂ ਤੇਹਰਵੀਂ ਹੋਣ ਵਾਲੀ ਹੈ। ਉਸ ਨੂੰ ਉਮੀਦ ਸੀ ਕਿ ਜਾਤ-ਪਾਤ ਦੀ ਦੀਵਾਰ ਢਹਿਣ ਵਾਲੀ ਹੈ ਪਰ ਮਨ ਵਿਚ ਡਰ ਵੀ ਸੀ ਜੇ ਅਮੀਰੀ ਗਰੀਬੀ ਵਾਲੇ ਟੋਏ ਟਿੱਬੇ ਬਰਾਬਰ ਨਾ ਹੋ ਸਕੇ ਤਾਂ ਸ਼ੀਲਾ ਦੀ ਜ਼ਿੰਦਗੀ ਦਾ ਕੀ ਬਣੇਗਾ। ਉਸ ਨੂੰ ਪੂਰਨ ਯਕੀਨ ਸੀ ਖੁਦਾ ਵੀ ਜ਼ਰੂਰ ਮਦਦ ਕਰੇਗਾ ਕਿਉਂ ਜੋ ਪਿਆਰ ਕਰਨ ਵਾਲੇ ਸੱਚੇ ਅਤੇ ਮਿਹਨਤ ਕਰ ਰਹੇ ਸਨ। ਹਾਲੇ ਉਹ ਇਨ੍ਹਾਂ ਸੋਚਾਂ ਵਿਚ ਹੀ ਸੀ ਕਿ ਉਧਰੋਂ ਸ਼ੀਲਾ ਨੇ ਦਰਵਾਜ਼ੇ 'ਤੇ ਦਸਤਕ ਦਿੱਤੀ ਅਤੇ ਸਿੱਧੀ ਹੀ ਅੰਦਰ ਮੈਡਮ ਨੂੰ ਚਿੰਬੜ ਗਈ। ਉਹ ਅੱਜ ਬਹੁਤ ਖੁਸ਼ ਸੀ ਉਸ ਦੀ ਮੇਹਨਤ ਨੂੰ ਫਲ ਲੱਗਾ ਸੀ। ਉਸ ਨੇ ਮੈਡਮ ਨੂੰ ਦੱਸਿਆ ਕਿ ਮੁਕਾਬਲੇ ਦੇ ਇਮਤਿਹਾਨ ਵਿਚ ਉਸ ਦਾ ਪਹਿਲਿਆਂ ਪੰਜ ਪੁਜ਼ੀਸ਼ਨਾਂ ਵਿਚ ਨਾਂ ਸੀ ਅਤੇ ਉਹ ਘਰੇ ਨਹੀਂ ਗਈ ਸਿੱਧੀ ਹੀ ਤੁਹਾਨੂੰ ਖਬਰ ਦੇਣ ਆ ਗਈ ਹਾਂ। ਮੈਡਮ ਤਾਂ ਪਹਿਲਾਂ ਹੀ ਮੋਹਣੇ ਦੀ ਖਬਰ ਸੁਣ ਚੁੱਕੀ ਸੀ। ਉਸ ਨੇ ਮੋਹਣੇ ਦੀ ਖਬਰ ਸ਼ੀਲਾ ਨੂੰ ਦੱਸ ਦਿੱਤੀ ਤੇ ਉਹ ਬਹੁਤ ਖੁਸ਼ ਤੇ ਉਸ ਅਕਾਲ ਪੁਰਖ ਦਾ ਸ਼ੁਕਰਾਨਾ ਕਰਨ ਲੱਗੀ। ਮੈਡਮ ਨੇ ਮੋਹਣੇ ਨੂੰ ਆਪਣੇ ਘਰ ਬੁਲਾ ਲਿਆ ਤੇ ਦੋਵੇਂ ਉਸ ਦੇ ਘਰ ਇਕੱਠੇ ਹੋ ਗਏ। ਤਿੰਨਾਂ ਨੇ ਮਿਲ ਖੁਸ਼ੀ ਸਾਂਝੀ ਕੀਤੀ। ਮੋਹਣੇ ਨੇ ਦੱਸਿਆ ਕਿ ਕੱਲ੍ਹ ਹੀ ਮੇਰੇ ਮਾਪੇ ਸ਼ੀਲਾ ਦੇ ਘਰ ਉਸ ਦੇ ਵਿਆਹ ਲਈ ਜਾਣਗੇ। ਗੱਲ ਬਾਤ ਕਰ ਛੇਤੀ ਹੀ ਵਿਆਹ ਕਰਨ ਬਾਰੇ ਵਿਚਾਰ ਕਰਨਗੇ। ਮੈਡਮ ਦੀ ਖੁਸ਼ੀ ਵੀ ਹੁਣ ਝੱਲੀ ਨਹੀਂ ਜਾ ਰਹੀ ਸੀ। ਉਸ ਨੂੰ ਲੱਗ ਰਿਹਾ ਸੀ ਕਿ ਉਸ ਦੇ ਵਿਦਿਆਰਥੀ ਕਾਮਯਾਬੀ ਦੀ ਪੌੜੀ ਚੜ੍ਹ ਕੇ ਇਕੱਠਾ ਜੀਵਨ ਬਤੀਤ ਕਰਨਗੇ।

ਅਗਲੇ ਦਿਨ ਦੋਵੇਂ ਪਰਿਵਾਰ ਇਕੱਠੇ ਹੋਏ ਸ਼ੀਲਾ ਅਤੇ ਮੋਹਣੇ ਦੀ ਕਾਮਯਾਬੀ ਦੀਆਂ ਖੁਸ਼ੀਆਂ ਮਨਾਈਆਂ ਗਈਆਂ। ਵਿਆਹ ਦੀ ਤਰੀਕ ਤੈਅ ਕਰ ਲਈ ਗਈ ਅਤੇ ਮੋਹਣੇ ਦੀ ਮਾਂ ਨੇ ਕਿਹਾ, 'ਸਾਨੂੰ ਦਾਜ ਦੀ ਕੋਈ ਲੋੜ ਨਹੀਂ ਮਿੱਥੇ ਦਿਨ 'ਤੇ ਗੁਰਦੁਆਰੇ ਵਿਚ ਆਨੰਦ ਕਾਰਜ ਹੋਣਗੇ ਤੇ ਸ਼ੀਲਾ ਨੂੰ ਤਿੰਨਾਂ ਕੱਪੜਿਆਂ ਵਿਚ ਲੈ ਜਾਵਾਂਗੇ ਤੇ ਸਾਡੇ ਘਰ ਇਕ ਪਾਰਟੀ ਕੀਤੀ ਜਾਵੇਗੀ ਜਿਸ ਵਿਚ ਮੈਡਮ ਗੁਰਜੀਤ ਵੀ ਸ਼ਾਮਿਲ ਹੋਣਗੇ।' ਉਨ੍ਹਾਂ ਦਾ ਵਿਆਹ ਕਰ ਦਿੱਤਾ ਗਿਆ। ਦੋਵਾਂ ਦੇ ਮਾਪੇ ਖੁਸ਼ ਸਨ। ਕੁਝ ਦਿਨ ਪਾ ਕੇ ਸ਼ੀਲਾ ਨੂੰ ਇਕ ਪੱਤਰ ਮਿਲਿਆ ਜਿਸ ਵਿਚ ਉਸ ਨੂੰ ਉਪ ਤਹਿਸੀਲਦਾਰ ਨਿਯੁਕਤ ਕਰ ਦਿੱਤਾ ਗਿਆ ਸੀ। ਸਾਰਾ ਪਰਿਵਾਰ ਬਹੁਤ ਖੁਸ਼ ਹੋ ਗਿਆ।

ਗੁਰਜੀਤ ਮੈਡਮ ਨੂੰ ਤਸੱਲੀ ਹੋ ਗਈ ਕਿ ਜਾਤ ਪਾਤ ਦੀ ਦੀਵਾਰ ਨੂੰ ਢਾਹ ਦਿੱਤਾ ਗਿਆ ਸੀ ਅਤੇ ਇੰਤਜ਼ਾਰ ਤੋਂ ਬਾਅਦ ਦੋਵੇਂ ਪਰਿਵਾਰ ਇੱਕ ਹੋ ਗਏ ਸਨ ਜੋ ਕਿ ਆਮ ਲੋਕਾਂ ਲਈ ਉਦਾਹਰਣ ਬਣ ਗਏ ਸਨ।

# ਰਣਬੀਰ ਰਾਣਾ ਦੇ ਗ਼ਜ਼ਲ ਸੰਗ੍ਰਹਿ 'ਦਰਦ ਦਾ ਦਰਿਆ' ਅੰਦਰਲੀ ਗ਼ਜ਼ਲਈ ਚੇਤਨਾ

ਭਾਵੇਂ ਰਣਬੀਰ ਰਾਣਾ ਦਾ ਪਲੇਠਾ ਗ਼ਜ਼ਲ ਸੰਗ੍ਰਹਿ ਸੰਨ 2004 ਵਿਚ ਪ੍ਰਕਾਸ਼ਿਤ ਹੋਇਆ ਸੀ ਪਰ ਉਹ ਪਿਛਲੇ ਚਾਰ, ਸਾਢੇ ਚਾਰ ਦਹਾਕਿਆਂ ਤੋਂ ਨਿਰੰਤਰ ਇਸ ਸੂਖਮ ਖਿਆਲੀ ਕਾਵਿ ਵਿਧਾ ਦੇ ਖੇਤਰ ਵਿਚ ਆਪਣਾ ਅਹਿਮ ਯੋਗਦਾਨ ਪਾ ਰਿਹਾ ਹੈ। ਦੀਪਕ ਗ਼ਜ਼ਲ ਸਕੂਲ ਦੇ ਸਿਖਿਆਰਥੀ ਰਹੇ ਇਸ ਪ੍ਰੋਢ ਗ਼ਜ਼ਲਕਾਰ ਦੇ ਦੋ ਗ਼ਜ਼ਲ-ਸੰਗ੍ਰਹਿ 'ਪੀੜਾਂ ਦਾ ਸਫ਼ਰ' ਤੇ 'ਵਕਤ ਦੇ ਵਰਕੇ' ਛਪ ਚੁੱਕੇ ਹਨ ਤੇ ਹੁਣ ਉਸਦੇ ਤੀਸਰੇ ਗਜ਼ਲ ਸੰਗ੍ਰਹਿ 'ਦਰਦਾਂ ਦਾ ਦਰਿਆਂ' ਦੀ ਸਾਹਿਤਕ ਹਲਕਿਆਂ ਵਿਚ ਚਰਚਾ ਭਰ ਜੋਬਨ 'ਤੇ ਹੈ। ਜਦੋਂ ਅਸੀਂ ਉਸਦੇ ਇਸ ਨਵੇਂ ਗ਼ਜ਼ਲ ਸੰਗ੍ਰਹਿ ਰਾਹੀਂ ਉਸ ਦੀ ਗ਼ਜ਼ਲਈ ਚੇਤਨਾ ਦੀਆਂ ਪਰਤਾਂ ਤੱਕ ਪਹੁੰਚਣ ਦਾ ਯਤਨ ਕਰਦੇ ਹਾਂ ਤਾਂ ਸਾਨੂੰ ਅਹਿਸਾਸ ਹੁੰਦਾ ਹੈ ਕਿ ਗ਼ਜ਼ਲਗੋ ਦਾ ਤਤਕਾਲੀਨ ਸਮੇਂ ਦੀਆਂ ਇਤਿਹਾਸਕ, ਰਾਜਨੀਤਕ, ਆਰਥਿਕ, ਸਭਿਆਚਾਰਕ, ਸਮਾਜਿਕ ਤੇ ਮਨੋ-ਵਿਗਿਆਨਕ ਸਮੱਸਿਆਵਾਂ ਨਾਲ ਜੁੜਦਾ ਅੰਤਰਦਵੰਦੀ ਰਿਸ਼ਤਾ ਉਸਨੂੰ ਮਾਨਸਿਕ ਤੌਰ 'ਤੇ ਬੇਚੈਨ ਵੀ ਰੱਖਦਾ ਹੈ ਤੇ ਉਸਦੀ

## ਪੁਸਤਕ ਚਰਚਾ

**ਨਿਰੰਜਣ ਬੋਹਾ**
ਫੋਨ: 91-89682-82700


ਚਿੰਤਾ ਤੇ ਬੇਚੈਨੀ ਨੂੰ ਚਿੰਤਨਸ਼ੀਲਤਾ ਵਿਚ ਵੀ ਪਰਵਰਤਿਤ ਕਰਦਾ ਹੈ। ਉਸਦੀ ਗ਼ਜ਼ਲਈ ਚੇਤਨਾ ਜਦੋਂ ਆਮ ਮਨੁੱਖ ਦੇ ਜੀਵਨ ਵਿਚਲੀਆਂ ਦੁਸ਼ਵਾਰੀਆਂ ਤੇ ਸੰਕਟਮਈ ਸਥਿਤੀਆਂ ਨੂੰ ਆਪਣੇ ਵਿਚ ਆਤਮਸਾਤ ਕਰਦੀ ਹੈ ਤਾਂ ਇਸ ਵਿਚੋਂ ਇਕ ਹੂਕ ਵਰਗੀ ਵੇਦਨਾ ਸੁਣਾਈ ਦੇਣ ਲੱਗਦੀ ਹੈ ਤੇ ਉਹ ਦਰਦ ਦੇ ਦਰਿਆ ਵਿਚ ਤੈਰ ਕੇ ਇਸ ਦੀ ਗਹਿਰਾਈ ਨੂੰ ਮਾਪਣ ਦੀ ਕੋਸ਼ਿਸ਼ ਕਰਦਾ ਵਿਖਾਈ ਦੇਣ ਲੱਗਦਾ ਹੈ। ਭਾਵੇਂ ਉਸਦੀ ਗ਼ਜ਼ਲ ਉਸਦੇ ਨਿੱਜੀ ਜ਼ਿੰਦਗੀ ਨਾਲ ਜੁੜੇ ਦਰਦਾਂ ਦੀ ਤਰਜ਼ਮਾਨ ਵੀ ਹੈ ਪਰ ਉਹ ਦੁੱਖਾਂ ਦੇ ਇਸ ਦਰਿਆ ਵਿਚ ਡੁੱਬਦਾ ਨਹੀਂ ਸਗੋਂ ਨਿਪੁੰਨ ਤੈਰਾਕ ਵਾਂਗ ਉਹ ਕਿਨਾਰਾ ਵੀ ਤਲਾਸ਼ ਲੈਂਦਾ ਹੈ, ਜੋ ਕਿਸੇ ਮਨੁੱਖ ਅੰਦਰਲੀ ਸਦੀਵੀ ਜੁਝਾਰੂ ਸ਼ਕਤੀ ਨਾਲ ਜੁੜਿਆ ਹੁੰਦਾ ਹੈ। ਅਸੀਂ ਇਸ ਗ਼ਜ਼ਲ ਸੰਗ੍ਰਹਿ ਦੇ ਪ੍ਰਵੇਸ਼ ਦੁਆਰ ਬਣੇ ਇਸਦੇ ਪਹਿਲੇ ਹੀ ਸ਼ਿਅਰ ਰਾਹੀਂ ਉਸਦੇ ਗ਼ਜ਼ਲਈ ਸੰਸਾਰ ਵਿਚ ਪ੍ਰਵੇਸ਼ ਕਰਦੇ ਹਾਂ ਤਾਂ ਦਰਦਾਂ ਦੇ ਦਰਿਆ ਨਾਲ ਉਸਦੇ ਚਿਰ ਸਥਾਈ ਰਿਸ਼ਤੇ ਦੀ ਨਿਸ਼ਾਨਦੇਹੀ ਹੋ ਜਾਂਦੀ ਹੈ:

ਉਨ੍ਹਾਂ ਨੇ ਇਸ ਤਰ੍ਹਾਂ ਸਾਨੂੰ ਮੁਹੱਬਤ ਦੀ ਸਜ਼ਾ ਦਿੱਤੀ
ਅਸਾਡੀ ਉਮਰ ਸਾਰੀ ਹੀ ਗ਼ਮਾਂ ਦੇ ਨਾਂ ਲਗਾ ਦਿੱਤੀ।

ਕਿਸੇ ਕਵੀ, ਸ਼ਾਇਰ ਜਾਂ ਲੇਖਕ ਤੇ ਆਮ ਆਦਮੀ ਵਿਚ ਵੱਡਾ ਫਰਕ ਇਹੀ ਹੁੰਦਾ ਹੈ ਕਿ ਉਹ ਆਮ ਮਨੁੱਖ ਨਾਲੋਂ ਵੱਧ ਸੰਵੇਦਨਸ਼ੀਲ, ਵੱਧ ਚਿੰਤਨਸ਼ੀਲ, ਵੱਧ ਸੁਹਜਮਈ ਤੇ ਵੱਧ ਹੀ ਨਿਆਂਕਾਰੀ ਹੁੰਦਾ ਹੈ। ਉਸਦੇ ਜੀਵਨ ਵਿਚ ਕਿਆਸੇ ਜਾਂ ਅਣਕਿਆਸੇ ਵਰਤਾਰੇ ਹਾਦਸੇ ਵਾਪਰਦੇ ਹਨ ਤਾਂ ਉਹ ਆਪਣੇ ਦਰਦ ਨੂੰ ਆਪਣੀਆਂ ਲਿਖਤਾਂ ਵਿਚ ਢਾਲ ਕੇ ਸੁਹਜਮਈ ਬਣਾ ਲੈਂਦਾ ਹੈ। ਇਸ ਤਰ੍ਹਾਂ ਕਰਕੇ ਉਸਨੂੰ ਵਿਸ਼ੇਸ਼ ਪ੍ਰਕਾਰ ਦੀ ਮਾਨਸਿਕ ਰਾਹਤ ਮਿਲਦੀ ਹੈ ਤੇ ਉਸਦੇ ਦਰਦ ਦਾ ਕਥਾਰਸਿਜ਼ ਹੋਣ ਨਾਲ ਇਹ ਸਹਿਣ ਯੋਗ ਵੀ ਬਣ ਜਾਂਦਾ ਹੈ। ਰਾਣੇ ਦੇ ਜੀਵਨ ਸਾਥੀ ਵੱਲੋਂ ਉਸਨੂੰ ਅੱਧਵਾਟੇ ਛੱਡ ਜਾਣ ਦਾ ਹਾਦਸਾ ਵਾਪਰਨ ਨਾਲ ਕੁਝ ਸਮੇਂ ਲਈ ਤਾਂ ਉਸਨੂੰ ਵਕਤ ਵੀ ਖੜ੍ਹ ਗਿਆ ਲੱਗਦਾ ਹੈ ਅਤੇ ਲੋਕ ਹਮਦਰਦੀ ਵਜੋਂ ਆਉਣ ਵਾਲੇ ਠੰਢੀ ਹਵਾ ਦੇ ਬੁੱਲ੍ਹੇ ਵੀ ਉਸਨੂੰ ਮਾਨਸਿਕ ਸਕੂਨ ਦੇਣ ਤੋਂ ਇਨਕਾਰੀ ਹੋ ਜਾਂਦੇ ਹਨ ਪਰ ਸ਼ਾਇਰੀ ਦਾ ਸਹਾਰਾ ਮਿਲਣ 'ਤੇ ਗਮਾਂ ਦੀ ਬਹੁਤਾਤ ਹੀ ਉਸਦੇ ਗ਼ਮ ਦੀ ਦਵਾ ਬਣ ਜਾਂਦੀ ਹੈ ਤੇ ਬੁਰੇ ਤੋਂ ਬੁਰਾ ਸਮਾਂ ਵੀ ਉਸ ਲਈ ਜੀਵਨ ਦਾ ਧਰਵਾਸ ਹੋ ਨਿੱਬੜਦਾ ਹੈ:

ਸਹਾਰਾ ਗ਼ਮ ਦਾ ਅਕਸਰ ਦਿਲਾਂ ਨੂੰ ਹੌਸਲਾ ਬਖ਼ਸ਼ੇ,
ਬੜਾ ਧਰਵਾਸ ਨੇ ਦਿੰਦੇ ਬੁਰੇ ਦਿਨ ਆਮ ਹੁਣ ਯਾਰੋ।

ਉਸਦੀ ਗ਼ਜ਼ਲ ਅਜੋਕੇ ਆਪਾਧਾਪੀ ਦੇ ਸਮੇਂ ਵਿਚ ਮਨੁੱਖ ਅੰਦਰੋਂ ਮਨਫੀ ਹੁੰਦੀਆਂ ਜਾ ਰਹੀਆਂ ਮਨੁੱਖੀ ਸੰਵੇਦਨਾਵਾਂ ਬਾਰੇ ਭਾਵਪੂਰਤ ਸੰਵਾਦ ਸਿਰਜਦੀ ਹੈ। ਇਸ ਸੰਗ੍ਰਹਿ ਦੀਆਂ ਗ਼ਜ਼ਲਾਂ ਮਨੁੱਖੀ ਗੁਣਾਂ ਦੇ ਧਾਰਨੀ ਮਨੁੱਖ ਵੱਲੋਂ ਆਪਣੇ ਮਨੁੱਖੀ ਖਾਸੇ ਨਾਲੋਂ ਟੁੱਟ ਕੇ ਵਿਅਕਤੀਗਤ ਹਿੱਤਾਂ ਲਈ ਜਿਉਣ ਵਾਲੇ




ਵਿਅਕਤੀ ਬਣਨ ਦੀ ਪ੍ਰਕਿਰਿਆ 'ਤੇ ਗਹਿਰੀ ਨਜ਼ਰ ਰੱਖਦੀਆਂ ਹਨ। ਜਦੋਂ ਸਮੇਂ ਦੀ ਵਿਅਕਤੀਵਾਦੀ ਚੇਤਨਾ ਸਾਡੀਆਂ ਸਮਾਜਿਕ, ਆਰਥਿਕ ਤੇ ਸਭਿਆਚਾਰਕ ਸੰਸਥਾਵਾਂ ਵਿਚ ਆਪਣਾ ਪੂਰਾ ਪ੍ਰਭਾਵ ਵਿਖਾਉਣ ਲੱਗੀ ਹੈ ਤਾਂ ਬਾਜ਼ਾਰ ਵਿਚ ਵਿਕਣ ਵਾਲੀਆਂ ਹੋਰ ਵਸਤੂਆਂ ਵਾਂਗ ਬੰਦਾ ਵੀ ਇਕ ਵੇਚੇ ਖਰੀਦੇ ਜਾਣ ਵਾਲੀ ਵਸਤੂ ਬਣਦਾ ਜਾ ਰਿਹਾ ਹੈ। ਰਾਣਾ ਚਿੰਤਤ ਹੈ ਕਿ ਕਾਰਪੋਰੇਟ ਜਗਤ ਮਨੁੱਖ ਦੀ ਸਰੀਰਕ ਮਿਹਨਤ ਹੀ ਨਹੀਂ ਉਸਦੀ ਸੋਚ ਤੇ ਜ਼ਮੀਰ ਵੀ ਖਰੀਦਣ ਵਿਚ ਸਫਲ ਹੋ ਗਿਆ ਹੈ ਤੇ ਉਸ ਨੇ ਬਾਜ਼ਾਰ ਨੂੰ ਸਾਡੇ ਘਰਾਂ ਵਿਚ ਵੀ ਲੈ ਆਂਦਾ ਹੈ:

ਮੇਰੇ ਇਸ ਜ਼ਿਹਨ ਅੰਦਰ ਹਰ ਸਮੇਂ ਬਾਜ਼ਾਰ ਆਉਂਦਾ ਹੈ,
ਨਜ਼ਰ ਅੱਖਾਂ ਨੂੰ ਜਦ ਵੀ ਆਪਣਾ ਘਰ ਬਾਰ ਆਉਂਦਾ ਹੈ।

ਬੜੇ ਬੰਦੇ ਖਲੋ ਜਾਂਦੇ ਨੇ ਵਸਤੂ ਦੀ ਤਰ੍ਹਾਂ ਸਾਹਵੇਂ
ਜਦੋਂ ਵੀ ਸ਼ਹਿਰ ਅੰਦਰ ਕੋਈ ਬੋਲੀਕਾਰ ਆਉਂਦਾ ਹੈ।

ਰਣਬੀਰ ਰਾਣਾ ਦੀਆਂ ਗ਼ਜ਼ਲਾਂ ਵਿਸ਼ਵੀਕਰਨ ਵੱਲੋਂ ਉਸਾਰੇ ਗਏ ਭਰਮ ਜਾਲ ਵਿਚ ਤੇਜ਼ੀ ਨਾਲ ਫਸਦੇ ਜਾ ਰਹੇ ਲੋਕਾਂ ਨੂੰ ਉਨ੍ਹਾਂ ਦੀ ਹੋਣੀ ਬਾਰੇ ਜਾਗਰੂਕ ਵੀ ਕਰਦੀਆਂ ਹਨ ਉਨ੍ਹਾਂ ਦੀ ਜੀਵਨ ਜਾਂਚ ਤੇ ਵਰਤੋਂ ਵਿਹਾਰ ਵਿਚ ਅਜਿਹੀ ਤਬਦੀਲੀ ਲਿਆਉਣ ਦੀਆਂ ਵੀ ਇੱਛੁਕ ਹਨ, ਜਿਸ ਅਨੁਸਾਰ ਉਹ ਸਹਿਜ ਸੁਖਾਵੀਂ ਤੇ ਕੁਦਰਤੀ ਢੰਗ ਦੀ ਜ਼ਿੰਦਗੀ ਜਿਉਂ ਸਕਣ। ਉਹ ਆਪਣੀ ਧਿਰ ਦੇ ਲੋਕਾਂ ਨੂੰ ਵਹਿਮਾਂ-ਭਰਮਾਂ ਤੇ ਧਾਰਮਿਕ ਸੰਕੀਰਨਤਾ ਤੋਂ ਮੁਕਤ ਕਰ ਕੇ ਉਨ੍ਹਾਂ ਦੀ ਸੋਚ ਨੂੰ ਵਿਗਿਆਨਕ ਤੇ ਤਰਕਸ਼ੀਲ ਬਣਾਉਣਾ ਲੋਚਦਾ ਹੈ। ਮਨੁੱਖੀ ਸ਼ਖਸੀਅਤ ਦੇ ਉਸਾਰ ਵਿਚ ਸਹਾਈ ਬਣਦੇ ਮੋਹ, ਪਿਆਰ, ਹਮਦਰਦੀ, ਵਫਾਦਾਰੀ, ਸੱਚਾਈ, ਨਿਡਰਤਾ ਤੇ ਨੈਤਕਿਤਾ ਵਰਗੇ ਗੁਣ ਉਸਦੀ ਗ਼ਜ਼ਲੀਅਤ ਦੇ ਮਾਨਵੀ ਰੰਗਾਂ ਨੂੰ ਵਿਸ਼ੇਸ਼ ਤੌਰ 'ਤੇ ਉਭਾਰਦੇ ਹਨ। ਭਾਵੇਂ ਇਕ ਦੁਨਿਆਵੀ ਜੀਵ ਦੇ ਤੌਰ 'ਤੇ ਉਹ ਜੀਵਨ ਦੇ ਸਾਰੇ ਹੋਰ ਕਾਰ ਵਿਹਾਰ ਵੀ ਕਰਦਾ ਹੈ ਪਰ ਉਸਨੂੰ ਅਸਲ ਮਾਨਸਿਕ ਸੰਤੁਸ਼ਟੀ ਕਿਸੇ ਦੀ ਪੀੜ ਨੂੰ ਹਰ ਕੇ ਹੀ ਮਿਲਦੀ ਹੈ:

ਸਾਗਰ ਅੰਦਰ ਛਾਲਾਂ ਮਾਰੋ,
ਡਰ ਡਰ ਤਰਨਾ ਕੀ ਜੀਣਾ ਹੈ।
ਪੀੜ ਪਰਾਈ ਜਾਣੋ ਰਾਣੇ
ਦੁਖ ਨਾ ਹਰਨਾ ਕੀ ਜੀਣਾ ਹੈ।

ਭਾਵੇਂ ਰਣਬੀਰ ਰਾਣਾ ਦੀ ਗ਼ਜ਼ਲਈ ਚੇਤਨਾ ਮਾਨਵੀ ਸੰਵੇਦਨਾਵਾਂ ਨਾਲ ਭਰਪੂਰ ਮੋਹ-ਮੁਹੱਬਤੀ ਤੇ ਨਿੱਜੀ ਸਰੋਕਾਰਾਂ ਨੂੰ ਵੀ ਪੂਰੀ ਅਹਿਮੀਅਤ ਪ੍ਰਦਾਨ ਕਰਦੀ ਹੈ ਪਰ ਉਸਦੇ ਮੋਹ ਮੁਹੱਬਤ ਦੇ ਦਾਇਰੇ ਦੀ ਵਿਸ਼ਾਲਤਾ ਉਸਦੇ ਨਿੱਜ ਤੋਂ ਪਾਰ ਜਾ ਕੇ ਸਮੁੱਚੀ ਲੋਕਤਾ ਦੇ ਦੁੱਖਾਂ-ਦਰਦਾਂ ਨੂੰ ਵੀ ਆਪਣੇ ਅੰਦਰ ਸਮੋਣ ਵਾਲੀ ਹੈ। ਇਕ ਜਾਗਰੂਕ ਗ਼ਜ਼ਲਕਾਰ ਦੇ ਤੌਰ 'ਤੇ ਆਪਣੇ ਮਨੁੱਖੀ ਫਰਜ਼ਾਂ ਦਾ ਅਹਿਸਾਸ ਕਰਦਿਆਂ ਉਹ ਸ਼ਾਇਰੀ ਦੇ ਲੋਕ ਮੁੱਖਤਾ ਵਾਲੇ ਮੁਕਾਮ ਤੱਕ ਪਹੁੰਚਣ ਲਈ ਯਤਨਸ਼ੀਲ ਰਹਿੰਦਾ ਹੈ ਤੇ ਆਪਣੇ ਆਪਣੇ ਨਿੱਜ ਤੋਂ ਉਪਰ ਉੱਠ ਕੇ ਆਪਣੇ ਆਪ ਨੂੰ ਸੰਭਾਲਣ ਸਬੰਧੀ ਸੁਚੇਤ ਕਰਦਾ ਵਿਖਾਈ ਦਿੰਦਾ ਹੈ। ਉਸਦੀ ਸ਼ਾਇਰੀ ਦੀ ਅਸਲ ਮੰਜ਼ਲ ਆਪਣੇ ਨਿੱਜੀ ਦੁੱਖਾਂ ਦਾ ਨਿਵਾਰਣ ਨਹੀਂ ਸਗੋਂ ਸਾਰੀ ਲੋਕਤਾ ਲਈ ਸੁਖਦਾਇਕ ਮਾਹੌਲ ਦੀ ਤਾਂਘ ਹੈ, ਇਸ ਲਈ ਉਹ ਆਪਣੀ ਮੰਜ਼ਲ ਤੱਕ ਪਹੁੰਚਣ ਲਈ ਨਿਰੰਤਰ ਤੁਰਦੇ ਰਹਿਣ ਦੀ ਗੱਲ ਕਰਦਾ ਹੈ:

ਖ਼ੁਦ ਨੂੰ ਸੰਭਾਲ ਸਾਥੀ ਮੰਜ਼ਲ ਹੈ ਦੂਰ ਹਾਲੇ।
ਉਖੜੇ ਨਾ ਚਾਲ ਸਾਥੀ ਮੰਜ਼ਲ ਦੂਰ ਹੈ ਹਾਲੇ।

ਗ਼ਜ਼ਲਕਾਰ ਅੰਦਰ ਆਪਣੇ ਸਮਾਜਿਕ ਤੇ ਮਨੁੱਖੀ ਫਰਜ਼ਾਂ ਦੀ ਪੂਰਤੀ ਹਿੱਤ ਪੈਦਾ ਹੋਇਆ ਜਜ਼ਬਾ ਉਸਨੂੰ ਆਪਣੇ ਤੇ ਦੂਜਿਆਂ ਦੇ ਮਨੁੱਖੀ ਹੱਕਾਂ ਤੇ ਹਿੱਤਾਂ ਲਈ ਸੰਘਰਸ਼ ਕਰਨ ਲਈ ਪ੍ਰੇਰਿਤ ਕਰਦਾ ਹੈ ਤਾਂ ਸੁਭਾਵਿਕ ਰੂਪ ਵਿਚ ਹੀ ਉਸ ਦੀਆਂ ਗ਼ਜ਼ਲਾਂ ਦੀ ਤਾਸੀਰ ਵੀ ਬਗ਼ਾਵਤੀ ਸੁਰ ਧਾਰਨ ਕਰ ਲੈਂਦੀ ਹੈ। ਆਮ ਬੰਦੇ ਕੋਲੋਂ ਮਨੁੱਖ ਢੰਗ ਦੀ ਜ਼ਿੰਦਗੀ ਜਿਉਣ ਦੇ ਹੱਕ ਖੋਹਣ ਵਾਲੀ ਸਮਾਜਿਕ ਵਿਵਸਥਾ ਦੇ ਖ਼ਿਲਾਫ਼ ਬੋਲ ਕੇ ਉਸਨੂੰ ਜਿਹੜਾ ਮਾਨਸਿਕ ਸਕੂਨ ਮਿਲਦਾ ਹੈ ਉਹ ਉਸਨੂੰ ਸਰੀਰਕ ਤੇ ਮਾਨਸਿਕ ਰੂਪ ਵਿਚ ਤੰਦਰੁਸਤ ਰੱਖਣ ਵਿਚ ਵੀ ਸਹਾਈ ਬਣਦਾ ਹੈ। ਇਸ ਲਈ ਜੀਵਨ ਵਿਚ ਜੂਝਣਾ ਉਸਦਾ ਸਾਰਥਿਕ ਰੁਝੇਵਾਂ ਵੀ ਹੈ ਤੇ ਮਾਨਸਿਕ ਖ਼ੁਰਾਕ ਵੀ। ਅਜਿਹਾ ਕਰਦਿਆਂ ਉਸਨੂੰ ਇਹ ਤਸੱਲੀ ਵੀ ਮਿਲਦੀ ਹੈ ਕਿ ਉਸਦਾ ਜੀਵਨ ਪੰਧ ਠੀਕ ਲੀਹ 'ਤੇ ਚੱਲ ਰਿਹਾ ਹੈ।

ਜੀਵਨ 'ਚ ਜੂਝਣਾ ਹੀ ਮੇਰਾ ਅਸੂਲ 'ਰਾਣੇ',
ਨੇਰ੍ਹੇ ਖ਼ਿਲਾਫ਼ ਲੜਦਾ ਮੈਂ ਖ਼ੁਦ ਨੂੰ ਠੀਕ ਤੱਕਾਂ।

ਸ੍ਰਿਸ਼ਟੀ ਵਿਚ ਮਨੁੱਖ ਦੇ ਸਰਵੋਤਮ ਪ੍ਰਾਣੀ ਹੋਣ ਦੀ ਮਿੱਥ ਦਾ ਖੰਡਨ ਕਰਦੀ ਉਸਦੀ ਗ਼ਜ਼ਲਈ ਚੇਤਨਾ ਇਸ ਮਨੁੱਖਤਾ ਵਿਰੋਧੀ ਵਰਤਾਰੇ ਲਈ ਜ਼ਿੰਮੇਵਾਰ ਦੋਸ਼ੀਆਂ ਦੀ ਸ਼ਨਾਖਤ ਕਰਦੀ ਹੈ ਤਾਂ ਪੂੰਜੀ ਤੇ ਸੱਤਾ ਦਾ ਗੱਠਜੋੜ ਉਸ ਨੂੰ ਸਾਰੀਆਂ ਮਨੁੱਖੀ ਸਮੱਸਿਆਵਾਂ ਦਾ ਜਨਮ ਦਾਤਾ ਵਿਖਾਈ ਦਿੰਦਾ ਹੈ। ਗ਼ਜ਼ਲਕਾਰ ਦੇ ਵਿਸ਼ਲੇਸ਼ਣੀ ਸਿੱਟੇ ਅਨੁਸਾਰ ਜਿੱਥੇ ਸੱਤਾ ਪੂਰੀ ਤਰ੍ਹਾਂ ਪੂੰਜੀਵਾਦ 'ਤੇ ਟੇਕ ਰੱਖਦੀ ਹੋਵੇ ਉਥੇ ਪੂੰਜੀ ਰਹਿਤ ਸਾਧਨਹੀਣ ਵਰਗ ਦਾ ਹਸ਼ਰ ਚੰਗਾ ਹੋ ਹੀ ਨਹੀਂ ਸਕਦਾ। ਉਹ ਮੌਜੂਦਾ ਲੋਕ ਦੋਖੀ ਰਾਜਨੀਤਕ ਪ੍ਰਬੰਧ ਪ੍ਰਤੀ ਆਪਣੀ ਨਫਰਤ ਛੁਪਾ ਕੇ ਨਹੀਂ ਰੱਖਦਾ ਤੇ ਨਾ ਹੀ ਅਜਿਹੀ ਗੋਲ-ਮੋਲ ਸੰਕੇਤਕ ਭਾਸ਼ਾ ਵਰਤਦਾ ਹੈ ਕਿ ਵਿਵਸਥਾ ਪ੍ਰਤੀ ਉਸ ਅੰਦਰਲੇ ਰੋਸ ਦੇ ਕੋਡ ਨੂੰ ਡੀ-ਕੋਡ ਕਰਨ ਵਿਚ ਕੋਈ ਮੁਸ਼ਕਲ ਆਵੇ। ਮੌਜੂਦਾ ਕੇਂਦਰੀ ਰਾਜ ਸੱਤਾ ਵੱਲੋਂ ਲੋਕਾਂ ਦੇ ਹੱਕ ਹਕੂਕ ਖੋਹਣ ਦੀ ਫਾਸ਼ੀਵਾਦੀ ਸਾਜ਼ਿਸ਼ ਨੂੰ ਉਹ ਸ਼ਰ੍ਹੇਆਮ ਚੌਰਾਹੇ ਵਿਚ ਨੰਗਿਆਂ ਕਰਨ ਦੀ ਹਿੰਮਤ ਰੱਖਦਾ ਹੈ:

ਬੁੱਲ੍ਹਾਂ ਉੱਤੇ ਜਿੰਦਰੇ ਲਾਉਣੇ, ਸਭ ਦੇ ਸਾਹ ਨੇ ਸੁੱਕਣੇ ਪਾਉਣੇ
ਪੈਰਾਂ ਵਿਚ ਝਾਂਜਰ ਛਣਕਣ ਨਈਂ ਦੇਣੀ, ਉਸਦਾ ਕਹਿਣਾ ਹੈ।
ਕੰਨਾਂ ਦੇ ਵਿਚ ਸਿੱਕਾ ਭਰਨਾ ਗਰਦਨ 'ਤੇ ਤਲਵਾਰ ਧਰਾਂਗੇ
ਅੱਖਾਂ ਦੇ ਵਿਚ ਲਾਲੀ ਰੜਕਣ ਨਈਂ ਦੇਣੀ ਉਸਦਾ ਕਹਿਣਾ ਹੈ।

ਇਸ ਸੰਗ੍ਰਹਿ ਦੀਆਂ ਗ਼ਜ਼ਲਾਂ ਪੂੰਜੀਵਾਦੀ ਸਰਕਾਰਾਂ ਦੀ ਤਬਦੀਲੀ ਨਾਲ ਲੋਕਾਂ ਦੇ ਜੀਵਨ ਪੱਧਰ ਵਿਚ ਆਉਣ ਵਾਲੀ ਤਬਦੀਲੀ ਦੇ ਭਰਮ ਨੂੰ ਬੇ-ਕਿਰਕੀ ਨਾਲ ਤੋੜਦੀਆਂ ਹਨ। ਗ਼ਜ਼ਲਕਾਰ ਦਾ ਸਪੱਸ਼ਟ ਮੱਤ ਹੈ ਕਿ ਭਾਰਤੀ ਮਿਹਨਤਕਸ਼ ਲੋਕਾਂ ਨੂੰ ਉਨ੍ਹਾਂ ਦੇ ਹਿੱਸੇ ਦੀ ਖ਼ੁਸ਼ਹਾਲੀ ਦਾ ਹੱਕ ਕੇਵਲ ਤੇ ਕੇਵਲ ਮਨੁੱਖੀ ਬਰਾਬਰੀ ਦੀ ਗਰੰਟੀ ਦੇਣ ਵਾਲੀ ਆਰਥਿਕ ਤੇ ਰਾਜਨੀਤਕ ਵਿਵਸਥਾ ਹੀ ਦਿਵਾ ਸਕਦੀ ਹੈ। ਗ਼ਜ਼ਲਕਾਰ ਲਈ ਮੌਜੂਦਾ ਰਾਜਸੀ ਸਿਸਟਮ ਮੁਰਦਾਬਾਦ ਹੈ ਤੇ ਆਪਣੇ ਖਤਮ ਹੋਣ ਤੱਕ ਮੁਰਦਾਬਾਦ ਹੀ ਰਹੇਗਾ।

ਜੇਲ੍ਹੀਂ ਡੱਕੇ ਸਿਰਜਕ ਸਾਰੇ, ਸਿਸਟਮ ਮੁਰਦਾਬਾਦ ਕਹਾਂਗੇ
ਹੱਕਾਂ ਉੱਤੇ ਡਾਕੇ ਮਾਰੇ, ਸਿਸਟਮ ਮੁਰਦਾਬਾਦ ਕਹਾਂਗੇ।

ਉਸ ਦੀਆਂ ਗ਼ਜ਼ਲਾਂ ਵਿਚ ਕੋਈ ਵੀ ਸ਼ਿਅਰ ਕੇਵਲ ਤੁਕਾਂਤ ਮੇਲਣ ਲਈ ਕੀਤੀ ਭਰਤੀ ਵਜੋਂ ਸ਼ਾਮਿਲ ਨਹੀਂ ਲੱਗਦਾ ਸਗੋਂ ਹਰ ਸ਼ਿਅਰ ਆਪਣੇ ਆਪ ਵਿਚ ਗਹਿਰੇ ਅਰਥਾਂ ਦਾ ਧਾਰਨੀ ਹੈ। ਛੋਟੀ ਤੇ ਵੱਡੀ ਬਹਿਰ ਦੀ ਗ਼ਜ਼ਲ ਨੂੰ ਉਸ ਇੱਕੋ ਜਿਹੀ ਸ਼ਿੱਦਤ ਨਾਲ ਨਿਭਾਇਆ ਹੈ। ਦੀਪਕ ਸਕੂਲ ਦੇ ਸਿਖਿਆਰਥੀ ਹੋਣ 'ਤੇ ਉਸਨੂੰ ਮਾਣ ਵੀ ਹੈ ਤੇ ਇਹ ਮਾਣ ਉਸਨੂੰ ਗ਼ਜ਼ਲਕਾਰੀ ਦੇ ਤਕਨੀਕੀ ਪੱਖ ਨੂੰ ਹੋਰ ਮਜ਼ਬੂਤੀ ਪ੍ਰਦਾਨ ਕਰਨ ਵਾਲਾ ਹੈ। ਗ਼ਜ਼ਲ ਦੇ ਕਾਵਿ-ਸ਼ਾਸਤਰ ਦੀ ਗੱਲ ਕਰੀਏ ਤਾਂ ਸ਼ਿਅਰਾਂ ਦੇ ਵਜ਼ਨ ਤੋਲ ਵਿਚ ਉਸਦੀ ਮੁਹਾਰਤ ਉਸਤਾਦ ਗ਼ਜ਼ਲਕਾਰਾਂ ਵਾਲੀ ਹੈ ਪਰ ਵਿਸ਼ਾ ਪੱਖ ਤੋਂ ਉਸਦੇ ਬਹੁਤ ਸਾਰੇ ਸ਼ਿਅਰ ਵਿਚਾਰਾਂ ਤੇ ਫਲਸਫੇ ਦੇ ਦੁਹਰਾਅ ਦੇ ਸ਼ਿਕਾਰ ਹਨ। ਅੱਜ ਦੀ ਗਜ਼ਲ ਜੀਵਨ ਦੇ ਬਹੁਤ ਸਾਰੇ ਆਧੁਨਿਕ ਸਰੋਕਾਰਾਂ ਤੇ ਨਵੇਂ ਕਿਸਮ ਦੇ ਮਨੋ-ਸਮਾਜਿਕ ਮਸਲਿਆਂ ਨੂੰ ਮੁਖਾਤਿਬ ਹੋ ਰਹੀ ਹੈ। ਭਾਵੇਂ ਰਾਣੇ ਨੇ ਵੀ ਆਪਣੀਆਂ ਗ਼ਜ਼ਲਾਂ ਵਿਚ ਆਪਣੇ ਵੱਲੋਂ ਜੀਵਨ ਦੇ ਆਧੁਨਿਕ ਭਾਵ ਬੋਧ ਨੂੰ ਪੇਸ਼ ਕਰਨ ਸਬੰਧੀ ਸੁਚੇਤ ਕੀਤੀ ਹੈ ਤੇ ਮਨ ਦੀ ਮੌਜ, ਮੁਹੱਬਤ, ਖ਼ੁਸ਼ੀਆਂ, ਹਾਸੇ, ਗ਼ਮ, ਉਦਾਸੀ, ਵਸਲ, ਵਿਛੋੜਾ, ਬਿਰਹੋਂ, ਚਿੰਤਾ, ਚਿੰਤਨ, ਚੇਤਨਾ, ਸੰਵਾਦ, ਜਾਗਰੂਕਤਾ, ਰੋਹ, ਵਿਦਰੋਹ ਸਮੇਤ ਜੀਵਨ ਦੇ ਬਹੁਤ ਸਾਰੇ ਰੰਗ ਇਸ ਰਾਹੀਂ ਉਭਾਰੇ ਹਨ ਫਿਰ ਵੀ ਆਪਣੀ ਗ਼ਜ਼ਲਗੋਈ ਨੂੰ ਵਿਸ਼ਾ ਪੱਖ ਤੋਂ ਰਵਾਇਤ ਮੁੱਖਤਾ ਤੋਂ ਨਵੀਨਤਾ ਵੱਲ ਜਾਣ ਲਈ ਕੁਝ ਹੋਰ ਯਤਨ ਕੀਤੇ ਜਾਣ ਦੀ ਲੋੜ ਭਾਸਦੀ ਹੈ।

ਰਣਬੀਰ ਰਾਣਾ ਦੀ ਗ਼ਜ਼ਲਈ ਭਾਸ਼ਾ ਪਾਠਕਾਂ ਦੀਆਂ ਸੰਵੇਦਨਾਤਮਕ ਬਿਰਤੀਆਂ ਨੂੰ ਟੁੰਬਣ ਤੇ ਉਨ੍ਹਾਂ ਅੰਦਰ ਆਪਣੇਪਣ ਦਾ ਅਹਿਸਾਸ ਜਗਾਉਣ ਵਾਲੀ ਹੈ। ਇਨ੍ਹਾਂ ਸਾਰੇ ਰੰਗਾਂ ਨੂੰ ਇਸ ਨਿਸ਼ਚਿਤ ਆਕਾਰ ਵਾਲੀ ਲਿਖਤ ਰਾਹੀਂ ਰੂਪਮਾਨ ਕਰਨਾ ਮੇਰੇ ਲਈ ਸੰਭਵ ਨਹੀਂ ਹੈ, ਇਸ ਲਈ ਉਸ ਦੀਆਂ ਕਾਵਿ ਸੰਸਾਰ ਦੀਆਂ ਅੰਦਰੂਨੀ ਰਮਜ਼ਾਂ ਬਾਰੇ ਮੈਂ ਸੰਕੇਤਕ ਰੂਪ ਵਿਚ ਹੀ ਚਰਚਾ ਕੀਤੀ ਹੈ। ਭਾਵੇਂ ਇਸ ਪੁਸਤਕ ਦਾ ਸਮੁੱਚਾ ਪ੍ਰਭਾਵ ਖਿੱਚਪਾਊ ਤੇ ਮਨ ਨੂੰ ਚੰਗਾ ਲੱਗਣ ਵਾਲਾ ਹੈ ਪਰ ਪੁਸਤਕ ਦੇ ਅੰਤਰੀਵੀ ਭਾਵ ਬੋਧ ਨਾਲ ਜੁੜ ਕੇ ਹੀ ਇਸਦੇ ਪਾਠ ਦੀ ਅਨੰਦਮਈ ਵਿਸਮਾਦੀ ਅਵਸਥਾ 'ਤੇ ਪਹੁੰਚਿਆ ਜਾ ਸਕਦਾ ਹੈ। ਉਸਦੀ ਗ਼ਜ਼ਲਗੋਈ ਦਾ ਮੀਰੀ ਪੱਖ ਇਹ ਵੀ ਹੈ ਕਿ ਇਸਦਾ ਬੌਧਿਕ ਵਿਹਾਰ ਬਹੁਤ ਸਹਿਜ ਤੇ ਸੁਭਾਵਿਕ ਰੂਪ ਵਿਚ ਹੀ ਪਾਠਕਾਂ ਤੱਕ ਪਹੁੰਚਦਾ ਹੈ। ਉਸਦਾ ਕੋਈ ਵੀ ਸ਼ਿਅਰ ਦਿਮਾਗ 'ਤੇ ਉਚੇਚਾ ਜ਼ੋਰ ਪਾ ਕੇ ਲਿਖਿਆ ਪ੍ਰਤੀਤ ਨਹੀਂ ਹੁੰਦਾ ਸਗੋਂ ਉਸਦੇ ਦਿਲ ਅੰਦਰਲੇ ਸੰਵੇਦਨਾਤਮਕ ਜਜ਼ਬਿਆ ਦਾ ਚੇਤੰਨ ਪ੍ਰਵਾਹ ਆਪ ਮੁਹਾਰੇ ਸ਼ਿਅਰਾਂ ਦਾ ਰੂਪ ਧਾਰ ਕੇ ਬਾਹਰ ਆਉਂਦਾ ਪ੍ਰਤੀਤ ਹੁੰਦਾ ਹੈ। ਇਸ ਲੋਕ ਪ੍ਰਤੀਬੱਧਤਾ ਨੂੰ ਪ੍ਰਨਾਈ ਇਸ ਲੋਕ ਪੱਖੀ ਸ਼ਾਇਰ ਦੀ ਤੀਸਰੀ ਪੁਸਤਕ ਦਾ ਹਾਰਦਿਕ ਸਵਾਗਤ ਕਰਦਾ ਹਾਂ। 100 ਪੰਨਿਆਂ 'ਤੇ ਆਧਾਰਿਤ 200 ਰੁਪਏ ਮੁੱਲ ਦੀ ਇਸ ਪੁਸਤਕ ਨੂੰ ਸਪਤਰਿਸ਼ੀ ਪ੍ਰਕਾਸ਼ਨ, ਚੰਡੀਗੜ੍ਹ ਨੇ ਛਾਪਿਆ ਹੈ।

## ਨਵੇਂ ਸਾਲ ਦੀਆਂ ਕਵਿਤਾਵਾਂ

### ਨਵਾਂ ਸਾਲ 2023

ਵੀਹ ਸੌ ਤੇਈ ਚੜ੍ਹ ਹੈ ਆਇਆ,
ਉਮੀਦ ਉਮੰਗ ਤੇ ਖੁਸ਼ੀਆਂ ਲਿਆਇਆ।
ਬੀਤ ਗਏ ਤੇ ਮਿੱਟੀ ਪਾਈਏ,
ਨਵੀਂ ਯੋਜਨਾ ਮੁੜ ਬਣਾਈਏ।

ਹੌਂਸਲੇ ਨਾਲ ਹੁਣ ਕਰੋ ਤਿਆਰੀ,
ਭਵਿੱਖ ਲਈ ਜੋ ਹੋਵੇ ਮਿਆਰੀ।
ਗਿਲੇ ਸ਼ਿਕਵੇ ਭੁਲਾ ਦਿਉ ਸਾਰੇ,
ਥੱਕੇ ਟੁੱਟੇ ਜਾਗੋ ਪਿਆਰੇ।

ਰੱਬ ਤੇਰੇ ਅੰਦਰ ਵੱਸੇ,
ਮੰਦਰ ਮਸਜਿਦ ਤੂੰ ਕਿਉਂ ਨੱਸੇ।
ਸ਼ਰਮਾ ਵਿਚ ਕਵਿਤਾ ਦੱਸੇ,
ਸਾਰੀ ਦੁਨੀਆ ਹੈ ਉਸ ਦੀ ਮਾਇਆ।
ਵੀਹ ਸੌ ਤੇਈ ਚੜ੍ਹ ਹੈ ਆਇਆ,
ਉਮੀਦ ਉਮੰਗ ਤੇ ਖੁਸ਼ੀਆਂ ਲਿਆਇਆ।

*-ਰਜਵਿੰਦਰ ਪਾਲ ਸ਼ਰਮਾ*
*ਫੋਨ: 70873-67969*

### ਜੋਗੀਆ ਐਸੀ ਕੋਈ ਬੀਨ ਵਜਾ ਨਵੇਂ ਸਾਲ 'ਤੇ

ਸੰਤੁਸ਼ਟੀ ਦੀ ਅੰਜਲੀ ਦੇ ਵਿਚ ਚਾਅ ਨਵੇਂ ਸਾਲ 'ਤੇ।
ਜੋਗੀਆ ਐਸੀ ਕੋਈ ਬੀਨ ਵਜਾ ਨਵੇਂ ਸਾਲ 'ਤੇ।

ਡਰ ਤੋਂ ਨਿਝੱਕ ਹੋ ਕੇ ਬੈਠੇ ਫੁੱਲਾਂ ਉਤੇ ਤਿਤਲੀ।
ਸੱਥਾਂ ਦੇ ਵਿਚ ਭੰਗੜੇ ਤੇ ਗਿੱਧਿਆਂ ਵਿਚ ਕਿਕਲੀ।
ਸੰਗੀਤਕ ਲੋਰੀ ਦਾ ਗੀਤ ਸੁਣਾ ਨਵੇਂ ਸਾਲ 'ਤੇ।
ਜੋਗੀਆ ਐਸੀ ਕੋਈ ਬੀਨ ਵਜਾ ਨਵੇਂ ਸਾਲ 'ਤੇ।

ਸ਼ੁੱਧਤਾ, ਬੁੱਧਤਾ, ਸਮਤਾ, ਭੌਤਿਕ, ਦੈਹਿਕ ਸੁੱਖਾਂ ਵਿਚ।
ਹੋਵੇ ਮਾਨਵਤਾ ਦੇ ਵਿਚ ਤਿਲਿਸਮ ਚੁੰਬਕੀਏ ਖਿੱਚ।
ਕਰਮਨ, ਧਰਮਨ, ਅਰਪਨ ਨਾਲ ਦੁਆ ਨਵੇਂ ਸਾਲ 'ਤੇ।
ਜੋਗੀਆ ਐਸੀ ਕੋਈ ਬੀਨ ਵਜਾ ਨਵੇਂ ਸਾਲ 'ਤੇ।

ਗੰਨੇ ਵਾਲੇ ਖੇਤਾਂ 'ਚੋਂ ਉਡਦੀ ਹੈ ਜਿਉਂ ਮੁਰਗਾਬੀ।
ਏਦਾਂ ਸਾਰੇ ਹਾਸੇ ਹੋਵਣ, ਜਿੱਦਾਂ ਫੁੱਲ ਗੁਲਾਬੀ।
ਰੁੱਤਾਂ ਵਿਚ ਖ਼ੁਸ਼ਬੂ ਦੇ ਭਾਗ ਜਗਾ ਨਵੇਂ ਸਾਲ 'ਤੇ।
ਜੋਗੀਆ ਐਸੀ ਕੋਈ ਬੀਨ ਵਜਾ ਨਵੇਂ ਸਾਲ 'ਤੇ।

ਸੁੱਤੀਆਂ ਜਾਗੀਰਾਂ ਨੂੰ ਤੇ ਸੁੱਤੀਆਂ ਜ਼ਮੀਰਾਂ ਨੂੰ
ਪੈਰਾਂ ਵਿਚ ਪਈਆਂ ਹੋਈਆਂ ਖ਼ੂਨੀ ਜ਼ੰਜੀਰਾਂ ਨੂੰ ।
ਤਦਬੀਰਾਂ, ਤਕਰੀਰਾਂ ਨਾਲ ਮੁਕਾ ਨਵੇਂ ਸਾਲ 'ਤੇ
ਜੋਗੀਆ ਐਸੀ ਕੋਈ ਬੀਨ ਵਜਾ ਨਵੇਂ ਸਾਲ 'ਤੇ।

ਦ੍ਰਿਸ਼-ਅਦ੍ਰਿਸ਼ ਤਣਾਅ ਦਿਲਾਂ ਵਿਚੋਂ ਸਾਰੇ ਮੁੱਕ ਜਾਣ।
ਆਤੰਕ, ਪ੍ਰਚੰਡ, ਪਤਿਤਪੁਣੇ ਤੇ ਪਾਖੰਡ ਸਭ ਰੁਕ ਜਾਣ।
ਆਤਮ ਤੁਸ਼ਟੀ ਦੇ ਸੰਵਾਦ ਰਚਾ ਨਵੇਂ ਸਾਲ 'ਤੇ।
ਜੋਗੀਆ ਐਸੀ ਕੋਈ ਬੀਨ ਵਜਾ ਨਵੇਂ ਸਾਲ 'ਤੇ।

ਇਕ ਚੀਜ਼ ਵਹੁਟੀ ਵਾਲੇ ਸੂਈ ਮੂਈ ਪੱਤ ਵਾਲੇ।
ਕਿਰਮਚੀ, ਨਾਰੰਗੀ, ਸੂਹੇ, ਲਾਲ, ਗੁਲਾਬੀ ਕਾਲੇ।
ਹਰ ਚੌਖਟ 'ਤੇ ਬੰਦਨਵਾਰ ਸਜਾ ਨਵੇਂ ਸਾਲ 'ਤੇ।
ਜੋਗੀਆ ਐਸੀ ਕੋਈ ਬੀਨ ਵਜਾ ਨਵੇਂ ਸਾਲ 'ਤੇ।

ਨਵਯੁਵਕਾਂ ਦੇ ਵਿਚ ਭਰੀ ਜਾਵੇ ਰਚਨਾਤਮਕ ਸ਼ਕਤੀ।
ਮੰਗਲਕਾਰੀ ਹੋਵੇ ਘਰ-ਘਰ ਕਰਮਠਤਾ ਦੀ ਭਗਤੀ।
ਛੈਲ-ਛਬੀਲੇ ਗੁਲਜ਼ਾਰ ਖਿੜ੍ਹਾ ਨਵੇਂ ਸਾਲ 'ਤੇ।
ਜੋਗੀਆ ਐਸੀ ਕੋਈ ਬੀਨ ਵਜਾ ਨਵੇਂ ਸਾਲ 'ਤੇ।

ਹੱਕਾਂ ਨੂੰ ਲੈਣ ਲਈ ਜ਼ੁਰਅਤ ਤੇ ਸੱਚ ਵਾਲਾ ਨਾਮ ਦੇ।
ਛੇੜੇ ਹੋਵੇ ਆਗਾਜ਼ ਨੂੰ ਮੰਜ਼ਿਲ ਦਾ ਅੰਜ਼ਾਮ ਦੇ।
'ਬਾਲਮ' ਦੇ ਗੀਤਾਂ ਦੀ ਆਵਾਜ਼ ਉਠਾ ਨਵੇਂ ਸਾਲ 'ਤੇ।
ਜੋਗੀਆ ਐਸੀ ਕੋਈ ਬੀਨ ਵਜਾ ਨਵੇਂ ਸਾਲ 'ਤੇ।

*-ਬਲਵਿੰਦਰ ਬਾਲਮ*
*ਫੋਨ: 98156-25409*

# ਪੰਜਾਬ ਦਾ ਖ਼ਾਮੋਸ਼ ਉਜਾੜਾ



**ਪੰਜਾਬ ਦੇ ਅੱਜ ਦੇ ਹਾਲਾਤ ਦਾ ਕਿੱਸਾ ਪ੍ਰੋ. ਕੁਲਵੰਤ ਸਿੰਘ ਔਜਲਾ ਨੇ ਇਸ ਲੇਖ ਦੇ ਰੂਪ ਵਿਚ ਬਿਆਨ ਕੀਤਾ ਹੈ। ਉਨ੍ਹਾਂ ਬੇਵਸੀ ਦੇ ਆਲਮ ਨੂੰ ਜ਼ਬਾਨ ਦੇਣ ਦਾ ਭਰਪੂਰ ਯਤਨ ਕੀਤਾ ਹੈ। ਸੱਚਮੁੱਚ, ਅੱਜ ਕੱਲ੍ਹ ਜੋ ਕੁਝ ਵੀ ਸਾਹਮਣੇ ਦਿਸ ਰਿਹਾ ਹੈ, ਉਹ ਪੰਜਾਬ ਦਾ ਨਹੀਂ ਲੱਗ ਰਿਹਾ। ਸ਼ਾਇਦ ਇਸ ਹਾਲਾਤ ਨੂੰ ਹੀ ਲੇਖਕ ਨੇ ਖਾਮੋਸ਼ ਉਜਾੜਾ ਆਖਿਆ ਹੈ।**

ਪ੍ਰੋ. ਕੁਲਵੰਤ ਸਿੰਘ ਔਜਲਾ

ਪੰਜਾਬ ਦੀ ਰਚਨਾਤਮਿਕ ਸੰਵੇਦਨਾ ਅਤੇ ਸ਼ਕਤੀ ਬੁੱਧੀ ਅਤੇ ਬੇਤਾਲ ਹੋ ਗਈ ਹੈ। ਵਕਤ ਦੇ ਚਾਲੂ ਅਤੇ ਚਲੰਤ ਹੋ ਜਾਣ ਦੇ ਸਿੱਟੇ ਵਜੋਂ ਹਰ ਕਿੱਤਾ ਅਤੇ ਕਾਰਜ ਸੱਚੇ ਸੌਦੇ ਦਾ ਵਪਾਰ ਨਹੀਂ ਰਿਹਾ। ਆਪਣਾ ਮਾਲ ਧੜਾਧੜ ਵੇਚਣ ਦੇ ਆਲਮ ਵਿਚ ਸੰਸਥਾਵਾਂ, ਸਿਧਾਂਤ ਤੇ ਸੰਕਲਪ ਖੋਖਲੇ ਅਤੇ ਖ਼ੁਆਬਹੀਣ ਹੋ ਗਏ ਹਨ। ਇਸ਼ਤਿਹਾਰੀ ਲੋੜ ਅਤੇ ਲਾਲਸਾ ਨੇ ਹਰ ਵਸਤੂ ਅਤੇ ਵਰਤਾਰੇ ਨੂੰ ਮੰਡੀ ਦਾ ਮਾਲ ਬਣਾ ਦਿੱਤਾ ਹੈ। ਧਾਰਮਿਕ ਸਥਾਨਾਂ ਦੀ ਸਜਾਵਟ ਲਈ ਕਰੋੜਾਂ ਰੁਪਏ ਦਾ ਸੋਨਾ ਇਸਤੇਮਾਲ ਹੋ ਰਿਹਾ ਹੈ ਪਰ ਸਹੁੰ ਖਾਣ ਲਈ ਵੀ ਕੋਈ ਫ਼ਕੀਰ, ਦਰਵੇਸ਼, ਪੈਗੰਬਰ ਜਾਂ ਔਲੀਆ ਨਹੀਂ ਲੱਭਦਾ।

ਜਦੋਂ ਮਿੱਟੀਆਂ ਦੀ ਤਾਸੀਰ ਅਮਾਨਵੀ ਅਤੇ ਆਤੰਕੀ ਹੋ ਜਾਵੇ, ਉਦੋਂ ਮਹਾਨ ਪ੍ਰਤਿਭਾਵਾਂ ਦਾ ਅਭਾਵ ਹੋ ਜਾਂਦਾ ਹੈ। ਪੁਰਖਿਆਂ ਦੇ ਇਲਮ ਅਤੇ ਇਲਹਾਮ ਦੀ ਕੁੱਖੋਂ ਪੈਦਾ ਹੋਈਆਂ ਰਵਾਇਤਾਂ ਅਤੇ ਰਮਜ਼ਾਂ ਮੂਕ ਹੋ ਜਾਂਦੀਆਂ ਹਨ। ਹਰ ਕੋਈ ਆਪਣੇ ਆਪ ਨੂੰ ਸੱਚਾ ਸੁੱਚਾ ਤੇ ਸਮਝਦਾਰ ਸਿੱਧ ਕਰਨ ਦੀ ਦੌੜ ਵਿਚ ਮਸਰੂਫ਼ ਹੋ ਜਾਂਦਾ ਹੈ। ਨਸੀਹਤਾਂ, ਮਸ਼ਵਰੇ, ਦਾਅਵੇ ਤੇ ਗਿਆਨ ਥਾਂ-ਥਾਂ ਵਿਕਣ ਲੱਗਦਾ ਹੈ। ਖ਼ੁਦ ਨੂੰ ਖ਼ੁਦਾ ਸਮਝਣ ਵਾਲੇ ਲੋਕਾਂ ਕੋਲ ਸਭ ਕੁਝ ਹੁੰਦਾ ਹੈ ਪਰ ਦਿਲ ਨਹੀਂ ਹੁੰਦਾ। ਦਿਲੋਂ ਬੋਲਣਾ ਅਤੇ ਲਿਖਣਾ ਅੱਜ ਦਾ ਰਿਵਾਜ ਨਹੀਂ। ਦਿਲ ਨਾ ਹੋਵੇ ਤਾਂ ਸੁਪਨੇ, ਸਿਧਾਂਤ ਤੇ ਸਟੇਟਾਂ ਧੜਕਦੇ ਨਹੀਂ। ਸਿਰਫ਼ ਖ਼ਾਨਾਪੂਰਤੀ ਕਰਦੇ ਹਨ।

ਦਿਲ ਪਤਾ ਨਹੀਂ ਕਿਉਂ ਦਿਲਗੀਰ ਨਹੀਂ ਹੁੰਦਾ<br>
ਪੂਰਨ ਪੁੱਤ ਪੰਜਾਬ ਦਾ ਹੁਣ ਫ਼ਕੀਰ ਨਹੀਂ ਹੁੰਦਾ<br>
ਜਿਸ ਦੇ ਲਹੂ ਵਿਚੋਂ ਜੋਸ਼ ਤੇ ਜਜ਼ਬਾ ਮੁੱਕ ਜਾਵੇ<br>
ਉਸ ਮਿੱਟੀ ਵਿਚੋਂ ਉਤਪੰਨ ਸੂਰਬੀਰ ਨਹੀਂ ਹੁੰਦਾ<br>
ਉਹ ਅਸਥਾਨ ਨਿਰੇ ਸੰਗਮਰਮਰੀ ਰਹਿ ਜਾਂਦੇ<br>
ਜਿਨ੍ਹਾਂ ਦੀਆਂ ਨੀਂਹਾਂ ਵਿਚ ਮੀਆਂ ਮੀਰ ਨਹੀਂ ਹੁੰਦਾ

ਖ਼ਾਨਾਪੂਰਤੀਆਂ ਖ਼ੁਆਬਾਂ ਨੂੰ ਜਿਉਂਦੇ ਨਹੀਂ ਰਹਿਣ ਦਿੰਦੀਆਂ। ਖ਼ੁਆਬ ਨਾ ਹੋਣ ਤਾਂ ਵਿਧੀਆਂ ਤੇ ਵਿਧਾਨ ਨਿੱਤ ਦਾ ਕੰਮ ਬਣ ਜਾਂਦੇ ਹਨ। ਗਹਿਰੀਆਂ ਤੇ ਗੁੱਝੀਆਂ ਬਾਤਾਂ ਪਾਉਣ ਵਾਲੇ ਦਿਲਾਂ ਦੀਆਂ ਨਾੜਾਂ ਜਾਮ ਹੋ ਜਾਂਦੀਆਂ ਹਨ। ਇੱਕ ਦਿਨ ਲੋਰ ਵਿਚ ਆਏ ਵੱਡੇ ਵਿਦਵਾਨ ਨੂੰ ਮੈਂ ਪੁੱਛ ਬੈਠਾ ਕਿ ਵੱਡੇ ਪੁਰਸਕਾਰ ਕਿਵੇਂ ਮਿਲਦੇ ਹਨ। ਉਸ ਨੇ ਪੁਰਸਕਾਰ ਮਿਲਣ ਦੇ ਵਿਧੀ ਵਿਧਾਨ ਬਾਰੇ ਲੰਮਾ ਚੌੜਾ ਵਿਖਿਆਨ ਕੀਤਾ। ਵਿਖਿਆਨ ਸੁਣ ਕੇ ਮੈਂ ਕਿਹਾ ਕਿ ਇਸ ਪ੍ਰਕਾਰ ਤਾਂ ਕਿਸੇ ਵੀ ਸਹੀ ਰਚਨਾ ਨੂੰ ਇਨਾਮ ਨਹੀਂ ਮਿਲ ਸਕਦਾ, ਸ਼ਰੀਫ਼ ਤੇ ਸਾਊ ਬੰਦਾ ਇੰਨਾ ਤਰੱਦਦ ਕਿੱਥੋਂ ਕਰੇਗਾ? ਵਿਦਵਾਨ ਹਲਕਾ ਮੁਸਕਰਾਇਆ ਅਤੇ ਬੋਲਿਆ- ਜਿਨ੍ਹਾਂ ਨੂੰ ਇਨਾਮ ਮਿਲਦੇ ਨੇ, ਉਹ ਸਭ ਵਿਧੀ ਵਿਧਾਨ ਜਾਣਦੇ ਨੇ। ਵਿਧੀਆਂ ਵਿਧਾਨ ਬਣਾਏ ਇਸ ਤਰੀਕੇ ਜਾਂਦੇ ਨੇ ਕਿ ਇਹ ਆਮ ਬੰਦਿਆਂ ਦੀ ਪਹੁੰਚ ਅਤੇ ਪਕੜ ਵਿਚ ਨਾ ਰਹਿਣ।

ਵਿਧੀਆਂ ਵਿਧਾਨ ਵਿਵਸਥਾ ਨੂੰ ਨਿਰਜਿੰਦ ਕਰ ਦਿੰਦੇ ਹਨ। ਬਾਰੀਂ ਕੋਹੀਂ ਵੀ ਦੀਵਾ ਜਗਦਾ ਨਜ਼ਰ ਨਹੀਂ ਆਉਂਦਾ। ਨਿਆਂ, ਕਾਨੂੰਨ, ਸੁਰੱਖਿਆ, ਸਿੱਖਿਆ, ਸਿਹਤ ਤੇ ਸੁਪਨੇ ਵਿਧੀਆਂ ਵਿਧਾਨਾਂ ਦੇ ਕਾਰੋਬਾਰੀ ਮਨਸੂਬਿਆਂ ਦੇ ਗ਼ੁਲਾਮ ਬਣ ਜਾਂਦੇ ਹਨ। ਕੁਸਕਦੇ ਹਨ ਪਰ ਬੋਲ ਨਹੀਂ ਸਕਦੇ। ਤਕੜਿਆਂ ਦਾ ਸੱਤੀਂ ਵੀਹੀਂ ਸੌ ਹਮੇਸ਼ਾ ਹੁੰਦਾ ਹੈ ਪਰ ਅਜੋਕੇ ਦੌਰ ਵਿਚ ਇਸ ਦਾ ਰੂਪ ਅਤੇ ਰਵੱਈਆ ਤਾਨਾਸ਼ਾਹ ਹੋ ਗਿਆ ਹੈ। ਇਹ ਦੌਰ ਤਨ ਅਤੇ ਤਕਨੀਕ ਦੀ ਪ੍ਰਭੁਤਾ ਦਾ ਦੌਰ ਹੈ। ਛੁਪੇ ਰਹਿਣ ਦੀ ਚਾਹ ਚੂਰ-ਚੂਰ ਹੋ ਗਈ ਹੈ। ਗ਼ਲਤ ਮੁੱਲਾਂ ਅਤੇ ਮਾਨਤਾਵਾਂ ਨੂੰ ਧੱਕੇ ਨਾਲ ਵੇਚਣ ਦਾ ਵਣਜ ਅਜੋਕੇ ਸਮੇਂ ਦਾ ਮਨਭਾਉਂਦਾ ਵਰਤਾਰਾ ਹੈ।

ਹਰ ਧੰਦਾ ਬਦਨਾਮ ਅਤੇ ਬਦਇਖ਼ਲਾਕ ਹੋ ਗਿਆ ਹੈ। ਤਰ੍ਹਾਂ-ਤਰ੍ਹਾਂ ਦੇ ਮਾਫ਼ੀਏ ਉੱਗ ਆਏ ਹਨ। ਮਾਫ਼ੀਏ ਦੇ ਕਾਰੋਬਾਰ ਨੂੰ ਸਿਸਟਮ ਤੇ ਸਿਆਸਤ ਦੀ ਸ਼ਹਿ ਮਿਲਦੀ ਹੈ। ਮਾਫ਼ੀਆ ਵਕਤ ਨੂੰ ਆਪਣੀ ਇੱਛਾ ਅਨੁਸਾਰ ਚਲਾਉਂਦਾ ਹੈ। ਇਸੇ ਕਰ ਕੇ ਚੈਨਲਾਂ ਉੱਤੇ ਨੰਗੇਜ਼ ਵਿਕਦਾ ਹੈ। ਇਸੇ ਕਰ ਕੇ ਦਰਿਆਵਾਂ ਦੀ ਰੇਤ ਲਈ ਆਪਸੀ ਖਿੱਚੋਤਾਣ ਚੱਲ ਰਹੀ ਹੈ। 'ਕੂੜ ਫਿਰੈ ਪਰਧਾਨੁ ਵੇ ਲਾਲੋ' ਵਰਗੇ ਬੇਬਾਕ ਅਤੇ ਬੁਲੰਦ ਬੋਲ ਬੋਲਣ ਵਾਲਾ ਕੋਈ ਨਹੀਂ। ਬੇਪੀਰ ਹੋ ਗਏ ਇਸ ਜ਼ਮਾਨੇ ਵਿਚ ਸੱਚ ਦਾ ਅਕਸ ਗੰਧਲਾ ਹੋ ਗਿਆ। ਫੇਸਬੁੱਕਾਂ, ਵ੍ਹੱਟਸਐਪਾਂ ਅਤੇ ਯੂ-ਟਿਊਬਾਂ ਦੇ ਮੈਦਾਨ ਵਿਚ ਵਿਅਕਤੀਗਤ ਸਰਦਾਰੀਆਂ, ਸ਼ੋਹਰਤਾਂ, ਸਿਆਣਪਾਂ ਤੇ ਸੰਵਾਦ ਜ਼ੋਰ-ਜ਼ੋਰ ਨਾਲ ਚੀਕ ਰਹੇ ਹਨ।

ਕੋਈ ਕਿਸੇ ਨੂੰ ਟੋਕਣ ਵਾਲਾ ਨਹੀਂ। ਧਰਮ ਅਤੇ ਸਿਆਸਤ ਵਿਚ ਸਾਦਗੀ ਅਤੇ ਸਾਫ਼ਗੋਈ ਦੀ ਥਾਂ ਪਹਿਰਾਵਿਆਂ ਅਤੇ ਪਦਵੀਆਂ ਦਾ ਤਾਨਾਸ਼ਾਹੀ ਬੋਲਬਾਲਾ ਹੈ। ਲੜਾਈਆਂ, ਝਗੜੇ ਤੇ ਵਾਦ-ਵਿਵਾਦ ਮੋਬਾਈਲ ਸਕਰੀਨਾਂ ਉੱਤੇ ਹੋ ਰਹੇ ਹਨ। ਬੰਦਾ ਜ਼ਮੀਨ ਨਾਲੋਂ ਟੁੱਟ ਗਿਆ ਹੈ। ਸਸਤੇ ਅਤੇ ਸ਼ੋਸ਼ੇਬਾਜ਼ ਲੋਕ ਹਰ ਖੇਤਰ ਵਿਚ ਛਾਏ ਹੋਏ ਹਨ। ਪੰਜਾਬ ਦੀ ਚਿੰਤਾ ਵਿਰਲੇ-ਵਿਰਲੇ ਕਿਸੇ ਸਾਊ ਨੂੰ ਹੋ ਸਕਦੀ ਹੈ ਪਰ ਬਹੁਗਿਣਤੀ ਲੋਕ ਉਜੜਨ ਅਤੇ ਉਜਾੜਨ ਦੀ ਸਿਆਸਤ ਕਰ ਰਹੇ ਹਨ। ਡੰਗ ਟਪਾਊ ਸਿਆਸਤ ਨਾਲ ਵਕਤ ਲੰਘਾਉਣ ਵਾਲੇ ਨੇਤਾਵਾਂ ਨੂੰ ਰੂਹਹੀਣ ਅਤੇ ਰੇਗਿਸਤਾਨ ਹੋ ਰਹੇ ਪੰਜਾਬ ਨਾਲ ਕੋਈ ਲਗਾਉ ਨਹੀਂ। ਪਾਣੀਆਂ, ਹਵਾਵਾਂ, ਮਿੱਟੀਆਂ ਨਾਲੋਂ ਜ਼ਹਿਰੀਲੀ ਹੋ ਗਈ ਹੈ ਮਨਾਂ ਮਸਤਕਾਂ ਦੀ ਮਿੱਟੀ। ਲੋਕ ਆਪਣੇ ਕਿਰਦਾਰ, ਕਿੱਤੇ ਤੇ ਕਰਮ ਨਾਲੋਂ ਵਫ਼ਾਦਾਰੀਆਂ ਦੇ ਵਣਜ ਨਾਲ ਹਾਲੋ-ਬੇਹਾਲ ਹੋਏ ਪਏ ਹਨ। ਅੱਜ ਇੱਥੇ ਵਫ਼ਾ, ਕੱਲ੍ਹ ਕਿਤੇ ਹੋਰ ਵਫ਼ਾ। ਵਿਅਕਤੀਗਤ ਸੁਆਰਥ ਤੇ ਸ਼ਨਾਖ਼ਤ ਲਈ ਰਾਤੋ-ਰਾਤ ਬਦਲਣ ਵਾਲੇ ਲੋਕ ਪੰਜਾਬ ਦੇ ਹਿਤੈਸ਼ੀ ਕਿਵੇਂ ਹੋ ਸਕਦੇ ਹਨ? ਕਿਸੇ ਵੇਲੇ ਗੁੜ ਦੀ ਰੋੜੀ ਇਤਬਾਰ ਦੀ ਸੂਚਕ ਹੁੰਦੀ ਸੀ।

ਇੰਨੇ ਬੇਜ਼ਮੀਰੇ ਸਮਿਆਂ ਵਿਚ ਅਸੂਲਾਂ, ਆਦਰਸ਼ਾਂ ਅਤੇ ਅਕਲਾਂ ਉੱਤੇ ਪਹਿਰਾ ਦੇਣਾ ਔਖਾ ਹੋ ਗਿਆ ਹੈ। ਰੁਤਬੇ ਅਤੇ ਰਹਿਮਤਾਂ ਵਫ਼ਾਦਾਰਾਂ ਨੂੰ ਮਿਲਦੀਆਂ ਹਨ। ਵਫ਼ਾਦਾਰੀਆਂ ਦੀ ਵੀ ਖ਼ਰੀਦੋ-ਫ਼ਰੋਖ਼ਤ ਹੁੰਦੀ ਹੈ। ਵਫ਼ਾਦਾਰੀਆਂ ਵਿਚ ਮੁਕਾਬਲੇਬਾਜ਼ੀ ਹੈ। ਵਫ਼ਾਦਾਰੀਆਂ ਮੁੱਲ ਵਿਕਦੀਆਂ ਹਨ। ਵਫ਼ਾਦਾਰੀਆਂ ਸਿੱਧ ਕਰਨੀਆਂ ਪੈਂਦੀਆਂ ਹਨ। ਵਫ਼ਾਦਾਰੀਆਂ ਦੀ ਗ਼ੁਲਾਮੀ ਅੰਗਰੇਜ਼ਾਂ ਨਾਲੋਂ ਵੀ ਮਾੜੀ। ਅਕਲਾਂ, ਅਸੂਲਾਂ ਤੇ ਆਦਰਸ਼ਾਂ ਅਨੁਕੂਲ ਜੀਵਨ ਜਿਉਣ ਵਾਲੇ ਬਹੁਤੇ ਲੋਕ ਅੰਤ ਡਿਪਰੈਸ਼ਨ ਦਾ ਸ਼ਿਕਾਰ ਹੋ ਕੇ ਮਰ ਮੁੱਕ ਜਾਂਦੇ ਹਨ।

ਬਾਕੀ ਬਚੇ ਅਤਿਵਾਦੀ, ਗੈਂਗਸਟਰ, ਨਸ਼ਈ ਅਤੇ ਨਿਕੰਮੇ ਬਣ ਜਾਂਦੇ ਹਨ। ਅੱਕ ਕੇ ਹੀ ਸਾਡੇ ਬੱਚੇ ਪੰਜਾਬ ਛੱਡ ਕੇ ਪਰਵਾਸ ਕਰ ਰਹੇ ਹਨ। ਪਰਵਾਸ ਸੌਖਾ ਵਰਤਾਰਾ ਨਹੀਂ। ਸ਼ਨਾਖ਼ਤ ਤੇ ਸੂਰਤ ਉਜੜ ਜਾਂਦੀ ਹੈ। ਅਜੋਕੇ ਬੇਲਗਾਮ ਮਾਹੌਲ ਵਿਚ ਜਿਊਣਾ ਅਤਿਅੰਤ ਔਖਾ ਹੈ। ਬੰਦਾ ਕੀ ਕਰੇ? ਮਾਹੌਲ ਬੰਦੇ ਨੂੰ ਕੀ ਦਾ ਕੀ ਬਣਾ ਦਿੰਦਾ ਹੈ। ਪ੍ਰਤਿਭਾ ਅਤੇ ਸੰਘਰਸ਼ ਦੇ ਸੀਤ ਹੋਣ ਨਾਲ ਨਿਰਾਸ਼ਾ ਉਤਪੰਨ ਹੁੰਦੀ ਹੈ ਜਾਂ ਫਿਰ ਤੱਤੀਆਂ ਗੱਲਾਂ ਚੰਗੀਆਂ ਲੱਗਦੀਆਂ ਹਨ। ਕੁਝ ਵੀ ਸੁਰੀਲਾ, ਸੋਚਵੰਤ ਤੇ ਸਾਜ਼ਿੰਦ ਨਹੀਂ ਰਿਹਾ। ਕਲਮਾਂ ਬੇਹੀਆਂ ਤੇ ਬੇਤਾਲ ਹੋ ਗਈਆਂ ਹਨ। ਕਵੀਆਂ, ਕਲਾਕਾਰਾਂ, ਸੰਗੀਤਕਾਰਾਂ, ਪੱਤਰਕਾਰਾਂ ਤੇ ਬੁੱਧੀਜੀਵੀਆਂ ਵਿਚ ਜਾਨ ਤੇ ਜੁੰਬਿਸ਼ ਨਹੀਂ ਰਹੀ। ਹਰ ਕੋਈ ਬਚਦਾ-ਬਚਦਾ ਲਿਖਦਾ ਹੈ। ਹਰ ਕੋਈ ਡਰਦਾ-ਡਰਦਾ ਬੋਲਦਾ ਹੈ। ਨਾਨਕ ਦੀ ਰਾਹ 'ਤੇ ਕੌਣ ਚੱਲੇ?

ਆਪਣੀ ਜ਼ਹਿਰੀਲੀ ਕਣਕ ਖਾਣ ਦੀ ਥਾਂ ਪੈਸਾ ਖਰਚਣ ਵਾਲੇ ਪੰਜਾਬੀ ਹੁਣ ਮਹਾਂਰਾਸ਼ਟਰ ਦੀ ਮਹਿੰਗੀ ਕਣਕ ਖਾਣ ਲੱਗ ਪਏ ਹਨ। ਆਪਣੀਆਂ ਸਬਜ਼ੀਆਂ ਦੀ ਥਾਂ ਹਿਮਾਚਲ ਦੀਆਂ ਸਬਜ਼ੀਆਂ ਦੀ ਤਰਜੀਹ ਵਧ ਗਈ ਹੈ। ਇਸ ਪ੍ਰਕਾਰ ਦੇ ਵਰਤਾਰੇ ਪੰਜਾਬ ਦੀ ਸਿਰਜਣ ਸ਼ਕਤੀ ਤੇ ਸੰਵੇਦਨਾ ਦੇ ਸੁੰਨ ਤੇ ਅਸਤ ਹੋ ਜਾਣ ਦੀ ਨਿਸ਼ਾਨੀ ਹਨ। ਕਾਰਪੋਰੇਟ ਨੇ ਹਰ ਧੰਦੇ ਨੂੰ ਆਪਣੀ ਚਾਟੇ ਲਾ ਲਿਆ ਹੈ। ਇਸ ਲਈ ਕਿਸਾਨ ਹੁਣ ਅਨਾਜ ਨਹੀਂ ਉਪਜਾਉਂਦਾ ਸਗੋਂ ਮੰਡੀ ਦੀ ਵਸਤੂ ਪੈਦਾ ਕਰਦਾ ਹੈ। ਸਿੱਖਿਆ ਸੰਸਥਾਵਾਂ ਦਾ ਕੰਮ ਪੁਰਜ਼ੇ ਪੈਦਾ ਕਰਨੇ ਰਹਿ ਗਿਆ ਹੈ। ਅੰਦਰੂਨੀ ਸਿਰਜਣਾ ਦੇ ਸ੍ਰੋਤ ਖੀਣ ਹੋ ਰਹੇ ਹਨ। ਹਰ ਕੋਈ ਮੰਡੀ ਦੇ ਅਨੁਕੂਲ ਵਿਚਰ ਰਿਹਾ ਹੈ। ਸਿਆਸਤ ਦੇ ਮਾਡਲ ਬੁੱਚੜ ਤੇ ਬਚਗਾਨੇ ਹੋ ਗਏ ਹਨ। ਜਦੋਂ ਅਨਾਜ ਖਾਣ ਜੋਗ ਨਾ ਰਹੇ, ਜਦੋਂ ਕਿਤਾਬਾਂ ਗ਼ੈਰ-ਮਿਆਰੀ ਤੇ ਮਸ਼ੀਨੀ ਹੋ ਜਾਣ ਉਦੋਂ ਮਾਨਵੀ ਰੂਹਾਂ ਰੇਤਲੀਆਂ ਹੋ ਜਾਂਦੀਆਂ ਹਨ। ਮਾਹੌਲ ਨਸ਼ਈ ਹੋ ਜਾਂਦਾ ਹੈ।

ਅੰਮ੍ਰਿਤਸਰ ਸ਼ਹਿਰ ਦਾ ਮਕਬੂਲਪੁਰ ਨਸ਼ੇ ਦੇ ਮਕਬੂਲ ਅੱਡੇ ਵਜੋਂ ਇੱਕ ਦਿਨ ਵਿਚ ਪ੍ਰਸਿੱਧ ਨਹੀਂ ਹੋਇਆ। ਲਗਭਗ ਹਰ ਸ਼ਹਿਰ ਵਿਚ ਮਕਬੂਲਪੁਰੇ ਹਨ। ਮੇਰੇ ਸ਼ਹਿਰ ਵਿਚ ਮਹਿਤਾਬਗੜ੍ਹ ਹੈ। ਮਹਿਤਾਬਗੜ੍ਹ ਦਾ ਵਸਨੀਕ ਅਰਵਿੰਦ ਮੇਰੇ ਘਰ ਹਰ ਮਹੀਨੇ ਟੈਲੀਫੋਨ ਦਾ ਬਿੱਲ ਲੈਣ ਆਉਂਦਾ ਹੈ। ਕਈ ਵਾਰ ਉਸ ਨਾਲ ਬਹਿਸ ਹੋ ਜਾਂਦੀ ਹੈ। ਉਹ ਆਖਦਾ ਹੈ ਕਿ ਸਾਡੇ ਇਲਾਕੇ ਵਿਚੋਂ ਨਸ਼ਿਆਂ ਦਾ ਧੰਦਾ ਖ਼ਤਮ ਹੋਣਾ ਮੁਸ਼ਕਿਲ ਹੈ। ਲੋਕ ਕਹਿੰਦੇ ਨੇ, ਇਹ ਧੰਦਾ ਨਾ ਕਰੀਏ ਤਾਂ ਹੋਰ ਕੀ ਕਰੀਏ। ਹੋਰ ਕੋਈ ਬਦਲ ਨਹੀਂ ਹੈ। ਇਸ ਲਈ ਲੋਕ ਨਸ਼ਾ ਵੇਚ ਕੇ ਗੁਜ਼ਾਰਾ ਕਰਦੇ ਹਨ। ਜੇਲ੍ਹ ਕੱਟਦੇ ਹਨ ਤੇ ਫਿਰ ਆ ਕੇ ਉਹੀ ਧੰਦਾ ਸ਼ੁਰੂ ਕਰ ਦਿੰਦੇ ਹਨ।

ਅਤਿਅੰਤ ਦਰਦਨਾਕ ਦ੍ਰਿਸ਼ ਹੈ ਪੰਜਾਬ ਦੇ ਮਕਬੂਲਪੁਰਿਆਂ ਦਾ। ਨਸ਼ਾ ਛੁਡਾਊ ਕੇਂਦਰ ਬੇਵੱਸ ਹਨ। ਸਰਵੇਖਣ ਕਾਗ਼ਜ਼ੀ ਹਨ। ਕਲਮਕਾਰ ਅਤੇ ਕਲਾਕਾਰ ਇਨ੍ਹਾਂ ਅਣਹੋਏ ਅਤੇ ਅਪਾਹਜ ਲੋਕਾਂ ਤੱਕ ਪਹੁੰਚਦੇ ਨਹੀਂ। ਜਦੋਂ ਬੰਦੇ ਨੂੰ ਸਿਹਤਮੰਦ ਤੇ ਸੁਪਨਸਾਜ਼ ਮਾਹੌਲ ਨਾ ਮਿਲੇ ਤਾਂ ਉਹ ਕੁਝ ਵੀ ਬਣ ਸਕਦਾ ਹੈ। ਸੱਚ ਬਹੁਤ ਕੌੜਾ ਹੈ। ਨਿਪੁੰਸਕ ਤੇ ਨਜ਼ਰ ਵਿਹੂਣੇ ਪੰਜਾਬ ਕੋਲ ਉਜੜਨ ਤੋਂ ਬਿਨਾਂ ਕੋਈ ਰਾਹ ਨਹੀਂ। ਖੁੰਢੇ ਹਥਿਆਰਾਂ ਨਾਲ ਵਕਤ ਨਹੀਂ ਬਦਲਦਾ। ਚੱਲੋ ਅਰਜ਼ੋਈਆਂ ਕਰੀਏ। ਅਰਜ਼ੋਈਆਂ ਕਰਨ ਨਾਲ ਮਨ ਨੂੰ ਸਕੂਨ ਤੇ ਸੰਤੁਸ਼ਟੀ ਮਿਲਦੀ ਹੈ। ਵਕਤ ਭਾਵੇਂ ਬਦਲੇ ਜਾਂ ਨਾ ਬਦਲੇ।

ਖ਼ਾਬਾਂ ਨੂੰ ਅੰਬਰ ਤੇ ਖੰਭਾਂ ਨੂੰ ਪਰਵਾਜ਼ ਮਿਲੇ,<br>
ਹਰ ਕਿਸੇ ਨੂੰ ਸੱਚ ਬੋਲਣ ਵਾਲੀ ਆਵਾਜ਼ ਮਿਲੇ।

ਜੋ ਦਿਸ ਰਿਹਾ ਹੈ ਉਹ ਸੱਚੀ-ਮੁੱਚੀ ਦਾ ਪੰਜਾਬ ਨਹੀਂ। ਅਸਲੀ ਪੰਜਾਬ ਮਕਬੂਲਪੁਰਿਆਂ ਵਿਚ ਰਹਿੰਦਾ ਹੈ ਜਿਸ ਨੂੰ ਸਿਆਸਤਦਾਨ ਆਪਣੀਆਂ ਫਿਕਸਡ ਵੋਟਾਂ ਕਹਿੰਦੇ ਹਨ। ਚੈਨਲਾਂ ਵਾਲਾ ਪੰਜਾਬ ਮੇਰਾ ਪੰਜਾਬ ਨਹੀਂ। ਮੇਰੇ ਬਾਪ ਕੋਲ ਗੰਡਾਸੀ ਹੁੰਦੀ ਸੀ, ਆਟੋਮੈਟਿਕ ਸਟੇਨਗੰਨ ਨਹੀਂ ਸੀ ਹੁੰਦੀ। ਮੇਰੀਆਂ ਮਾਵਾਂ-ਭੈਣਾਂ ਇਸ ਪ੍ਰਕਾਰ ਨੰਗੇਜ਼ ਨਹੀਂ ਸੀ ਦਿਖਾਉਂਦੀਆਂ। ਸ਼ਰਮ ਹਯਾ ਪਤਾ ਨਹੀਂ ਕਿੱਥੇ ਚਲੀ ਗਈ! ਅੰਤਰਝਾਤ ਮਾਰਨੀ।

# ਜੀਵਾਂ ਦੇ ਜਲਵੇ

ਦਰਸ਼ਨ ਸਿੰਘ
ਫੋਨ: +91-94667-37933

ਬਹੁਤ ਵਾਰ ਜੀਵ-ਜੰਤੂਆਂ ਬਾਰੇ ਪੜ੍ਹਿਆ ਹੈ, ਸੁਣਿਆ ਵੀ। ਰਾਤ ਨੂੰ ਤਾਰਿਆਂ ਭਰੇ ਅੰਬਰ ਨੂੰ ਅੱਖਾਂ 'ਚ ਉਤਾਰਿਆ ਹੈ। ਮੱਸਿਆ ਦੇ ਨ੍ਹੇਰਿਆਂ ਨਾਲ ਗੱਲਾਂ ਕੀਤੀਆਂ ਹਨ, ਪੁੰਨਿਆ ਦੇ ਚਾਨਣ ਵੀ ਮਾਣੇ ਹਨ। ਨੇੜੇ-ਤੇੜੇ ਖੜ੍ਹੇ ਰੁੱਖਾਂ ਦੀ ਹਰਿਆਵਲ 'ਚ ਚਹਿਕਦੇ ਪੰਛੀਆਂ ਵਿਚ ਵੀ ਮੇਰੀ ਦਿਲਚਸਪੀ ਰਹੀ। ਹੋ ਰਹੀ ਕਿਣਮਿਣ ਨੇ ਵੀ ਕਈ ਵਾਰ ਆਨੰਦਿਤ ਕੀਤਾ। ਕੁਦਰਤ ਨੂੰ ਮਾਣਦਿਆਂ ਆਸੇ-ਪਾਸੇ ਦੀ ਨੱਠ-ਭੱਜ ਤੇ ਰੌਲੇ-ਰੱਪੇ ਕਈ ਵਾਰ ਧਿਆਨ ਵਿਚ ਹੀ ਨਾ ਆਏ।

ਪਤਾ ਇਹ ਵੀ ਲੱਗਿਆ ਕਿ ਜੀਵਾਂ 'ਚ ਵੀ ਖੇੜੇ-ਖੁਸ਼ੀਆਂ, ਉਦਾਸੀਆਂ, ਗ਼ਮ ਤੇ ਗੁੱਸਾ ਆਦਿ ਸਭ ਹੁੰਦੇ ਹਨ। ਲੜਦਾ, ਝਗੜਦਾ ਤੇ ਕਦੀ ਕਲੋਲਾਂ ਕਰਦਾ ਸੁਭਾਅ ਵੀ ਨਜ਼ਰ ਆਉਂਦਾ ਹੈ। ਨਿੱਕੇ ਹੁੰਦੇ ਪੜ੍ਹੀ ਤ੍ਰਿਹਾਏ ਕਾਂ ਦੀ ਕਹਾਣੀ 'ਚ ਝਲਕਦੀ ਉਸ ਦੀ ਸਿਆਣਪ ਹੁਣ ਵੀ ਯਾਦ ਹੈ। ਜੀਵ ਜੰਗਲਾਂ ਦੇ ਰਾਜੇ ਵੀ ਹਨ, ਅਸਮਾਨਾਂ ਦੇ ਜੇਤੂ ਵੀ।

ਥੋੜ੍ਹੇ ਕੁ ਦਿਨ ਹੋਏ ਧੁੱਪੇ ਬੈਠਾ ਸੀ। ਠੰਢਕ ਭਰੀ ਹਵਾ ਸੀ, ਕੋਸੀ ਕੋਸੀ ਧੁੱਪ ਦਾ ਅਨੂਠਾ ਜਿਹਾ ਸਰੂਰ ਵੀ। ਨਿਗ੍ਹਾ ਦੂਰੋਂ ਆਉਂਦੀ ਕੀੜੀ 'ਤੇ ਜਾ ਪਈ। ਪਤਾ ਨਹੀਂ ਕਿੱਥੋਂ ਚਲ ਕੇ ਆ ਰਹੀ ਸੀ ਤੇ ਕਿੱਥੇ ਇਸ ਨੇ ਜਾਣਾ ਸੀ। ਮੂੰਹ 'ਚ ਲਿਆ ਦਾਣਾ ਮੈਨੂੰ ਉਸ ਦੇ ਭਾਰ ਤੋਂ ਭਾਰਾ ਜਾਪਿਆ। ਉਂਞ ਕਿਹਾ ਜਾਂਦਾ ਕਿ ਕੀੜੀ ਆਪਣੇ ਭਾਰ ਤੋਂ ਵੀਹ-ਤੀਹ ਗੁਣਾ ਵੱਧ ਵਜ਼ਨ ਚੁੱਕ ਸਕਦੀ ਹੈ। ਹੌਲੀ ਹੌਲੀ ਉਹ ਮੇਰੇ ਵੱਲ ਸਿੱਧੀ ਆ ਰਹੀ ਸੀ। ਮੇਰੇ ਪੈਰਾਂ ਕੋਲ ਪਹੁੰਚਦਿਆਂ ਹੀ ਉਸ ਨੇ ਮੋੜ ਕੱਟਿਆ ਤੇ ਤੁਰਦੀ ਰਹੀ। ਥੋੜ੍ਹਾ ਜਿਹਾ ਫ਼ਾਸਲਾ ਉਸ ਨੇ ਹੋਰ ਤੈਅ ਕੀਤਾ। ਪਲ ਕੁ ਲਈ ਉਹ ਰੁਕੀ। ਦਾਣਾ ਉੱਥੇ ਰੱਖਿਆ। ਥੋੜ੍ਹਾ ਅੱਗੇ ਜਾਵੇ, ਫਿਰ ਮੁੜ ਆਵੇ। ਦਿਮਾਗ਼ ਵਿਚ ਉਸ ਦੇ ਪਤਾ ਨਹੀਂ ਕੀ ਚਲ ਰਿਹਾ ਸੀ? ਸੋਚੀਂ ਪਿਆ ਮੈਂ ਉਸ ਨੂੰ ਤੱਕਦਾ ਰਿਹਾ। ਸ਼ਾਇਦ ਥੱਕ ਗਈ ਹੋਵੇ ਜਾਂ ਹਿੰਮਤ ਹਾਰ ਗਈ ਹੋਵੇ। ਨਿੱਕੀ ਜਿਹੀ ਤਾਂ ਹੈ! ਸੋਚਾਂ ਮੈਨੂੰ ਕਈ ਆਈਆਂ।

ਸੋਚਦਾ ਸਾਂ, ਸਾਹ ਤਾਂ ਸਭ ਲੈਂਦੇ ਹਨ ਪਰ ਜ਼ਿੰਦਗੀ ਸਭ ਦੀ ਇੱਕੋ ਜਿਹੀ ਨਹੀਂ ਹੁੰਦੀ। ਕੋਈ ਕੱਲ੍ਹ-ਭਲਕ ਦੇ ਫ਼ਿਕਰ ਵਿਚ ਡੁੱਬਾ ਹੈ, ਕਿਸੇ ਕੋਲੋਂ ਆਪਣਾ ਅੱਜ ਵੀ ਨਹੀਂ ਸੰਭਾਲਿਆ ਜਾ ਰਿਹਾ। ਕੋਈ ਉਮਰ ਭਰ ਲਈ ਚੋਗਾ ਇਕੱਠਾ ਕਰਨ ਦੀ ਦੌੜ-ਭੱਜ 'ਚ ਹੈ, ਕਿਸੇ ਲਈ ਇਕ ਦਾਣਾ ਹੀ ਕਾਫ਼ੀ ਹੈ। 'ਜਿਸ ਦੀ ਕੋਠੀ ਦਾਣੇ, ਉਸ ਦੇ ਕਮਲੇ ਵੀ ਸਿਆਣੇ'। ਇਹ ਦਾਣਾ ਫਿਰ ਕਿਉਂ ਛੱਡ ਗਈ? ਮੈਨੂੰ ਪਤਾ ਨਹੀਂ ਸੀ ਕਿ ਇਹ ਦਾਣਾ ਉਸ ਨੇ ਕਿੱਥੇ ਰੱਖਣਾ ਸੀ। ਦਸ-ਪੰਦਰਾਂ ਮਿੰਟ ਮੈਂ ਉੱਥੇ ਬੈਠਾ ਰਿਹਾ। ਹੋਰ ਕੀੜੀਆਂ ਵੀ ਆਸੇ-ਪਾਸੇ ਘੁੰਮ ਰਹੀਆਂ ਸਨ। ਕੁਝ ਦਾਣੇ ਕੋਲ ਆਉਂਦੀਆਂ, ਰੁਕਦੀਆਂ, ਛੋਂਹਦੀਆਂ ਤੇ ਚਲੀਆਂ ਜਾਂਦੀਆਂ। ਦਾਣਾ ਉੱਥੇ ਦਾ ਉੱਥੇ ਹੀ ਪਿਆ ਸੀ। ਮੇਰੀ ਤੱਕਣੀ ਇਧਰ-ਉਧਰ ਘੁੰਮਦੀ ਉਸ ਕੀੜੀ 'ਤੇ ਲਗਾਤਾਰ ਕੇਂਦਰਿਤ ਸੀ ਜੋ ਦਾਣਾ ਲੈ ਕੇ ਆਈ ਸੀ। ਹੈਰਾਨੀ ਉਸ ਵੇਲੇ ਹੋਈ ਜਦੋਂ ਉਸ ਕੀੜੀ ਨਾਲ ਇਕ ਹੋਰ ਕੀੜੀ ਨੂੰ ਵਾਪਸ ਦਾਣੇ ਵੱਲ ਆਉਂਦੇ ਦੇਖਿਆ। ਕਿਹੜੀ ਗੱਲ ਕਿਸ ਬੋਲੀ ਵਿਚ ਉਸ ਨੇ ਉਸ ਨੂੰ ਸਮਝਾਈ ਹੋਵੇਗੀ, ਸੋਚਣ ਲੱਗਾ। ਵਿਗਿਆਨਕ ਤੱਥ ਵੀ ਹਨ ਕਿ ਕੀੜੀਆਂ ਵਿਚ ਵੀ ਆਪਸੀ ਸੰਚਾਰ ਜਾਂ ਸੰਪਰਕ ਕਰਨ ਦੀ ਸਮਰੱਥਾ ਹੈ। ਥੋੜ੍ਹਾ ਵੱਡੀ ਜਾਪਦੀ ਉਸ ਨਾਲ ਆਈ ਕੀੜੀ ਨੇ ਦਾਣੇ ਨੂੰ ਆਪਣੇ ਮੂੰਹ 'ਚ ਲਿਆ ਤੇ ਫਿਰ ਦੋਵੇਂ ਤੁਰ ਪਈਆਂ। ਛੋਟੀ ਕੀੜੀ ਉਸ ਦੇ ਨਾਲ ਨਾਲ ਤੁਰ ਰਹੀ ਸੀ। ਥੋੜ੍ਹੀ ਦੂਰ ਕੰਧ ਨੇੜੇ ਸੁਰਾਖ ਕੋਲ ਦਾਣਾ ਰੱਖ ਕੇ ਉਹ ਕਿਸੇ ਹੋਰ ਪਾਸੇ ਚਲੀ ਗਈ ਤੇ ਦੂਜੀ ਕੀੜੀ ਉਸ ਦਾਣੇ ਨੂੰ ਅੰਦਰ ਲੈ ਗਈ। ਇਹ ਦ੍ਰਿਸ਼ ਮੇਰੇ ਲਈ ਬਹੁਤ ਕੁਝ ਸੋਚਣ ਸਮਝਣ ਲਈ ਆਪਣੇ ਪਿੱਛੇ ਛੱਡ ਗਿਆ। ਇਸ ਨਿੰਘੀ ਧੁੱਪ ਨੇ ਜਿਵੇਂ ਮੇਰੀਆਂ ਸੋਚਾਂ ਨੂੰ ਵੀ ਨਿੱਘਾ ਕਰ ਦਿੱਤਾ ਹੋਵੇ।

'ਕੀੜੀ ਦਾ ਆਟਾ ਡੁੱਲ੍ਹ ਗਿਆ' ਬਚਪਨ 'ਚ ਸੁਣੀ ਕਹਾਣੀ ਦੇ ਅਰਥ ਮੈਂ ਸਮਝਣ ਲੱਗਾ। 'ਕੀੜੀ ਘਰ ਨਾਰਾਇਣ ਆਏ' ਵੀ ਪੜ੍ਹਿਆ ਸੀ। ਇਹੋ ਜਿਹੇ ਅਖਾਣ-ਮੁਹਾਵਰਿਆਂ ਰਾਹੀਂ ਕੀੜੀਆਂ ਸਦਾ ਗਰੀਬੜੇ ਜਿਹੇ ਜੀਵ ਜਾਪੇ। ਸੋਚਦੇ ਸਮਝਦੇ ਮੈਨੂੰ ਜਾਪਿਆ ਕਿ ਜ਼ਿੰਦਗੀ ਦੀਆਂ ਲੋੜਾਂ ਤਾਂ ਸਭ ਦੀਆਂ ਹੁੰਦੀਆਂ ਹਨ ਪਰ ਇਸ ਦੇ ਕੋਲੋਂ ਲੰਘਦੀਆਂ ਹੋਰ ਕੀੜੀਆਂ ਇਸ ਦਾਣੇ ਨੂੰ ਚੁੱਕ ਕੇ ਆਪਣੇ ਲਈ ਕਿਉਂ ਨਹੀਂ ਲੈ ਗਈਆਂ? ਸਵਾਲ ਮੇਰੇ ਅੰਦਰ ਘੁੰਮਣ ਲੱਗਾ। ਮੈਨੂੰ ਇਹੋ ਜਾਪਿਆ ਕਿ ਸ਼ਾਇਦ ਉਨ੍ਹਾਂ ਨੂੰ ਇਸ ਗੱਲ ਦੀ ਪੂਰੀ ਸੋਝੀ ਹੋਵੇ ਕਿ 'ਪਰਾਏ ਹੱਕ' ਜਾਂ ਕਿਸੇ ਹੋਰ ਦੀ ਮਿਹਨਤ ਦੇ ਫ਼ਲ ਉੱਤੇ ਉਨ੍ਹਾਂ ਦਾ ਕੋਈ ਹੱਕ ਨਹੀਂ ਸੀ। ਇਹ ਵੀ ਜਾਪਿਆ ਕਿ 'ਨਿੱਕੀਆਂ' ਜਾਪਦੀਆਂ ਕੀੜੀਆਂ ਵਿਚ ਇਹ 'ਵੱਡੀ ਸਮਝ' ਸੀ ਕਿ ਲੋੜ ਪੈਣ ਜਾਂ ਔਖ ਵੇਲੇ ਇਕ ਦੂਜੇ ਨਾਲ ਕਿਵੇਂ ਖੜ੍ਹਨਾ ਹੈ। ਇਸ ਪੱਖੋਂ ਉਨ੍ਹਾਂ ਦੀ ਸੋਚ ਬੜੀ ਅਮੀਰ ਜਾਪੀ।

ਜਿਵੇਂ ਕੀੜੀਆਂ ਚੁੱਪ-ਚੁਪੀਤੇ ਮੈਨੂੰ ਜ਼ਿੰਦਗੀ ਭਰ ਲਈ ਕੋਈ ਸਬਕ ਦੇ ਗਈਆਂ ਹੋਣ। ਕੁਦਰਤ ਵਿਚ ਕਈ ਵਰਤਾਰੇ ਨਿੱਤ ਵਾਪਰਦੇ ਹਨ ਪਰ ਸ਼ਾਇਦ ਇਨ੍ਹਾਂ ਪ੍ਰਤੀ ਅਸੀਂ ਸੰਵੇਦਨਸ਼ੀਲ ਨਹੀਂ ਹਾਂ। ਪੁੰਗਰਦੇ ਬੀਜ ਵਿਚ ਵੀ ਕੋਈ ਕਵਿਤਾ ਪਈ ਹੈ, ਖਿੜਦੀਆਂ ਪੱਤੀਆਂ ਵਿਚ ਕੋਈ ਕਹਾਣੀ ਤੇ ਸਾਡੇ ਆਸੇ-ਪਾਸੇ ਤੁਰਦੀਆਂ ਬੇਹੱਦ ਨਿੱਕੀਆਂ ਨਿੱਕੀਆਂ ਕੀੜੀਆਂ ਵਿਚ ਮਿਹਨਤ ਅਤੇ ਸਹਿਯੋਗ ਕਰਨ ਵਰਗੇ ਕਈ ਵਡਮੁੱਲੇ ਸਬਕ...!

ਮਨ ਨੂੰ ਉਨ੍ਹਾਂ ਦੀ ਆਪਸੀ ਸਹਿਯੋਗ ਦੀ ਭਾਵਨਾ ਭਰਿਆ ਅਹਿਸਾਸ ਹੁਣ ਵੀ ਕਈ ਵਾਰ ਟੁੰਬਦਾ ਹੈ।

... ਤੇ ਸੋਚਦਾ ਹਾਂ ਕਿ ਮਾਨਵੀ ਰਿਸ਼ਤਿਆਂ ਦੀ ਅਮੀਰੀ ਅਤੇ ਸੁਹੱਪਣ ਇਸੇ ਸੁਖਦਾਈ ਭਾਵਨਾ ਨੂੰ ਆਪਣੇ ਅੰਦਰ ਵਸਾ ਲੈਣ ਨਾਲ ਹੀ ਸੰਭਵ ਹੈ।

# ਜ਼ਹਿਰਾਂ ਘੁਲੀ ਜ਼ਿੰਦਗੀ





**ਗੁਰਮੀਤ ਸਿੰਘ ਪਲਾਹੀ**
**ਫੋਨ: 98158-02070**

ਯੂਨਾਈਟਿਡ ਸਟੇਟਸ ਅਮਰੀਕਾ ਦੇ ਬਾਗ ਬਗੀਚਿਆਂ ਸਬੰਧੀ ਉਥੋਂ ਦੇ ਰਾਸ਼ਟਰੀ ਪਾਰਕ ਸਰਵਿਸ (ਐਨ.ਪੀ.ਐਸ.) ਦੀ ਇਕ ਰਿਪੋਰਟ ਦੱਸਦੀ ਹੈ ਕਿ ਆਵਾਜ਼ ਪ੍ਰਦੂਸ਼ਨ ਸਿਹਤ ਦੇ ਨਾਲ-ਨਾਲ ਵਾਤਾਵਰਨ ਲਈ ਵੀ ਗੰਭੀਰ ਰੂਪ ਵਿਚ ਨੁਕਸਾਨਦੇਹ ਹੈ। ਇਹ ਇਨਸਾਨਾਂ ਦੇ ਨਾਲ-ਨਾਲ ਜੀਵ ਜੰਤੂਆਂ ਨੂੰ ਵੀ ਗੰਭੀਰ ਨੁਕਸਾਨ ਪਹੁੰਚਾਉਂਦਾ ਹੈ। ਕਈ ਵਾਤਾਵਰਨ ਖੋਜੀਆਂ ਦਾ ਮੰਨਣਾ ਹੈ ਕਿ ਜੇ ਆਵਾਜ਼ ਪ੍ਰਦੂਸ਼ਨ ਲੰਮੇ ਸਮੇਂ ਤੱਕ ਬਣਿਆ ਰਹੇ ਤਾਂ ਕਈ ਦਰੱਖਤਾਂ, ਪੌਦਿਆਂ ਦੀਆਂ ਪ੍ਰਜਾਤੀਆਂ ਅਲੋਪ ਹੋ ਸਕਦੀਆਂ ਹਨ। ਆਵਾਜ਼ ਪ੍ਰਦੂਸ਼ਨ ਸਰੀਰਕ ਅਤੇ ਮਾਨਸਿਕ ਦੋਵੇਂ ਤਰ੍ਹਾਂ ਹੀ ਸਿਹਤ ਨੂੰ ਨੁਕਸਾਨ ਪਹੁੰਚਾਉਂਦਾ ਹੈ। ਜੇ ਬਣਾਉਟੀ ਢੰਗਾਂ ਨਾਲ ਵਾਤਾਵਰਨ ਵਿਚ ਰੌਸ਼ਨੀ (ਪ੍ਰਕਾਸ਼) ਦੀ ਮਾਤਰਾ ਇੰਨੀ ਜ਼ਿਆਦਾ ਹੋ ਜਾਂਦੀ ਹੈ ਕਿ ਕੁਦਰਤੀ ਤੌਰ 'ਤੇ ਇਸ ਦਾ ਉਲਟ ਅਸਰ ਪੈਣ ਲੱਗ ਜਾਵੇ ਤਾਂ ਇਸਨੂੰ ਪ੍ਰਕਾਸ਼ ਪ੍ਰਦੂਸ਼ਨ ਕਹਿੰਦੇ ਹਨ। ਇਸ ਪ੍ਰਕਾਸ਼ ਪ੍ਰਦੂਸ਼ਨ ਦਾ ਸਿਰਫ਼ ਮਨੁੱਖ ਜਾਤੀ ਉਤੇ ਹੀ ਨਹੀਂ, ਪੌਦਿਆਂ ਅਤੇ ਜਾਨਵਰਾਂ ਉਤੇ ਵੀ ਭੈੜਾ ਪ੍ਰਭਾਵ ਪੈਂਦਾ ਹੈ।

ਅੱਜ ਵਧਦੇ ਉਦਯੋਗੀਕਰਨ ਅਤੇ ਆਧੁਨਿਕ ਜੀਵਨ ਸ਼ੈਲੀ ਦੇ ਚਲਦਿਆਂ ਪੂਰੀ ਧਰਤੀ ਦਾ ਸੰਤੁਲਨ ਵਿਗੜ ਰਿਹਾ ਹੈ। ਪ੍ਰਦੂਸ਼ਨ ਪੂਰੀ ਧਰਤੀ ਲਈ ਵੱਡੀ ਸਮੱਸਿਆ ਬਣ ਗਿਆ ਹੈ। ਹਵਾ ਪ੍ਰਦੂਸ਼ਨ, ਪਾਣੀ ਪ੍ਰਦੂਸ਼ਨ, ਆਵਾਜ਼ ਪ੍ਰਦੂਸ਼ਨ ਆਦਿ ਨਾਲ ਦੁਨੀਆਂ ਦੇ ਸਾਰੇ ਦੇਸ਼ ਜੂਝ ਰਹੇ ਹਨ। ਮਨੁੱਖੀ ਗਤੀਵਿਧੀਆਂ ਅਤੇ ਤਕਨੀਕੀ ਉਪਕਰਨਾਂ, ਜਿਵੇਂ ਏ.ਸੀ., ਫਰਿੱਜ, ਮੋਬਾਈਲ, ਹਵਾਈ ਜਹਾਜ਼, ਬੱਸਾਂ, ਕਾਰਾਂ ਅਤੇ ਹੋਰ ਵਾਹਨਾਂ ਦੀ ਬੇਇੰਤਹਾ ਵਰਤੋਂ ਨਾਲ ਹਵਾ ਪ੍ਰਦੂਸ਼ਨ ਵਧ ਰਿਹਾ ਹੈ। ਵਾਯੂਮੰਡਲ ਵਿਚ ਸਾਰੀਆਂ ਗੈਸਾਂ ਸੰਤੁਲਿਤ ਅਤੇ ਨਿਸ਼ਚਿਤ ਹੁੰਦੀਆਂ ਹਨ ਪਰ ਜਦੋਂ ਕਿਸੇ ਕਾਰਨ ਇਨ੍ਹਾਂ ਗੈਸਾਂ ਦੀ ਮਾਤਰਾ 'ਚ ਤਬਦੀਲੀ ਹੁੰਦੀ ਹੈ ਤਾਂ ਹਵਾ ਪ੍ਰਦੂਸ਼ਨ ਵਧਦਾ ਹੈ। ਕਾਰਖਾਨਿਆਂ 'ਚੋਂ ਨਿਕਲਦਾ ਧੂੰਆਂ, ਵਾਹਨਾਂ ਕਾਰਨ ਪੈਦਾ ਹੁੰਦਾ ਧੂੰਆਂ, ਪਰਾਲੀ ਆਦਿ ਜਲਾਉਣ ਨਾਲ ਫੈਲਦਾ ਧੂੰਆਂ ਵਾਤਾਵਰਨ ਨੂੰ ਦੂਸ਼ਿਤ ਕਰਦਾ ਹੈ, ਇਸ ਨਾਲ ਸਾਹ ਲੈਣਾ ਵੀ ਔਖਾ ਹੋ ਜਾਂਦਾ ਹੈ, ਇਸੇ ਲਈ ਮਨੁੱਖ ਦਮਾ, ਸਾਹ ਦੀਆਂ ਹੋਰ ਬੀਮਾਰੀਆਂ ਦੀ ਲਪੇਟ ਵਿਚ ਆ ਜਾਂਦਾ ਹੈ। ਵੱਡੀ ਆਬਾਦੀ ਹਵਾ ਪ੍ਰਦੂਸ਼ਨ ਦੀ ਸਮੱਸਿਆ ਦਾ ਗੰਭੀਰਤਾ ਨਾਲ ਸਾਹਮਣਾ ਕਰ ਰਹੀ ਹੈ।

ਹਵਾ ਪ੍ਰਦੂਸ਼ਨ ਦੇ ਵਧਣ ਦੇ ਨਾਲ-ਨਾਲ ਆਧੁਨਿਕ ਵਿਕਾਸ ਕਾਰਨ ਪਾਣੀ ਪ੍ਰਦੂਸ਼ਨ ਵੀ ਵਧ ਰਿਹਾ ਹੈ। ਉਦਯੋਗੀਕਰਨ ਅਤੇ ਸ਼ਹਿਰੀਕਰਨ ਦੇ ਚਲਦਿਆਂ ਸ਼ਹਿਰਾਂ ਵਿਚ ਵੱਖੋ-ਵੱਖਰੇ ਉਦਯੋਗ ਲੱਗ ਰਹੇ ਹਨ। ਘਰਾਂ ਅਤੇ ਕਾਰਖਾਨਿਆਂ ਵਿਚੋਂ ਨਿਕਲਦਾ ਦੂਸ਼ਿਤ ਪਾਣੀ, ਕਚਰਾ ਅਤੇ ਘਾਤਕ ਰਸਾਇਣ ਨਦੀਆਂ-ਨਾਲਿਆਂ ਨੂੰ ਗੰਦਾ ਤਾਂ ਕਰ ਹੀ ਰਹੇ ਹਨ, ਪ੍ਰਦੂਸ਼ਿਤ ਵੀ ਕਰ ਰਹੇ ਹਨ। ਸਾਫ਼ ਸੁਥਰੀਆਂ ਨਦੀਆਂ, ਬਰਸਾਤੀ ਨਾਲਿਆਂ ਦਾ ਪਾਣੀ ਸੀਵਰੇਜ ਦੇ ਪਾਣੀ ਨੇ ਪੀਣ ਯੋਗ ਨਹੀਂ ਰਹਿਣ ਦਿੱਤਾ ਅਤੇ ਨਾ ਹੀ ਕਿਸੇ ਹੋਰ ਵਰਤੋਂ ਯੋਗ ਛੱਡਿਆ ਹੈ। ਇਸੇ ਗੰਦੇ ਪਾਣੀ ਨਾਲ ਸਾਫ਼-ਸੁਥਰਾ ਪਾਣੀ ਪ੍ਰਦੂਸ਼ਿਤ ਤਾਂ ਹੁੰਦਾ ਹੀ ਹੈ, ਨਾਲ-ਨਾਲ ਕਈ ਬੀਮਾਰੀਆਂ ਨੂੰ ਜਨਮ ਦਿੰਦਾ ਹੈ। ਇਥੇ ਹੀ ਬੱਸ ਨਹੀਂ ਖਾਦਾਂ, ਕੀਟਨਾਸ਼ਕਾਂ ਦੀ ਖੇਤਾਂ ਵਿਚ ਵੱਧ ਵਰਤੋਂ ਨੇ ਮਿੱਟੀ ਦੀ ਗੁਣਵੱਤਾ ਉਤੇ ਬੁਰਾ ਪ੍ਰਭਾਵ ਪਾਇਆ ਹੈ ਅਤੇ ਧਰਤੀ ਦਾ ਪ੍ਰਦੂਸ਼ਨ ਵਧਿਆ ਹੈ। ਸ਼ੁੱਧ ਮਿੱਟੀ ਕੁਦਰਤੀ ਖਜ਼ਾਨਾ ਹੈ ਜੋ ਪਸ਼ੂ, ਮਨੁੱਖ ਅਤੇ ਬਨਸਪਤੀ ਦੇ ਜੀਵਨ 'ਚ ਪ੍ਰਮੁੱਖ ਭੂਮਿਕਾ ਨਿਭਾਉਂਦੀ ਹੈ, ਪਰੰਤੂ ਜਿਸ ਢੰਗ ਨਾਲ ਧਰਤੀ ਦੀ ਮਿੱਟੀ ਨਾਲ ਖਿਲਵਾੜ ਹੋਣ ਲੱਗਿਆ ਹੈ, ਉਸ ਨਾਲ ਕਈ ਵੱਖੋ-ਵੱਖਰੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ, ਜੋ ਕਿ ਧਰਤੀ 'ਤੇ ਰਹਿਣ ਵਾਲੇ ਪਸ਼ੂ, ਪੰਛੀਆਂ, ਜੀਵਾਂ, ਮਨੁੱਖਾਂ ਆਦਿ ਲਈ ਪ੍ਰੇਸ਼ਾਨੀ ਦਾ ਸਾਧਨ ਬਣ ਰਹੀਆਂ ਹਨ।

ਪ੍ਰਦੂਸ਼ਨ ਕਾਰਨ ਇਕ ਅਧਿਐਨ ਅਨੁਸਾਰ ਹਰ ਸਾਲ ਵਿਸ਼ਵ ਭਰ ਵਿਚ ਲਗਭਗ 90 ਲੱਖ ਲੋਕਾਂ ਦੀ ਮੌਤ ਹੁੰਦੀ ਹੈ। ਸਾਲ 2000 ਤੋਂ ਬਾਅਦ ਹਵਾ ਦੇ ਪ੍ਰਦੂਸ਼ਨ ਕਾਰਨ ਮਰਨ ਵਾਲਿਆਂ ਦੀ ਗਿਣਤੀ ਲਗਭਗ 50 ਫੀਸਦੀ ਵਧ ਗਈ ਹੈ। ਭਾਰਤ ਵਿਚ ਹਰ ਸਾਲ ਲਗਭਗ 24 ਲੱਖ ਲੋਕ, ਚੀਨ ਵਿਚ 22 ਲੱਖ ਲੋਕਾਂ ਦੀ ਪ੍ਰਦੂਸ਼ਨ ਕਾਰਨ ਗੈਰ ਕੁਦਰਤੀ ਮੌਤ ਹੋਈ। ਇਕ ਸਰਵੇਖਣ ਵਿਚ ਇਹ ਵੀ ਆਇਆ ਹੈ ਕਿ ਇਕ ਸਾਲ ਵਿਚ ਜਿੰਨੀਆਂ ਮੌਤਾਂ ਸਿਗਰਟ ਪੀਣ ਅਤੇ ਸਿਗਰਟਾਂ, ਤੰਬਾਕੂ ਦਾ ਧੂੰਆਂ ਵਾਤਾਵਰਨ 'ਚ ਰਲਣ ਕਾਰਨ ਹੁੰਦੀਆਂ ਹਨ, ਲਗਭਗ ਉਤਨੀਆਂ ਹੀ ਮੌਤਾਂ ਹਵਾ ਪ੍ਰਦੂਸ਼ਨ ਨਾਲ ਹੁੰਦੀਆਂ ਹਨ। ਯਾਦ ਰਹੇ ਹਵਾ ਪ੍ਰਦੂਸ਼ਨ ਨਾਲ ਲੋਕ ਦਿਲ, ਲਕਵਾ, ਫੇਫੜਿਆਂ ਦੇ ਕੈਂਸਰ, ਫੇਫੜਿਆਂ ਦੀਆਂ ਦੂਜੀਆਂ ਬੀਮਾਰੀਆਂ, ਸ਼ੂਗਰ ਆਦਿ ਦੇ ਸ਼ਿਕਾਰ ਹੋ ਜਾਂਦੇ ਹਨ।

ਅਮਰੀਕਾ ਦੇ ਦਿਲ ਰੋਗਾਂ ਦੀ ਐਸੋਸੀਏਸ਼ਨ ਨੇ ਇਕ ਦਹਾਕਾ ਪਹਿਲਾਂ ਦੱਸਿਆ ਸੀ ਕਿ ਰਹਿੰਦ ਖੂੰਹਦ ਦੇ ਜਲਣ ਨਾਲ ਪੈਦਾ ਹੁੰਦੇ ਪ੍ਰਦੂਸ਼ਨ ਦੇ ਛੋਟੇ-ਛੋਟੇ ਕਣ ਦਿਲ ਦੇ ਰੋਗਾਂ ਅਤੇ ਮੌਤ ਲਈ ਜ਼ਿੰਮੇਵਾਰ ਹੁੰਦੇ ਹਨ। ਮਾਹਿਰ ਇਹ ਵੀ ਮੰਨਦੇ ਹਨ ਕਿ ਜਿਨ੍ਹਾਂ ਥਾਵਾਂ ਉਤੇ ਆਬਾਦੀ ਵੱਧ ਹੈ, ਪ੍ਰਦੂਸ਼ਨ ਦੇ ਨਿਪਟਾਰੇ ਦੇ ਵਿੱਤੀ ਅਤੇ ਸਰਕਾਰੀ ਸਾਧਨਾਂ ਦੀ ਕਮੀ ਹੈ, ਉਥੇ ਪ੍ਰਦੂਸ਼ਨ ਸਥਿਤੀ ਨਾਜ਼ੁਕ ਹੈ। ਸ਼ਹਿਰਾਂ ਦੇ ਵਿਕਾਸ ਨਾਲ ਵੱਧ ਪ੍ਰਦੂਸ਼ਨ ਤਾਂ ਹੁੰਦਾ ਹੀ ਹੈ, ਪਰ ਗਰੀਬ ਇਲਾਕਿਆਂ ਖਾਸ ਕਰਕੇ ਪੇਂਡੂ ਅਤੇ ਸਲੱਮ ਖੇਤਰ ਵਿਚ ਮੌਤਾਂ ਦੀ ਗਿਣਤੀ ਵਧਣ ਦਾ ਮੁੱਖ ਕਾਰਨ ਪ੍ਰਦੂਸ਼ਨ ਹੈ। ਹਵਾ ਪ੍ਰਦੂਸ਼ਨ ਤੋਂ ਪਾਣੀ ਪ੍ਰਦੂਸ਼ਨ ਹੀ ਇਕ ਇਹੋ ਜਿਹਾ ਪ੍ਰਦੂਸ਼ਨ ਹੈ, ਜਿਸ ਨਾਲ ਹਰ ਸਾਲ ਵਿਸ਼ਵ ਭਰ 'ਚ ਮੌਤਾਂ ਦੀ ਗਿਣਤੀ 14 ਲੱਖ ਤੱਕ ਪੁੱਜ ਚੁੱਕੀ ਹੈ। ਉਦਯੋਗਾਂ ਤੋਂ ਨਿਕਲਦੇ ਘਾਤਕ ਰਸਾਇਣਾਂ ਨਾਲ ਨਾ ਕੇਵਲ ਨਦੀਆਂ ਦਾ ਪਾਣੀ ਦੂਸ਼ਿਤ ਹੁੰਦਾ ਹੈ, ਸਗੋਂ ਪਾਣੀ 'ਚ ਰਹਿਣ ਵਾਲੇ ਜੀਵਾਂ ਦੀ ਮੌਤ ਤੇ ਬੀਮਾਰੀਆਂ ਦਾ ਕਾਰਨ ਵੀ ਬਣਦਾ ਹੈ। ਜਲੇ-ਅਣਜਲੇ ਮ੍ਰਿਤਕ ਮਨੁੱਖੀ ਤੇ ਪਸ਼ੂਆਂ ਦੇ ਸਰੀਰ, ਕੂੜਾ ਕਚਰਾ ਅਤੇ ਕਾਰਬਨ ਪਦਾਰਥਾਂ ਦਾ ਨਦੀਆਂ ਵਿਚ ਸੁੱਟਣਾ ਬਹੁਤ ਹੀ ਹਾਨੀਕਾਰਕ ਬਣਦਾ ਜਾ ਰਿਹਾ ਹੈ।

ਜੀਵ ਜੰਤੂਆਂ ਦੀਆਂ ਕਈ ਪ੍ਰਜਾਤੀਆਂ ਸਿਰਫ਼ ਰਾਤਾਂ ਨੂੰ ਹੀ ਸਕਿਰਿਆ ਹੁੰਦੀਆਂ ਹਨ, ਕਿਉਂਕਿ ਉਨ੍ਹਾਂ ਲਈ ਪ੍ਰਕਾਸ਼ ਪ੍ਰਦੂਸ਼ਨ ਗੰਭੀਰ ਸਮੱਸਿਆ ਹੈ। ਇਸ ਨਾਲ ਇਨ੍ਹਾਂ ਪਸ਼ੂ-ਪੰਛੀਆਂ ਦੀ ਪ੍ਰਜਣਨ ਕਿਰਿਆ ਉਤੇ ਭੈੜਾ ਪ੍ਰਭਾਵ ਪੈ ਰਿਹਾ ਹੈ। ਦਰੱਖਤਾਂ ਪੌਦਿਆਂ ਉਤੇ ਵੀ ਇਸ ਦਾ ਅਸਰ ਪੈਂਦਾ ਹੈ। ਇਥੇ ਹੀ ਬਸ ਨਹੀਂ ਕਿ ਮਨੁੱਖ ਦੇ ਡੀ.ਐਨ.ਏ. ਵਿਚ ਵਿਸ਼ੇਸ਼ ਪ੍ਰਕਾਰ ਦੀ ਸਰਕੈਡਿਅਨ ਪਰਤ ਹੁੰਦੀ ਹੈ, ਜਿਸ ਨਾਲ ਇਹ ਤੈਅ ਹੁੰਦਾ ਹੈ ਕਿ ਇਸ ਸਮੇਂ ਮਨੁੱਖ ਨੂੰ ਪ੍ਰਕਾਸ਼ ਦੀ ਜ਼ਰੂਰਤ ਹੈ, ਪ੍ਰਕਾਸ਼ ਪ੍ਰਦੂਸ਼ਨ ਨਾਲ ਕੁਦਰਤੀ ਸਕੈਡਿਅਨ ਪਰਤ 'ਚ ਰੁਕਾਵਟ ਆਉਂਦੀ ਹੈ, ਜਿਸ ਨਾਲ ਕੈਂਸਰ, ਦਿਲ ਦੇ ਰੋਗ, ਉਨੀਂਦਰਾ ਆਦਿ ਰੋਗ ਪੈਦਾ ਹੁੰਦੇ ਹਨ। ਜਿਵੇਂ ਕਿ ਆਪਾਂ ਜਾਣਦੇ ਹਾਂ ਕਿ ਪ੍ਰਿਥਵੀ ਤੰਤਰ ਸੂਰਜ ਦੇ ਚੱਕਰਾਂ 'ਤੇ ਨਿਰਭਰ ਹੈ ਅਤੇ ਮਨੁੱਖ ਵੱਲੋਂ ਪੈਦਾ ਕੀਤਾ ਪ੍ਰਕਾਸ਼ ਤੰਤਰ, ਪ੍ਰਿਥਵੀ ਤੰਤਰ ਉਤੇ ਬੁਰਾ ਪ੍ਰਭਾਵ ਪਾਉਂਦਾ ਹੈ।

ਮੁੱਖ ਰੂਪ ਵਿਚ ਕਿਸੇ ਵੀ ਖੇਤਰ ਵਿਸ਼ੇਸ਼ ਦੀ ਹਵਾ ਗੁਣਵੱਤਾ ਅਤੇ ਉਥੋਂ ਦੇ ਹਵਾ ਪ੍ਰਦੂਸ਼ਨ ਨੂੰ ਮਾਪਣ ਲਈ "ਏਅਰ ਕੁਆਲਿਟੀ ਇੰਡੈਕਸ" ਦੀ ਵਰਤੋਂ ਹੁੰਦੀ ਹੈ। ਇਸ ਦੇ ਅੱਠ ਸੰਕੇਤਕ ਹੁੰਦੇ ਹਨ। ਜਿਸ ਵਿਚ ਮੁੱਖ ਤੌਰ 'ਤੇ ਪੀ.ਐਮ. 2.5 ਅਤੇ ਪੀ.ਐਮ. 10 ਜਿਹੇ ਸੰਕੇਤਕ ਸ਼ਾਮਲ ਹਨ। ਉਦਾਹਰਨ ਦੇ ਤੌਰ 'ਤੇ ਜੇਕਰ ਏਅਰ ਕੁਆਲਿਟੀ ਇੰਡੈਕਸ 0 ਤੋਂ 50 ਹੈ ਤਾਂ ਮੰਨਿਆ ਜਾਵੇਗਾ ਕਿ ਹਵਾ ਗੁਣਵੱਤਾ ਚੰਗੀ ਹੈ ਪਰ ਜੇਕਰ 401-500 ਤੋਂ ਜ਼ਿਆਦਾ ਹੈ ਤਾਂ ਹਵਾ ਪ੍ਰਦੂਸ਼ਨ ਦੀ ਹਾਲਤ ਬਹੁਤ ਗੰਭੀਰ ਹੈ। ਹਰ ਵਰ੍ਹੇ ਦੇਸ਼ ਦੀ ਰਾਜਧਾਨੀ ਦਿੱਲੀ ਦੀ ਹਵਾ ਗੁਣਵੱਤਾ ਬਾਰੇ ਫਿਕਰਮੰਦੀ ਜ਼ਾਹਰ ਕੀਤੀ ਜਾਂਦੀ ਹੈ, ਪਰ ਬਾਵਜੂਦ ਸਖ਼ਤ ਕਾਨੂੰਨ ਦੇ ਹਵਾ ਪ੍ਰਦੂਸ਼ਨ ਨੂੰ ਕਾਬੂ ਕਰਨ ਲਈ ਯਤਨ ਕਰਨ ਦੀ ਬਜਾਏ ਸਿਰਫ਼ ਸਿਆਸੀ ਲਾਹਾ ਲੈਣ ਦਾ ਯਤਨ ਹੁੰਦਾ ਹੈ।

ਪ੍ਰਦੂਸ਼ਨ ਨੂੰ ਮਨੁੱਖ ਜਾਤੀ ਅਤੇ ਸਮੁੱਚੀ ਪ੍ਰਕਿਰਤੀ ਅਤੇ ਜੀਵ ਜੰਤੂਆਂ ਦੀ ਸੁਰੱਖਿਆ ਲਈ ਸਰਕਾਰੀ ਹੰਭਲਿਆਂ ਦੇ ਨਾਲ-ਨਾਲ ਜਨਤਕ ਯਤਨ ਹੋਣੇ ਜ਼ਰੂਰੀ ਹਨ। ਇਲੈਕਟ੍ਰੋਨਿਕ ਵਾਹਨ ਅਤੇ ਸੂਰਜੀ ਯੰਤਰਾਂ ਦੀ ਵਰਤੋਂ 'ਚ ਪਹਿਲ ਹੋਵੇ। ਬਿਜਲੀ ਬਣਾਉਣ ਲਈ ਸੂਰਜੀ ਸ਼ਕਤੀ ਦੀ ਵਰਤੋਂ ਹੋਵੇ। ਏ.ਸੀ. ਯੰਤਰਾਂ ਦੀ ਵਰਤੋਂ ਘੱਟ ਹੋਵੇ। ਉਦਯੋਗਾਂ ਤੋਂ ਨਿਕਲਦੇ ਰਸਾਇਣਾਂ ਨੂੰ ਸੋਧ ਕੇ ਹੀ ਨਦੀਆਂ ਨਾਲਿਆਂ 'ਚ ਪਾਇਆ ਜਾਵੇ। ਖਾਦਾਂ, ਕੀਟਨਾਸ਼ਕਾਂ ਦੀ ਵਰਤੋਂ ਬੰਦ ਕਰ ਕੇ ਕੁਦਰਤੀ ਖੇਤੀ ਵੱਲ ਧਿਆਨ ਕੇਂਦਰਤ ਹੋਵੇ। ਪ੍ਰਕਾਸ਼ ਸਰੋਤ ਇਸ ਢੰਗ ਨਾਲ ਲਗਾਏ ਜਾਣ ਕਿ ਆਸਪਾਸ ਦੇ ਖੇਤਰਾਂ 'ਚ ਰੌਸ਼ਨੀ ਨਾ ਫੈਲੇ। ਕਚਰੇ, ਪਲਾਸਟਿਕ ਦੇ ਉਤੇ ਪਾਬੰਦੀ ਲੱਗੇ। ਇਸੇ ਤਰ੍ਹਾਂ ਕੁਝ ਵਿਸ਼ੇਸ਼ ਯਤਨਾਂ ਜ਼ਰੀਏ ਅਸੀਂ ਆਪਣੇ ਆਪ ਨੂੰ ਅਤੇ ਆਪਣੇ ਵਾਤਾਵਰਣ ਨੂੰ ਪ੍ਰਦੂਸ਼ਨ ਦੇ ਭੈੜੇ ਅਸਰਾਂ ਅਤੇ ਜ਼ਹਿਰਾਂ ਤੋਂ ਬਚਾ ਸਕਦੇ ਹਾਂ। ਇਸ ਸਬੰਧੀ ਆਲਮੀ ਪੱਧਰ ਉਤੇ ਉਨ੍ਹਾਂ ਦੇਸ਼ਾਂ, ਜਿਹੜੇ ਵੱਧ ਪ੍ਰਦੂਸ਼ਨ ਅਤੇ ਕਚਰਾ ਪੈਦਾ ਕਰਦੇ ਹਨ, ਨੂੰ ਮਜਬੂਰ ਕਰਨ ਦੀ ਲੋੜ ਹੈ ਕਿ ਉਹ ਪ੍ਰਭਾਵਿਤ ਗਰੀਬ ਮੁਲਕਾਂ ਨੂੰ ਪ੍ਰਦੂਸ਼ਨ ਮੁਕਤ ਹੋਣ ਲਈ ਮਾਇਕ ਸਹਾਇਤਾ ਅਤੇ ਸਹਿਯੋਗ ਦੇਣ।

**ਪੁਰਾਣੀ ਯਾਦ**

## ਟੁੱਟ ਗਈਆ ਕੱਚੀਆਂ ਤੰਦਾਂ...

ਮਾਸਟਰ ਮਲੂਕ ਚੰਦ ਅਤੇ ਉਨ੍ਹਾਂ ਦੀ ਰੰਗ ਮੰਚ ਪਾਰਟੀ ਆਵਦੇ ਸਮੇਂ ਦੀ ਰੰਗ ਮੰਚ ਦੀ ਪੰਜਾਬ ਵਿਚੋਂ ਸਿਰਕੱਢ ਪਾਰਟੀ ਸੀ। ਮਲੂਕ ਚੰਦ ਅਤੇ ਉਨ੍ਹਾਂ ਦੇ ਸਾਥੀਆਂ ਨੇ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਨਾਲ ਸਬੰਧਤ ਬਹੁਤ ਸਾਰੇ ਡਰਾਮੇ ਖੇਡੇ। ਪੰਜਾਬ ਦਾ ਸ਼ਾਇਦ ਹੀ ਕੋਈ ਅਜਿਹਾ ਪਿੰਡ ਹੋਵੇਗਾ, ਜਿੱਥੇ ਇਨ੍ਹਾਂ ਨੇ ਡਰਾਮਾ ਨਾ ਖੇਡਿਆ ਹੋਵੇ। ਉਸ ਸਮੇਂ ਨਾਟਕਾਂ ਨੂੰ ਡਰਾਮੇ ਕਹਿਣ ਦਾ ਰਿਵਾਜ਼ ਸੀ। ਸਾਡੇ ਪਿੰਡ ਗੁਰੂ ਰਵਿਦਾਸ ਜੀ ਦੇ ਜਨਮ ਦਿਨ 'ਤੇ ਆਏ ਸਾਲ ਮਲੂਕ ਚੰਦ ਦਾ ਡਰਾਮਾ ਹੋਇਆ ਕਰਦਾ ਸੀ। ਪਹਿਲੇ ਦਿਨ ਗੁਰੂ ਰਵਿਦਾਸ ਜੀ ਅਤੇ ਮੀਰਾ ਬਾਈ ਦਾ ਡਰਾਮਾ ਅਤੇ ਦੂਜੇ ਦਿਨ ਲੋਕਾਂ ਦੀ ਪਸੰਦ ਦਾ। ਆਮ ਤੌਰ 'ਤੇ ਸਾਡੇ ਪਿੰਡ ਵਾਲੇ ਹਰ ਵਾਰੀ ਦੂਜੇ ਦਿਨ ਸ਼ਾਹਣੀ ਕੌਲਾਂ ਦਾ ਡਰਾਮਾ ਦਿਖਾਉਣ ਬਾਰੇ ਕਿਹਾ ਕਰਦੇ ਸੀ। ਭਾਵੇਂ ਕਿ ਹਰ ਵਾਰੀ ਕੌਲਾ ਦਾ ਡਰਾਮਾ ਦੇਖਦੇ ਪਰ ਉਹ ਹਰ ਵਾਰ ਨਵਾਂ ਲੱਗਦਾ। ਡਰਾਮਾ ਪਿੰਡ ਦੀ ਕਿਸੇ ਖੁੱਲ੍ਹੀ ਥਾਂ ਉਤੇ ਲੱਗਦਾ। ਦੋ ਦਿਨ ਪਹਿਲਾਂ ਹੀ ਪੰਡਾਲ ਦੁਆਲੇ ਰੱਸੇ ਬੰਨ੍ਹ ਕੇ ਇਕ ਪਾਸੇ ਬੰਦਿਆਂ ਲਈ ਅਤੇ ਦੂਜੇ ਪਾਸੇ ਔਰਤਾਂ ਲਈ ਬੈਠਣ ਦੀ ਥਾਂ ਬਣਾਈ ਜਾਂਦੀ। ਵਿਚਕਾਰ ਆਉਣ-ਜਾਣ ਲਈ ਰਸਤਾ ਬਣਿਆ ਹੋਣਾ। ਡਰਾਮੇ ਵਾਲੇ ਦਿਨ ਆਥਣੇ ਹੀ ਬੱਚਿਆਂ ਦੀ ਚਹਿਲ-ਪਹਿਲ ਲੱਗ ਜਾਣੀ। ਘਰੋਂ ਬੱਚਿਆਂ ਨੂੰ ਸਟੇਜ ਦੇ ਮੂਹਰੇ ਥਾਂ ਰੋਕਣ ਲਈ ਕਿਹਾ ਜਾਂਦਾ ਸੀ। ਮੈਂ ਉਦੋਂ ਮਸਾ ਅੱਠ ਜਾਂ ਦਸ ਸਾਲਾਂ ਦੀ ਹੋਵਾਂਗੀ। ਸਟੇਜ ਮੂਹਰੇ ਥਾਂ ਰੋਕਣ ਵਿਚ ਮੈਂ ਅੱਗੇ ਹੋਇਆ ਕਰਦੀ ਸਾਂ। ਬੱਚਿਆਂ ਨਾਲ ਖੂਬ ਲੜਨਾ। ਫਿਰ ਡੰਡਾ ਫੜ ਕੇ ਧਰਤੀ 'ਤੇ ਵੱਡਾ ਸਾਰਾ ਗੋਲ ਕੁੰਡਲ ਵਾਹ ਕੇ ਥਾਂ ਰੋਕ ਲੈਣਾ।

ਸ਼ਾਮੀਂ ਅੱਠ ਕੁ ਵਜੇ ਡਰਾਮਾ ਸ਼ੁਰੂ ਹੋ ਜਾਂਦਾ। ਸਭ ਤੋਂ ਪਹਿਲਾਂ ਗੁਰੂ ਰਵਿਦਾਸ ਜੀ ਦੀ ਮਹਿਮਾ ਵਿਚ ਆਰਤੀ ਗਾਈ ਜਾਂਦੀ। ਫੇਰ ਮਾਸਟਰ ਮਲੂਕ ਚੰਦ ਦੇ ਆਪਣੇ ਲਿਖੇ ਗੀਤ ਜੋ ਸਮਾਜਿਕ ਬੁਰਾਈਆਂ ਖ਼ਿਲਾਫ਼ ਹੁੰਦੇ, ਉਹ ਗਾਏ ਜਾਂਦੇ। ਫੇਰ ਸ਼ੁਰੂ ਹੁੰਦਾ ਡਰਾਮਾ ਜੋ ਕਲਾ ਦੀਆਂ ਵੰਨਗੀਆਂ ਨਾਲ ਲਬਰੇਜ਼ ਹੁੰਦਾ। ਡਰਾਮਾ ਕਲਾ ਦੇ ਹਰ ਪੱਖੋਂ ਸਿਖਰਾਂ ਨੂੰ ਛੂਹੰਦਾ। ਕਾਮੇਡੀ ਅੱਜ ਤੱਕ ਉਨ੍ਹਾਂ ਵਰਗੀ ਕੋਈ ਨਹੀਂ ਕਰ ਸਕਿਆ। ਟਿੱਡੀ ਮੁੱਛਾ ਕਾਮੇਡੀ ਦਾ ਸਿਰਾ ਹੁੰਦਾ। ਹਸਾ ਹਸਾ ਕੇ ਢਿੱਡੀਂ ਪੀੜਾਂ ਪਾ ਦਿੰਦਾ। ਵਿਜੇ ਕੁਮਾਰ ਭਾਟੀਆ ਦੀ ਆਵਾਜ਼ ਵਿਚ ਇੱਕ ਅਜੀਬ ਤਰ੍ਹਾਂ ਦੀ ਲਰਜ਼ ਸੀ, ਜੋ ਸੁਣਨ ਵਾਲੇ ਨੂੰ ਦਿਲੋਂ ਖਿੱਚ ਲੈਂਦੀ। ਉਹ ਸਾਰੀ ਨਾਟਕ ਮੰਡਲੀ ਦੀ ਜਿੰਦ-ਜਾਨ ਸਨ। ਗੁਰੂ ਰਵਿਦਾਸ ਜੀ ਦਾ ਭੇਖ ਧਾਰ ਕੇ ਜਦੋਂ ਉਹ ਆਰਤੀ ਗਾਉਂਦੇ

"ਨਾਮ ਤੇਰੋ ਆਰਤੀ, ਮਜਨ ਮੁਰਾਰੇ..."

ਤੇ ਸੰਖ ਅਲਾਪਦੇ ਤਾਂ ਫਿਜ਼ਾ ਵਿਚ ਇੱਕ ਅਜੀਬ ਜਿਹੀ ਲਰਜ਼ ਪੈਦਾ ਕਰ ਦਿੰਦੇ। ਉਨ੍ਹਾਂ ਦੀ ਗਾਇਕੀ ਨੂੰ ਕਿਸੇ ਸਾਜ਼ ਦੀ ਲੋੜ ਨਹੀਂ ਸੀ ਹੁੰਦੀ। ਵਿਜੇ ਕੁਮਾਰ ਭਾਟੀਆ ਦੀ ਆਵਾਜ਼ ਦਰਦ ਭਿੰਨੀ ਸੀ। ਉਹ ਜਦੋਂ ਵੀ ਸਾਡੇ ਪਿੰਡ ਆਉਂਦੇ ਤਾਂ ਸਾਡੇ ਘਰ ਜ਼ਰੂਰ ਮਿਲ ਕੇ ਜਾਂਦੇ। ਵੱਡਾ ਵੀਰ ਤੇ ਪਾਪਾ ਉਨ੍ਹਾਂ ਦੀ ਗਾਇਕੀ ਦੇ ਕਾਇਲ ਸਨ। ਉਨ੍ਹਾਂ ਦੀ ਆਵਾਜ਼ ਐਨੀ ਉਚੀ ਸੀ ਕਿ ਦੂਰੀ 'ਤੇ ਲੱਗੇ ਮਾਈਕ ਦੂਰੋਂ ਹੀ ਆਵਾਜ਼ ਖਿੱਚ ਲੈਂਦੇ ਸਨ। ਜਦੋਂ ਵਿਜੇ ਕੁਮਾਰ ਕੌਲਾਂ ਦੇ ਬਾਪ ਦਾ ਰੋਲ ਕਰਦੇ ਤਾਂ ਉਨ੍ਹਾਂ ਦਾ ਗਾਇਆ ਗੀਤ

"ਆ ਧੀਏ ਕਿਤੇ ਆ ਮਿਲ ਮੈਨੂੰ,
ਬਾਬਲ ਤੇਰਾ ਰੋਵੇ,
ਪੈਰਾਂ ਦੇ ਵਿਚ ਚੁੱਭ ਗਏ ਕੰਡੇ,
ਖੂਨ ਪੈਰਾਂ' ਚੋਂ ਚੋਵੇ।"

ਸੁਣ ਕੇ ਪੰਡਾਲ ਵਿਚ ਬੈਠੇ ਲੋਕ ਉਚੀ ਉਚੀ ਧਾਹਾਂ ਮਾਰਨ ਲੱਗ ਜਾਂਦੇ। ਇੱਕਦਮ ਸੰਨਾਟਾ ਛਾਅ ਜਾਂਦਾ। ਉਹ ਹੌਲੀ ਹੌਲੀ ਤੁਰ ਕੇ ਸਟੇਜ ਵੱਲ ਆਉਂਦੇ ਇਹ ਗੀਤ ਗਾਉਂਦੇ। ਮੈਂ ਬਚਪਨ ਤੋਂ ਲੈ ਕੇ ਸੁਰਤ ਸੰਭਾਲਣ ਤੱਕ ਉਨ੍ਹਾਂ ਦੇ ਡਰਾਮੇ ਦੇਖਦੀ ਆਈ। ਸਮੇਂ ਨੇ ਕਰਵਟ ਲਈ। ਜ਼ਿੰਦਗੀ ਦੇ ਤਾਣਿਆਂ ਵਿਚ ਉਲਝ ਗਈ। ਫਿਰ ਹਰ ਸਾਲ ਉਹੀ ਡਰਾਮਾ ਉਡੀਕਣਾ, ਤੇ ਬਸ ਉਡੀਕ ਹੀ ਰਹਿ ਜਾਣੀ। ਉਸ ਸਮੇਂ ਕਿਸੇ ਕੋਲੋਂ ਕੈਸਿਟਾਂ (ਜੋ ਟੇਪ ਰਿਕਾਰਡਰ ਵਿਚ ਪੈਂਦੀਆਂ ਸਨ) ਮਿਲ ਗਈਆਂ। ਫਿਰ ਕੀ ਸੀ ਐਤਵਾਰ ਵਾਲੇ ਦਿਨ ਟੇਪ ਵਿਚ ਵਿਜੇ ਕੁਮਾਰ ਭਾਟੀਆ ਦੀ ਆਵਾਜ਼ ਹੀ ਗੂੰਜਣੀ। ਹੌਲੀ ਹੌਲੀ ਟੇਪ ਰਿਕਾਰਡਰ ਵੀ ਆਪਣਾ ਸਮਾਂ ਵਿਹਾਅ ਗਈ। ਬੜੀ ਕੋਸ਼ਿਸ਼ ਕਰਨੀ ਕਿ ਉਹੀ ਡਰਾਮੇ ਅਤੇ ਵਿਜੇ ਕੁਮਾਰ ਦੀ ਨੌਟੰਕੀ ਮਿਲ ਜਾਵੇ ਪਰ ਸਮਾਂ ਵੀ ਆਪਣੀਆਂ ਆਖਰੀ ਸਿਸਕੀਆਂ ਭਰ ਰਿਹਾ ਸੀ। ਇੱਕ ਦਿਨ ਘਰ ਦੇ ਬਣੇ ਗਰੁੱਪ ਉਤੇ ਪਾਵੇਲ ਨੇ ਮਾਸਟਰ ਮਲੂਕ ਚੰਦ ਅਤੇ ਪਾਰਟੀ ਜਾਡਲਾ ਦੀ ਡਰਾਮੇ ਦੀ ਪੋਸਟ ਪਾਈ। ਬੜੇ ਅਰਸੇ ਬਾਅਦ ਉਹੀ ਆਵਾਜ਼ਾਂ ਸੁਣਨ ਨੂੰ ਮਿਲੀਆਂ। ਮਨ ਵਿਚ ਇੱਕ ਅਜੀਬ ਜਿਹੀ ਤਾਂਘ ਜਾਗੀ। ਕਿਵੇਂ ਨਾ ਕਿਵੇਂ ਵਿਜੇ ਕੁਮਾਰ ਅਤੇ ਪਾਰਟੀ ਬਾਰੇ ਪਤਾ ਕੀਤਾ। ਪੈਰਾਂ ਹੇਠੋਂ ਜ਼ਮੀਨ ਖਿਸਕ ਗਈ, ਅੱਖਾਂ ਮੂਹਰੇ ਹਨੇਰਾ ਛਾਅ ਗਿਆ। ਕੱਚੀਆਂ ਤੰਦਾਂ ਟੁੱਟ ਚੁੱਕੀਆਂ ਸਨ। ਵਿਜੇ ਕੁਮਾਰ ਭਾਟੀਆ ਇਸ ਦੁਨੀਆਂ ਤੋਂ ਰੁਖ਼ਸਤ ਹੋ ਚੁੱਕੇ ਸਨ, ਉਨ੍ਹਾਂ ਦੀ ਆਵਾਜ਼ ਵਿਚਲੀ ਲਰਜ਼ ਤੇ ਦਰਦ ਹਮੇਸ਼ਾਂ ਰਹਿੰਦੀ ਦੁਨੀਆਂ ਤੱਕ ਗੂੰਜਦੀ ਰਹੇਗੀ।

*-ਅੰਮ੍ਰਿਤਪਾਲ ਕਲੇਰ (ਚੀਦਾ)*
*ਫੋਨ: 86996- 93680*

# ਹੁਣ ਰਵੀਨਾ ਟੰਡਨ ਦੀ ਵਾਰੀ



ਕੁਦਰਤ ਕੌਰ

ਅਦਾਕਾਰਾ ਰਵੀਨਾ ਟੰਡਨ ਨੇ ਆਪਣੀ ਫਿਲਮ 'ਪਟਨਾ ਸ਼ੁਕਲਾ' ਦੀ ਸ਼ੂਟਿੰਗ ਮੁਕੰਮਲ ਕਰ ਲਈ ਹੈ। ਇਹ ਫਿਲਮ ਸਮਾਜਿਕ ਡਰਾਮਾ ਹੈ ਜੋ ਅਰਬਾਜ਼ ਖ਼ਾਨ ਨੇ ਬਣਾਈ ਹੈ। ਇਸ ਫਿਲਮ ਦਾ ਨਿਰਦੇਸ਼ਕ ਵਿਵੇਕ ਬੁਡਾਕੋਟੀ ਹੈ। ਰਵੀਨਾ ਨੇ ਆਪਣੇ ਇੰਸਟਾਗ੍ਰਾਮ 'ਤੇ ਪੋਸਟ ਪਾ ਕੇ ਇਹ ਜਾਣਕਾਰੀ ਆਪਣੇ ਪ੍ਰਸ਼ੰਸਕਾਂ ਨਾਲ ਸਾਂਝੀ ਕੀਤੀ ਹੈ। ਉਸ ਨੇ ਆਖਿਆ ਹੈ: "ਅਰਬਾਜ਼ ਖ਼ਾਨ ਦੀ ਪੇਸ਼ਕਸ਼ 'ਪਟਨਾ ਸ਼ੁਕਲਾ' ਦੀ ਸ਼ੂਟਿੰਗ ਮੁਕੰਮਲ ਹੋਣ ਮਗਰੋਂ ਫਿਲਮ ਦੇ ਅਮਲੇ ਅਤੇ ਸਹਿ ਕਲਾਕਾਰਾਂ ਨਾਲ ਜਸ਼ਨ ਮਨਾਇਆ।" ਇਸ ਦੇ ਨਾਲ ਹੀ ਰਵੀਨਾ ਨੇ ਇਸ ਜਸ਼ਨ ਦੀ ਵੀਡੀਓ ਵੀ ਸਾਂਝੀ ਕੀਤੀ ਹੈ। ਅਰਬਾਜ਼ ਖ਼ਾਨ ਨੇ ਇਸ ਤੋਂ ਪਹਿਲਾਂ 'ਦਬੰਗ' (ਸਲਮਾਨ ਖ਼ਾਨ) ਅਤੇ 'ਡੌਲੀ ਕੀ ਡੋਲੀ' (ਸੋਨਮ ਕਪੂਰ) ਫਿਲਮਾਂ ਬਣਾਈਆਂ ਸਨ। ਫਿਲਮ 'ਪਟਨਾ ਸ਼ੁਕਲਾ' ਵਿਚ ਰਵੀਨਾ ਟੰਡਨ ਤੋਂ ਇਲਾਵਾ ਚੰਦਨ ਰੌਏ ਸਾਨਿਆਲ, ਸਤੀਸ਼ ਕੌਸ਼ਿਕ, ਮਾਨਵ ਵਿੱਜ, ਜਤਿਨ ਗੋਸਵਾਮੀ ਅਤੇ ਅਨੁਸ਼ਕਾ ਕੌਸ਼ਿਕ ਵੀ ਅਹਿਮ ਭੂਮਿਕਾਵਾਂ ਵਿਚ ਦਿਖਾਈ ਦੇਣਗੇ।

ਰਵੀਨਾ ਟੰਡਨ ਨੇ ਫਿਲਮੀ ਕਰੀਅਰ ਦੀ ਸ਼ੁਰੂਆਤ 1991 ਵਿਚ ਫਿਲਮ 'ਪੱਥਰ ਕੇ ਫੂਲ' ਨਾਲ ਕੀਤੀ ਸੀ। ਰਵੀਨਾ ਟੰਡਨ ਮਸ਼ਹੂਰ ਫਿਲਮਸਾਜ਼ ਰਵੀ ਟੰਡਨ ਦੀ ਧੀ ਹੈ ਜਿਸ ਨੇ 'ਖੇਲ ਖੇਲ ਮੇਂ", 'ਅਨਹੋਨੀ', 'ਨਜ਼ਰਾਨਾ', 'ਮਜਬੂਰ', 'ਖੁੱਦਦਾਰ', 'ਜ਼ਿੰਦਗੀ' ਵਰਗੀਆਂ ਹਿੱਟ ਫਿਲਮਾਂ ਬਣਾਈਆਂ। ਰਵੀਨਾ ਟੰਡਨ ਨੇ ਵੀ 'ਦਿਲਵਾਲੇ' (1994), 'ਮੋਹਰਾ' (1994), 'ਖਿਲਾੜੀਓਂ ਕੇ ਖਿਲਾੜੀ' (1996), 'ਜ਼ਿੱਦੀ' (1997), 'ਗੁਲਾ-ਏ-ਮੁਸਤਫਾ' (1997) ਅਤੇ 'ਸ਼ੂਲ' (1999) ਵਰਗੀਆਂ ਹਿੱਟ ਫਿਲਮਾਂ ਫਿਲਮੀ ਦੁਨੀਆ ਨੂੰ ਦਿੱਤੀਆਂ ਹਨ। 1994 ਵਿਚ ਉਸ ਨੂੰ ਫਿਲਮ 'ਲਾਡਲਾ' ਲਈ ਸਰਵੋਤਮ ਸਹਾਇਕ ਅਦਾਕਾਰਾ ਦਾ ਫਿਲਮਫੇਅਰ ਇਨਾਮ ਮਿਲਿਆ। 2001 ਵਿਚ ਆਈਆਂ ਦੋ ਫਿਲਮਾਂ 'ਦਮਨ' ਅਤੇ 'ਅਕਸ' ਨਾਲ ਉਸ ਦੀ ਅਦਾਕਾਰੀ ਦੀ ਖੂਬ ਚਰਚਾ ਹੋਈ। ਉਸ ਨੂੰ 'ਦਮਨ' ਲਈ ਸਰਵੋਤਮ ਅਦਾਕਾਰਾ ਦਾ ਕੌਮੀ ਇਨਾਮ ਅਤੇ 'ਅਕਸ' ਲਈ ਸਰਵੋਤਮ ਅਦਾਕਾਰਾ ਦਾ ਫਿਲਮਫੇਅਰ ਇਨਾਮ ਮਿਲਿਆ।



# ਅਦਾਕਾਰਾ ਤਾਪਸੀ ਪੰਨੂ ਨੂੰ ਇਨਾਮ

ਗੁਰਜੰਟ ਸਿੰਘ

ਅਦਾਕਾਰਾ ਤਾਪਸੀ ਪੰਨੂ ਨੂੰ ਹਾਲ ਹੀ ਵਿਚ ਫਿਲਮਫੇਅਰ ਓ.ਟੀ.ਟੀ. ਇਨਾਮ ਸਮਾਗਮ ਦੌਰਾਨ ਸਰਵੋਤਮ ਅਦਾਕਾਰਾ ਦੇ ਇਨਾਮ ਨਾਲ ਨਿਵਾਜਿਆ ਗਿਆ। ਇਹ ਇਨਾਮ ਤਾਪਸੀ ਪੰਨੂ ਨੂੰ ਉਸ ਦੀ ਵੈੱਬ ਸੀਰੀਜ਼ 'ਲੂਪ ਲਪੇਟਾ' ਲਈ ਮਿਲਿਆ ਹੈ। ਉਸ ਨੇ ਇੰਸਟਾਗ੍ਰਾਮ 'ਤੇ ਇਹ ਜਾਣਕਾਰੀ ਸਾਂਝੀ ਕਰਦਿਆਂ ਇਨਾਮ ਨਾਲ ਆਪਣੀ ਤਸਵੀਰ ਸਾਂਝੀ ਕੀਤੀ ਹੈ। ਇਸ ਤਸਵੀਰ ਨਾਲ ਤਾਪਸੀ ਨੇ ਲਿਖਿਆ ਹੈ: "ਲੂਪ ਲਪੇਟਾ ਉਹ ਫਿਲਮ ਸੀ ਜਿਸ ਬਾਰੇ ਕੋਈ ਨਹੀਂ ਸਮਝ ਸਕਿਆ ਕਿ ਆਖਰ ਮੈਂ ਉਹ ਕਿਉਂ ਕੀਤੀ ਪਰ ਜਦੋਂ ਮੈਂ ਇਸ ਫਿਲਮ ਦੀ ਕਹਾਣੀ ਸੁਣੀ ਤਾਂ ਮੈਂ ਇਸ ਫਿਲਮ ਲਈ ਨਾਂਹ ਨਹੀਂ ਸੀ ਕਰ ਸਕੀ।" ਤਾਪਸੀ ਪੰਨੂ ਨੇ ਆਪਣੇ ਇਸ ਇਨਾਮ ਲਈ ਫਿਲਮ ਦੇ ਨਿਰਦੇਸ਼ਕ ਆਕਾਸ਼ ਭਾਟੀਆ ਦਾ ਧੰਨਵਾਦ ਕੀਤਾ। ਉਸ ਅਨੁਸਾਰ, ਫਿਲਮ ਦੇ ਅਮਲੇ ਦੀ ਮਿਹਨਤ ਕਰ ਕੇ ਹੀ ਉਹ ਸਾਵੀ ਦਾ ਕਿਰਦਾਰ ਸ਼ਿੱਦਤ ਨਾਲ ਨਿਭਾਅ ਸਕੀ ਹੈ। ਯਾਦ ਰਹੇ ਕਿ ਹਿੰਦੀ, ਤੈਲਗੂ ਅਤੇ ਤਮਿਲ ਫਿਲਮਾਂ ਵਿਚ ਆਪਣੀ ਅਦਾਕਾਰੀ ਦੇ ਜੌਹਰ ਦਿਖਾ ਚੁੱਕੀ ਤਾਪਸੀ ਪੰਨੂ ਹੁਣ ਤੱਕ ਤਿੰਨ ਫਿਲਮਫੇਅਰ ਇਨਾਮ ਜਿੱਤ ਚੁੱਕੀ ਹੈ। ਪਹਿਲਾਂ-ਪਹਿਲ ਉਸ ਨੇ ਥੋੜ੍ਹਾ ਸਮਾਂ ਮਾਡਲਿੰਗ ਕੀਤੀ ਅਤੇ ਫਿਰ 2010 ਵਿਚ ਤਮਿਲ ਸਿਨੇਮਾ ਅੰਦਰ ਪੈਰ ਪਾਇਆ। ਹਿੰਦੀ ਫਿਲਮਾਂ ਵਿਚ ਉਹ 2013 ਵਿਚ 'ਚਸ਼ਮੇ-ਬੱਦੂਰ' ਨਾਲ ਆਈ। ਇਸ ਤੋਂ ਬਆਦ ਉਸ ਨੇ 'ਬੇਬੀ, 'ਪਿੰਕ', 'ਦਿ ਗਾਜ਼ੀ ਅਟੈਕ', ਥੱਪੜ' ਵਰਗੀਆਂ ਫਿਲਮਾਂ ਕੀਤੀ ਅਤੇ ਸ਼ੋਹਰਤ ਦੀ ਬੁਲੰਦੀ ਛੋਹੀ।

# ਨੌਸ਼ਾਦ ਦੀ ਸੰਗੀਤ-ਉਡਾਣ

ਸੁਖਮਿੰਦਰ ਸੇਖੋਂ
ਫੋਨ: +91-98145-07693

ਲਖਨਊ ਦੀਆਂ ਭੀੜੀਆਂ ਗਲੀਆਂ ਤੇ ਬਾਜ਼ਾਰਾਂ ਵਿਚ ਘੁੰਮਦਾ-ਘੁੰਮਦਾ ਨੌਸ਼ਾਦ ਅਲੀ ਸਿਰਫ਼ 7 ਕੁ ਵਰ੍ਹਿਆਂ ਦੀ ਉਮਰ ਵਿਚ ਹੀ ਸੰਗੀਤ ਪ੍ਰੇਮੀ ਹੋ ਗਿਆ ਸੀ। ਜਦੋਂ ਉਹ ਦਸ ਕੁ ਸਾਲ ਦਾ ਹੋਇਆ ਤਾਂ ਆਪਣੇ ਸ਼ਹਿਰ ਦੇ ਪੁਰਾਣੇ ਸਿਨੇਮਾ ਹਾਲ ਵਿਚ ਫਿਲਮਾਂ ਵੀ ਦੇਖਣ ਜਾਣ ਲੱਗਾ। ਜੇਕਰ ਜੇਬ ਵਿਚ ਟਿਕਟ ਦੇ ਪੈਸੇ ਨਾ ਹੁੰਦੇ ਤਾਂ ਉਹ ਆਪਣੇ ਬਚਪਨ ਦੇ ਇੱਕ ਬੇਲੀ ਨਾਲ ਦਰਗਾਹ ਵਿਚੋਂ ਪੈਸੇ ਚੋਰੀ ਕਰ ਕੇ ਵੀ ਫਿਲਮ ਦੇਖਣ ਦਾ ਸ਼ੌਕ ਪੂਰਾ ਕਰ ਲੈਂਦਾ ਸੀ।

ਉਸ ਦਾ ਜਨਮ ਨਵਾਬੀ ਸ਼ਹਿਰ ਦੇ ਗਰੀਬ ਪਰਿਵਾਰ ਵਿਚ 25 ਦਸੰਬਰ 1919 ਨੂੰ ਹੋਇਆ। ਰਤਾ ਵੱਡਾ ਹੋਇਆ ਤਾਂ ਉਸ ਨੇ ਪੁਰਾਣਾ ਹਾਰਮੋਨੀਅਮ ਖਰੀਦ ਲਿਆ। ਹਰ ਵੇਲੇ ਉਹ ਉਸ ਨਾਲ ਜੁੜਿਆ ਰਹਿੰਦਾ। ਘਰਦਿਆਂ ਨੂੰ ਉਸ ਦੀਆਂ ਇਸ ਤਰ੍ਹਾਂ ਦੀਆਂ ਆਦਤਾਂ ਬਹੁਤ ਰੜਕਦੀਆਂ ਸਨ। ਉਹ ਚਾਹੁੰਦੇ ਸਨ ਕਿ ਉਹ ਥੋੜ੍ਹਾ ਪੜ੍ਹ-ਲਿਖ ਕੇ ਕਿਸੇ ਰੁਜ਼ਗਾਰ ਨੂੰ ਹੱਥ ਪਾ ਲਵੇ ਤੇ ਘਰ ਗ੍ਰਹਿਸਥੀ ਵਿਚ ਉਨ੍ਹਾਂ ਦਾ ਹੱਥ ਵਟਾਏ। ਉਸ ਦੇ ਪਿਤਾ ਨੇ ਇੱਕ ਦਿਨ ਤੰਗ ਆ ਕੇ ਉਸ ਦੇ ਹਾਰਮੋਨੀਅਮ ਨੂੰ ਬਾਹਰ ਪਟਕਾ ਮਾਰਿਆ। ਉਸ ਨੇ ਘਰਦਿਆਂ ਨੂੰ ਧਮਕੀ ਦਿੱਤੀ ਕਿ ਉਹ ਘਰੋਂ ਚਲਾ ਜਾਵੇਗਾ ਤੇ ਮੁੜ ਕਦੇ ਵਾਪਸ ਨਹੀਂ ਆਵੇਗਾ। ਉਸ ਨੇ ਆਪਣੀ ਧਮਕੀ ਸਾਕਾਰ ਕਰ ਦਿਖਾਈ ਤੇ ਬੰਬਈ ਦਾ ਰੁਖ਼ ਕਰ ਲਿਆ। ਉਸ ਕੋਲ ਨਾ ਤਾਂ ਜੇਬ ਵਿਚ ਪੈਸੇ ਸਨ ਤੇ ਨਾ ਹੀ ਉੱਥੇ ਫਿਲਮ ਇੰਸਡਟਰੀ ਵਿਚ ਉਸ ਦੀ ਕੋਈ ਜਾਣ ਪਛਾਣ ਹੀ ਸੀ ਪਰ ਉਹ ਇੱਕ ਸਥਾਪਿਤ ਗੀਤਕਾਰ ਮਧੋਕ ਦੇ ਸੰਪਰਕ ਵਿਚ ਆਇਆ ਤੇ ਉਸ ਦੀ ਮਦਦ ਨਾਲ ਉਸ ਨੂੰ ਫਿਲਮ ਮਿਲੀ 'ਪ੍ਰੇਮ ਨਗਰ' (1940)। ਇਸ ਅਵਸਰ ਦਾ ਇਹ ਅਸਰ ਹੋਇਆ ਕਿ ਉਸ ਨੂੰ 1944 ਵਿਚ ਇੱਕ ਹੋਰ ਫਿਲਮ ਵਿਚ ਸੰਗੀਤਕਾਰ ਵਜੋਂ ਕੰਮ ਕਰਨ ਦਾ ਮੌਕਾ ਮਿਲਿਆ। ਫਿਲਮ ਸੀ 'ਰਤਨ'। ਇਸ ਦੇ ਸੰਗੀਤ ਨੇ ਨੌਸ਼ਾਦ ਨੂੰ ਪਛਾਣ ਦਿੱਤੀ ਤੇ ਨਵੀਆਂ-ਨਵੀਆਂ ਬੋਲਦੀਆਂ ਫਿਲਮਾਂ ਵਿਚ ਉਹ ਸੰਗੀਤ ਨਿਰਦੇਸ਼ਕ ਦੇ ਤੌਰ 'ਤੇ ਪ੍ਰਵਾਨ ਚੜ੍ਹਨਾ ਸ਼ੁਰੂ ਹੋ ਗਿਆ।

ਫਿਲਮ 'ਉੜਨ ਖਟੋਲਾ' ਅਤੇ 'ਬੈਜੂਬਾਵਰਾ' ਉਸ ਦੀਆਂ ਦੋ ਹੋਰ ਅਜਿਹੀਆਂ ਫਿਲਮਾਂ ਸਨ ਜਿਸ ਦੇ ਸੰਗੀਤ ਨੇ ਉਸ ਦੀ ਗੁੱਡੀ ਸੱਤਵੇਂ ਅਸਮਾਨ 'ਤੇ ਚਾੜ੍ਹ ਦਿੱਤੀ। ਇਨ੍ਹਾਂ ਦੇ ਗੀਤ ਬਹੁਤ ਮਸ਼ਹੂਰ ਹੋਏ ਜਿਵੇਂ 'ਨਾ ਤੂਫਾਂ ਸੇ ਖੇਲੋ ਨਾ ਸਾਹਿਲ ਸੇ ਖੇਲੋ, ਮੇਰੇ ਦਿਲ ਕੇ ਪਾਸ ਆਓ ਮੇਰੇ ਦਿਲ ਸੇ ਖੇਲੋ (ਉੜਨ ਖਟੋਲਾ, ਮੁਹੰਮਦ ਰਫੀ)। ਫਿਲਮ 'ਬੈਜੂਬਾਵਰਾ' (1952), 'ਗੰਗਾ ਜਮੁਨਾ' (1961) ਜਿੱਥੇ ਹਿੱਟ ਫਿਲਮਾਂ ਸਾਬਤ ਹੋਈਆਂ ਉੱਥੇ ਇਨ੍ਹਾਂ ਦਾ ਗੀਤ ਸੰਗੀਤ ਵੀ ਪ੍ਰਵਾਨ ਚੜ੍ਹਿਆ: 'ਤੂੰ ਗੰਗਾ ਕੀ ਮੌਜ ਮੈਂ ਜਮੁਨਾ ਕਾ ਧਾਰਾ, ਹੋ ਰਹੇਗਾ ਮਿਲਨ ਹਮਾਰਾ ਤੁਮਹਾਰਾ'। ਮੁਹੰਮਦ ਰਫੀ ਦੇ ਹੀ ਇੱਕ ਹੋਰ ਗੀਤ ਵਿਚ ਨੌਸ਼ਾਦ ਨੇ ਉਹ ਸੰਗੀਤਕ ਉਡਾਣ ਭਰੀ ਕਿ ਰਫੀ ਸਾਹਿਬ ਦਾ ਉਹ ਗੀਤ ਸਦਾਬਹਾਰ ਬਣ ਗਿਆ: 'ਓ ਦੁਨੀਆ ਕੇ ਰਖਵਾਲੇ ਸੁਨ ਦਰਦ ਭਰੇ ਮੇਰੇ ਨਾਲੇ।' ਉਸ ਦਾ ਸੰਗੀਤਬੱਧ ਲਤਾ ਮੰਗੇਸ਼ਕਰ ਦਾ ਗੀਤ 'ਮੁਝੇ ਭੂਲ ਗਏ ਸਾਂਵਰੀਆ' ਬਹੁਤ ਵਧੀਆ ਹੈ। ਲਤਾ ਮੰਗੇਸ਼ਕਰ ਦਾ ਗੰਗਾ ਜਮਨਾ ਦਾ ਗੀਤ ਵੀ ਲੋਕ ਸ਼ੈਲੀ ਦੀ ਉਮਦਾ ਮਿਸਾਲ ਕਾਇਮ ਕਰ ਗਿਆ: 'ਦੋ ਹੰਸੋ ਕਾ ਜੋੜਾ ਵਿਛੜ ਗਿਓ ਰੇ'।

ਹੁਣ ਨੌਸ਼ਾਦ ਦਾ ਜ਼ਮਾਨਾ ਆ ਚੁੱਕਾ ਸੀ। ਉਸ ਨੇ ਕੁਲ 65 ਫਿਲਮਾਂ ਲਈ ਸੰਗੀਤ ਦਿੱਤਾ ਜਿਨ੍ਹਾਂ ਵਿਚੋਂ 35 ਸਿਲਵਰ ਜੁਬਲੀ, 12 ਗੋਲਡਨ ਅਤੇ 3 ਡਾਇਮੰਡ ਜੁਬਲੀ ਰਹੀਆਂ। ਉਸ ਦੇ ਸੰਗੀਤ ਦੀ ਇਹ ਘਾਲ ਕਮਾਈ ਹੀ ਸਮਝਣੀ ਹੋਵੇਗੀ ਕਿ ਨਵੇਂ ਸੰਗੀਤਕਾਰਾਂ ਲਈ ਉਸ ਦੇ ਗੀਤ ਅਤੇ ਸੰਗੀਤ ਪ੍ਰੇਰਨਾ ਸਰੋਤ ਬਣੇ। ਸਭ ਤੋਂ ਖ਼ੂਬਸੂਰਤੀ ਦਾ ਹਾਸਲ ਇਹ ਬਣਿਆ ਕਿ ਉਸ ਨੇ ਆਪਣੇ ਉੱਤਰ ਪ੍ਰਦੇਸ਼ ਦੇ ਲੋਕ ਗੀਤ ਤੇ ਸ਼ੈਲੀ ਵਿਚ ਆਪਣੇ ਸੰਗੀਤ ਨੂੰ ਢਾਲਣ ਦਾ ਸੁਚੇਤ ਯਤਨ ਕੀਤਾ ਜਿਸ ਵਿਚ ਉਸ ਨੂੰ ਅਪਾਰ ਸਫਲਤਾ ਪ੍ਰਾਪਤ ਹੋਈ। ਇਸ ਦੀਆਂ ਉਦਾਹਰਨਾਂ ਬਹੁਤ ਹਨ ਪਰ ਏਥੇ ਅਸੀਂ ਕੇਵਲ ਦੋ ਗੀਤਾਂ ਦਾ ਹਵਾਲਾ ਦੇਣਾ ਹੀ ਕਾਫ਼ੀ ਸਮਝਾਂਗੇ: 'ਨੈਣ ਲੜਗੀ ਵੇ ਮਨਵਾ ਮਾ ਖਟਕ ਹੋਈ ਵੇ ਕਰੀਂ" (ਗੰਗਾ ਜਮੁਨਾ), 'ਮੇਰੇ ਪੈਰੋਂ ਮੇਂ ਘੁੰਗਰੂ...'(ਸੰਘਰਸ਼)।





ਨੌਸ਼ਾਦ ਦੀਆਂ ਦੋ ਤਸਵੀਰਾਂ।

ਨੌਸ਼ਾਦ ਦੇ ਸੰਗੀਤ ਵਿਚ ਰਫੀ ਦੇ ਗਾਏ ਇਹ ਗੀਤ ਅਮਰ ਹੋ ਗਏ। ਨੌਸ਼ਾਦ ਖ਼ੁਦ ਦਾਅਵਾ ਕਰਦੇ ਸਨ ਕਿ ਉਨ੍ਹਾਂ ਨੇ ਆਪਣੇ ਪ੍ਰਦੇਸ਼ ਦੀ ਮਿੱਟੀ ਨੂੰ ਨਮਨ ਕੀਤਾ ਹੈ ਤੇ ਲੋਕ ਸੰਗੀਤ ਦਾ ਜਾਮਾ ਪਹਿਨਾਇਆ ਹੈ। ਉਨ੍ਹਾਂ ਨੇ ਕਿਹਾ, "ਇਸ ਵਿਚ ਮੇਰੀ ਕੋਈ ਖਾਸ ਭੂਮਿਕਾ ਨਹੀਂ, ਮੈਂ ਤਾਂ ਬਸ ਪੁਰਾਣੀ ਸ਼ਰਾਬ ਨੂੰ ਨਵੀਆਂ ਬੋਤਲਾਂ ਵਿਚ ਪਾਉਣ ਦਾ ਹੀ ਕੰਮ ਕੀਤਾ ਹੈ।" ਉਨ੍ਹਾਂ ਦੇ ਸੰਗੀਤ ਨਿਰਦੇਸ਼ਨ ਵਿਚ ਹੋਰ ਬਹੁਤ ਸਾਰੀਆਂ ਫਿਲਮਾਂ ਵਿਚੋਂ ਕੁਝ ਵਿਸ਼ੇਸ਼ ਹਨ ਜਿਨ੍ਹਾਂ ਨੂੰ ਸੰਗੀਤ ਪ੍ਰੇਮੀਆਂ ਨੇ ਖ਼ੂਬ ਸਰਾਹਿਆ। ਇਨ੍ਹਾਂ ਵਿਚ 'ਮਦਰ ਇੰਡੀਆ', 'ਲੀਡਰ', 'ਆਨ', 'ਅੰਦਾਜ਼', 'ਦੀਦਾਰ', 'ਮੁਗਲ-ਏ-ਆਜ਼ਮ', 'ਦਿਲ ਦੀਆ ਦਰਦ ਲੀਆ', 'ਮੇਰੇ ਮਹਿਬੂਬ', 'ਪਾਲਕੀ' ਅਤੇ 'ਰਾਮ ਔਰ ਸ਼ਿਆਮ'। ਨੌਸ਼ਾਦ ਸ਼ਾਇਰੀ ਵਿਚ ਵੀ ਰੁਚੀ ਰੱਖਦੇ ਸਨ ਅਤੇ ਉਨ੍ਹਾਂ ਫਿਲਮ 'ਪਾਲਕੀ' ਦੀ ਕਹਾਣੀ ਵੀ ਲਿਖੀ। ਫਿਲਮ ਬੇਸ਼ੱਕ ਕਾਮਯਾਬ ਨਾ ਰਹੀ ਪਰ ਗੀਤ ਸੰਗੀਤ ਨੂੰ ਚੰਗਾ ਹੁਲਾਰਾ ਮਿਲਿਆ।

ਉੱਤਰ ਪ੍ਰਦੇਸ਼ ਦੇ ਲੋਕ ਗੀਤ ਦੀ ਇੱਕ ਝਲਕ 'ਮਦਰ ਇੰਡੀਆ' ਦੇ ਗੀਤਾਂ ਵਿਚ ਵੀ ਦਿਖਾਈ ਦਿੰਦੀ ਹੈ: 'ਗਾੜੀ ਵਾਲੇ ਗਾੜੀ ਧੀਰੇ ਹਾਂਕ ਰੇ' (ਸ਼ਮਸ਼ਾਦ ਬੇਗ਼ਮ, ਮੁਹੰਮਦ ਰਫੀ)। ਫਿਲਮ 'ਮੁਗਲ-ਏ-ਆਜ਼ਮ' ਦੇ ਸਾਰੇ ਗੀਤਾਂ ਨੇ ਫਿਲਮ ਦੀ ਸਫਲਤਾ ਵਿਚ ਵੱਡਾ ਯੋਗਦਾਨ ਪਾਇਆ। ਗੀਤ 'ਜਬ ਪਿਆਰ ਕੀਆ ਤੋ ਡਰਨਾ ਕਯਾ' ਦੇ ਬੇਸ਼ੱਕ ਚਾਰ ਮੁੱਖੜੇ ਹੀ ਫਾਈਨਲ ਹੋਏ ਪਰ ਇਨ੍ਹਾਂ ਨੂੰ 105 ਵਾਰ ਸ਼ਕੀਲ ਬਦਾਯੂਨੀ ਤੋਂ ਲਿਖਵਾਇਆ ਗਿਆ ਕਿਉਂਕਿ ਇਸ ਨੂੰ ਵੱਖ-ਵੱਖ ਕੋਣਾਂ ਤੋਂ ਵੱਖਰੇ ਸੰਦਰਭ ਵਿਚ ਫਿਲਮੀ ਸਕਰੀਨ 'ਤੇ ਪੇਸ਼ ਕਰਨਾ ਸੀ। ਫਿਲਮ ਦਾ ਇੱਕ ਹੋਰ ਗੀਤ ਵੀ ਸੁਣ ਕੇ ਸੰਗੀਤਕਾਰ ਦੇ ਲੋਕ ਰੰਗ ਨੂੰ ਮਾਣਿਆ ਜਾ ਸਕਦਾ ਹੈ: 'ਮੋਹੇ ਪਨਘਟ ਪੇ ਨੰਦ ਲਾਲ ਛੇੜ ਗਿਓ ਰੇ'। ਫਿਲਮ 'ਆਨ' ਵਿਚ ਉਨ੍ਹਾਂ ਇੱਕ ਵੱਖਰਾ ਪ੍ਰਯੋਗ ਕੀਤਾ ਜਿਸ ਨੂੰ ਇਸ ਫਿਲਮ ਦੇ ਇੱਕ ਗੀਤ ਤੋਂ ਹੀ ਸਮਝਿਆ ਜਾ ਸਕਦਾ ਹੈ: 'ਮਾਨ ਮੇਰਾ ਅਹਿਸਾਨ ਅਰੇ ਨਾਦਾਨ ਮੈਨੇ ਤੁਝ ਸੇ ਕੀਆ ਹੈ ਪਿਆਰ' (ਰਫੀ)।

ਫਿਲਮਫੇਅਰ ਐਵਾਰਡਾਂ ਤੋਂ ਇਲਾਵਾ ਨੌਸ਼ਾਦ ਨੂੰ 1982 ਵਿਚ ਕੇਂਦਰ ਸਰਕਾਰ ਵੱਲੋਂ ਪਦਮ ਭੂਸ਼ਨ ਨਾਲ ਨਿਵਾਜਿਆ ਗਿਆ ਅਤੇ 1992 ਵਿਚ ਉਨ੍ਹਾਂ ਨੂੰ ਫਿਲਮੀ ਦੁਨੀਆ ਦਾ ਸਭ ਤੋਂ ਵੱਕਾਰੀ ਸਨਮਾਨ ਦਾਦਾ ਸਾਹਿਬ ਫਾਲਕੇ ਸਨਮਾਨ ਹਾਸਲ ਹੋਇਆ। ਸੰਗੀਤ ਨੂੰ ਖ਼ੁਦਾ ਦੀ ਦੇਣ ਮੰਨਣ ਵਾਲੇ ਨੌਸ਼ਾਦ ਦੇ ਸੰਗੀਤਬੱਧ ਕੀਤੇ ਗੀਤਾਂ ਵਿਚ ਕੁਝ ਹੋਰ ਵੀ ਸੁਣਨ ਤੇ ਮਾਣਨਯੋਗ ਹਨ, ਜਿਵੇਂ 'ਜਬ ਦਿਲ ਸੇ ਦਿਲ ਟਕਰਾਤਾ ਹੈ ਮਤ ਪੂਛੀਏ ਕਯਾ ਹੋ ਜਾਤਾ ਹੈ' (ਸੰਘਰਸ਼), 'ਗੁਜ਼ਰੇ ਹੈ ਆਜ ਏਕ ਕੇ ਹਮ ਉਸ ਮੁਕਾਮ ਸੇ, ਨਫ਼ਰਤ ਸੀ ਹੋ ਗਈ ਹੈ ਮੁਹੱਬਤ ਕੇ ਨਾਮ ਸੇ' (ਦਿਲ ਦੀਆ), 'ਮੁਝੇ ਦੁਨੀਆ ਵਾਲੋ ਸ਼ਰਾਬੀ ਨਾ ਸਮਝੋ ਮੈਂ ਪੀਤਾ ਨਹੀਂ ਹੂੰ ਪਿਲਾਈ ਗਈ ਹੈ' (ਲੀਡਰ), 'ਦਿਲਰੁਬਾ ਮੈਨੇ ਤੇਰੇ ਪਿਆਰ ਮੇ ਕਯਾ ਕਯਾ ਨਾ ਕੀਆ, ਦਿਲ ਦੀਆ ਦਰਦ ਲੀਆ' ਅਤੇ 'ਯਾਦ ਮੇਂ ਤੇਰੀ ਜਾਗ ਜਾਗ ਕੇ ਹਮ ਰਾਤ ਭਰ ਕਰਵਟੇਂ ਬਦਲਤੇ ਹੈਂ" (ਮੇਰੇ ਮਹਿਬੂਬ, ਲਤਾ,ਰਫੀ)।

ਨਵਾਬੀ ਸ਼ਹਿਰ ਲਖਨਊ ਦੇ ਗਰੀਬ ਪਰਿਵਾਰ ਵਿਚ ਪੈਦਾ ਹੋਏ ਇਸ ਨਵਾਬੀ ਸੰਗੀਤਕਾਰ ਨੇ ਲੰਮੀ ਉਮਰ ਭੋਗ ਕੇ 5 ਮਈ 2006 ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਦਿੱਤੀ। ਅਜਿਹੇ ਕਲਾਸੀਕਲ ਤੇ ਲੋਕ ਰੰਗ ਦੇ ਮਾਹਿਰ ਸੰਗੀਤਕਾਰ ਅੱਜ ਦੇ ਦੌਰ ਵਿਚ ਦੀਵਾ ਲੈ ਕੇ ਵੀ ਲੱਭਣੇ ਮੁਸ਼ਕਿਲ ਜਾਪਦੇ ਹਨ।

## ਸਫਰ ਜਾਰੀ ਹੈ...24ਵੇਂ ਸਾਲ 'ਚ (ਪਹਿਲੀ ਜਨਵਰੀ 2000-2023)

# ਅਦਾਰਾ ਪੰਜਾਬ ਟਾਈਮਜ਼ ਦੀ ਸਲਾਹਕਾਰ ਕਮੇਟੀ ਦੇ ਮੈਂਬਰਾਂ, ਸਮੂਹ ਸਟਾਫ, ਕਾਲਮਨਵੀਸਾਂ ਤੇ ਸ਼ੁਭ ਚਿੰਤਕਾਂ ਵਲੋਂ

## ਆਪਣੇ ਹੱਕ-ਹਕੂਕਾਂ ਲਈ ਅਤੇ ਨਵੇਂ ਖੇਤੀ ਕਾਨੂੰਨਾਂ ਖਿਲਾਫ ਬੇਬਾਕੀ ਨਾਲ ਸੰਘਰਸ਼ ਕਰ ਰਹੇ ਕਿਰਤੀਆਂ-ਕਿਸਾਨਾਂ ਦੀ ਚੜ੍ਹਦੀ ਕਲਾ ਦੀ ਕਾਮਨਾ ਕਰਦਿਆਂ ਸਮੂਹ ਭਾਈਚਾਰੇ ਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

# ਸਾਲ 2023 ਮੁਬਾਰਕ

## ਸ਼ਾਲਾ! ਨਵਾਂ ਸਾਲ ਸਭ ਲਈ ਖੁਸ਼ੀਆਂ ਖੇੜਿਆਂ ਭਰਿਆ ਆਵੇ ਅਤੇ ਰੱਬ ਸਭ ਦੀਆਂ ਮਨੋਕਾਮਨਾਵਾਂ ਪੂਰੀਆਂ ਕਰੇ।

### ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਸਵਰਨਜੀਤ ਸਿੰਘ ਢਿਲੋਂ | ਅਮੋਲਕ ਸਿੰਘ ਗਾਖਲ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਡਾ. ਗੁਰਦਿਆਲ ਸਿੰਘ ਬਸਰਾਨ | ਹਰਦਿਆਲ ਸਿੰਘ ਦਿਓਲ | ਹਰਜੀਤ ਸਿੰਘ ਸਾਹੀ | ਜਗਦੀਸ਼ਰ ਸਿੰਘ ਕਲੇਰ | ਗੁਰਚਰਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਡਾ. ਤੇਜਿੰਦਰ ਸਿੰਘ ਮੰਡੇਰ | ਦਰਸ਼ਨ ਸਿੰਘ ਗਰੇਵਾਲ



ਦਰਸ਼ਨ ਸਿੰਘ ਦਰੜ | ਰਾਜਿੰਦਰ ਸਿੰਘ ਬੈਂਸ | ਜੱਸੀ ਗਿੱਲ | ਜੈਦੇਵ ਸਿੰਘ ਭੱਠਲ | ਪਰਮਿੰਦਰ ਸਿੰਘ ਵਾਲੀਆ | ਸਰਵਣ ਸਿੰਘ ਟਿਵਾਣਾ | ਮਨਦੀਪ ਸਿੰਘ ਭੂਰਾ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ | ਗੁਲਜ਼ਾਰ ਸਿੰਘ ਮੁਲਤਾਨੀ | ਗੁਰਵੀਰ ਸਿੰਘ ਗਿੱਲ



ਗੁਲਜ਼ਾਰ ਸਿੰਘ ਸੰਧੂ | ਗੁਰਬਚਨ ਸਿੰਘ ਭੁੱਲਰ | ਤਰਲੋਚਨ ਸਿੰਘ ਦੁਪਾਲਪੁਰ | ਡਾ. ਗੁਰਨਾਮ ਕੌਰ | ਬੀਬੀ ਸੁਰਜੀਤ ਕੌਰ | ਡਾ. ਗੁਰਬਖਸ਼ ਸਿੰਘ ਭੰਡਾਲ | ਬਲਜੀਤ ਬਾਸੀ | ਹਰਪਾਲ ਸਿੰਘ ਪੰਨੂ | ਜਤਿੰਦਰ ਪਨੂੰ | ਬੂਟਾ ਸਿੰਘ | ਇਕਬਾਲ ਜੱਬੋਵਾਲ | ਐਸ. ਅਸ਼ੋਕ ਭੌਰਾ

**ਸਹਿਯੋਗੀ ਸੰਸਥਾਵਾਂ:** ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ (ਪੀ. ਐਚ. ਓ.) ਸ਼ਿਕਾਗੋ; ਪੰਜਾਬੀ ਕਲਚਰਲ ਸੁਸਾਇਟੀ (ਪੀ. ਸੀ. ਐਸ.) ਸ਼ਿਕਾਗੋ; ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ (ਮਿਡਵੈਸਟ) ਸ਼ਿਕਾਗੋ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਇੰਡੋ ਅਮੈਰਿਕਨ ਸੀਨੀਅਰ ਸੁਸਾਇਟੀ, ਇੰਡੀਅਨਐਪੋਲਿਸ (ਇੰਡੀਆਨਾ); ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ-ਮਿਲਵਾਕੀ; ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ; ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ; ਪੰਜਾਬ ਸਪੋਰਟਸ ਕਲੱਬ ਕਲੀਵਲੈਂਡ (ਓਹਾਇਓ); ਯੂਨਾਈਟਿਡ ਸਪੋਰਟਸ ਕਲੱਬ ਕੈਲੀਫੋਰਨੀਆ; ਗਦਰ ਮੈਮੋਰੀਅਲ ਫਾਊਂਡੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਸੈਕਰਾਮੈਂਟੋ; ਸ਼ਹੀਦ ਊਧਮ ਸਿੰਘ ਮੈਮੋਰੀਅਲ ਫਾਊਂਡੇਸ਼ਨ ਆਫ ਨਾਰਥ ਅਮੈਰਿਕਾ; ਇੰਡੋ-ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ; ਇੰਡੋ-ਯੂ. ਐਸ. ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ; ਆਪਣਾ ਪੰਜਾਬ ਸਪੋਰਟਸ ਐਸੋਸੀਏਸ਼ਨ ਕੈਲੀਫੋਰਨੀਆ; ਸਿੱਖ ਸਪੋਰਟਸ ਐਸੋਸੀਏਸ਼ਨ ਕੈਲੀਫੋਰਨੀਆ; ਹੱਸਦਾ ਪੰਜਾਬ ਐਸੋਸੀਏਸ਼ਨ, ਡੈਲਸ; ਕਪੂਰਥਲਾ ਸਪੋਰਟਸ ਕਲੱਬ, ਨਿਊ ਯਾਰਕ; ਸ਼ਹੀਦ ਊਧਮ ਸਿੰਘ ਸਭਾ, ਨਿਊ ਯਾਰਕ; ਸ਼ਹੀਦ ਭਾਈ ਮਨੀ ਸਿੰਘ ਕਲਚਰਲ ਸੁਸਾਇਟੀ, ਨਿਊ ਯਾਰਕ; ਇੰਡੋ ਅਮੈਰਿਕਨ ਹੈਰੀਟੇਜ ਫਾਊਂਡੇਸ਼ਨ, ਨਿਊ ਯਾਰਕ।


**ਪੰਜਾਬ ਟਾਈਮਜ਼**

**ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ**

Published simultaneously from Chicago, California & New York.

Ph: 847-359-0746

*e-mail: punjabtimes1@sbcglobal.net, website: www.punjabtimesusa.com*